ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 12 | Issue 34 | 31 August 2022 to 06 September 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਪੰਜਾਬ 'ਚ ਨਸ਼ਾ ਸਪਲਾਈ ਕਰਨ ਵਾਲਿਆਂ ਨੇ ਬਦਲਿਆ ਰੂਟ

## ✪ 'ਗੁਜਰਾਤ ਅਤੇ ਮਹਾਰਾਸ਼ਟਰ ਦੇ ਸਮੁੰਦਰੀ ਬੰਦਰਗਾਹਾਂ ਰਾਹੀਂ ਹੋ ਰਹੀ ਏ ਤਸਕਰੀ ✪ 185.5 ਕਿਲੋਗ੍ਰਾਮ ਹੈਰੋਇਨ ਹੋ ਚੁਕੀ ਏ ਬਰਾਮਦ ✪ ਪੰਜਾਬ ਪੁਲਿਸ ਮੁਤਾਬਕ, ਪਿਛਲੇ ਸਮੇਂ ਦੌਰਾਨ ਸਮਗਲਰਾਂ ਨੇ ਜੰਮੂ ਕਸ਼ਮੀਰ ਡਰੱਗ ਸਪਲਾਈ ਲਈ ਨਵਾਂ ਰਸਤਾ ਅਪਣਾਇਆ

ਪਿਛਲੇ ਦੋ ਮਹੀਨਿਆਂ ਵਿੱਚ ਪੰਜਾਬ ਪੁਲਿਸ ਨੇ ਗੁਜਰਾਤ ਅਤੇ ਮਹਾਰਾਸ਼ਟਰ ਦੇ ਸਮੁੰਦਰੀ ਬੰਦਰਗਾਹਾਂ ਰਾਹੀਂ ਤਸਕਰੀ ਕੀਤੀ ਗਈ 185.5 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਪੁਲਿਸ ਦੇ ਇੰਸਪੈਕਟਰ ਜਨਰਲ (ਆਈਜੀਪੀ) ਹੈੱਡਕੁਆਰਟਰ ਸੁਖਚੈਨ ਸਿੰਘ ਗਿੱਲ ਨੇ ਜਾਣਕਾਰੀ ਦਿੱਤੀ ਕਿ ਇਹ ਖੇਪ ਪੰਜਾਬ ਵਿੱਚ ਸਪਲਾਈ ਕੀਤੀ ਜਾਣੀ ਸੀ। ਆਈਜੀਪੀ ਹੈੱਡਕੁਆਰਟਰ ਸੁਖਚੈਨ ਸਿੰਘ ਗਿੱਲ ਨੇ ਸਮੁੰਦਰੀ ਬੰਦਰਗਾਹਾਂ ਰਾਹੀਂ ਡਰੱਗ ਤਸਕਰੀ ਦਾ ਨਵਾਂ ਟਰੈਂਡ ਸਾਹਮਣੇ ਆ ਰਿਹਾ ਕਿਉਂਕਿ ਜ਼ਮੀਨ ਉੱਤੇ ਸਖ਼ਤੀ ਕੀਤੀ ਗਈ ਹੈ।

ਤਾਜ਼ਾ ਕਾਰਵਾਈ ਵਿੱਚ, ਸ਼ਹੀਦ ਭਗਤ ਸਿੰਘ ਨਗਰ ਪੁਲਿਸ ਨੇ ਬੀਤੇ ਐਤਵਾਰ ਨੂੰ ਗੁਜਰਾਤ ਤੋਂ ਆ ਰਹੇ ਇੱਕ ਟਰੱਕ ਦੇ ਇੱਕ ਟੂਲ ਬਾਕਸ ਵਿੱਚ ਲੁਕੀ ਹੋਈ 38 ਕਿਲੋ ਹੈਰੋਇਨ ਬਰਾਮਦ ਕੀਤੀ ਹੈ। ਇਸ ਬਾਰੇ ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ (ਪੰਜਾਬ) ਗੌਰਵ ਯਾਦਵ ਨੇ ਦੱਸਿਆ, 'ਇਹ ਬਹੁਤ ਵੱਡੀ ਖੇਪ ਸਮੁੰਦਰੀ ਰਸਤਿਓਂ ਭਾਰਤ ਵਿੱਚ ਆਈ ਸੀ ਅਤੇ ਗੁਜਰਾਤ ਦੇ ਭੁਜ ਇਲਾਕੇ ਤੋਂ ਟਰੱਕਾਂ ਰਾਹੀਂ ਪੰਜਾਬ ਵਿੱਚ ਆ ਰਹੀ ਸੀ।ਨਵਾਂ ਸ਼ਹਿਰ ਪੁਲਿਸ ਜਾਣਕਾਰੀ ਇਕੱਠੀ ਕਰ ਕੇ ਇਸ ਫੜਿਆ ਅਤੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।' ਉਨਾਂ ਨੇ ਕਿਹਾ ਕਿ ਇਹ ਬਰਾਮਦਗੀ ਪਿਛਲੇ ਹਫ਼ਤੇ ਸੂਬੇ ਵਿੱਚ ਬਰਾਮਦ ਕੀਤੀ ਗਈ 13.51 ਕਿਲੋਗ੍ਰਾਮ ਹੈਰੋਇਨ ਤੋਂ ਇਲਾਵਾ ਹੈ, ਜਿਸ ਨਾਲ ਹੈਰੋਇਨ ਦੀ ਹਫ਼ਤਾਵਾਰੀ ਜ਼ਬਤ ਕੀਤੀ ਮਾਤਰਾ 51.51 ਕਿਲੋਗ੍ਰਾਮ ਹੋ ਗਈ ਹੈ।

ਡੀਜੀਪੀ ਪੰਜਾਬ ਗੌਰਵ ਯਾਦਵ ਮੁਤਾਬਕ, 'ਪੁਲਿਸ ਨੇ ਪਿਛਲੇ ਇੱਕ ਹਫ਼ਤੇ ਵਿੱਚ ਸੂਬੇ 'ਚ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟੈਂਸ ਐਕਟ ਤਹਿਤ 370 ਨਸ਼ਾ ਤਸਕਰਾਂ/ਸਪਲਾਈਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। 1.09 ਕਰੋੜ ਰੁਪਏ ਦੀ ਡਰੱਗ ਮਨੀ, 13 ਕਿਲੋ ਅਫੀਮ, 12 ਕਿਲੋ ਗਾਂਜਾ, 7 ਕੁਇੰਟਲ ਭੁੱਕੀ ਅਤੇ 1.36 ਲੱਖ ਨਸ਼ੀਲੀਆਂ ਗੋਲੀਆਂ/ਕੈਪਸੂਲ/ਟੀਕੇ/ਸ਼ੀਸ਼ੀਆਂ ਸਣੇ ਹੋਰ ਨਸ਼ੀਲੇ ਪਦਾਰਥ ਵੀ ਬਰਾਮਦ ਕੀਤੇ ਹਨ। ਪੰਜਾਬ ਪੁਲਿਸ ਮੁਤਾਬਕ, ਪਿਛਲੇ ਸਮੇਂ ਵਿੱਚ ਜੰਮੂ ਕਸ਼ਮੀਰ ਡਰੱਗ ਸਪਲਾਈ ਦੇ ਨਵੇਂ ਰਸਤੇ ਵਜੋਂ ਉੱਭਰਿਆ ਹੈ।

ਗੁਜਰਾਤ ਅਤੇ ਮਹਾਰਾਸ਼ਟਰ ਤੋਂ ਵੀ ਪੰਜਾਬ ਅਤੇ ਦੋਵੇਂ ਸੂਬਿਆਂ ਦੀ ਪੁਲਿਸ ਨੇ ਡਰੱਗ ਜ਼ਬਤ ਕੀਤੇ ਗਏ ਹਨ।ਡਰੱਗ ਰਿਕਵਰੀ 'ਤੇ ਆਪਣੀ ਹਫ਼ਤਾਵਾਰੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ, ਆਈਜੀਪੀ ਨੇ ਕਿਹਾ ਕਿ ਪੰਜਾਬ ਪੁਲਿਸ ਨੇ ਪੂਰੇ ਸੂਬੇ ਵਿੱਚ ਪਿਛਲੇ ਇੱਕ ਹਫ਼ਤੇ ਦੌਰਾਨ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟੈਂਸ (ਐੱਨਡੀਪੀਐਸ) ਐਕਟ ਤਹਿਤ 33 ਵਪਾਰਕ (ਕਮਰਸ਼ੀਅਲ) ਸਮੇਤ, 283 ਐੱਫਆਈਆਰਜ਼ ਦਰਜ ਕਰਕੇ 370 ਨਸ਼ਾ ਤਸਕਰਾਂ/ਸਪਲਾਈਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ।






ਉਨਾਂ ਨੇ ਜਾਣਕਾਰੀ ਦਿੱਤੀ ਕਿ ਹੈਰੋਇਨ ਦੀ ਵੱਡੀ ਖੇਪ ਬਰਾਮਦ ਕਰਨ ਤੋਂ ਇਲਾਵਾ, ਪੁਲਿਸ ਨੇ 1.09 ਕਰੋੜ ਰੁਪਏ ਦੀ ਡਰੱਗ ਮਨੀ, 13 ਕਿਲੋ ਅਫੀਮ, 12 ਕਿਲੋ ਗਾਂਜਾ, 7 ਕੁਇੰਟਲ ਭੁੱਕੀ ਅਤੇ 1.36 ਲੱਖ ਨਸ਼ੀਲੀਆਂ ਗੋਲੀਆਂ/ਕੈਪਸੂਲ/ ਟੀਕੇ/ਸ਼ੀਸ਼ੀਆਂ ਸਣੇ ਹੋਰ ਨਸ਼ੀਲੇ ਪਦਾਰਥ ਵੀ ਬਰਾਮਦ ਕੀਤੇ ਹਨ।

ਆਈਜੀਪੀ ਗਿੱਲ ਨੇ ਦੱਸਿਆ ਕਿ ਸੂਬੇ ਦੇ ਨਾਜ਼ੁਕ ਰਸਤਿਆਂ 'ਤੇ ਨਾਕੇ ਲਗਾਉਣ ਦੇ ਨਾਲ-ਨਾਲ ਨਸ਼ਾ ਪ੍ਰਭਾਵਿਤ ਇਲਾਕਿਆਂ ਵਿਚ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ ਚਲਾਈ ਗਈ।

### ਕਿਹੜੇ-ਕਿਹੜੇ ਰਸਤਿਓਂ ਹੋਈ ਤਸਕਰੀ ਜ਼ਬਤ

ਜੁਲਾਈ ਵਿੱਚ ਪੰਜਾਬ ਪੁਲਿਸ ਨੇ ਗੁਰਦਾਸਪੁਰ ਜ਼ਿਲੇ ਤੋਂ 16.80 ਕਿਲੋਗ੍ਰਾਮ ਹੈਰੋਇਨ ਬਰਾਮਦ ਕਰਨ ਅਤੇ ਚਾਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਆਈਜੀ ਬਾਰਡਰ ਰੇਂਜ ਮਨੀਸ਼ ਚਾਵਲਾ ਦੱਸਿਆ ਕਿ ਜੰਮੂ-ਕਸ਼ਮੀਰ ਪੰਜਾਬ ਰਾਹੀਂ ਨਸ਼ਿਆਂ ਦੀ ਆਵਾਜਾਈ ਲਈ ਇੱਕ ਨਵੇਂ ਰੂਟ ਵਜੋਂ ਉਭਰਿਆ ਹੈ। ਇਹ ਖੇਪ ਨੂੰ ਗੁਆਂਢੀ ਸੂਬੇ ਜੰਮੂ ਤੋਂ ਲਿਆਉਣ ਲਈ ਰਾਸ਼ਟਰੀ ਰਾਜਮਾਰਗ ਰਾਹੀਂ ਦੋ ਕਾਰਾਂ ਵਿੱਚ ਵਿਸ਼ੇਸ਼ ਤੌਰ 'ਤੇ ਤਿਆਰ ਕੀਤੇ ਡੱਬਿਆਂ ਵਿਚ ਲੁਕਾ ਕੇ ਲਿਆਂਦਾ ਸੀ।

### ਗੁਜਰਾਤ ਦੀ ਬੰਦਰਗਾਹ ਤੋਂ 75 ਕਿਲੋ ਹੈਰੋਇਨ ਜਬਤ

ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਪੰਜਾਬ ਪੁਲਿਸ ਅਤੇ ਗੁਜਰਾਤ ਦੇ ਏਟੀਐੱਸ ਨਾਲ ਸਾਂਝੇ ਆਪ੍ਰੇਸ਼ਨ ਦੌਰਾਨ ਮੁੰਦਰਾ ਬੰਦਰਗਾਹ 'ਤੇ ਕੰਟੇਨਰ ਤੋਂ 75 ਕਿਲੋਗ੍ਰਾਮ ਹੈਰੋਇਨ ਜ਼ਬਤ ਕੀਤੀ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਇਸ ਦੀਆਂ ਤਾਰਾਂ ਪੰਜਾਬ ਨਾਲ ਜੁੜੀਆਂ ਹੋਈਆਂ ਸਨ ਅਤੇ ਖੇਪ ਨੂੰ ਪੰਜਾਬ ਦੇ ਰਸਤੇ ਕਿਸੇ ਹੋਰ ਥਾਂ 'ਤੇ ਭੇਜਿਆ ਜਾਣਾ ਸੀ।ਉਨਾਂ ਕਿਹਾ ਕਿ ਪੰਜਾਬ ਪੁਲਿਸ ਨੇ ਤਸਕਰੀ ਬਾਰੇ ਜਾਣਕਾਰੀ ਕੇਂਦਰੀ ਏਜੰਸੀਆਂ ਅਤੇ ਗੁਜਰਾਤ ਏਟੀਐੱਸ ਨਾਲ ਸਾਂਝੀ ਕੀਤੀ ਸੀ। ਮੰਨਿਆ ਜਾ ਰਿਹਾ ਹੈ ਕਿ ਇਹ ਖੇਪ ਯੂਏਈ ਤੋਂ ਆਈ ਹੈ। ਇਸ ਨੂੰ ਕੱਪੜੇ ਦੇ ਕੰਨਟੇਨਰ ਵਿੱਚ ਰੱਖ ਭੇਜਿਆ ਗਿਆ ਸੀ।

ਇਸੇ ਤਰਾਂ ਮੁੰਬਈ ਪੁਲਿਸ ਨੇ ਨਾਹਵਾ ਸ਼ੇਵਾ ਕੰਨਟੇਨਰ ਵਿੱਚੋਂ ਕਰੀਬ 73 ਕਿਲੋਗ੍ਰਾਮ ਹੈਰੋਇਨ ਜ਼ਬਤ ਕੀਤੀ ਸੀ। ਪੰਜਾਬ ਡੀਜੀਪੀ ਨੇ ਜਾਣਕਾਰੀ ਦਿੱਤੀ ਸੀ ਕਿ ਇਹ ਪੰਜਾਬ ਪੁਲਿਸ ਅਤੇ ਮੁੰਬਈ ਪੁਲਿਸ ਦੀ ਸਾਂਝੀ ਮੁਹਿੰਮ ਸੀ। ਇਸ ਵਿਚ ਕੇਂਦਰੀ ਏਜੰਸੀਆਂ ਦਾ ਵੀ ਪੂਰਾ ਸਹਿਯੋਗ ਹਾਸਿਲ ਸੀ।

### ਹੋਰ ਸਰਹੱਦੀ ਰਸਤੇ

ਬੀਐਸਐਫ ਦੇ ਉੱਚ ਅਧਿਕਾਰੀਆਂ ਅਨੁਸਾਰ ਪੰਜਾਬ ਵਿਚ ਭਾਰਤ-ਪਾਕ 553 ਕਿਲੋਮੀਟਰ ਲੰਬੀ ਸਰਹੱਦ ਉੱਤੇ ਬੀਐਸਐਫ ਦੀਆਂ 20 ਬਟਾਲੀਅਨਾਂ ਤਾਇਨਾਤ ਹਨ।ਭਾਰਤ-ਪਾਕਿਸਤਾਨ ਸਰਹੱਦ ਰਾਹੀ ਤਸਕਰੀ ਮੁੱਖ ਤੌਰ 'ਤੇ ਹੁੰਦੀ ਹੈ, ਜਿਸ ਨੂੰ ਰੋਕਣ ਲਈ ਇਨਾਂ ਕੋਲ ਰਾਤ ਨੂੰ ਦੇਖ ਸਕਣ ਵਾਲੇ ਯੰਤਰ ਅਤੇ ਦੂਜੇ ਅਤਿ-ਆਧੁਨਿਕ ਉਪਕਰਨ ਉਪਲੱਬਧ ਹਨ।ਬੀਐਸਐਫ ਦੇ ਅਧਿਕਾਰੀ ਮੁਤਾਬਕ, 'ਸਰਹੱਦ ਉੱਤੇ ਭਾਵੇਂ ਕੰਡਿਆਲੀ ਪੂਰੀ ਤਰਾਂ ਲੱਗੀ ਹੋਈ ਹੈ ਪਰ ਦਰਿਆ, ਹੜ, ਧੁੰਦ, ਹਨੇਰਾ ਅਤੇ ਮੌਸਮੀ ਬਦਲਾਅ ਨਸ਼ਾ ਤਸਕਰਾਂ ਲਈ ਸੁਖਾਲਾ ਰਾਹ ਤਿਆਰ ਕਰਦੇ ਹਨ। ਪੰਜਾਬ ਦੀ ਸੀਮਾ 'ਤੇ ਤਸਕਰੀ ਦੀ ਗੱਲ ਕਰੀਏ ਤਾਂ ਇਸ ਵਿੱਚ 95 ਫੀਸਦੀ ਹੈਰੋਈਨ ਅਤੇ ਹੋਰ ਡਰੱਗਜ਼ ਹੈ, ਜਦਕਿ ਪੰਜ ਫੀਸਦੀ ਹਥਿਆਰ ਹਨ। ਹਾਲ ਹੀ ਦੇ ਸਾਲਾਂ ਵਿੱਚ ਸੀਮਾ 'ਤੇ ਡਰੱਗਜ਼ ਫੜੇ ਜਾਣ ਦੀ ਘਟਨਾਵਾਂ ਵਿੱਚ ਇਜ਼ਾਫ਼ਾ ਹੋਇਆ ਹੈ।

ਸਾਲ 2016 ਵਿੱਚ 30 ਕਿਲੋ ਹੈਰੋਈਨ ਜ਼ਬਤ ਕੀਤੀ ਗਈ ਜਦਕਿ 2017 ਵਿੱਚ ਇਹ ਮਾਤਰਾ 279 ਕਿਲੋ ਤੱਕ ਪਹੁੰਚ ਗਈ। ਉੱਥੇ ਹੀ 2018 ਦੇ ਸਾਲ ਪਹਿਲੇ 7 ਮਹੀਨਿਆਂ ਦਾ ਅੰਕੜਾ ਕਰੀਬ 164 ਕਿਲੋ ਸੀ। ਪੰਜਾਬ ਪੁਲਿਸ ਵੱਲੋਂ ਨਸ਼ਿਆਂ ਦੀ ਰੋਕਥਾਮ ਲਈ ਗਠਨ ਕੀਤੀ ਗਈ ਸਪੈਸ਼ਲ ਟਾਸਕ ਫੋਰਸ ਨਾਲ ਕੰਮ ਕਰ ਰਹੇ ਬਾਰਡਰ ਜ਼ੋਨ ਦੇ ਆਈ ਜੀ ਰਾਜੇਸ਼ ਕੁਮਾਰ ਜੈਸਵਾਲ ਨੇ ਆਖਿਆ ਸੀ ਕਿ ਹੈਰੋਇਨ ਜ਼ਿਆਦਾਤਰ ਅਫਗਾਨਿਸਤਾਨ ਤੋਂ ਪਾਕਿਸਤਾਨ ਹੁੰਦੀ ਹੋਈ ਪੰਜਾਬ ਵਿੱਚ ਆਉਂਦੀ ਹੈ।

ਉਨਾਂ ਆਖਿਆ ਕਿ ਜੇਕਰ ਪੰਜਾਬ ਦੀ ਪਾਕਿਸਤਾਨ ਨਾਲ ਲਗਦੀ ਸਰਹੱਦ ਉੱਤੇ ਸਖ਼ਤੀ ਹੋ ਜਾਂਦੀ ਹੈ ਤਾਂ ਤਸਕਰ ਰਾਜਸਥਾਨ ਰਾਹੀਂ ਆਪਣਾ ਕੰਮ ਸ਼ੁਰੂ ਕਰ ਦਿੰਦੇ ਹਨ ਅਤੇ ਇੱਥੇ ਵੀ ਸਖ਼ਤੀ ਹੋ ਜਾਂਦੀ ਹੈ ਤਾਂ ਕਿਸੇ ਹੋਰ ਥਾਂ ਉੱਤੇ ਤਸਕਰੀ ਜਾਰੀ ਰਹਿੰਦੀ ਹੈ। ਜਲੰਧਰ ਜ਼ੋਨ ਦੇ ਆਈ ਜੀ ਪ੍ਰਮੋਦ ਬੇਨ ਨੇ ਆਖਿਆ ਕਿ ਤਸਕਰ ਸਮੇਂ- ਸਮੇਂ 'ਤੇ ਆਪਣਾ ਰੂਟ ਅਤੇ ਨੀਤੀ ਬਦਲਦੇ ਰਹਿੰਦੇ ਹਨ।ਉਨਾਂ ਕਿਹਾ, 'ਪੰਜਾਬ ਅੰਤਰਰਾਸ਼ਟਰੀ ਸਰਹੱਦ ਤੋਂ ਨਸ਼ਿਆਂ ਕਾਰਨ ਕਾਫ਼ੀ ਪ੍ਰਭਾਵਿਤ ਹੋਇਆ ਹੈ ਅਤੇ ਇਸ ਕੰਮ 'ਚ ਲੱਗੇ ਤਸਕਰ ਇੱਕ ਥਾਂ ਉੱਤੇ ਰਹਿ ਕੇ ਕੰਮ ਨਹੀਂ ਕਰਦੇ, ਉਹ ਅੰਮ੍ਰਿਤਸਰ ਤੋਂ ਫਿਰੋਜ਼ਪੁਰ-ਫਾਜ਼ਿਲਕਾ ਅਤੇ ਹੋਰ ਪਾਸਿਆਂ ਤੋਂ ਆਪਣਾ ਇਹ ਧੰਦਾ ਜਾਰੀ ਰੱਖਦੇ ਹਨ।'

ਸਾਲਾਂ ਤੋਂ ਪੰਜਾਬ ਭਾਰਤ ਵਿੱਚ ਕਿਤੇ ਵੀ ਡਰੱਗ ਦੀ ਸਪਲਾਈ ਦਾ ਬਿੰਦੂ ਬਣਿਆ ਹੋਇਆ ਹੈ। ਪਿਛਲੇ 2 ਦਹਾਕਿਆਂ ਤੋਂ ਪੰਜਾਬ ਇੱਕ ਵੱਡਾ ਉਪਭੋਗਤਾ ਬਣ ਕੇ ਵੀ ਉਭਰਿਆ ਹੈ। ਸਪੈਸ਼ਲ ਟਾਸਕ ਫੋਰਸ (ਐਸਟੀਐਫ) ਦੇ ਸੂਤਰਾਂ ਦੇ ਹਵਾਲੇ ਨਾਲ ਤਸਕਰੀ, ਹੈਰੋਇਨ ਅਫ਼ਗਾਨਿਸਤਾਨ ਤੋਂ ਪਾਕਿਸਤਾਨ ਰਾਹੀਂ ਆਉਂਦੀ ਹੈ। ਉਨਾਂ ਮੁਤਾਬਕ ਜਦੋਂ ਸੁਰੱਖਿਆ ਬਲਾਂ ਨੇ ਆਪਣੇ ਆਪਰੇਸ਼ਨਾਂ ਨੂੰ ਤੇਜ਼ ਕੀਤਾ ਤਾਂ ਤਸਕਰਾਂ ਨੇ ਹੋਰ ਰਸਤਾ ਇਜ਼ਾਦ ਕੀਤਾ ਅਤੇ ਉਹ ਪੰਜਾਬ, ਰਾਜਸਥਾਨ ਜਾਂ ਜੰਮੂ-ਕਸ਼ਮੀਰ ਵੀ ਹੋ ਸਕਦੇ ਹਨ।

ਐਸਟੀਐਫ ਦੇ ਸਰਹੱਦੀ ਜ਼ੋਨ ਦੇ ਇੰਸਪੈਕਟਰ ਜਨਰਲ ਰਾਜੇਸ਼ ਕੁਮਰ ਜੈਸਵਾਲ ਦਾ ਕਹਿਣਾ ਹੈ, 'ਹਾਲਾਂਕਿ, ਭਰਤ-ਪਾਕਿਸਤਾਨ ਸਰਹੱਦੀ ਮਾਰਗ ਸਾਧਾਰਨ ਹੈ ਪਰ ਅਸੀਂ ਦਿੱਲੀ ਤੋਂ ਵੀ ਨਾਰਕੋਟਿਕਸ ਬਰਾਮਦ ਕੀਤਾ ਹੈ।ਉਨਾਂ ਨੇ ਦੱਸਿਆ, 'ਇਹ ਦਿੱਲੀ ਕਿਸੇ ਹੋਰ ਰਸਤਿਓਂ ਪਹੁੰਚਿਆ ਹੈ।' ਜੈਸਵਾਲ ਦਾ ਕਹਿਣਾ ਹੈ, 'ਅਫ਼ੀਮ ਅਤੇ ਭੁੱਕੀ ਪੰਜਾਬ ਵਿੱਚ ਆਮ ਤੌਰ 'ਤੇ ਦੇਸ਼ ਦੇ 27 ਜ਼ਿਲਿਆਂ ਵਿਚੋਂ ਆਉਂਦੀ ਹੈ। ਜਿਨਾਂ ਵਿੱਚ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਜੰਮੂ ਵਿੱਚ ਉਗਾਈ ਜਾਂਦੀ ਹੈ ਅਤੇ ਜੰਮੂ-ਕਸ਼ਮੀਰ ਰਾਹੀਂ ਵੀ ਆਉਂਦੀ ਹੈ। ਇਨਾਂ 27 ਜ਼ਿਲਿਆਂ ਬਾਰੇ ਸਾਰਿਆਂ ਨੂੰ ਪਤਾ ਹੈ ਕਿ ਇਹ ਇਨਾਂ ਦਾ ਉਤਪਾਦਨ ਕਰਦੇ ਹਨ।'

ਐਸਟੀਐਫ ਅਧਿਕਾਰੀ ਦੀ ਕਹਿਣਾ ਹੈ ਕਿ ਉੱਥੇ ਹੀ ਫਰਮਾਕਿਊਟੀਕਲ ਡਰੱਗ ਪੰਜਾਬ ਵਿੱਚ ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਤੋਂ ਆਉਂਦਾ ਹੈ, ਭੰਗ ਅਤੇ ਚਰਸ ਦਾ ਉਤਪਾਦਨ ਹਿਮਾਚਲ ਵਿਚ ਹੁੰਦਾ ਹੈ।

# ਪੱਟੀ ਮੋੜ ਵਿਖੇ ਚਰਚ ਵਿਚ ਮੂਰਤੀ ਦੀ ਕੀਤੀ ਬੇਅਦਬੀ, ਘਟਨਾ ਸੀਸੀਟੀਵੀ 'ਵਿਚ ਕੈਦ

## ਹਮਲਾਵਰ ਮਾਤਾ ਮਰੀਅਮ ਦੀ ਮੂਰਤੀ ਦਾ ਸਿਰ ਵੀ ਆਪਣੇ ਨਾਲ ਹੀ ਲੈ ਗਏ

**ਬੱਲੂ ਮਹਿਤਾ** : ਸਥਾਨਿਕ ਸ਼ਹਿਰ ਦੇ ਪਿੰਡ ਠੱਕਰਪੁਰਾ ਵਿਖੇ ਸੈਕਰੇਡ ਹਾਰਟ ਸਕੂਲ ਦੇ ਨਜਦੀਕ ਬਣੀ ਚਰਚ ਵਿਚ ਰਾਤ ਦੌਰਾਨ ਚਾਰ ਅਣਪਛਾਤੇ ਵਿਅਕਤੀਆਂ ਨੇ ਦਾਖਲ ਹੋ ਕੇ ਪਹਿਲਾਂ ਸਕਿਓਰਿਟੀ ਗਾਰਡ ਦੇ ਸਿਰ 'ਤੇ ਪਿਸਤੌਲ ਤਾਣ ਕੇ ਉਸ ਦੀਆਂ ਬਾਹਾਂ ਬੰਨ੍ਹੀਆਂ ਤੇ ਫਿਰ ਚਰਚ ਦੀ ਉਪਰਲੀ ਮੰਜਿਲ 'ਤੇ ਬਣੀ ਮਾਤਾ ਮਰੀਅਮ ਦੀ ਮੂਰਤੀ ਦੀ ਭੰਨਤੋੜ ਕੀਤੀ,



ਜਿਸ ਤੋਂ ਬਾਅਦ ਉਨ੍ਹਾਂ ਚਰਚ ਅੰਦਰ ਖੜੀ ਕਾਰ ਨੂੰ ਅੱਗ ਲਗਾ ਦਿੱਤੀ। ਜਾਂਦੇ ਸਮੇਂ ਅਣਪਛਾਤੇ ਵਿਅਕਤੀ ਮਾਤਾ ਮਰੀਅਮ ਦੀ ਮੂਰਤੀ ਦਾ ਸਿਰ ਵੀ ਆਪਣੇ ਨਾਲ ਹੀ ਲੈ ਗਏ। ਘਟਨਾ ਦੀ ਸੂਚਨਾ ਮਿਲਦਿਆਂ ਹੀ ਜਿਥੇ ਇਸਾਈ ਭਾਈਚਾਰਾ ਚਰਚ ਵਿਚ ਵੱਡੀ ਗਿਣਤੀ ਵਿਚ ਇਕੱਤਰ ਹੋ ਰਿਹਾ ਹੈ, ਉਥੇ ਹੀ ਐੱਸ.ਐੱਸ.ਪੀ. ਰਣਜੀਤ ਸਿੰਘ ਢਿੱਲੋਂ ਵੀ ਮੌਕੇ 'ਤੇ ਪੁਲਿਸ ਫੋਰਸ ਸਮੇਤ ਪਹੁੰਚ ਕੇ ਘਟਨਾ ਦੀ ਬਾਰੀਕੀ ਨਾਲ ਜਾਂਚ ਕਰ ਰਹੇ ਹਨ।

# ਵੋਸਤੋਕ-2022 ਜੰਗੀ ਮਸ਼ਕਾਂ ਤੋਂ ਅਮਰੀਕਾ ਖਿਝਿਆ ਤੇ ਕਿਹਾ ਕਿ ਇਹ ਬੜੀ ਚਿੰਤਾ ਵਾਲੀ ਗੱਲ ਹੈ

## ਫੌਜੀ ਅਭਿਆਸ ਵਿਚ ਭਾਰਤ, ਚੀਨ ਅਤੇ ਕਈ ਦੇਸਾਂ ਦੇ 50 ਹਜਾਰ ਤੋਂ ਜਿਆਦਾ ਸੈਨਿਕ ਹਿੱਸਾ ਲੈਣਗੇ



**ਵਾਸ਼ਿੰਗਟਨ:** ਵ੍ਹਾਈਟ ਹਾਊਸ ਨੇ ਕਿਹਾ ਹੈ ਕਿ ਯੂਕਰੇਨ ਨਾਲ ਬਿਨਾਂ ਭੜਕਾਹਟ ਅਤੇ ਵਹਿਸੀ ਜੰਗ ਛੇੜਨ ਵਾਲੇ ਰੂਸ ਨਾਲ ਫੌਜੀ ਅਭਿਆਸ ਕਰਨਾ ਕਿਸੇ ਹੋਰ ਦੇਸ ਲਈ ਚਿੰਤਾਜਨਕ ਹੈ। ਵ੍ਹਾਈਟ ਹਾਊਸ ਦਾ ਇਹ ਬਿਆਨ ਉਦੋਂ ਆਇਆ ਹੈ ਜਦੋਂ ਰੂਸ ਨੇ 'ਵੋਸਤੋਕ 2022' ਜੰਗੀ ਮਸਕਾਂ ਦਾ ਐਲਾਨ ਕੀਤਾ ਹੈ, ਜਿਸ 'ਵਿਚ ਭਾਰਤ, ਚੀਨ ਅਤੇ ਕਈ ਦੇਸਾਂ ਦੇ 50 ਹਜਾਰ ਤੋਂ ਵੱਧ ਸੈਨਿਕ ਹਿੱਸਾ ਲੈਣਗੇ। ਰੂਸ ਨੇ ਕਿਹਾ ਕਿ ਫੌਜੀ ਅਭਿਆਸ 'ਵੋਸਤੋਕ 2022' 1 ਤੋਂ 7 ਸਤੰਬਰ ਤੱਕ ਕੀਤਾ ਜਾਵੇਗਾ, ਜਿਸ 'ਚ ਭਾਰਤ, ਚੀਨ ਅਤੇ ਕਈ ਦੇਸਾਂ ਦੇ 50 ਹਜਾਰ ਤੋਂ ਜਿਆਦਾ ਸੈਨਿਕ ਹਿੱਸਾ ਲੈਣਗੇ।


Certificate Course in
DATA ANALYTICS
Eligibility : B.Tech, M.Tech, BCA, MCA, BSc, MSc, MBA
Mentors are industry expert from USA and India
100% Placement assistance for high growth tech jess
100% fee waiver / scholarship from Sikh Education Council and Startup Farms IT Limited.
Support and mentorship for projects and case siudy solutions
Training experience certificate by Startup Farms It Ltd
Total Seats : 50
Course Duration : 6 Months
Selection criteria : Interview
EXPERTS FROM
USA & INDIA
SRI GURU GRANTH SAHIB
WORLD UNIVERSITY
FATEHGARH SAHIB , PUNJAB
Admission Helpline
70096-48231, 62805-38113


TRANS-ALLIANCE
TOGETHER WE SAVE
FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
FUEL CARDS
NO CREDIT - NO PROBLEM
BEST CUSTOMER SERVICE
FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE
TOGETHER WE SAVE
YOU BREAK DOWN
WE SHOW UP
24-HOUR ROADSIDE ASSISTANCE
TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
FUEL MANAGEMENT
DAILY FUEL RATES IN PHONE APP
CALL FOR MORE INFO
(855)641-6955, (888)795-7035

# ਗੁਰਦੁਆਰਾ ਨਾਨਕਸਰ ਫਰਿਜਨੋ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਿਵਸ 'ਤੇ ਵਿਸ਼ੇਸ਼ ਸਮਾਗਮ

**ਫਰਿਜਨੋ, ਕੈਲੀਫੋਰਨੀਆ/ਕੁਲਵੰਤ ਧਾਲੀਆਂ/ ਨੀਟਾ ਮਾਛੀਕੇ** :- ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦਿਵਸ ਨੂੰ ਦੁਨੀਆ ਭਰ ਵਿੱਚ ਮਨਾਇਆ ਜਾ ਰਿਹਾ ਹੈ। ਇਸੇ ਲੜੀ ਤਹਿਤ ਸੱਚਖੰਡ ਵਾਸੀ ਧੰਨ-ਧੰਨ ਬਾਬਾ ਨੰਦ ਸਿੰਘ ਨਾਨਕਸਰ ਕਲੇਰਾਂ ਵਾਲਿਆਂ ਦੀ ਮਰਿਯਾਦਾ ਅਨੁਸਾਰ ਚਲਾਏ ਜਾ ਰਹੇ 'ਗੁਰਦੁਆਰਾ ਨਾਨਕਸਰ' ਚੈਰੀ ਐਵਨਿਊ ਫਰਿਜਨੋ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ ਦਿਵਸ ਨੂੰ ਮੁੱਖ ਰੱਖਦੇ ਹੋਏ ਵਿਸ਼ੇਸ਼ ਸਮਾਗਮ ਕੀਤੇ ਗਏ। ਇਸ ਸਮੇਂ ਲਗਾਤਾਰ ਚਲ ਰਹੇ ਅਖੰਡ-ਪਾਠਾਂ ਦੀ ਲੜੀ ਦੌਰਾਨ ਇਸ ਵਿਸ਼ੇਸ਼ ਦਿਨ ਨੂੰ ਸਮਰਪਤ ਅਖੰਡ ਪਾਠ ਦੇ ਭੋਗ ਉਪਰੰਤ ਗੁਰੂਘਰ ਦੇ ਹਜ਼ੂਰੀ ਕੀਰਤਨੀ ਜਥਿਆਂ ਵੱਲੋਂ ਸੰਗਤਾਂ ਨੂੰ ਗੁਰਬਾਣੀ ਕੀਰਤਨ ਸਰਵਨ ਕਰਵਾਇਆ ਗਿਆ। ਇਸ ਉਪਰੰਤ ਪੰਜਾਬ ਤੋਂ ਆਏ ਸੰਤ ਬਾਬਾ ਅਮਰੀਕ ਸਿੰਘ ਜੀ ਪੰਜ ਭੈਣੀਆਂ ਵਾਲਿਆਂ ਨੇ ਕੀਰਤਨ ਕਰਦੇ ਹੋਏ ਸੰਖੇਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਚਣ ਤੋਂ ਲੈ



*ਸੰਤ ਬਾਬਾ ਅਮਰੀਕ ਸਿੰਘ ਪੰਜ ਭੈਣੀਆਂ ਵਾਲੇ ਕੀਰਤਨ ਕਰਦੇ ਹੋਏ*

ਕੇ ਪ੍ਰਕਾਸ਼ ਕਰਨ ਤੱਕ ਦਾ ਇਤਿਹਾਸ ਸਾਂਝਾ ਕਰਦੇ ਹੋਏ ਕੀਰਤਨ ਕੀਤਾ। ਅੰਤ ਗੁਰੂਘਰ ਦੀ ਸਟੇਜ ਤੋਂ ਬੋਲਦਿਆਂ ਭਾਈ ਹਰਭਜਨ ਸਿੰਘ ਨੇ ਗੁਰਦੁਆਰਾ ਸਾਹਿਬ ਦੇ ਅਰੰਭੇ ਕਾਰਜਾਂ ਵਿੱਚ ਨਵੀਂ ਇਮਾਰਤ ਦੀ ਉਸਾਰੀ ਵਾਰੇ ਵੇਰਵੇ ਸਾਂਝੇ ਕੀਤੇ। ਉਨਾਂ ਦਸਿਆ ਕਿ ਬਹੁਤ ਜਲਦ ਗੁਰੂਘਰ ਦੀ ਇਮਾਰਤ ਦੀ ਉਸਾਰੀ ਪੂਰੀ ਹੋ ਜਾਵੇਗੀ। ਇਸ ਸਮੇਂ ਭਾਈ ਦਾਰਾ ਸਿੰਘ ਸਿੱਧੂ, ਗੁਰੂਘਰ ਦੇ ਸੇਵਾਦਾਰ ਹਰਮਿੰਦਰ ਸਿੰਘ ਅਤੇ ਹਾਜਰ ਸੰਗਤਾਂ ਨੇ ਵੀ ਇਸ ਵੱਡੇ ਉਪਰਾਲੇ ਦੀ ਸ਼ਲਾਘਾ ਕੀਤੀ। ਸਮੁੱਚੇ ਪ੍ਰੋਗਰਾਮ ਦੌਰਾਨ ਗੁਰੂ ਦੇ ਲੰਗਰ ਅਤੁੱਟ ਵਰਤੇ ਅਤੇ ਸੰਗਤਾਂ ਨੇ ਹਮੇਸ਼ਾ ਵਾਂਗ ਵੱਧ ਚੜ ਕੇ ਹਾਜਰੀਆਂ ਭਰੀਆਂ। ਅੰਤ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਸਮਾਗਮ ਯਾਦਗਾਰੀ ਹੋ ਨਿਬੜਿਆ।

# 12 ਸਿੱਖ ਪਰਿਵਾਰਾਂ ਨੇ ਇਸਾਈ ਧਰਮ ਛੱਡ ਕੇ ਮੁੜ ਸਿੱਖ ਧਰਮ 'ਚ ਕੀਤੀ ਵਾਪਸੀ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ** :- ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਪੰਜਾਬ ਵਿਚ ਸ਼ੁਰੂ ਕੀਤੀ ਗਈ ਧਰਮ ਜਾਗਰੂਕਤਾ ਲਹਿਰ ਨੂੰ ਉਸ ਸਮੇਂ ਵੱਡੀ ਸਫ਼ਲਤਾ ਮਿਲੀ ਜਦੋਂ 12 ਸਿੱਖ ਪਰਿਵਾਰਾਂ ਨੇ ਇਸਾਈ ਧਰਮ ਨੂੰ ਛੱਡ ਕੇ ਮੁੜ ਸਿੱਖ ਧਰਮ 'ਚ ਵਾਪਸੀ ਕੀਤੀ। ਇਨਾਂ ਪਰਿਵਾਰਾਂ ਨੂੰ ਅੰਮ੍ਰਿਤ ਛਕਾ ਕੇ ਧਾਰਮਕ ਮਰਿਆਦਾ ਅਨੁਸਾਰ ਸਿੱਖ ਕੌਮ 'ਚ ਵਾਪਸੀ ਕਰਵਾਈ ਜਾਵੇਗੀ।

ਦਿੱਲੀ ਗੁਰਦੁਆਰਾ ਕਮੇਟੀ ਦਫ਼ਤਰ ਵਿਖੇ ਪ੍ਰੈਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਕਮੇਟੀ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਸ. ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਪੰਜਾਬ 'ਚ ਵੱਧਦੇ ਧਰਮ ਪਰਿਵਰਤਨ ਦੇ ਮਾਮਲੇ ਚਿੰਤਾ ਦਾ ਵਿਸ਼ਾ ਬਣ ਚੁਕੇ ਸਨ, ਵੱਡੀ ਗਿਣਤੀ ਵਿਚ ਲੋਕ ਸਿੱਖ ਧਰਮ ਛੱਡ ਕੇ ਇਸਾਈ ਧਰਮ ਵੱਲ ਰੁੱਖ ਕਰ ਰਹੇ ਸਨ, ਇੱਥੋਂ ਤੱਕ ਕਿ ਸਿੱਖਾਂ ਦੀ ਸਿਰਮੋਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਆਪਣੀ ਭੂਮਿਕਾ ਨਿਭਾਉਣ ਵਿਚ ਅਸਫ਼ਲ ਸਾਬਤ ਹੋਈ। ਅਜਿਹੀ ਸਥਿਤੀ ਵਿਚ ਦਿੱਲੀ ਗੁਰਦੁਆਰਾ ਕਮੇਟੀ ਨੇ ਫ਼ੈਸਲਾ ਲਿਆ ਕਿ ਪੰਜਾਬ ਵਿਚ ਧਰਮ ਜਾਗਰੂਕਤਾ ਲਹਿਰ ਸ਼ੁਰੂ ਕੀਤੀ ਜਾਵੇਗੀ ਅਤੇ ਅੰਮ੍ਰਿਤਸਰ ਵਿਖੇ ਦਫ਼ਤਰ ਖੋਲ ਕੇ ਸ. ਮਨਜੀਤ ਸਿੰਘ ਭੋਮਾ ਨੂੰ ਪੰਜਾਬ ਵਿਚ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਦੀ ਜ਼ਿੰਮੇਵਾਰੀ ਸੌਂਪੀ।

ਉਨਾਂ ਕਿਹਾ ਕਿ ਬੇਹੱਦ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਉਨਾਂ ਵੱਲੋਂ ਸ਼ੁਰੂ ਕੀਤੀ ਗਈ ਧਰਮ ਜਾਗਰੂਕਤਾ ਲਹਿਰ ਨੂੰ ਵੱਡੀ ਸਫ਼ਲਤਾ ਮਿਲੀ ਹੈ ਕਿਉਂਕਿ 12 ਅਜਿਹੇ ਸਿੱਖ ਪਰਿਵਾਰ ਜਿਨਾਂ ਨੇ ਇਸਾਈ ਧਰਮ ਅਪਣਾ ਲਿਆ ਸੀ ਮੁੜ ਸਿੱਖ ਧਰਮ 'ਚ ਵਾਪਸ ਆਏ ਹਨ। ਉਨਾਂ ਦੱਸਿਆ ਕਿ ਪੰਜਾਬ ਵਿਚ ਚਲ ਰਹੀ ਮਿਸ਼ਨਰੀਆਂ ਗਰੀਬ ਲੋਕਾਂ ਦੀ ਮਜਬੂਰੀ ਦਾ ਫ਼ਾਇਦਾ ਚੁਕਦੀਆਂ ਹਨ ਅਤੇ ਗੁੰਮਰਾਹ ਕਰਕੇ ਉਨਾਂ ਦਾ ਧਰਮ ਪਰਿਵਰਤਨ ਕਰਦੀਆਂ ਹਨ, ਬੱਚਿਆਂ ਦੀ ਪੜਾਈ, ਆਰਥਿਕ ਮਦਦ, ਵਿਦੇਸ਼ ਭੇਜਣ ਵਰਗੇ ਲਾਲਚ ਦੇ ਕੇ ਇਸਾਈ ਧਰਮ ਨਾਲ ਜੋੜਦੀਆਂ ਹਨ।

ਇਹ 12 ਸਿੱਖ ਪਰਿਵਾਰਾਂ ਨੂੰ ਜੋ ਪਿੰਡ ਕਾਲੇਵਾਲ (ਲੋਪੋਕੇ) ਅੰਮ੍ਰਿਤਸਰ ਤੋਂ ਸਬੰਧ ਰੱਖਦੇ ਹਨ, ਨੂੰ ਲਾਲਚ ਦਿੱਤਾ ਗਿਆ ਕਿ ਜੇਕਰ ਇਹ ਇਸਾਈ ਧਰਮ ਕਬੂਲ ਕਰਦੇ ਹਨ ਤਾਂ ਇਨਾਂ ਨੂੰ ਸਿਹਤਯਾਬੀ ਲਾਭ ਸਮੇਤ ਹੋਰ ਆਰਥਿਕ ਲਾਭ ਦਿੱਤੇ ਜਾਣਗੇ ਜਿਸਦੇ ਚਲਦੇ ਇਨਾਂ ਪਰਿਵਾਰਾਂ ਨੇ ਆਪਣਾ ਧਰਮ ਛੱਡ ਕੇ ਇਸਾਈ ਧਰਮ ਅਪਣਾਇਆ, ਲੇਕਿਨ ਜਦੋਂ ਇਨਾਂ ਨੂੰ ਅਹਿਸਾਸ ਹੋਇਆ ਕਿ ਅਸਲੀ ਤਾਕਤ ਤਾਂ ਉਸ ਅਕਾਲ ਪੁਰਖ ਦੀ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੈ ਜਿਸ ਦੀ ਗੁਰਬਾਣੀ ਨਾਲ ਜੁੜ ਕੇ ਵੱਡੇ ਤੋਂ ਵੱਡਾ ਰੋਗ ਵੀ ਦੂਰ ਹੋ ਜਾਂਦਾ ਹੈ ਤਾਂ ਇਨਾਂ ਨੇ ਭੁੱਲ ਸੁਧਾਰ ਕਰਦੇ ਹੋਏ ਸਿੱਖ ਧਰਮ ਵਿਚ ਆਉਣ ਦਾ ਫ਼ੈਸਲਾ ਕੀਤਾ। ਇਨਾਂ ਪਰਿਵਾਰਾਂ ਨੂੰ ਦਿੱਲੀ ਕਮੇਟੀ ਦੇ ਅੰਮ੍ਰਿਤਸਰ ਦਫ਼ਤਰ ਵਿਖੇ ਸਿੱਖ ਧਰਮ ਵਿਚ ਮੁੜ ਵਾਪਸੀ ਕਰਾਉਂਦੇ ਹੋਏ ਸਨਮਾਨਤ ਕੀਤਾ ਗਿਆ।

ਉਪਰੋਕਤ ਆਗੂਆਂ ਨੇ ਕਿਹਾ ਕਿ ਧਰਮ ਜਾਗਰੂਕਤਾ ਲਹਿਰ ਦੇ ਬੈਨਰ ਹੇਠ ਪੰਜਾਬ ਦੇ ਪਿੰਡਾਂ ਵਿਚ ਘਰ-ਘਰ ਜਾ ਕੇ ਸਾਡੀ ਟੀਮ ਕੜੀ ਮਿਹਨਤ ਕਰ ਰਹੀ ਹੈ ਅਤੇ ਸਿੱਖੀ ਦੇ ਪ੍ਰਚਾਰ-ਪ੍ਰਸਾਰ ਵਿਚ ਪੂਰੀ ਤਰਾਂ ਜੁਟੀ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਕਈ ਹੋਰ ਪਰਿਵਾਰਾਂ ਨੂੰ ਸਿੱਖ ਧਰਮ ਨਾਲ ਮੁੜ ਜੋੜਿਆ ਜਾਵੇਗਾ। ਉਨਾਂ ਕਿਹਾ ਕਿ ਅੱਜ ਸਿੱਖ ਧਰਮ ਨਾਲ ਜੁੜਨ ਵਾਲੇ ਇਨਾਂ ਪਰਿਵਾਰਾਂ ਦਾ ਤਹਿ ਦਿਲ ਤੋਂ ਸੁਆਗਤ ਕਰਦੇ ਹਨ।

# ਮਹਾਨ ਸਿੱਖਿਆ ਸ਼ਾਸਤਰੀ ਡਾ. ਓਂਕਾਰ ਸਿੰਘ ਬਿੰਦਰਾ ਨਹੀਂ ਰਹੇ

## ਕੈਲੀਫੋਰਨੀਆ 'ਚ ਪਾਠ ਪੁਸਤਕਾਂ ਵਿੱਚ ਪੰਜਾਬੀ ਭਾਸ਼ਾ ਅਤੇ ਸਿੱਖੀ ਨੂੰ ਸ਼ਾਮਲ ਕਰਨ ਲਈ ਯਾਦ ਕੀਤਾ ਜਾਵੇਗਾ

**ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ** :- ਸੈਕਰਾਮੈਂਟੋ ਦੇ ਡਾ. ਓਂਕਾਰ ਸਿੰਘ ਬਿੰਦਰਾ ਜੋ ਕਿ ਇੱਕ ਮਹਾਨ ਸਿੱਖਿਆ ਸ਼ਾਸਤਰੀ ਸਨ ਦਾ ਬੀਤੇ ਦਿਨ 89 ਸਾਲ ਦੀ ਉਮਰ ਵਿੱਚ ਦਿਹਾਂਤ ਹੋ ਗਿਆ ਸੀ ਜਿਨਾਂ ਦਾ ਸੈਕਰਾਮੈਂਟੋ 'ਚ ਅੰਤਮ ਸੰਸਕਾਰ ਕਰ ਦਿੱਤਾ ਗਿਆ। ਉਨਾਂ ਦੇ ਪਰਿਵਾਰ ਅਤੇ ਪੰਜਾਬੀਆਂ ਲਈ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਹੈ। ਡਾ. ਬਿੰਦਰਾ ਨੇ ਵੱਡੇ ਪੱਧਰ 'ਤੇ ਭਾਈਚਾਰੇ ਲਈ ਜੀਵਨ ਬਤੀਤ ਕੀਤਾ ਅਤੇ ਆਪਣੇ ਪਿੱਛੇ ਇੱਕ ਸ਼ਾਨਦਾਰ ਵਿਰਾਸਤ ਛੱਡੀ। ਪਹਿਲਾਂ ਡਾ. ਬਿੰਦਰਾ ਨੇ ਇੱਕ ਵਿਗਿਆਨੀ ਵਜੋਂ ਪੀ.ਏ.ਯੂ ਲੁਧਿਆਣਾ ਅਤੇ ਫਿਰ ਸੰਯੁਕਤ ਰਾਸ਼ਟਰ ਵਿੱਚ ਲੰਮੇ ਸਮੇਂ ਤੱਕ ਸੇਵਾਵਾਂ ਦੇਣ ਵਾਲੀਆਂ ਆਪਣੀਆਂ ਵਿਲੱਖਣ ਸੇਵਾਵਾਂ ਤੋਂ ਇਲਾਵਾ, ਕੈਲੀਫੋਰਨੀਆ ਦੇ ਪਬਲਿਕ ਸਕੂਲਾਂ ਵਿੱਚ ਕੇ-12 ਪਾਠ ਪੁਸਤਕਾਂ ਵਿੱਚ ਪੰਜਾਬੀ ਭਾਸ਼ਾ ਦੀ ਸਿੱਖਿਆ ਅਤੇ ਸਿੱਖੀ ਨੂੰ ਸ਼ਾਮਲ ਕਰਨ



ਲਈ ਵੀ ਯਾਦ ਕੀਤਾ ਜਾਵੇਗਾ।

ਯਾਦ ਰਹੇ ਕਿ SB 1540 ਇਤਿਹਾਸ-ਸਮਾਜਿਕ ਵਿਗਿਆਨ ਫਰੇਮਵਰਕ ਸੈਨੇਟਰ ਲੋਨੀ ਹੈਨਕੌਕ ਦੁਆਰਾ ਬਿੱਲ ਪੇਸ਼ ਕੀਤਾ ਗਿਆ ਸੀ। ਬਿੱਲ ਦਾ ਮੁੱਖ ਉਦੇਸ਼ ਕੈਲੀਫੋਰਨੀਆ ਦੇ ਸਾਬਕਾ ਗਵਰਨਰ ਅਰਨੋਲਡ ਸ਼ਵਾਰਜ਼ਨੇਗਰ ਦੁਆਰਾ ਸੋਧੇ ਹੋਏ ਢਾਂਚੇ ਨੂੰ ਅਪਣਾਉਣ ਵਿੱਚ ਲਗਾਈ ਗਈ ਪਾਬੰਦੀ ਨੂੰ ਹਟਾਉਣਾ ਸੀ। ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ ਦੇ ਨਾਲ-ਨਾਲ, ਕੈਲੀਫੋਰਨੀਆ ਕੌਂਸਲ ਫਾਰ ਦਿ ਸੋਸ਼ਲ ਸਟੱਡੀਜ਼, ਸਿੱਖ ਕੋਲੀਸ਼ਨ, ਸਿੱਖ ਟੈਂਪਲ ਆਫ ਵੈਸਟ ਸੈਕਰਾਮੈਂਟੋ, ਅਤੇ ਸੁਪਰਡੈਂਟ ਆਫ ਪਬਲਿਕ ਇੰਸਟ੍ਰਕਸ਼ਨ ਵੱਲੋਂ ਬਿੱਲ ਦਾ ਜ਼ੋਰਦਾਰ ਸਮਰਥਨ ਕੀਤਾ ਗਿਆ। ਬਿੱਲ ਦਾ ਰਿਕਾਰਡ 'ਤੇ ਕੋਈ ਵਿਰੋਧ ਨਹੀਂ ਸੀ ਹੋਇਆ। ਪੰਜਾਬੀ ਖਾਸ ਕਰ ਸਿੱਖ ਭਾਈਚਾਰਾ ਡਾ. ਓਂਕਾਰ ਸਿੰਘ ਬਿੰਦਰਾ ਦੀਆਂ ਸੇਵਾਵਾਂ ਨੂੰ ਸਦੀਆਂ ਤੱਕ ਯਾਦ ਰੱਖੇਗਾ।

# ਕੈਨੇਡਾ 'ਚ ਇਕ ਪੰਜਾਬੀ ਨੌਜਵਾਨ ਦੀ ਡੁੱਬਣ ਕਾਰਨ ਮੌਤ

**ਨਿਊਯਾਰਕ/ਕੈਲਗਰੀ/ਰਾਜ ਗੋਗਨਾ/ ਕੁਲਤਰਨ ਪਧਿਆਣਾ** :- ਇਸ ਸਾਲ ਕੈਨੇਡਾ ਦੀ ਧਰਤੀ 'ਤੇ ਪਾਣੀ 'ਚ ਡੁੱਬਣ ਕਾਰਨ ਕਾਫੀ ਭਾਰਤੀ ਮੂਲ ਦੇ ਨੌਜਵਾਨਾਂ ਦੀਆਂ ਮੌਤਾਂ ਹੋ ਚੁੱਕੀਆਂ ਹਨ। ਇਸ ਤਰਾਂ ਦੀ ਇਕ ਹੋਰ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਜਿੱਥੇ ਬੀਤੇ ਦਿਨ ਕੈਨੇਡਾ ਦੇ ਸੂਬੇ ਅਲਬਰਟਾ ਦੇ ਸ਼ਹਿਰ ਕੈਲਗਰੀ ਨਾਲ ਸਬੰਧਤ ਇਕ 37 ਸਾਲ ਦੀ ਉਮਰ ਦਾ ਨੌਜਵਾਨ ਮਨਦੀਪ ਸਿੰਘ ਉੱਪਲ, ਉਰਫ (ਰਵੀ) ਦੀ ਪਾਣੀ ਵਿਚ ਡੁੱਬਣ ਕਾਰਨ ਮੌਤ ਹੋ ਗਈ ਹੈ। ਇਹ ਨੌਜਵਾਨ ਆਪਣੇ ਸਾਥੀਆਂ ਦੇ ਨਾਲ **Bow River** ਵਿਖੇ ਘੁੰਮਣ ਗਿਆ ਸੀ ਜਿਥੇ ਉਸ ਨਾਲ ਇਹ ਹਾਦਸਾ ਵਾਪਰ ਗਿਆ। ਮ੍ਰਿਤਕ ਨੌਜਵਾਨ ਦਾ ਪੰਜਾਬ ਤੋਂ ਪਿਛੋਕੜ ਜ਼ਿਲਾ ਸੰਗਰੂਰ ਦੇ ਭਵਾਨੀਗੜ ਦੇ ਨਾਲ ਸੀ। ਇੱਥੇ ਇਹ ਜਿਕਰਯੋਗ ਹੈ ਕਿ ਪਾਣੀ 'ਚ ਡੁੱਬਣ ਨਾਲ ਹੁੰਦੀਆਂ ਮੌਤਾਂ ਦਾ ਸਿਲਸਿਲਾ ਕੈਨੇਡਾ 'ਚ ਲਗਾਤਾਰ ਵੱਧਦਾ ਜਾ ਰਿਹਾ ਹੈ ਅਤੇ ਸਾਡੇ ਕਈ ਨੌਜਵਾਨ ਮੌਤ ਦੇ ਮੂੰਹ ਚਲੇ ਗਏ ਹਨ। ਭਾਵੇਂ ਇਸ ਦੇ ਬਾਬਤ ਲਗਾਤਾਰ ਜਨਤਾ ਦੇ ਬਚਾਉ ਲਈ ਵਿਭਾਗ ਵੱਲੋਂ ਐਡਵਾਈਜ਼ਰੀ ਵੀ ਜਾਰੀ ਹੁੰਦੀਆਂ ਰਹਿੰਦੀਆਂ ਹਨ। ਪਰ ਜਨਤਾ ਅਮਲ ਨਹੀਂ ਕਰਦੀ।

# ਖਰਾਬ ਮੌਸਮ ਕਾਰਨ ਸੈਂਕੜੇ ਘਰੇਲੂ ਉਡਾਣਾਂ ਕਰਨੀਆਂ ਪਈਆਂ ਰੱਦ, ਲੋਕ ਹੋਏ ਪ੍ਰੇਸ਼ਾਨ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ** :- ਅਮਰੀਕਾ ਵਿਚ ਗਰਮ ਰੁੱਤ ਦੌਰਾਨ ਚੱਲ ਰਹੇ ਖਰਾਬ ਮੌਸਮ ਕਾਰਨ ਮੰਗਲਵਾਰ ਨੂੰ ਸੈਂਕੜੇ ਘਰੇਲੂ ਉਡਾਣਾਂ ਰੱਦ ਕਰਨੀਆਂ ਪਈਆਂ ਹਨ ਜਿਸ ਕਾਰਨ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਉਹ ਆਪਣੇ ਨਿਰਧਾਰਤ ਸਥਾਨ 'ਤੇ ਨਹੀਂ ਪਹੁੰਚ ਸਕੇ ਤੇ ਉਨਾਂ ਨੂੰ ਨਵੇਂ ਸਿਰੇ ਤੋਂ ਆਪਣੇ ਪ੍ਰੋਗਰਾਮ ਬਣਾਉਣੇ ਪਏ। ਅਮਰੀਕਾ ਦੇ ਉੱਤਰ-ਪੂਰਬੀ ਹਿੱਸੇ ਵਿਚ ਮੌਸਮ ਦਾ ਮਿਜਾਜ਼ ਬਹੁਤ ਵਿਗੜਿਆ ਹੋਇਆ ਹੈ ਜਿਸ ਕਾਰਨ ਜਨ ਜੀਵਨ ਉਪਰ ਭਾਰੀ ਅਸਰ ਪੈ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ 800 ਤੋਂ ਉਪਰ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ। ਇਸ ਤੋਂ ਇਲਾਵਾ 3500 ਹਵਾਈ ਜਹਾਜ਼ਾਂ ਨੇ ਆਪਣੇ ਨਿਰਧਾਰਤ ਸਮੇ ਤੋਂ ਦੇਰੀ ਨਾਲ ਉਡਾਣ ਭਰੀ। ਸਭ ਤੋਂ ਵਧ ਉਡਾਣਾਂ ਅਮਰੀਕਾ ਦੀ ਪ੍ਰਮੁੱਖ ਏਅਰਲਾਈਨਜ 'ਸਾਊਥਵੈਸਟ ਏਅਰ ਲਾਈਨਜ' ਨੇ 169 ਉਡਾਣਾਂ ਰੱਦ ਕੀਤੀਆਂ ਹਨ। ਇਸ ਤੋਂ ਇਲਾਵਾ ਅਮੈਰੀਕਨ ਏਅਰਲਾਈਨਜ ਨੇ 47 ਤੇ ਯੂਨਾਈਟਿਡ ਏਅਰਲਾਈਨਜ ਨੇ 43 ਉਡਾਣਾਂ ਰੱਦ ਕੀਤੀਆਂ ਹਨ। ਹਾਲਾਂਕਿ ਅਮਰੀਕਾ ਦੇ ਕਈ ਹਿੱਸਿਆਂ ਵਿਚ ਖਤਰਨਾਕ ਗਰਮ ਹਵਾਵਾਂ ਚੱਲ ਰਹੀਆਂ ਪ੍ਰੰਤੂ ਉਤਰ ਪੂਰਬੀ ਹਿੱਸੇ ਵਿਚ ਚੱਲ ਰਿਹਾ ਤੂਫਾਨ ਲੋਕਾਂ ਲਈ ਸਿਰਦਰਦੀ ਬਣਿਆ ਹੋਇਆ ਹੈ।

# 3 ਹਫਤੇ ਪਹਿਲਾਂ ਲਾਪਤਾ ਹੋਈ ਲੜਕੀ ਦੀ ਨਹੀਂ ਲੱਗੀ ਉੱਘ-ਸੁੱਘ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ**:- ਕੈਲੀਫੋਰਨੀਆ ਵਿਚ ਤਕਰੀਬਨ 3 ਹਫਤੇ ਪਹਿਲਾਂ ਲਾਪਤਾ ਹੋਈ 22 ਸਾਲਾ ਲੜਕੀ ਜੋਲਿਸਾ ਫੂਨਟਸ ਦੀ ਅਜੇ ਤੱਕ ਕੋਈ ਉੱਘ-ਸੁੱਘ ਨਹੀਂ ਲੱਗੀ ਹੈ ਜਿਸ ਨੂੰ ਆਖਰੀਵਾਰ ਇਕ ਕਨਵੀਨੀਅਸ ਸਟੋਰ ਵਿਚੋਂ ਨਿਕਲਦਿਆਂ ਵੇਖਿਆ ਗਿਆ ਸੀ। ਸੈਲਮਾ ਦੇ ਪੁਲਿਸ ਮੁਖੀ ਰੂਡੀ ਅਲਕਾਰਾਜ਼ ਨੇ ਦੱਸਿਆ ਕਿ ਹੁਣ ਪੁਲਿਸ ਇਸ ਮਾਮਲੇ ਨੂੰ ਅਪਰਾਧਕ ਮਾਮਲੇ ਵਜੋਂ ਲੈ ਰਹੀ ਹੈ। ਲੜਕੀ 6 ਅਗਸਤ ਨੂੰ ਇਕ ਪਰਿਵਾਰਕ ਸਮਾਗਮ ਵਿਚ ਸ਼ਾਮਿਲ ਹੋਈ ਸੀ ਤੇ ਉਹ ਰਾਤ ਵੇਲੇ ਕੁਝ ਸਮਾਨ ਲੈਣ ਲਈ ਆਪਣੇ ਘਰ ਗਈ ਸੀ। ਉਹ ਰਸਤੇ ਵਿਚ ਇਕ ਕਨਵੀਨੀਅਸ ਸਟੋਰ 'ਤੇ ਰੁਕੀ ਤੇ ਕੁਝ ਖਰੀਦਦਾਰੀ ਕਰਨ ਉਪਰੰਤ ਆਪਣੀ ਕਾਰ ਵਿਚ ਸਟੋਰ ਤੋਂ ਰਵਾਨਾ ਹੋਈ ਸੀ। ਪੁਲਿਸ ਮੁਖੀ ਨੇ ਦੱਸਿਆ ਕਿ ਮਿਸ ਫੂਨਟਸ ਨੂੰ ਲਾਪਤਾ ਹੋਇਆਂ ਕਾਫੀ ਸਮਾਂ ਹੋ ਗਿਆ ਹੈ। ਇਸ ਲਈ ਪੁਲਿਸ ਹੁਣ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈ ਰਹੀ ਹੈ ਤੇ ਇਸ ਮਾਮਲੇ ਨੂੰ ਅਪਰਾਧਿਕ ਨਜ਼ਰੀਏ ਤੋਂ ਨਜਿੱਠਿਆ ਜਾਵੇਗਾ।

# ਦਿੱਲੀ ਦੇ ਗੁਰੂਦੁਆਰਾ ਮੋਤੀ ਬਾਗ਼ ਸਾਹਿਬ ਦੇ ਹੈਡਗ੍ਰੰਥੀ ਨੇ ਯੂ.ਪੀ. ਭਾਜਪਾ ਪ੍ਰਧਾਨ ਨੂੰ ਨੰਗੇ ਸਿਰ ਸਿਰੋਪਾਓ ਦੇ ਕੇ ਕੀਤੀ ਰਹਿਤ ਮਰਿਯਾਦਾ ਦੀ ਘੋਰ ਉਲੰਘਣਾ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ**:- ਸਿੱਖ ਪੰਥ ਦੀਆਂ ਮਰਿਯਾਦਾਵਾਂ ਨਾਲ ਵਾਰ ਵਾਰ ਛੇੜਖਾਨੀ ਕੀਤੀ ਜਾ ਰਹੀ ਹੈ। ਵੱਡਾ ਦੁੱਖ ਉਦੋਂ ਹੁੰਦਾ ਜਦੋਂ ਸਿਖ ਕੌਮ ਦੇ ਪ੍ਰਚਾਰਕ ਹੀ ਮਰਿਯਾਦਾ ਦੀ ਘੋਰ ਉਲੰਘਣਾ ਕਰਦੇ ਹਨ। ਹੁਣ ਦਿੱਲੀ ਦੇ ਇਤਿਹਾਸਕ ਗੁਰਦੁਆਰਾ ਮੋਤੀ ਬਾਗ ਸਾਹਿਬ, ਦਿੱਲੀ ਦੇ ਹੈੱਡ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ ਖੰਡਸਲ ਨੇ ਯੂ.ਪੀ. ਭਾਜਪਾ ਦੇ ਨਵੇਂ ਬਣੇ ਪ੍ਰਧਾਨ, ਚੌਧਰੀ ਭੁਪਿੰਦਰ ਸਿੰਘ ਅਤੇ ਕੇਂਦਰੀ ਪਸ਼ੂ ਪਾਲਣ ਤੇ ਡੇਅਰੀ ਵਿਕਾਸ ਦੇ ਰਾਜ ਮੰਤਰੀ ਚੌਧਰੀ ਸਤੀਸ਼ ਬਲਿਆਣ ਨੂੰ ਨੰਗੇ ਸਿਰ ਸਿਰੋਪਾਓ ਦੇ ਕੇ ਪੰਥਕ ਰਹਿਤ ਮਰਿਯਾਦਾ ਦੀ ਘੋਰ ਉਲੰਘਣਾ ਕੀਤੀ ਹੈ।

ਵਿਚਾਰਨ ਯੋਗ ਹੈ ਕਿ ਅਜਿਹੇ ਪ੍ਰਚਾਰਕ ਜਿਨਾਂ ਦਾ 'ਇਖਲਾਕ' ਤੇ 'ਗਿਆਨ' ਗੁਰੂ ਦੀ ਵਜ਼ੀਰੀ ਤੋਂ ਜ਼ਿਆਦਾ 'ਸਰਕਾਰੀ ਚਾਕਰੀ' ਵਲ ਰੁਚਿਤ ਹੈ, ਉਹ ਕੌਮ ਨੂੰ ਕੀ ਸਿਖਿਆ ਦੇਣਗੇ ?

ਜਥੇਦਾਰ ਅਕਾਲ ਤਖਤ ਸਾਹਿਬ, ਸ਼੍ਰੋਮਣੀ ਕਮੇਟੀ ਅਤੇ ਦਿੱਲੀ ਕਮੇਟੀ ਦੇ ਪ੍ਰਬੰਧਕਾਂ ਨੂੰ ਇਸ ਗੱਲ ਦਾ ਸਖ਼ਤ ਨੋਟਿਸ ਲੈਣਾ ਚਾਹੀਦਾ ਹੈ ਤੇ ਇਨਾਂ 'ਤੇ ਬਣਦੀ ਕਾਰਵਾਈ ਕਰਨੀ ਚਾਹੀਦੀ ਹੈ।

# ਕੌਮੀ ਕੈਦੀ ਕਮਿਸ਼ਨ ਦੇ ਗਠਨ ਦੀ ਮੰਗ ਕਰਦਿਆਂ ਬੰਦੀ ਸਿੰਘਾਂ ਦੀ ਰਿਹਾਈ ਲਈ ਲੱਗਿਆ ਮੋਰਚਾ ਹੋਇਆ ਸਮਾਪਤ

## ਗੁਰਦੁਆਰਾ ਬੰਗਲਾ ਸਾਹਿਬ ਵਿਖੇ ਪਿਛਲੇ ਇਕ ਮਹੀਨੇ ਤੋਂ ਲੱਗਾ ਹੋਇਆ ਸੀ ਮੋਰਚਾ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ):-** ਸਿਆਸੀ ਸਿੱਖ ਕੈਦੀ ਰਿਹਾਈ ਮੋਰਚਾ (ਦਿੱਲੀ) ਦੀ ਤਰਫੋਂ, ਪ੍ਰਧਾਨ ਮੰਤਰੀ, ਸ੍ਰੀ ਨਰਿੰਦਰ ਮੋਦੀ ਨੂੰ ਸਿੱਖ ਕੈਦੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਦੀ ਪ੍ਰਕਿਰਿਆ ਵਿੱਚ ਹੋ ਰਹੀ ਦੇਰੀ ਨੂੰ ਦੂਰ ਕਰਨ ਲਈ 'ਕੌਮੀ ਕੈਦੀ ਕਮਿਸ਼ਨ' ਦਾ ਗਠਨ ਕਰਨ ਦੀ ਬੇਨਤੀ ਕਰਦਿਆਂ ਚਿੱਠੀ ਭੇਜੀ ਗਈ ਹੈ। ਭਾਰਤੀ ਸੰਵਿਧਾਨ ਦੇ ਦਾਇਰੇ ਵਿੱਚ ਰਹਿ ਕੇ ਕੈਦੀਆਂ ਦੇ ਮਨੁੱਖੀ ਅਧਿਕਾਰਾਂ ਲਈ ਆਵਾਜ਼ ਬੁਲੰਦ ਕਰਨ ਵਾਲੇ 'ਮਨੁੱਖੀ ਅਧਿਕਾਰ ਸਮੂਹ' ਵਜੋਂ ਲੰਮੇ ਸਮੇਂ ਤੋਂ ਕੰਮ ਕਰ ਰਹੀ ਇਸ ਸੰਸਥਾ ਨੇ 31 ਜੁਲਾਈ 2022 ਤੋਂ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਕੈਦੀਆਂ ਦੇ ਹੱਕਾਂ ਬਾਰੇ ਲੋਕਾਂ ਵਿੱਚ ਜਾਗਰੂਕਤਾ ਲਿਆਉਣ ਲਈ ਮੋਰਚੇ ਦੀ ਸ਼ੁਰੂਆਤ ਕੀਤੀ ਸੀ। ਜਿਸ ਮੋਰਚੇ ਦੀ ਸਮਾਪਤੀ ਗੁਰਦੁਆਰਾ ਬੰਗਲਾ ਸਾਹਿਬ ਤੋਂ ਜੰਤਰ-ਮੰਤਰ ਤੱਕ ਰੋਸ ਮਾਰਚ ਕੱਢ ਕੇ ਕੀਤੀ ਗਈ। ਜੰਤਰ-ਮੰਤਰ ਵਿਖੇ ਸੁਪਰੀਮ ਕੋਰਟ ਦੇ ਐਡਵੋਕੇਟ ਭਾਨੂ ਪ੍ਰਤਾਪ, ਐਡਵੋਕੇਟ ਮਹਿਮੂਦ ਪ੍ਰਾਚਾ, ਐਡਵੋਕੇਟ ਦਲਸ਼ੇਰ ਸਿੰਘ, ਆਈ.ਏ.ਐਸ ਸਵਰਨ ਸਿੰਘ, ਪ੍ਰੋਫੈਸਰ ਬਲਜਿੰਦਰ ਸਿੰਘ, ਡਾ: ਗੀਤੂ ਸਿੰਘ, ਬਾਪੂ ਗੁਰਬਚਨ ਸਿੰਘ, ਡਾ: ਪਰਮਿੰਦਰ ਪਾਲ ਸਿੰਘ, ਚਮਨ ਸਿੰਘ, ਅਵਤਾਰ ਸਿੰਘ ਕਾਲਕਾ, ਗੁਰਦੀਪ ਸਿੰਘ ਮਿੰਟੂ ਅਤੇ ਇਕਬਾਲ ਸਿੰਘ ਆਦਿ ਨੇ ਸੰਬੋਧਿਤ ਕੀਤਾ। ਰੋਸ ਮਾਰਚ ਦੀ ਸਮਾਪਤੀ ਤੋਂ ਬਾਅਦ ਪ੍ਰਧਾਨ ਮੰਤਰੀ ਦਫ਼ਤਰ ਨੂੰ ਸੌਂਪੇ ਗਏ ਪੱਤਰ ਵਿਚ ਕਿਹਾ ਗਿਆ ਹੈ ਕਿ ਸੰਵਿਧਾਨਕ ਅਤੇ ਕਾਨੂੰਨੀ ਵਿਵਸਥਾਵਾਂ ਦੇ ਬਾਵਜੂਦ ਸਾਡੇ ਦੇਸ਼ ਵਿੱਚ ਜੇਲਾਂ ਵਿੱਚ ਬੰਦ ਕੈਦੀਆਂ ਦੀ ਸਵੈਚਲਿਤ ਮਾਫ਼ੀ ਦੀ ਕੋਈ ਪ੍ਰਕਿਰਿਆ ਮੌਜੂਦ ਨਹੀਂ ਹੈ। ਨਾ ਹੀ ਸਾਡੇ ਜੇਲ ਪ੍ਰਣਾਲੀ ਦਾ ਹਿੱਸਾ 'ਪੈਰੋਲ' ਅਤੇ 'ਫਰਲੋ' ਕੈਦੀਆਂ ਨੂੰ ਆਪਣੇ ਆਪ ਪ੍ਰਾਪਤ ਕਰਨ ਦਾ ਕੋਈ ਕੁਸ਼ਲ ਤਰੀਕਾ ਹੈ। ਸਾਡੇ ਕੋਲ ਦੁਨੀਆ ਦੇ ਦੂਜੇ ਦੇਸ਼ਾਂ ਵਿੱਚ ਜੇਲ ਸੁਧਾਰਾਂ ਨੂੰ ਸਕਾਰਾਤਮਕ ਢੰਗ ਨਾਲ ਲਾਗੂ ਕਰਨ ਦੀਆਂ ਹਜ਼ਾਰਾਂ ਉਦਾਹਰਣਾਂ ਹਨ। ਪਰ ਭਾਰਤੀ ਜੇਲ ਕਾਨੂੰਨ ਜਾਂ ਤਾਂ ਕੈਦੀਆਂ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਨ ਤੋਂ ਰੋਕਣ ਲਈ ਇੰਨਾ ਕਾਰਗਰ ਨਹੀਂ ਹੈ ਜਾਂ ਫਿਰ ਜੇਲ ਪ੍ਰਸ਼ਾਸਨ ਇਨਾਂ ਨੂੰ ਲਾਗੂ ਕਰਨ ਲਈ ਗੰਭੀਰ ਨਹੀਂ ਜਾਪਦਾ। ਇੱਕ ਪਾਸੇ ਅਸੀਂ 'ਵਿਸ਼ਵ ਗੁਰੂ' ਬਣਨ ਦੇ ਸੁਪਨੇ ਦੇਖ ਰਹੇ ਹਾਂ, ਪਰ ਦੂਜੇ ਪਾਸੇ ਅਸੀਂ ਭਾਰਤੀ ਨਿਆਂਪਾਲਿਕਾ 'ਤੇ ਕੰਮ ਦਾ ਬੋਝ ਘਟਾਉਣ ਅਤੇ ਜੇਲਾਂ ਵਿੱਚ ਬੰਦ ਕੈਦੀਆਂ ਦੀ ਗਿਣਤੀ ਘਟਾਉਣ ਵਿੱਚ ਅਸਫਲ ਰਹੇ ਹਾਂ। ਜੇਲ ਸੁਧਾਰ ਸਾਡੀਆਂ ਸਰਕਾਰਾਂ ਦੇ ਏਜੰਡੇ 'ਤੇ ਕਦੇ ਨਹੀਂ ਰਹੇ। ਜਦੋਂ ਕਿ 'ਜੇਲ ਸੁਧਾਰ' ਅਪਰਾਧੀ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਵਾਪਸ ਲਿਆਉਣ ਦੀ ਦਿਸ਼ਾ ਵਿੱਚ ਇੱਕ ਕਾਰਗਰ 'ਹਥਿਆਰ' ਬਣ ਸਕਦਾ ਸੀ। ਅਕਸਰ ਅਜਿਹੇ ਮਾਮਲੇ ਸਾਹਮਣੇ ਆਉਂਦੇ ਹਨ, ਜਦੋਂ ਪ੍ਰਭਾਵਸ਼ਾਲੀ ਵਿਅਕਤੀ ਸਜ਼ਾ ਦੀ ਪੈਰੋਲ/ਫਰਲੋ ਦਾ ਫਾਇਦਾ ਉਠਾਉਂਦੇ ਹਨ, ਜਦਕਿ ਆਮ ਕੈਦੀ ਇਨਾਂ ਅਧਿਕਾਰਾਂ ਦੀ ਵਰਤੋਂ ਕਰਨ ਤੋਂ ਵਾਂਝੇ ਰਹਿ ਜਾਂਦੇ ਹਨ।

ਦੇਸ਼ ਦੇ ਸਫਲ ਪ੍ਰਧਾਨ ਮੰਤਰੀ ਹੋਣ ਦੇ ਨਾਤੇ ਦੇਸ਼ ਵਾਸੀਆਂ ਖਾਸ ਕਰਕੇ ਸਿੱਖਾਂ ਨੂੰ ਤੁਹਾਡੇ ਤੋਂ ਬਹੁਤ ਉਮੀਦਾਂ ਹਨ। ਕਿਉਂਕਿ ਤੁਸੀਂ ਭਲੀ-ਭਾਂਤ ਜਾਣਦੇ ਹੋ ਕਿ ਨਹਿਰੂ-ਗਾਂਧੀ ਪਰਿਵਾਰ ਦੀ ਕਿਸੇ ਵੀ ਕੀਮਤ 'ਤੇ ਸੱਤਾ 'ਤੇ ਕਾਬਜ਼ ਹੋਣ ਦੀ ਲਾਲਸਾ ਨੇ 1980-90 ਦੇ ਦਹਾਕੇ ਦੌਰਾਨ ਪੰਜਾਬ ਅਤੇ ਸਿੱਖਾਂ ਵਿਰੁੱਧ ਕਈ ਮਨਮਾਨੇ ਅਤੇ ਬੇਇਨਸਾਫ਼ੀ ਵਾਲੇ ਫੈਸਲੇ ਲਏ ਸਨ। ਜਿਸ ਕਾਰਨ ਪੰਜਾਬ ਦੀ ਸ਼ਾਂਤੀ, ਸਦਭਾਵਨਾ ਅਤੇ ਭਾਈਚਾਰਾ ਪ੍ਰਭਾਵਿਤ ਹੋਇਆ ਸੀ। ਪੰਜਾਬ ਪੁਲਿਸ ਨੂੰ ਇਸ ਕਾਲੇ ਦੌਰ ਵਿੱਚ ਮਨੁੱਖੀ ਅਧਿਕਾਰਾਂ ਦੇ ਘਾਣ ਅਤੇ ਝੂਠੇ ਪੁਲਿਸ ਮੁਕਾਬਲਿਆਂ ਲਈ ਵੀ ਦੋਸ਼ੀ ਠਹਿਰਾਇਆ ਜਾਂਦਾ ਹੈ। ਕਈ ਮਾਮਲਿਆਂ ਵਿੱਚ ਦੋਸ਼ੀ ਪੁਲਿਸ ਮੁਲਾਜ਼ਮਾਂ ਨੂੰ ਉਮਰ ਕੈਦ ਦੀ ਸਜ਼ਾ ਵੀ ਸੁਣਾਈ ਗਈ ਹੈ। ਇਸ ਦੇ ਨਾਲ ਹੀ ਕੁਝ ਸਿੱਖ ਨੌਜਵਾਨਾਂ ਨੇ ਵੀ ਕੁਝ ਅਜਿਹੇ ਕਦਮ ਚੁੱਕੇ ਸਨ, ਜੋ ਕਾਨੂੰਨ ਦੀਆਂ ਨਜ਼ਰਾਂ ਵਿਚ ਗਲਤ ਸਾਬਤ ਹੋਏ ਹਨ। ਅਜਿਹੇ ਬਹੁਤੇ ਸਿੱਖ ਨੌਜਵਾਨ ਕਾਨੂੰਨ ਦੁਆਰਾ ਪ੍ਰਦਾਨ ਕੀਤੀ ਗਈ ਆਪਣੀ ਸਜ਼ਾ ਪੂਰੀ ਕਰ ਚੁੱਕੇ ਹਨ ਅਤੇ ਸਮੇਂ ਤੋਂ ਪਹਿਲਾਂ ਰਿਹਾਈ ਦੇ ਯੋਗ ਹਨ। ਤੁਹਾਡੀ ਸਰਕਾਰ ਵੱਲੋਂ 2019 ਵਿੱਚ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਕੁਝ ਸਿੱਖ ਕੈਦੀਆਂ ਦੀ ਰਿਹਾਈ ਦਾ ਹੁਕਮ ਵੀ ਜਾਰੀ ਕੀਤਾ ਗਿਆ ਸੀ। ਜਿਸ ਵਿੱਚ 2 ਕੈਦੀਆਂ ਦੀ ਰਿਹਾਈ ਅਤੇ 1 ਕੈਦੀ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਦੇ ਹੁਕਮਾਂ ਨੂੰ ਅਜੇ ਤੱਕ ਲਾਗੂ ਨਹੀਂ ਕੀਤਾ ਗਿਆ। ਇਸ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਤੁਰੰਤ ਕਾਰਵਾਈ ਕਰਕੇ ਇਸ ਹੁਕਮ ਨੂੰ ਤੁਰੰਤ ਲਾਗੂ ਕੀਤਾ ਜਾਵੇ। ਇਸ ਦੇ ਨਾਲ ਹੀ ਕੈਦੀਆਂ ਦੀ ਭਲਾਈ, ਸਜ਼ਾਵਾਂ ਅਤੇ ਜੇਲਾਂ ਵਿੱਚ ਸੁਧਾਰਾਂ ਨੂੰ ਲਾਗੂ ਕਰਨ ਲਈ ਇੱਕ ਸਮਰੱਥ ਅਥਾਰਟੀ ਦੀ ਸਥਾਪਨਾ ਦੇ ਮਕਸਦ ਨਾਲ ਕੇਂਦਰੀ ਗ੍ਰਹਿ ਮੰਤਰਾਲੇ ਰਾਹੀਂ 'ਕੌਮੀ ਕੈਦੀ ਕਮਿਸ਼ਨ' ਦੀ ਸਥਾਪਨਾ ਕੀਤੀ ਜਾਵੇ। ਤਾਂ ਜੋ ਆਮ ਕੈਦੀ ਵੀ ਸਮੇਂ ਸਿਰ ਆਪਣੇ ਹੱਕ ਲੈਣ ਲਈ ਇਸ ਕਮਿਸ਼ਨ ਦੀ ਮਦਦ ਲੈ ਸਕਣ। ਅਜਿਹੀ ਪ੍ਰਕਿਰਿਆ ਪਹਿਲਾਂ ਹੀ ਕਈ ਦੇਸ਼ਾਂ ਵਿੱਚ ਉਪਲਬਧ ਹੈ।

## ਅਮਰੀਕਾ ਦੇ ਜੈਕਸਨ ਸ਼ਹਿਰ ਨੇੜੇ ਵਗਦੇ ਦਰਿਆ ਦਾ ਪਾਣੀ ਸਿਖਰ 'ਤੇ ਪੁੱਜਾ

### ✪ ਲੋਕਾਂ ਨੂੰ ਸੁਚੇਤ ਰਹਿਣ ਲਈ ਕਿਹਾ ✪ 2020 ਵਿਚ ਇਥੇ ਆਇਆ ਸੀ ਭਿਆਨਕ ਹੜ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਅਮਰੀਕਾ ਵਿਚ ਭਾਰੀ ਬਾਰਿਸ਼ ਕਾਰਨ ਦਰਿਆਵਾਂ ਵਿਚ ਪਾਣੀ ਦਾ ਪੱਧਰ ਵਧ ਜਾਣ ਦੇ ਸਿੱਟੇ ਵਜੋਂ ਕਈ ਖੇਤਰਾਂ ਵਿਚ ਆਏ ਹੜ ਤੋਂ ਪ੍ਰਭਾਵਿਤ ਲੋਕਾਂ ਦੀ ਜਿੰਦਗੀ ਹੌਲੀ ਹੌਲੀ ਆਮ ਵਾਂਗ ਹੋ ਰਹੀ ਹੈ ਪਰੰਤੂ ਅਜੇ ਵੀ ਖਤਰਾ ਟਲਿਆ ਨਹੀਂ ਹੈ। ਮਿਸੀਸਿਪੀ ਰਾਜ ਦੇ ਜੈਕਸਨ ਸ਼ਹਿਰ ਦੇ ਮੇਅਰ ਚੋਕ ਐਂਟਰ ਲੁਮੁਮਬਾ ਨੇ ਕਿਹਾ ਹੈ ਕਿ ਅਸੀਂ ਚੌਕਸ ਹਾਂ ਤੇ ਆਸ਼ਾਵਾਦੀ ਹਾਂ ਕਿ ਹਾਲਾਤ ਆਮ ਵਾਂਗ ਹੋ ਜਾਣਗੇ। ਭਾਰੀ ਬਾਰਿਸ਼ ਕਾਰਨ ਪਰਲ ਦਰਿਆ ਵਿਚ ਪਾਣੀ ਦਾ ਪੱਧਰ ਸਿਖਰ 'ਤੇ ਪੁੱਜ ਗਿਆ ਹੈ। ਸੋਮਵਾਰ ਦੀ ਸਵੇਰ ਨੂੰ ਦਰਿਆ ਵਿਚ ਪਾਣੀ ਦਾ ਪੱਧਰ 35.5 ਫੁੱਟ ਸੀ। ਦੋ ਸਾਲ ਪਹਿਲਾਂ 2020 ਵਿਚ ਇਸ ਦਰਿਆ ਵਿਚ ਪਾਣੀ ਦਾ ਪੱਧਰ 36.7 ਫੁੱਟ 'ਤੇ ਪੁੱਜ ਗਿਆ ਸੀ ਜਿਸ ਕਾਰਨ ਉਤਰ ਪੂਰਬ ਦੇ ਕਈ ਖੇਤਰਾਂ ਤੇ ਜੈਕਸਨ ਦੇ ਅੰਦਰਲੇ ਹਿੱਸੇ ਵਿਚ ਭਾਰੀ ਹੜ ਆ ਗਿਆ ਸੀ। ਮੇਅਰ ਨੇ ਕਿਹਾ ਹੈ ਕਿ ਅਸੀਂ ਅਜੇ 2020 ਵਿਚ ਆਏ ਇਤਿਹਾਸਕ ਹੜ ਦੇ ਪਾਣੀ ਕਾਰਨ ਹੋਈ ਬਰਬਾਦੀ ਵਿਚੋਂ ਨਹੀਂ ਉਭਰੇ ਪ੍ਰੰਤੂ ਫਿਰ ਵੀ ਆਸ਼ਾਵਾਦੀ ਹਾਂ। ਮੇਅਰ ਨੇ ਲੋਕਾਂ ਨੂੰ ਕਿਹਾ ਹੈ ਕਿ ਉਹ ਦਰਿਆ ਵਿਚ ਵਧੇ ਪਾਣੀ ਦੇ ਪੱਧਰ ਤੋਂ ਸੁਚੇਤ ਰਹਿਣ ਤੇ ਉਹ ਸੁਰੱਖਿਅਤ ਥਾਵਾਂ 'ਤੇ ਚਲੇ ਜਾਣ। ਮੇਅਰ ਦੇ ਬੁਲਾਰੇ ਮੈਲੀਸਾ ਪੇਨੇ ਨੇ ਕਿਹਾ ਹੈ ਕਿ ਅਜੇ ਤੱਕ ਕਿਸੇ ਘਰ ਵਿਚ ਪਾਣੀ ਦਾਖਲ ਹੋਣ ਦੀ ਕੋਈ ਰਿਪੋਰਟ ਨਹੀਂ ਹੈ। ਉਨਾਂ ਕਿਹਾ ਹੈ ਕਿ ਲੋਕਾਂ ਦੇ ਪਨਾਹ ਲੈਣ ਵਾਲੇ ਸਥਾਨ ਖੁੱਲੇ ਹਨ ਤੇ ਜੋ ਲੋਕ ਇਨਾਂ ਥਾਵਾਂ 'ਤੇ ਆਉਣਾ ਚਾਹੁੰਦੇ ਹਨ, ਉਹ ਆ ਸਕਦੇ ਹਨ। ਬੁਲਾਰੇ ਨੇ ਆਸ ਪ੍ਰਗਟਾਈ ਹੈ ਕਿ ਅਗਲੇ ਇਕ ਦੋ ਦਿਨਾਂ ਵਿਚ ਪਾਣੀ ਦਾ ਪੱਧਰ ਘੱਟਣ ਦੀ ਸੰਭਾਵਨਾ ਹੈ। ਜੈਕਸਨ ਸ਼ਹਿਰ ਦੇ ਉਤਰ ਪੂਰਬ ਹਿੱਸੇ ਵਿਚ ਕੁਝ ਸੜਕਾਂ ਅਜੇ ਵਰਤੋਂ ਦੇ ਯੋਗ ਨਹੀਂ ਹਨ ਪ੍ਰੰਤੂ ਖੇਤਰ ਵਿਚ ਪਾਣੀ ਘਟਣਾ ਸ਼ੁਰੂ ਹੋ ਗਿਆ ਹੈ।

## ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਨਿਰਦੋਸ਼ ਸਾਬਤ ਹੋਣ ਤੱਕ ਸਸਪੈਂਡ



**ਅੰਮ੍ਰਿਤਸਰ/ਏ.ਟੀ.ਨਿਊਜ਼ :-** ਪ੍ਰਬੰਧਕ ਕਮੇਟੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪ੍ਰਧਾਨ ਜਥੇਦਾਰ ਅਵਤਾਰ ਹਿਤ ਵਲੋਂ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਦੇ ਖ਼ਿਲਾਫ਼ ਲੱਗੇ ਗੰਭੀਰ ਦੋਸ਼ਾਂ ਦੀ ਜਾਂਚ ਦੇ ਚੱਲਦਿਆਂ ਜਥੇਦਾਰ ਗਿਆਨੀ ਗੌਹਰ ਦੇ ਨਿਰਦੋਸ਼ ਹੋਣ ਤੱਕ ਉਨਾਂ ਨੂੰ ਮੁਅੱਤਲ ਕਰਨ ਦਾ ਐਲਾਨ ਕੀਤਾ ਹੈ । ਇਸ ਸੰਬੰਧੀ ਜਥੇਦਾਰ ਹਿਤ ਨੇ ਕਿਹਾ ਕਿ ਪਿਛਲੇ ਦਿਨੀਂ ਗੁਰਵਿੰਦਰ ਸਿੰਘ ਸਮਰਾ ਨਾਂ ਦੇ ਵਿਅਕਤੀ ਵਲੋਂ ਜਥੇਦਾਰ ਸਾਹਿਬ 'ਤੇ ਲਾਏ ਗਏ ਗੰਭੀਰ ਦੋਸ਼ਾਂ ਕਾਰਨ ਪੈਦਾ ਹੋਏ ਵਿਵਾਦ ਤੋਂ ਬਾਅਦ ਪ੍ਰਬੰਧਕੀ ਕਮੇਟੀ ਤਖ਼ਤ ਸ੍ਰੀ ਪਟਨਾ ਸਾਹਿਬ ਵਲੋਂ ਇਕ ਪੰਜ ਮੈਂਬਰੀ ਹਾਈ ਪਾਵਰ ਕਮੇਟੀ ਬਣਾਈ ਗਈ ਹੈ, ਜਿਸ ਨੇ ਜਥੇਦਾਰ ਗਿਆਨੀ ਗੌਹਰ ਅਤੇ ਦੋਸ਼ ਲਾਉਣ ਵਾਲੇ ਵਿਅਕਤੀ ਨੂੰ 31 ਅਗਸਤ ਨੂੰ ਇਸ ਗੰਭੀਰ ਮਾਮਲੇ ਦੀ ਜਾਂਚ ਲਈ ਸਬੂਤਾਂ ਸਮੇਤ ਦਿੱਲੀ ਵਿਖੇ ਬੁਲਾਇਆ ਗਿਆ ਹੈ। ਉਨਾਂ ਕਿਹਾ ਕਿ ਜਥੇਦਾਰ ਹੁੰਦਿਆਂ ਗਿਆਨੀ ਗੌਹਰ ਦਾ ਕਿਸੇ ਕਮੇਟੀ ਅੱਗੇ ਪੇਸ਼ ਹੋਣਾ ਮਰਿਯਾਦਾ ਅਨੁਸਾਰ ਠੀਕ ਨਹੀਂ ਸੀ, ਇਸ ਲਈ ਬੀਤੇ ਦਿਨ ਵਿਸ਼ੇਸ਼ ਪੱਤਰ ਜਾਰੀ ਕਰਕੇ ਉਨਾਂ ਦੀਆਂ ਤਖ਼ਤ ਸਾਹਿਬ ਵਿਖੇ ਉਦੋਂ ਤੱਕ ਸੇਵਾਵਾਂ ਮੁਅੱਤਲ ਕੀਤੀਆਂ ਗਈਆਂ ਹਨ, ਜਦੋਂ ਤੱਕ ਉਹ ਨਿਰਦੋਸ਼ ਸਿੱਧ ਨਹੀਂ ਹੋ ਜਾਂਦੇ। ਉਨਾਂ ਕਿਹਾ ਕਿ ਗਿਆਨੀ ਗੌਹਰ ਦੀ ਮੁਅੱਤਲੀ ਦੌਰਾਨ ਤਖ਼ਤ ਸਾਹਿਬ ਦੇ ਹੈਡ ਗ੍ਰੰਥੀ ਤਖ਼ਤ ਸਾਹਿਬ ਵਿਖੇ ਸੇਵਾਵਾਂ ਨਿਭਾਉਣਗੇ। ਇਸੇ ਦੌਰਾਨ ਤਖ਼ਤ ਸਾਹਿਬ ਦੇ ਪੰਜ ਪਿਆਰੇ ਗ੍ਰੰਥੀ ਸਾਹਿਬਾਨ ਵਲੋਂ ਵੀ ਗਿਆਨੀ ਗੌਹਰ ਤੇ ਗੁਰਵਿੰਦਰ ਸਿੰਘ ਸਮਰਾ ਨੂੰ 11 ਸਤੰਬਰ ਨੂੰ ਵੱਖਰੇ ਤੌਰ 'ਤੇ ਤਲਬ ਕੀਤਾ ਹੋਇਆ ਹੈ।

**ਸਕੱਤਰੇਤ ਅਕਾਲ ਤਖ਼ਤ ਸਾਹਿਬ ਦੇ ਧਿਆਨ ਵਿਚ ਨਹੀਂ ਹੈ ਮਾਮਲਾ :**

ਇਸੇ ਦੌਰਾਨ ਜਦੋਂ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ 'ਤੇ ਲੱਗੇ ਗੰਭੀਰ ਦੋਸ਼ਾਂ ਸੰਬੰਧੀ ਅਕਾਲ ਤਖ਼ਤ ਸਕੱਤਰੇਤ ਵਿਖੇ ਸੰਪਰਕ ਕੀਤਾ ਗਿਆ ਤਾਂ ਜਥੇਦਾਰ ਦੇ ਨਿੱਜੀ ਸਹਾਇਕ ਨੇ ਦੱਸਿਆ ਕਿ ਫਿਲਹਾਲ ਅਜੇ ਤੱਕ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਅਜਿਹੇ ਮਾਮਲੇ ਸੰਬੰਧੀ ਕਿਸੇ ਵੀ ਧਿਰ ਵਲੋਂ ਕੋਈ ਸ਼ਿਕਾਇਤ ਨਹੀਂ ਪੁੱਜੀ ।ਜਦੋਂ ਜਥੇਦਾਰ ਅਕਾਲ ਤਖ਼ਤ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਨਾਂ ਫੋਨ ਨਹੀਂ ਚੁੱਕਿਆ।

## ਕੋਰੋਨਾ ਮਹਾਂਮਾਰੀ ਰਾਹਤ ਫੰਡ ਵਿਚੋਂ ਗੈਰ-ਕਾਨੂੰਨੀ ਢੰਗ ਨਾਲ ਕਰੋੜਾਂ ਡਾਲਰ ਲੈਣ ਦਾ ਮਾਮਲਾ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਅਮਰੀਕਾ ਦੀ ਸੀਕਰਟ ਸਰਵਿਸ ਦੇ ਜਾਂਚਕਾਰਾਂ ਨੇ ਕੋਰੋਨਾ ਮਹਾਂਮਾਰੀ ਰਾਹਤ ਫੰਡ ਵਿਚੋਂ ਗੈਰ-ਕਾਨੂੰਨੀ ਢੰਗ ਨਾਲ ਅਰਬਾਂ ਡਾਲਰ ਲੈਣ ਦੇ ਮਾਮਲੇ ਵਿਚ ਕਾਰਵਾਈ ਕਰਦਿਆਂ ਹੁਣ ਤੱਕ 1.4 ਅਰਬ ਡਾਲਰ ਜ਼ਬਤ ਕੀਤੇ ਹਨ। ਹਾਲ ਹੀ ਵਿਚ 28.60 ਕਰੋੜ ਡਾਲਰ ਜ਼ਬਤ ਕੀਤੇ ਗਏ ਹਨ। ਗੁਪਤ ਸੇਵਾ ਏਜੰਸੀ ਨੇ ਐਲਾਨ ਕੀਤਾ ਹੈ ਕਿ ਉਸ ਦੇ ਓਰਲੈਂਡੋ, ਫਲੋਰਿਡਾ ਦੇ ਫੀਲਡ ਦਫਤਰ ਨੇ ਸਾਜਿਸ਼ਕਾਰਾਂ ਦਾ ਪਰਦਾਫਾਸ਼ ਕਰਦਿਆਂ ਪੁਸ਼ਟੀ ਕੀਤੀ ਹੈ ਕਿ ਇਨਾਂ ਲੋਕਾਂ ਨੇ ਧੋਖਾਧੜੀ ਕਰਦਿਆਂ ਤੀਸਰੀ ਧਿਰ ਅਦਾਇਗੀ ਪ੍ਰਣਾਲੀ ਦੀ ਵਰਤੋਂ ਕੀਤੀ ਤੇ ਫੰਡਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਲੈਣ ਤੇ ਗੁਪਤ ਰਖਣ ਲਈ 15000 ਤੋਂ ਵਧ ਖਾਤੇ ਖੋਲੇ। ਯੂ ਐਸ ਸੀਕਰਟ ਸਰਵਿਸ ਨੇ ਦੋ ਸਾਲ ਪਹਿਲਾਂ ਕੋਰੋਨਾ ਮਹਾਂਮਾਰੀ ਸ਼ੁਰੂ ਹੋਣ ਤੋਂ ਬਾਅਦ ਗਲਤ ਢੰਗ-ਤਰੀਕੇ ਅਪਣਾ ਕੇ ਕੋਰੋਨਾ ਰਾਹਤ ਫੰਡ ਲੈਣ ਵਾਲੇ ਅਪਰਾਧੀਆਂ ਦਾ ਪਰਦਾਫਾਸ਼ ਕਰਨ ਲਈ ਲੰਬੀ ਜਾਂਚ ਪੜਤਾਲ ਕੀਤੀ। ਏਜੰਸੀ ਅਨੁਸਾਰ ਹੁਣ ਤੱਕ 1.4 ਅਰਬ ਡਾਲਰ ਜ਼ਬਤ ਕੀਤੇ ਜਾ ਚੁੱਕੇ ਹਨ ਜਦ ਕਿ ਅੰਦਾਜਨ 2.3 ਅਰਬ ਡਾਲਰ ਸਟੇਟ ਅਨਇੰਪਲਾਈਮੈਂਟ ਇੰਸ਼ੋਰੈਂਸ ਪ੍ਰੋਗਰਾਮ ਨੂੰ ਵਾਪਿਸ ਕਰਵਾਉਣ ਵਿਚ ਸਹਾਇਤਾ ਕੀਤੀ। ਏਜੰਸੀ ਅਨੁਸਾਰ ਕੁਲ 4000 ਮਾਮਲਿਆਂ ਦੀ ਜਾਂਚ ਕੀਤੀ ਗਈ ਹੈ। ਯੂ ਐਸ ਸੀਕਰਟ ਸਰਵਿਸ ਦਫਤਰ ਦੇ ਸਹਾਇਕ ਡਾਇਰੈਕਟਰ ਡੇਵਿਡ ਸਮਿਥ ਨੇ ਕਿਹਾ ਹੈ ਕਿ ਪਿਛਲੇ 30 ਮਹੀਨਿਆਂ ਦੌਰਾਨ ਚੋਰੀ ਕੀਤੇ ਤਕਰੀਬਨ 2.3 ਅਰਬ ਡਾਲਰ ਵਾਪਿਸ ਕਰਵਾਉਣ ਵਿਚ ਸਹਾਇਤਾ ਕਰਕੇ ਏਜੰਸੀ ਨੇ ਅਮਰੀਕਾ ਵਿਚ ਕਾਰੋਬਾਰ ਨੂੰ ਪੱਟੜੀ 'ਤੇ ਰੱਖਣ ਪ੍ਰਤੀ ਆਪਣੀ ਵਚਨਬੱਧਤਾ ਤੇ ਦ੍ਰਿੜਤਾ ਦਾ ਪ੍ਰਗਟਾਵਾ ਕੀਤਾ ਹੈ। ਉਨਾਂ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸੀਕਰਟ ਸਰਵਿਸ ਦੇਸ਼ ਦੀ ਵਿੱਤੀ ਪ੍ਰਣਾਲੀ ਦੀ ਸੁਰੱਖਿਆ ਪ੍ਰਤੀ ਸਮਰਪਿਤ ਹੈ। ਇਸ ਨੂੰ ਕਿਸੇ ਵੀ ਕੀਮਤ 'ਤੇ ਆਂਚ ਨਹੀਂ ਆਉਣ ਦਿੱਤੀ ਜਾਵੇਗੀ ਤੇ ਦੋਸ਼ੀਆਂ ਨੂੰ ਹਰ ਹਾਲਤ ਵਿਚ ਕਟਹਿਰੇ ਵਿਚ ਖੜਾ ਕੀਤਾ ਜਾਵੇਗਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਕਾਂਗਰਸ ਹਾਈਕਮਾਂਡ ਡਗਮਗਾਈ, ਗੁਲਾਮ ਨਬੀ ਆਜ਼ਾਦ ਨੇ ਛੱਡੀ ਪਾਰਟੀ

## ✪ ਰਾਹੁਲ ਉਪਰ ਲਗੇ ਦੋਸ਼ ਕਿ ਕਾਂਗਰਸ ਨੂੰ ਤਬਾਹ ਕੀਤਾ ✪ ਭਾਜਪਾ ਵਿੱਚ ਸ਼ਾਮਲ ਨਹੀਂ ਹੋਵਾਂਗਾ : ਗੁਲਾਮ ਨਬੀ ਆਜ਼ਾਦ ✪ ਰਾਹੁਲ ਗਾਂਧੀ ਦੀ ਸਿਆਸਤ ਵਿਚ ਦਿਲਚਸਪੀ ਨਾ ਹੋਣ ਦਾ ਦਾਅਵਾ ✪ ਕਾਂਗਰਸ ਨੂੰ ਇੱਕ ਹੋਰ ਝਟਕਾ, ਸਾਬਕਾ ਸੰਸਦ ਮੈਂਬਰ ਨੇ ਛੱਡੀ ਪਾਰਟੀ, ਰਾਹੁਲ ਗਾਂਧੀ 'ਤੇ ਲਾਏ ਗੰਭੀਰ ਦੋਸ਼

**ਜਲੰਧਰ/ਏ.ਟੀ.ਨਿਊਜ਼ :-** ਗੁਲਾਮ ਨਬੀ ਆਜ਼ਾਦ ਦੇ ਕਾਂਗਰਸ ਨੂੰ ਅਲਵਿਦਾ ਕਹਿਣ ਤੋਂ ਬਾਅਦ ਕਾਂਗਰਸ ਬੁਰੀ ਤਰਾਂ ਡਗਮਗਾ ਗਈ ਹੈ ਤੇ ਉਸਨੇ ਇਸ ਸੰਕਟ ਤੋਂ ਮੁਕਤੀ ਪ੍ਰਾਪਤ ਕਰਨ ਲਈ ਨਵੇਂ ਪ੍ਰਧਾਨ ਦੀ ਚੋਣ ਦਾ ਐਲਾਨ ਕਰ ਦਿਤਾ। ਬਹੁਗਿਣਤੀ ਸੀਨੀਅਰ ਨੇਤਾ ਰਾਹੁਲ ਗਾਂਧੀ ਦੀ ਲੀਡਰਸ਼ਿਪ ਤੋਂ ਖੁਸ਼ ਨਹੀਂ ਹਨ। ਕਈ ਦਿਨਾਂ ਤੋਂ ਇਹ ਕਿਆਸ-ਅਰਾਈਆਂ ਚੱਲ ਰਹੀਆਂ ਸਨ ਕਿ ਕੇਂਦਰੀ ਲੀਡਰਸ਼ਿਪ ਨਾਲ ਮੱਤਭੇਦ ਰੱਖਣ ਵਾਲੇ 23 ਆਗੂਆਂ ਦੇ ਗਰੁੱਪ (ਜਿਨਾਂ ਨੂੰ ਜੀ-23 ਗਰੁੱਪ ਕਿਹਾ ਜਾਂਦਾ ਹੈ) ਵਿਚੋਂ ਕੁਝ ਕਾਂਗਰਸ ਛੱਡ ਜਾਣਗੇ। ਪਹਿਲਾਂ ਕਪਿਲ ਸਿੱਬਲ ਨੇ ਪਾਰਟੀ ਛੱਡੀ ਅਤੇ ਹੁਣ ਗੁਲਾਮ ਨਬੀ ਆਜ਼ਾਦ ਨੇ ਕਾਂਗਰਸ ਨੂੰ ਅਲਵਿਦਾ ਕਹਿ ਦਿੱਤੀ ਹੈ।

ਆਜ਼ਾਦ ਨੇ ਆਪਣੇ ਪੰਜ ਪੰਨਿਆਂ ਦੇ ਪੱਤਰ ਵਿਚ ਇੰਦਰਾ ਗਾਂਧੀ, ਸੰਜੇ ਗਾਂਧੀ, ਰਾਜੀਵ ਗਾਂਧੀ ਅਤੇ ਸੋਨੀਆ ਗਾਂਧੀ ਦੀ ਤਾਰੀਫ਼ ਕਰਦਿਆਂ ਰਾਹੁਲ ਗਾਂਧੀ 'ਤੇ ਨਿਸ਼ਾਨਾ ਸਾਧਿਆ ਹੈ। ਉਨਾਂ ਅਨੁਸਾਰ 2013 ਵਿਚ ਪਾਰਟੀ ਦੇ ਮੀਤ ਪ੍ਰਧਾਨ ਅਤੇ 2014 ਵਿਚ ਪ੍ਰਧਾਨ ਬਣਨ ਤੋਂ ਬਾਅਦ ਰਾਹੁਲ ਨੇ ਸੀਨੀਅਰ ਆਗੂਆਂ ਨਾਲ ਸਲਾਹ-ਮਸ਼ਵਰਾ ਕਰਨ ਵਾਲੇ ਢਾਂਚੇ ਨੂੰ ਤਬਾਹ ਕਰ ਦਿੱਤਾ। ਆਜ਼ਾਦ ਨੇ ਇਲਜ਼ਾਮ ਲਗਾਇਆ ਹੈ ਕਿ ਰਾਹੁਲ ਨੇ ਆਪਣੇ ਨਾ-ਤਜਰਬੇਕਾਰ ਸਲਾਹਕਾਰਾਂ ਦੀ ਰਾਏ ਮੰਨ ਕੇ ਪਾਰਟੀ ਦੇ ਸੀਨੀਅਰ ਆਗੂਆਂ ਨੂੰ ਹਾਸ਼ੀਏ 'ਤੇ ਧੱਕ ਦਿੱਤਾ। ਉਨਾਂ ਕਿਹਾ ਹੈ ਕਿ ਪਿਛਲੇ ਅੱਠ ਸਾਲਾਂ ਵਿਚ ਪਾਰਟੀ ਨੂੰ ਲੋਕ ਸਭਾ ਦੀਆਂ ਹੋਈਆਂ ਦੋ ਚੋਣਾਂ ਦੇ ਨਾਲ ਨਾਲ ਵਿਧਾਨ ਸਭਾਵਾਂ ਦੀਆਂ ਹੋਈਆਂ 49 ਚੋਣਾਂ ਵਿਚੋਂ 39 ਵਿਚ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕਾਂਗਰਸ ਵਿਚ ਅੰਦਰੂਨੀ ਜਮਹੂਰੀਅਤ ਖ਼ਤਮ ਹੋ ਚੁੱਕੀ ਹੈ। ਕਾਂਗਰਸ ਕੇਂਦਰੀ ਹਾਈ ਕਮਾਂਡ ਤੋਂ ਮਿਲਦੇ ਫ਼ਰਮਾਨਾਂ 'ਤੇ ਚੱਲਣ ਵਾਲੀ ਪਾਰਟੀ ਬਣ ਗਈ ਹੈ। ਕੁਝ ਸਮਾਂ ਪਹਿਲਾਂ ਜੀ-23 ਦੇ ਆਗੂਆਂ ਨੇ ਸੋਨੀਆ ਗਾਂਧੀ ਨੂੰ ਲਿਖੇ ਪੱਤਰ ਵਿਚ ਵੀ ਅਜਿਹੇ ਸਵਾਲ ਉਠਾਏ ਗਏ ਸਨ ਪਰ ਕਾਂਗਰਸ ਪ੍ਰਧਾਨ ਨੇ ਉਨਾਂ ਦਾ ਉਸ ਤਰਾਂ ਜਵਾਬ ਨਹੀਂ ਦਿੱਤਾ ਜਿਵੇਂ ਜਮਹੂਰੀ ਪਾਰਟੀ ਵਿਚ ਦਿੱਤਾ ਜਾਣਾ ਚਾਹੀਦਾ ਹੈ। ਕਾਂਗਰਸ ਦੇ ਸੀਨੀਅਰ ਆਗੂਆਂ ਵਿਚ ਮੌਕਾਪ੍ਰਸਤੀ ਹਾਵੀ ਰਹੀ ਹੈ। ਕਾਂਗਰਸ 'ਤੇ ਵਰਦਿਆਂ ਗੁਲਾਮ ਨਬੀ ਆਜ਼ਾਦ ਨੇ ਲੀਡਰਸ਼ਿਪ 'ਤੇ ਦੋਸ਼ ਲਾਇਆ ਕਿ ਉਸ ਕੋਲ ਪਾਰਟੀ ਨੂੰ ਲੀਹ 'ਤੇ ਲਿਆਉਣ ਦਾ ਸਮਾਂ ਨਹੀਂ ਹੈ ਅਤੇ ਰਾਹੁਲ ਗਾਂਧੀ ਦੀ ਸਿਆਸਤ ਵਿਚ ਦਿਲਚਸਪੀ ਦਿਖਾਈ ਨਹੀਂ ਦਿੰਦੀ ਹੈ। ਉਨਾਂ ਕਿਹਾ ਕਿ ਰਾਹੁਲ ਨੂੰ ਲੀਡਰ ਬਣਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਪਰ ਅਜਿਹਾ ਸੰਭਵ ਨਹੀਂ ਹੋ ਸਕਿਆ। ਆਜ਼ਾਦ ਨੇ ਦੋਸ਼ ਲਾਇਆ ਕਿ ਸੂਬਿਆਂ 'ਚ ਜਿਹੜੇ ਆਗੂਆਂ ਨੂੰ ਥੋਪਿਆ ਜਾ ਰਿਹਾ ਹੈ, ਉਨਾਂ ਨਾਲ ਕਾਂਗਰਸ ਇਕਜੁੱਟ ਹੋਣ ਦੀ ਬਜਾਏ ਖਿੰਡਦੀ ਜਾ ਰਹੀ ਹੈ।

ਉਨਾਂ ਇਹ ਵੀ ਕਿਹਾ ਕਿ ਉਹ ਭਾਜਪਾ ਵਿਚ ਸ਼ਾਮਲ ਨਹੀਂ ਹੋਣਗੇ ਕਿਉਂਕਿ ਜੰਮੂ ਕਸ਼ਮੀਰ ਵਿਚ ਉਨਾਂ ਦੀ ਸਿਆਸਤ ਨੂੰ ਕੋਈ ਸਹਾਇਤਾ ਨਹੀਂ ਮਿਲੇਗੀ। ਉਨਾਂ ਦਾਅਵਾ ਕੀਤਾ ਕਿ ਜੰਮੂ ਕਸ਼ਮੀਰ ਵਿਚ ਕਿਸੇ ਵੀ ਸਮੇਂ ਵਿਧਾਨ ਸਭਾ ਚੋਣਾਂ



ਕਰਾਉਣ ਦਾ ਐਲਾਨ ਹੋ ਸਕਦਾ ਹੈ ਅਤੇ ਉਹ ਛੇਤੀ ਹੀ ਆਪਣੀ ਪਾਰਟੀ ਬਣਾਉਣਗੇ। 'ਭਾਜਪਾ ਨਾਲ ਰਲਣ ਸਬੰਧੀ ਜਿਹੜੇ ਕੂੜ ਪ੍ਰਚਾਰ ਫੈਲਾ ਰਹੇ ਹਨ, ਉਹ ਭਾਜਪਾ ਦੇ ਹੱਥਾਂ ਵਿਚ ਖੇਡ ਰਹੇ ਹਨ ਅਤੇ ਕਾਂਗਰਸ ਵੱਲੋਂ ਮੇਰੇ ਖ਼ਿਲਾਫ਼ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ।' ਆਜ਼ਾਦ ਨੇ ਕਿਹਾ, ਕਾਂਗਰਸ ਦੀ ਨੀਂਹ ਬਹੁਤ ਜ਼ਿਆਦਾ ਕਮਜ਼ੋਰ ਹੋ ਗਈ ਹੈ ਅਤੇ ਸੰਗਠਨ ਕਿਸੇ ਸਮੇਂ ਵੀ ਡਿੱਗ ਸਕਦਾ ਹੈ।

### ਸਾਬਕਾ ਸੰਸਦ ਮੈਂਬਰ ਨੇ ਛੱਡੀ ਕਾਂਗਰਸ

ਕਾਂਗਰਸ ਪਾਰਟੀ ਵਿੱਚ ਅਸਤੀਫ਼ਿਆਂ ਦਾ ਦੌਰ ਰੁਕਣ ਦਾ ਨਾਮ ਨਹੀਂ ਲੈ ਰਿਹਾ ਹੈ। ਦਿੱਗਜ ਨੇਤਾ ਗੁਲਾਮ ਨਬੀ ਆਜ਼ਾਦ ਦੇ ਅਸਤੀਫੇ ਤੋਂ ਬਾਅਦ ਪਾਰਟੀ ਨੂੰ ਇੱਕ ਹੋਰ ਵੱਡਾ ਝਟਕਾ ਲੱਗਾ ਹੈ। ਤੇਲੰਗਾਨਾ ਕਾਂਗਰਸ ਨੇਤਾ ਅਤੇ ਸਾਬਕਾ ਰਾਜ ਸਭਾ ਮੈਂਬਰ ਐਮਏ ਖਾਨ ਨੇ ਵੀ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਹੈ। ਖਾਨ ਨੇ ਕਾਂਗਰਸ ਲੀਡਰਸ਼ਿਪ ਅਤੇ ਰਾਹੁਲ ਗਾਂਧੀ 'ਤੇ ਕਈ ਦੋਸ਼ ਲਗਾਏ ਹਨ।ਕਾਂਗਰਸ ਲੀਡਰਸ਼ਿਪ ਨੂੰ ਦਿੱਤੇ ਆਪਣੇ ਅਸਤੀਫ਼ੇ ਦੇ ਪੱਤਰ ਵਿੱਚ ਐਮਏ ਖਾਨ ਨੇ ਕਿਹਾ ਕਿ ਜੀ-23 ਦੇ ਸੀਨੀਅਰ ਆਗੂਆਂ ਨੇ ਕਾਂਗਰਸ ਦੀ ਭਲਾਈ ਅਤੇ ਭਲਾਈ ਲਈ ਆਪਣੀ ਆਵਾਜ਼ ਬੁਲੰਦ ਕੀਤੀ ਸੀ। ਪਰ ਪਾਰਟੀ ਲੀਡਰਸ਼ਿਪ ਨੇ ਉਨਾਂ ਦੇ ਇਸ ਕਦਮ ਨੂੰ ਨਜ਼ਰਅੰਦਾਜ਼ ਕਰ ਦਿੱਤਾ। ਜੇਕਰ ਪਾਰਟੀ ਨੇ ਉਨਾਂ ਆਗੂਆਂ 'ਤੇ ਵਿਸ਼ਵਾਸ ਦਿਖਾਇਆ ਹੁੰਦਾ ਅਤੇ ਉਨਾਂ ਦੀ ਗੱਲ ਦੀ ਕਦਰ ਕੀਤੀ ਹੁੰਦੀ ਅਤੇ ਪਾਰਟੀ ਪ੍ਰਤੀ ਉਨਾਂ ਦੀ ਚਿੰਤਾ ਨੂੰ ਸਮਝਿਆ ਹੁੰਦਾ ਤਾਂ ਸ਼ਾਇਦ ਅੱਜ ਹਾਲਾਤ ਕੁਝ ਹੋਰ ਹੁੰਦੇ।ਐਮਏ ਖਾਨ ਨੇ ਕਿਹਾ ਕਿ ਸੀਨੀਅਰ ਕਾਂਗਰਸੀ ਆਗੂ ਅਸਤੀਫ਼ੇ ਦੇਣ ਲਈ ਮਜਬੂਰ ਹਨ। ਸਿਖਰਲੀ ਲੀਡਰਸ਼ਿਪ ਪਾਰਟੀ ਦੇ ਹੇਠਲੇ ਪੱਧਰ ਦੇ ਵਰਕਰਾਂ ਨੂੰ ਮੁੜ ਜੋਰਦਾਰ ਬਣਾਉਣ ਵੱਲ ਕੋਈ ਕਦਮ ਨਹੀਂ ਚੁੱਕਦੀ। ਇਹ ਸਭ ਦੇਖਣ ਤੋਂ ਬਾਅਦ ਮੇਰੇ ਕੋਲ ਪਾਰਟੀ ਛੱਡਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ। ਇਸ ਲਈ ਮੈਂ ਕਾਂਗਰਸ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਤੁਰੰਤ ਪ੍ਰਭਾਵ ਨਾਲ ਅਸਤੀਫਾ ਦੇ ਰਿਹਾ ਹਾਂ। ਕਾਂਗਰਸ ਤੋਂ ਅਸਤੀਫਾ ਦੇਣ ਤੋਂ ਬਾਅਦ ਐਮਏ ਖਾਨ ਨੇ ਕਿਹਾ ਕਿ ਮੈਂ ਇਸ ਕਾਰਨ ਕਾਂਗਰਸ ਛੱਡੀ ਹੈ। ਕਿਉਂਕਿ ਜਦੋਂ ਤੋਂ ਰਾਹੁਲ ਗਾਂਧੀ ਨੇ ਪਾਰਟੀ ਉਪ ਪ੍ਰਧਾਨ ਦਾ ਅਹੁਦਾ ਸੰਭਾਲਿਆ ਹੈ, ਉਦੋਂ ਤੋਂ ਹੀ ਹਾਲਾਤ ਵਿਗੜਨੇ ਸ਼ੁਰੂ ਹੋ ਗਏ ਹਨ। ਰਾਹੁਲ ਨੂੰ ਨਹੀਂ ਪਤਾ ਕਿ ਸੀਨੀਅਰ ਨੇਤਾਵਾਂ ਨਾਲ ਕਿਵੇਂ ਨਜਿੱਠਣਾ ਹੈ।

## ਕਾਂਗਰਸ ਪ੍ਰਧਾਨ ਦੀ ਚੋਣ 17 ਅਕਤੂਬਰ ਨੂੰ, ਪ੍ਰਿਯੰਕਾ ਗਾਂਧੀ ਬਣ ਸਕਦੀ ਏ ਪ੍ਰਧਾਨ



ਕਾਂਗਰਸ ਦੀ ਵਰਕਿੰਗ ਕਮੇਟੀ ਨੇ ਪਾਰਟੀ ਪ੍ਰਧਾਨ ਦੀ ਚੋਣ 17 ਅਕਤੂਬਰ ਨੂੰ ਕਰਾਉਣ ਦਾ ਐਲਾਨ ਕੀਤਾ ਹੈ। 1998 ਵਿਚ ਸੋਨੀਆ ਗਾਂਧੀ ਕਾਂਗਰਸ ਦੀ ਪ੍ਰਧਾਨ ਬਣੀ ਅਤੇ 2017-19 ਦੇ ਸਮੇਂ ਨੂੰ ਛੱਡ ਕੇ ਹੁਣ ਤੱਕ ਪ੍ਰਧਾਨ ਹੈ। 2017-19 ਵਿਚ ਰਾਹੁਲ ਗਾਂਧੀ ਪਾਰਟੀ ਪ੍ਰਧਾਨ ਦੇ ਅਹੁਦੇ 'ਤੇ ਰਿਹਾ। ਚੋਣ ਨੋਟੀਫਿਕੇਸ਼ਨ 33 ਸਤੰਬਰ ਨੂੰ ਜਾਰੀ ਕੀਤਾ ਜਾਵੇਗਾ ਅਤੇ ਨਾਮਜ਼ਦਗੀਆਂ 24 ਤੋਂ 30 ਸਤੰਬਰ ਵਿਚਕਾਰ ਦਿੱਤੀਆਂ ਅਤੇ 8 ਅਕਤੂਬਰ ਤਕ ਵਾਪਸ ਲਈਆਂ ਜਾ ਸਕਦੀਆਂ ਹਨ। ਇਕ ਤੋਂ ਵੱਧ ਉਮੀਦਵਾਰ ਹੋਣ ਦੀ ਸੂਰਤ ਵਿਚ 17 ਅਕਤੂਬਰ ਨੂੰ ਚੋਣ ਹੋਵੇਗੀ। ਕੁਝ ਸਮੇਂ ਤੋਂ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੂੰ ਪਾਰਟੀ ਪ੍ਰਧਾਨ ਬਣਾਏ ਜਾਣ ਦੀ ਚਰਚਾ ਹੈ ਪਰ ਕਾਂਗਰਸ ਦੇ ਆਲੋਚਕਾਂ ਦਾ ਕਹਿਣਾ ਹੈ ਕਿ ਕਈ ਨਾਵਾਂ ਨੂੰ ਉਛਾਲਣ ਤੋਂ ਬਾਅਦ ਅੰਤ ਵਿਚ ਰਾਹੁਲ ਗਾਂਧੀ ਨੂੰ ਹੀ ਪ੍ਰਧਾਨ ਬਣਾਇਆ ਜਾਵੇਗਾ, ਉਨਾਂ ਦਾ ਤਰਕ ਹੈ- ਇਕ ਤਾਂ ਕਾਂਗਰਸ ਗਾਂਧੀ ਪਰਿਵਾਰ 'ਤੇ ਨਿਰਭਰ ਹੈ ਅਤੇ ਦੂਸਰਾ ਗਾਂਧੀ ਪਰਿਵਾਰ ਵੀ ਕਾਂਗਰਸ 'ਤੇ ਕਬਜ਼ਾ ਬਰਕਰਾਰ ਰੱਖਣਾ ਚਾਹੁੰਦਾ ਹੈ। ਇਹ ਦਲੀਲ ਵੀ ਦਿੱਤੀ ਜਾਂਦੀ ਹੈ ਕਿ ਬਾਕੀ ਦੇ ਕਾਂਗਰਸ ਆਗੂ ਅਸ਼ੋਕ ਗਹਿਲੋਤ ਦੀ ਅਗਵਾਈ ਉਸ ਤਰਾਂ ਸਵੀਕਾਰ ਨਹੀਂ ਕਰਨਗੇ ਜਿਸ ਤਰਾਂ ਉਹ ਗਾਂਧੀ ਪਰਿਵਾਰ ਦੇ ਕਿਸੇ ਮੈਂਬਰ ਦੀ ਕਰਦੇ ਹਨ ਅਤੇ ਗਹਿਲੋਤ ਦੇ ਪਾਰਟੀ ਪ੍ਰਧਾਨ ਬਣਨ ਨਾਲ ਕਾਂਗਰਸ ਦਾ ਅੰਦਰੂਨੀ ਕਲੇਸ਼ ਹੋਰ ਵਧੇਗਾ। ਕਾਂਗਰਸ ਦੇ ਕਈ ਆਗੂ ਰਾਹੁਲ ਗਾਂਧੀ ਵੱਲੋਂ ਪਾਰਟੀ ਪ੍ਰਧਾਨ ਬਣਨ ਤੋਂ ਨਾਂਹ ਕੀਤੇ ਜਾਣ ਦੀ ਸੂਰਤ ਵਿਚ ਪ੍ਰਿਯੰਕਾ ਗਾਂਧੀ ਦਾ ਨਾਂ ਤਜਵੀਜ਼ ਕਰ ਸਕਦੇ ਹਨ।

# ਖ਼ੁਫ਼ੀਆ ਏਜੰਸੀਆਂ ਵੱਲੋਂ ਅਗਾਊਂ ਸਹੀ ਰਿਪੋਰਟ ਨਾ ਦੇਣ ਦੀ ਬਦੌਲਤ ਨਿਜਾਮੀ ਪ੍ਰਬੰਧ ਫੇਲ ਹੋਇਆ

## ਸਿਮਰਨਜੀਤ ਸਿੰਘ ਮਾਨ ਨੇ ਚੁੱਕੇ ਸਰਕਾਰਾਂ ਉਪਰ ਸੁਆਲ

**ਫ਼ਤਹਿਗੜ੍ਹ ਸਾਹਿਬ/ਏ.ਟੀ.ਨਿਊਜ਼ :-** ਜੋ ਮੁਲਕ ਦੀਆਂ ਖੁਫ਼ੀਆਂ ਏਜੰਸੀਆਂ ਸੀ.ਆਈ.ਡੀ, ਆਈ-ਬੀ, ਰਾਅ ਅਤੇ ਮਿਲਟਰੀ ਇੰਟੈਲੀਜੈਂਸ ਹਨ, ਉਨਾਂ ਵੱਲੋਂ ਹਰ ਵਿਸ਼ੇ ਉਤੇ ਅਗਾਊਂ ਰਿਪੋਰਟ ਸਹੀ ਸਮੇਂ ਉਤੇ ਸਰਕਾਰ ਨੂੰ ਦੇਣੀ ਹੁੰਦੀ ਹੈ। ਪਰ ਬੀਤੇ ਲੰਬੇ ਸਮੇਂ ਤੋਂ ਇਹ ਉਪਰੋਕਤ ਏਜੰਸੀਆਂ ਆਪਣੀਆਂ ਜਿੰਮੇਵਾਰੀਆਂ ਨਿਭਾਉਣ ਵਿੱਚ ਅਸਫ਼ਲ ਸਾਬਤ ਹੁੰਦੀਆਂ ਆ ਰਹੀਆਂ ਹਨ। ਇਹੋ ਵਜਾ ਹੈ ਕੇ ਸਰਕਾਰ ਅਤੇ ਅਫਸਰਸ਼ਾਹੀ ਨੂੰ ਹਰ ਖੇਤਰ ਵਿੱਚ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਇਹ ਏਜੰਸੀਆਂ ਖਜਾਨੇ ਉਤੇ ਚਿੱਟੇ ਹਾਥੀ ਵਾਂਗ ਵੱਡਾ ਬੋਝ ਬਣ ਚੁੱਕੀਆਂ ਹਨ। ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਬੀਤੇ ਦਿਨ ਹੀ ਸ੍ਰੀ ਮੋਦੀ ਦੇ ਮੋਹਾਲੀ ਦੌਰੇ ਸਮੇਂ ਬਿਨਾਂ ਵਜਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਅਹੁਦੇਦਾਰਾਂ ਅਤੇ ਮੈਬਰਾਂ ਨੂੰ ਵੱਡੀ ਗਿਣਤੀ ਵਿੱਚ ਘਰਾਂ ਵਿਚ ਨਜ਼ਰਬੰਦ ਜਾਂ ਗ੍ਰਿਫ਼ਤਾਰ ਕਰਨ ਦੀਆਂ ਕਾਰਵਾਈਆਂ ਨੂੰ ਗੈਰ ਕਾਨੂੰਨੀ ਕਰਾਰ ਦਿੰਦੇ ਹੋਏ ਪੁਰਜ਼ੋਰ ਸ਼ਬਦਾਂ ਵਿੱਚ ਜਿਥੇ ਨਿਖੇਧੀ ਕੀਤੀ ਓਥੇ ਖੁਫੀਆ ਏਜੰਸੀਆਂ ਦੇ ਫੇਲ ਹੋ ਜਾਣ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ। ਉਨਾਂ ਕਿਹਾ ਕਿ ਜਦੋਂ 2020 ਵਿੱਚ ਚੀਨ ਨੇ ਲੱਦਾਖ ਦੇ 900 ਸਕੇਅਰ ਵਰਗ ਕਿਲੋਮੀਟਰ ਉਤੇ ਕਬਜਾ ਕਰ ਲਿਆ ਸੀ, ਤਾਂ ਇਹ ਏਜੰਸੀਆਂ ਇਸ ਸਬੰਧੀ ਸਰਕਾਰ ਨੂੰ ਜਾਣਕਾਰੀ ਦੇਣ ਵਿੱਚ ਅਸਫ਼ਲ ਸਾਬਤ ਹੋਈਆਂ। ਫਿਰ ਜਦੋਂ ਅਮਰੀਕਨ ਫੌਜਾਂ ਅਫਗਾਨਿਸਤਾਨ ਵਿਚੋਂ ਵਾਪਿਸ ਜਾ ਰਹੀਆਂ ਸਨ, ਤਦ ਵੀ ਸਹੀ ਰਿਪੋਰਟ ਨਾ ਦੇਣ ਦੀ ਬਦੋਲਤ ਅਫਗਾਨਿਸਤਾਨ ਵਿੱਚ ਵੱਡਾ ਇਨਸਾਨੀ ਨੁਕਸਾਨ ਹੋਇਆ। ਫਿਰ ਰੂਸ-ਯੂਕਰੇਨ ਦੀ ਜੰਗ ਸਮੇਂ ਜੇਕਰ ਇਹ ਖੁਫੀਆਂ ਏਜੰਸੀਆਂ ਸਹੀ ਸਮੇਂ ਤੇ ਰਿਪੋਰਟ ਦੇ ਦਿੰਦਿਆਂ ਤਾਂ ਓਥੇ ਵੱਡੀ ਗਿਣਤੀ ਵਿੱਚ ਫਸੇ ਡਾਕਟਰ, ਵਿਦਿਆਰਥੀਆਂ ਨੂੰ ਕੱਢਿਆ ਜਾ ਸਕਦਾ ਸੀ। ਉਥੇ ਵੀ ਇਹ ਖੁਫੀਆਂ ਏਜੰਸੀਆਂ ਬੁਰੀ ਤਰਾਂ ਫੇਲ ਹੋਈਆਂ। ਜਦੋਂ ਮੋਦੀ ਫਿਰੋਜਪੁਰ ਆਏ ਤਾਂ ਓਥੇ ਵੀ ਇਹ ਏਜੰਸੀਆਂ ਫੇਲ ਸਾਬਿਤ ਹੋਈਆਂ। ਜਦੋਂ ਬੀਤੇ ਦਿਨ ਹੀ 24 ਅਗਸਤ 2022 ਨੂੰ ਸ੍ਰੀ ਮੋਦੀ ਮੋਹਾਲੀ ਵਿਖੇ ਆਏ ਤਾਂ ਸਾਡੀ ਪਾਰਟੀ ਦੇ ਅਹੁਦੇਦਾਰਾਂ ਅਤੇ ਮੈਬਰਾਂ ਨੂੰ ਉਨਾਂ ਦੇ ਘਰਾਂ ਵਿੱਚ ਨਜ਼ਰਬੰਦ ਕਰਨਾ ਜਾਂ ਸਾਰਾ-ਸਾਰਾ ਦਿਨ ਥਾਨਿਆਂ ਵਿੱਚ ਜਬਰੀ ਬਿਠਾਏ ਰੱਖਿਆ। ਜਦੋਂ ਕਿ ਇਸ ਦਿਨ ਸਾਡੀ ਪਾਰਟੀ ਦਾ ਕੋਈ ਪ੍ਰੋਗਰਾਮ ਹੀ ਨਹੀਂ ਸੀ, ਅਸੀਂ ਇਹ ਪੰਜਾਬ ਦੇ ਹਿੱਤਾਂ ਨੂੰ ਮੁੱਖ ਰੱਖਕੇ ਹੀ ਸ੍ਰੀ ਮੋਦੀ ਦੇ ਆਉਣ ਦੇ ਪਾਰਟੀ ਪ੍ਰੋਗਰਾਮ ਨਹੀਂ ਸੀ ਦਿੱਤਾ। ਇਸ ਦੀ ਇਤਲਾਹ ਵੀ ਖੁਫੀਆ ਏਜੰਸੀਆਂ ਨੇ ਸਰਕਾਰ ਨੂੰ ਨਹੀਂ ਦਿੱਤੀ। ਨਤੀਜਾ ਇਹ ਹੋਇਆ ਕੇ ਸਾਡੇ ਅਹੁਦੇਦਾਰਾਂ ਅਤੇ ਮੈਬਰਾਂ ਨੂੰ ਸਾਰਾ-ਸਾਰਾ ਦਿਨ ਥਾਨਿਆਂ ਵਿੱਚ ਬਿਠਾ ਰੱਖਿਆ ਜਾਂ ਨਜਰਬੰਦ ਕਰ ਰੱਖਿਆ। ਅਸੀਂ ਤਾਂ ਮੋਦੀ ਸਰਕਾਰ ਤੋਂ 25-25 ਸਾਲਾਂ ਤੋਂ ਬੰਦੀ ਸਿੱਖਾਂ ਦੀ ਰਿਹਾਈ, ਸ਼੍ਰੋਮਣੀ ਦੀਆਂ ਜਰਨਲ ਚੋਣਾਂ ਦਾ ਐਲਾਨ, ਕਿਸਾਨੀ ਉਤਪਾਦਾਂ ਦਾ ਘੱਟੋ ਘੱਟ ਸਮਰਥਨ ਕੀਮਤਾਂ ਦਾ ਐਲਾਨ ਅਤੇ ਅਰਬ ਮੁਲਕਾਂ ਨਾਲ ਖੁੱਲੇ ਵਪਾਰ ਲਈ ਇੰਡੀਆ ਦੀਆਂ ਪਾਕਿਸਤਾਨ ਨਾਲ ਲੱਗਦੀਆਂ ਸਰਹੱਦਾਂ ਨੂੰ ਖੋਲਣਾ ਲੋੜਦੇ ਸੀ। ਪਰ ਸ੍ਰੀ ਮੋਦੀ ਹਕੂਮਤ ਦੇ ਆਦੇਸ਼ਾ ਉਤੇ ਸਾਡੇ ਅਹੁਦੇਦਾਰਾਂ ਦੀ ਕੀਤੀ ਗਈ ਫੜੋ ਫੜੀ ਦੇ ਮਨੁੱਖੀ ਅਧਿਕਾਰਾਂ ਦੇ ਉਲੰਘਣ ਨੇ ਤਾਂ ਖੁਫੀਆਂ ਏਜੰਸੀਆਂ ਦੀ ਦਿਸ਼ਾਹੀਣ ਮਾੜੀ ਕਾਰਗੁਜਾਰੀ ਦੀ ਪੂਰਨ ਰੂਪ ਵਿਚ ਪੋਲ ਖੋਲਕੇ ਰੱਖ ਦਿੱਤੀ ਤੇ ਇਨਾਂ ਏਜੰਸੀਆਂ ਵੱਲੋਂ ਜਿੰਮੇਵਾਰੀ ਪੂਰੀ ਨਾ ਕਰਨ ਦਾ ਵੱਡਾ ਨੁਕਸਾਨ ਹੋ ਸਕਦਾ ਹੈ। ਜਸਟਿਸ ਮਲਹੋਤਰਾ ਕਮਿਸ਼ਨ ਜਿਸਨੇ ਸ੍ਰੀ ਮੋਦੀ ਦੀ ਫਿਰੋਜ਼ਪੁਰ ਦੌਰੇ ਦੀ ਸਮੀਖਿਆ ਦੀ ਰਿਪੋਰਟ ਦਿੱਤੀ ਹੈ, ਉਹ ਤੱਥਾਂ ਅਤੇ ਸੱਚਾਈ ਤੋਂ ਕੋਹਾਂ ਦੂਰ ਹੈ। ਜਿਸ ਵਿੱਚ ਕਮਿਸ਼ਨ ਨੇ ਸੈਂਟਰ ਦੇ ਨਿਜਾਮੀ ਸੁਰੱਖਿਆ ਪ੍ਰਬੰਧਾਂ ਦੀ ਕਮਜ਼ੋਰੀ ਨੂੰ ਛੁਪਾਉਂਦੇ ਹੋਏ ਡੀ.ਸੀ ਅਤੇ ਐਸ.ਐਸ.ਪੀ ਫਿਰੋਜ਼ਪੁਰ ਤੇ ਗੈਰ ਦਲੀਲ ਢੰਗ ਨਾਲ ਦੋਸ਼ ਲਗਾਇਆ ਹੈ। ਕਿਉਂਕਿ ਅਸਲੀਅਤ ਵਿੱਚ ਇਹ ਸੈਂਟਰ ਦੇ ਸੁਰੱਖਿਆ ਪ੍ਰਬੰਧਾਂ ਦਾ ਕਸੂਰ ਸੀ ਜਿਨਾਂ ਨੇ ਖਰਾਬ ਮੌਸਮ ਵਿੱਚ ਚੱਲਣ ਵਾਲੇ ਚਿਨੂਕ



ਅਤੇ ਅਪਾਚੀ ਹੈਲੀਕਾਪਟਰਾਂ ਦੀ ਵਰਤੋਂ ਹੀ ਨਹੀਂ ਕੀਤੀ। ਇਨਾਂ ਹੈਲੀਕਾਪਟਰਾਂ ਰਾਹੀਂ ਬਠਿੰਡੇ ਤੋਂ ਫਿਰੋਜ਼ਪੁਰ ਕਿਉਂ ਨਹੀਂ ਲਿਜਾਇਆ ਗਿਆ ? ਇਸ ਮੋਦੀ ਦੇ ਦੌਰੇ ਤੋਂ ਬਾਅਦ ਮੈਂ ਵੀ ਉਸ ਇਲਾਕੇ ਦਾ ਦੌਰਾ ਕੀਤਾ ਸੀ ਜਿਸ ਵਿਚ ਇਹ ਜਾਣਕਾਰੀ ਮਿਲੀ ਸੀ ਕਿ ਸਰਕਾਰ ਨੂੰ ਖੁਫੀਆ ਏਜੰਸੀਆਂ ਨੇ ਇਸ ਸਬੰਧੀ ਕੋਈ ਅਗਾਊਂ ਇਤਲਾਹ ਹੀ ਨਹੀਂ ਦਿੱਤੀ ਅਤੇ ਨਾ ਹੀ ਸੁਰੱਖਿਆ ਲਈ ਕੋਈ ਯੋਜਨਾ ਬਣਾਈ ਗਈ ਸੀ। ਜਦੋਂਕਿ ਰਾਅ ਖੁਫੀਆ ਏਜੰਸੀ ਇੰਡੀਆ ਅਤੇ ਸਭ ਮੁਲਕਾਂ ਵਿੱਚ ਕੰਮ ਕਰਦੀ ਹੈ। ਉਸਨੂੰ ਦੱਸਣਾ ਚਾਹੀਦਾ ਸੀ ਕਿ ਸ੍ਰੀ ਮੋਦੀ ਦੀ ਫਿਰੋਜ਼ਪੁਰ ਫੇਰੀ ਸਮੇਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਜਮਹੂਰੀਅਤ ਢੰਗ ਨਾਲ ਵਿਰੋਧ ਕਰੇਗਾ ਅਤੇ 24 ਅਗਸਤ 2022 ਦੀ ਮੋਹਾਲੀ ਫੇਰੀ ਸਮੇਂ ਪਾਰਟੀ ਨੇ ਕੋਈ ਪ੍ਰੋਗਰਾਮ ਨਹੀਂ ਰੱਖਿਆ। ਦੋਵੇਂ ਦੌਰਿਆਂ ਸਮੇਂ ਇੰਡੀਆ ਦੀਆਂ ਖੁਫੀਆ ਏਜੰਸੀਆਂ ਫੇਲ ਸਾਬਿਤ ਹੋਈਆਂ ਹਨ। ਜਿਨਾਂ ਨੇ ਆਪਣੀ ਰਿਪੋਰਟ ਨਾ ਦੇ ਕੇ ਸਾਡੇ ਅਹੁਦੇਦਾਰਾਂ ਅਤੇ ਮੈਬਰਾਂ ਨੂੰ ਸਾਰਾ ਦਿਨ ਪ੍ਰੇਸ਼ਾਨ ਕੀਤਾ ਸਰਕਾਰ ਅਜਿਹੇ ਮੰਦਭਾਵਨਾ ਭਰੇ ਅਮਲਾਂ ਨਾਲ ਸਾਡੇ ਹੌਂਸਲਿਆਂ ਵਿੱਚ ਕੋਈ ਰੁਕਾਵਟ ਨਹੀਂ ਪਾ ਸਕਦੀ ਅਤੇ ਸਾਨੂੰ ਕੋਈ ਫਰਕ ਨਹੀਂ ਪੈਂਦਾ। ਕਿਉਂਕਿ ਅਸੀਂ ਕੌਮ ਦੀ ਅਜ਼ਾਦੀ ਦੇ ਵੱਡੇ ਮਿਸ਼ਨ ਪ੍ਰਾਪਤੀ ਲਈ ਸੰਘਰਸ਼ ਕਰ ਰਹੇ ਹਾਂ। ਪਰ ਜੋ ਵੱਡੇ-ਵੱਡੇ ਆਈ.ਏ. ਆਸ ਅਫਸਰ ਹਨ ਜਿਨਾਂ ਦੀ ਰਿਟਾਇਰਮੈਂਟ ਤੋਂ ਬਾਅਦ ਵੀ ਉਨਾਂ ਦੇ ਕਾਰਜਕਾਲ ਦੇ ਸਮੇਂ ਨੂੰ ਗੈਰਕਾਨੂੰਨੀ ਢੰਗ ਨਾਲ ਵਧਾਇਆ ਜਾਂਦਾ ਹੈ ਅਤੇ ਦੂਸਰੇ ਅਫਸਰਾਂ ਦੀ ਤਰੱਕੀ ਰੋਕੀ ਜਾਂਦੀ ਹੈ, ਉਸ ਨਾਲ ਅਫਸਰਸ਼ਾਹੀ ਵਿੱਚ ਨਾਮੋਸ਼ੀ ਉਤਪੰਨ ਹੋਣ ਦੇ ਨਾਲ-ਨਾਲ ਇਹ ਵੀ ਸਾਬਤ ਹੋ ਜਾਂਦਾ ਹੈ ਕਿ ਕਾਰਜਕਾਲ ਦੇ ਸਮੇਂ ਵਿੱਚ ਵਾਧਾ ਪ੍ਰਾਪਤ ਕਰਨ ਵਾਲੀ ਅਫਸਰਸ਼ਾਹੀ ਸਿਆਸਤਦਾਨਾ ਦੀ ਵਫ਼ਾਦਾਰ ਤਾ ਹੋ ਸਕਦੀ ਹੈ ਪਰ ਮੁਲਕ ਨਾਲ ਨਹੀਂ।

ਇਹ ਹੋਰ ਵੀ ਦੁਖਦਾਇਕ ਅਤੇ ਪ੍ਰੋਟੋਕੋਲ ਨਿਯਮਾਂ ਦੀ ਉਲੰਘਣਾ ਹੈ ਇਹ ਗਵਰਨਰ ਪੰਜਾਬ ਸ਼੍ਰੀ ਬਨਵਾਰੀ ਲਾਲ ਪ੍ਰੋਹਿਤ ਨੂੰ ਮਿਲਣ ਲਈ ਸ਼੍ਰੀ ਮੋਦੀ ਵੱਲੋਂ ਉਚੇਚੇ ਤੌਰ 'ਤੇ ਸਮਾਂ ਦੇਣਾ ਚਾਹੀਦਾ ਸੀ ਜੋ ਕਿ ਨਹੀਂ ਦਿੱਤਾ ਗਿਆ। ਇਹ ਪੰਜਾਬ ਸੂਬੇ ਦੇ ਗੰਭੀਰ ਮਸਲਿਆਂ ਨੂੰ ਸੰਜੀਦਗੀ ਨਾਲ ਹੱਲ ਕਰਨ ਤੋਂ ਭੱਜਣ, ਪ੍ਰੋਟੋਕੋਲ ਅਨੁਸਾਰ ਸ੍ਰੀ ਪ੍ਰੋਹਿਤ ਅਤੇ ਉਨਾਂ ਦੇ ਸਤਿਕਾਰਯੋਗ ਅਹੁਦੇ ਨੂੰ ਸਤਿਕਾਰ ਨਾ ਦੇ ਕੇ ਵਿਧਾਨਿਕ ਪ੍ਰੰਪਰਾਵਾਂ ਅਤੇ ਨਿਯਮਾਂ ਦਾ ਘਾਣ ਕੀਤਾ ਗਿਆ ਹੈ।

# ਝੂਠੇ ਮੁਕਾਬਲੇ ਦੇ ਮਾਮਲੇ ਕਾਰਨ ਸਾਬਕਾ ਡੀਐਸਪੀ ਤੇ ਸਬ-ਇੰਸਪੈਕਟਰ ਨੂੰ ਹੋਈ ਉਮਰ ਕੈਦ

## ✪ 'ਮਾਮਲਾ 1992' 'ਚ ਤਿੰਨ ਨੌਜਵਾਨਾਂ ਨੂੰ ਮਾਰਨ ਦਾ ✪ ਅਦਾਲਤ ਦੇ ਫੈਸਲੇ ਤੋਂ ਪਰਿਵਾਰ ਸੰਤੁਸ਼ਟ

**ਐੱਸ. ਏ. ਐੱਸ. ਨਗਰ/ਏ.ਟੀ.ਨਿਊਜ਼ :-** ਸੀ.ਬੀ.ਆਈ. ਅਦਾਲਤ ਦੇ ਵਿਸ਼ੇਸ਼ ਜੱਜ ਆਰ.ਕੇ. ਗੁਪਤਾ ਨੇ ਅਗਸਤ 1992 ਵਿਚ ਪੁਲਿਸ ਵਲੋਂ ਸਾਹਿਬ ਸਿੰਘ (20), ਦਲਬੀਰ ਸਿੰਘ ਤੇ ਬਲਵਿੰਦਰ ਸਿੰਘ ਵਾਸੀ ਫੇਰੂਮਾਨ ਜ਼ਿਲਾ ਅੰਮ੍ਰਿਸਰ ਨੂੰ ਝੂਠੇ ਪੁਲਿਸ ਮੁਕਾਬਲੇ ਵਿਚ ਮਾਰਨ ਦੇ ਦੋਸ਼ ਹੇਠ ਸੇਵਾਮੁਕਤ ਡੀਐਸਪੀ. ਕਿਸ਼ਨ ਸਿੰਘ ਤੇ ਸਬ-ਇੰਸਪੈਕਟਰ ਤਰਸੇਮ ਲਾਲ ਨੂੰ ਉਮਰ ਕੈਦ ਦੀ ਸਜ਼ਾ ਅਤੇ 2-2 ਲੱਖ ਰੁ. ਜੁਰਮਾਨਾ, ਧਾਰਾ 201 ਵਿਚ 2-2 ਸਾਲਾਂ ਦੀ ਕੈਦ ਤੇ 15-15 ਹਜ਼ਾਰ ਰੁ. ਜੁਰਮਾਨਾ ਤੇ ਧਾਰਾ 218 ਵਿਚ 2-2 ਸਾਲਾਂ ਦੀ ਕੈਦ 20-20 ਹਜ਼ਾਰ ਰੁ. ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਅਦਾਲਤ ਵਲੋਂ ਦੋਵਾਂ ਦੋਸ਼ੀਆਂ ਨੂੰ ਬਤੌਰ ਮੁਆਵਜ਼ਾ 1-1 ਲੱਖ ਰੁ. ਪੀੜਤ ਪਰਿਵਾਰ ਨੂੰ ਦੇਣ ਦੇ ਵੀ ਹੁਕਮ ਸੁਣਾਏ ਗਏ ਹਨ। ਇਸ ਮਾਮਲੇ ਵਿਚ ਨਾਮਜ਼ਦ ਉਸ ਸਮੇਂ ਦੇ ਥਾਣਾ ਮਹਿਤਾ ਦੇ ਮੁਖੀ ਰਜਿੰਦਰ ਸਿੰਘ ਦੀ ਅਦਾਲਤੀ ਸੁਣਵਾਈ ਦੌਰਾਨ ਮੌਤ ਹੋ ਚੁੱਕੀ ਹੈ। ਇਸ ਮਾਮਲੇ ਦੀ ਪੈਰਵਾਈ ਐਡਵੋਕੇਟ ਆਰ.ਐਸ. ਬੈਂਸ ਤੇ ਸੀ.ਬੀ. ਆਈ. ਦੇ ਵਕੀਲ ਅਸ਼ੋਕ ਕੁਮਾਰ ਬਗੋਰੀਆ ਨੇ ਕੀਤੀ। ਉਧਰ ਮ੍ਰਿਕ ਸਾਹਿਬ ਸਿੰਘ ਦੇ ਭਰਾ ਸਰਤਾਜ ਸਿੰਘ ਤੇ ਉਨਾਂ ਦੇ ਵਕੀਲਾਂ ਦਾ ਕਹਿਣਾ ਹੈ ਕਿ 2 ਅਗਸਤ, 1992 ਨੂੰ ਬਚਨ ਸਿੰਘ ਨਾਂ ਦੇ ਵਿਅਕਤੀ ਦਾ ਕਤਲ ਹੋਇਆ ਸੀ। ਇਸ ਕਤਲ ਮਾਮਲੇ 'ਚ ਥਾਣਾ ਮਹਿਤਾ, ਜ਼ਿਲਾ ਅੰਮ੍ਰਿਸਰ ਦੀ ਪੁਲਿਸ ਨੇ ਸਾਹਿਬ ਸਿੰਘ ਨੂੰ ਦੋਸ਼ੀ ਬਣਾ ਦਿੱਤਾ ਸੀ। ਇਸ ਤੋਂ ਬਾਅਦ ਪੰਜਾਬ ਪੁਲਿਸ ਅਗਸਤ 1992 ਵਿਚ ਹੀ ਮੱਧ ਪ੍ਰਦੇਸ਼ ਤੋਂ ਸਾਹਿਬ ਸਿੰਘ, ਦਲਵੀਰ ਸਿੰਘ ਤੇ ਬਲਵਿੰਦਰ ਸਿੰਘ ਸਮੇਤ 7 ਜਣਿਆਂ ਨੂੰ ਟਰਾਂਜ਼ਿਟ ਰਿਮਾਂਡ 'ਤੇ ਅੰਮ੍ਰਿਤਸਰ ਲੈ ਆਈ ਸੀ। ਇਸ ਤੋਂ ਬਾਅਦ ਪੁਲਿਸ ਵਲੋਂ 7 ਜਣਿਆਂ ਦਾ ਅੰਮ੍ਰਿਤਸਰ ਦੀ ਅਦਾਲਤ ਵਿਚੋਂ ਰਿਮਾਂਡ ਹਾਸਲ ਕੀਤਾ ਗਿਆ ਤੇ 12 ਸਤੰਬਰ ਨੂੰ ਮੁੜ ਅਦਾਲਤ ਵਿਚ ਪੇਸ਼ ਕਰਕੇ 14 ਸਤੰਬਰ ਤੱਕ ਰਿਮਾਂਡ ਹਾਸਲ ਕੀਤਾ ਗਿਆ। ਇਸ ਦੌਰਾਨ ਪੰਜਾਬ ਪੁਲਿਸ ਵਲੋਂ ਆਪਣੀ ਬਣਾਈ ਗਈ ਕਹਾਣੀ ਵਿਚ ਦਰਸਾਇਆ ਗਿਆ ਕਿ ਸਾਹਿਬ ਸਿੰਘ, ਦਲਵੀਰ ਸਿੰਘ ਤੇ ਬਲਵਿੰਦਰ ਸਿੰਘ ਨੇ ਪੁਲਿਸ ਨੂੰ ਬਿਆਨ ਲਿਖਾਇਆ ਹੈ ਕਿ ਉਨਾਂ ਨੇ ਪਿੰਡ ਧਰਦਿਉ ਵਿਚ ਕੁਝ ਹਥਿਆਰ ਛੁਪਾ ਕੇ ਰੱਖੇ ਹਨ। ਪੁਲਿਸ ਦੀ ਕਹਾਣੀ ਮੁਤਾਬਿਕ ਉਹ ਜਦੋਂ ਤਿੰਨਾਂ ਨੂੰ ਹਥਿਆਰ ਬਰਾਮਦ ਕਰਵਾਉਣ ਲਈ ਲੈ ਕੇ ਜਾ ਰਹੀ ਸੀ ਤਾਂ ਰਸਤੇ ਵਿਚ ਪੁਲਿਸ ਪਾਰਟੀ 'ਤੇ ਖਾੜਕੂਆਂ ਨੇ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਸਾਹਿਬ ਸਿੰਘ, ਦਲਵੀਰ ਸਿੰਘ ਤੇ ਬਲਵਿੰਦਰ ਸਿੰਘ ਦੀ ਮੌਤ ਹੋ ਗਈ, ਜਦਕਿ ਇਕ ਚੌਥੇ ਮ੍ਰਿਤਕ ਵਿਅਕਤੀ ਨੂੰ ਅਣਪਛਾਤਾ ਦੱਸਦੇ ਹੋਏ ਪੁਲਿਸ ਨੇ ਖ਼ੁਦ ਹੀ ਚਾਰਾਂ ਦਾ ਸਸਕਾਰ ਕਰ ਦਿੱਤਾ। ਇਸ ਤੋਂ ਬਾਅਦ ਸਾਹਿਬ ਸਿੰਘ ਦੇ ਪਿਤਾ ਕਾਹਨ ਸਿੰਘ ਨੇ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ ਤੇ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਸੀਬੀਆਈ. ਨੇ 28 ਫਰਵਰੀ 1997 ਨੂੰ ਡੀ.ਐਸ.ਪੀ. ਬਲਵੀਰ ਸਿੰਘ, ਸਬ-ਇੰਸਪੈਕਟਰ ਕਿਸ਼ਨ ਸਿੰਘ, ਥਾਣੇਦਾਰ ਰਾਮ ਲੁਭਾਇਆ ਸਮੇਤ ਕਈ ਪੁਲਿਸ ਵਾਲਿਆਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਸੀ ਤੇ 1 ਫਰਵਰੀ 1999 ਨੂੰ ਸੀ.ਬੀ.ਆਈ. ਵਲੋਂ ਥਾਣਾ ਮੁਖੀ ਰਜਿੰਦਰ ਸਿੰਘ, ਵਧੀਕ ਥਾਣਾ ਮੁਖੀ ਕਿਸ਼ਨ ਸਿੰਘ ਅਤੇ ਸਬ-ਇੰਸਪੈਕਟਰ ਤਰਸੇਮ ਲਾਲ ਦੇ ਖ਼ਿਲਾਫ਼ ਦੋਸ਼ਪੱਤਰ ਅਦਾਲਤ 'ਚ ਦਾਖ਼ਲ ਕੀਤਾ ਸੀ। ਉਧਰ ਸਰਤਾਜ ਸਿੰਘ ਨੇ ਅਦਾਲਤ ਦੇ ਫ਼ੈਸਲੇ 'ਤੇ ਜਿਥੇ ਖ਼ੁਸ਼ੀ ਜ਼ਾਹਰ ਕੀਤੀ, ਉਥੇ ਹੀ 30 ਸਾਲਾਂ ਬਾਅਦ ਮਿਲੇ ਇਨਸਾਫ਼ 'ਤੇ ਪ੍ਰਸ਼ਨ ਚਿੰਨ ਲਗਾਉਂਦਿਆਂ ਕਿਹਾ ਕਿ ਉਨਾਂ ਦੇ ਪਿਤਾ ਇਸ ਲੜਾਈ ਨੂੰ ਲੜਦੇ-ਲੜਦੇ ਦੁਨੀਆ ਤੋਂ ਚਲੇ ਗਏ ਅਤੇ ਉਹ ਵੀ ਪੁਲਿਸ ਤੋਂ ਲੁਕ-ਛਿਪ ਕੇ ਸਿਰਫ 10ਵੀਂ ਤੱਕ ਪੜ ਸਕੇ।

**ਅਦਾਲਤ ਨੇ ਕਿਵੇਂ ਦੱਸਿਆ ਪੁਲਿਸ ਦੀ ਕਹਾਣੀ ਨੂੰ ਝੂਠਾ**

ਅਦਾਲਤ ਨੇ ਦੋਸ਼ੀ ਪੱਖ ਨੂੰ ਪੁੱਛਿਆ ਕਿ ਜਦੋਂ 20 ਦੇ ਕਰੀਬ ਪੁਲਿਸ ਕਰਮਚਾਰੀ ਤਿੰਨਾਂ ਵਿਅਕਤੀਆਂ ਨੂੰ ਅਸਲਾ ਬਰਾਮਦ ਕਰਨ ਲਈ ਲੈ ਕੇ ਜਾ ਰਹੇ ਸਨ ਤਾਂ ਰਸਤੇ ਵਿਚ ਹੋਏ ਮੁਕਾਬਲੇ 'ਚ ਸਿਰਫ਼ 3 ਉਹ ਵਿਅਕਤੀ ਹੀ ਕਿਉਂ ਮਰੇ ਜੋ ਕਿ ਹਿਰਾਸਤ ਵਿਚ ਸਨ, ਜਦਕਿ ਇਸ ਮੁਕਾਬਲੇ ਵਿਚ ਇਕ ਵੀ ਪੁਲਿਸ ਕਰਮਚਾਰੀ ਦੇ ਝਰੀਟ ਤੱਕ ਨਹੀਂ ਆਈ। ਇਸੇ ਤਰਾਂ ਪੁਲਿਸ ਦੀ ਕਹਾਣੀ ਮੁਤਾਬਕ 13 ਨੰ. ਰਜਿਸਟਰ ਵਿਚ ਮੁਕਾਬਲੇ ਦੌਰਾਨ ਵਰਤੇ ਹਥਿਆਰਾਂ ਦੀ ਕਿਤੇ ਵੀ ਐਂਟਰੀ ਨਹੀਂ ਪਾਈ ਗਈ ਅਤੇ 19 ਨੰ. ਰਜਿਸਟਰ ਵਿਚ ਕੇਸ ਪ੍ਰਾਪਰਟੀ ਬਾਰੇ ਵੀ ਕੋਈ ਜ਼ਿਕਰ ਤੱਕ ਨਹੀਂ ਕੀਤਾ ਗਿਆ।

### ਸ਼ਮਸ਼ਾਨਘਾਟ ਦੇ ਰਜਿਸਟਰ ਤੋਂ ਹੋਈ ਸੀ ਮ੍ਰਿਤਕਾਂ ਦੀ ਪਛਾਣ

ਪੁਲਿਸ ਨੇ ਉਸ ਸਮੇਂ ਸਾਹਿਬ ਸਿੰਘ, ਦਲਵੀਰ ਸਿੰਘ ਤੇ ਬਲਵਿੰਦਰ ਸਿੰਘ ਸਮੇਤ 4 ਜਣਿਆਂ ਨੂੰ ਅਣਪਛਾਤੀਆਂ ਲਾਸ਼ਾਂ ਦੱਸ ਕੇ ਉਨਾਂ ਦਾ ਸਸਕਾਰ ਕਰ ਦਿੱਤਾ ਸੀ।ਜਾਂਚ ਟੀਮ ਨੇ ਜਦੋਂ ਸ਼ਮਸ਼ਾਨਘਾਟ 'ਚ ਜਾ ਕੇ ਰਜਿਸਟਰ ਦੀ ਜਾਂਚ ਕੀਤੀ ਤਾਂ ਪਤਾ ਚੱਲਿਆ ਕਿ ਉਸ ਵਿਚ ਤਿੰਨ ਜਣਿਆਂ ਦੇ ਨਾਂ ਅਤੇ ਪਤੇ ਲਿਖੇ ਹੋਏ ਸਨ ਅਤੇ ਭਗਵੰਤ ਸਿੰਘ ਨਾਂ ਦੇ ਪੁਲਿਸ ਕਰਮਚਾਰੀ ਨੇ ਸਸਕਾਰ ਕਰਨ ਸਮੇਂ ਰਜਿਸਟਰ ਵਿਚ ਦਸਤਖ਼ਤ ਕੀਤੇ ਹੋਏ ਸਨ, ਜਦਕਿ ਚੌਥੇ ਵਿਅਕਤੀ ਦੀ ਪਛਾਣ ਹੁਣ ਤੱਕ ਜ਼ਾਹਰ ਨਹੀਂ ਹੋ ਸਕੀ ਅਤੇ ਨਾ ਹੀ ਕਿਸੇ ਨੇ ਉਸ ਸੰਬੰਧੀ ਦਾਅਵਾ ਪੇਸ਼ ਕੀਤਾ ਹੈ।

### ਪਰਿਵਾਰਕ ਮੈਂਬਰਾਂ ਵਲੋਂ ਅਦਾਲਤ ਦੇ ਫੈਸਲੇ ਉਪਰ ਤਸੱਲੀ

ਆਪਣੇ 30 ਸਾਲਾਂ ਦਾ ਦਰਦ ਬਿਆਨ ਕਰਦੇ ਹੋਏ ਸਾਹਿਬ ਸਿੰਘ ਦੇ ਭਰਾ ਸਰਤਾਜ ਸਿੰਘ ਨੇ ਦੱਸਿਆ ਕਿ ਕਿਸ ਤਰਾਂ ਉਨਾਂ 30 ਸਾਲਾਂ ਦਾ ਸੰਤਾਪ ਹੰਢਾਇਆ ਹੈ ਅਤੇ ਉਨਾਂ ਦਾ ਪਿਤਾ ਵੀ ਪੁਲਿਸ ਜਬਰ ਦਾ ਸੰਤਾਪ ਝੱਲਦਿਆਂ ਕੇਸ ਦੌਰਾਨ ਇਸ ਜਹਾਨ ਤੋਂ ਤੁਰ ਗਿਆ। ਪਿੰਡ ਭੱਲਾ ਦੇ ਰਹਿਣ ਵਾਲੇ ਬਲਵਿੰਦਰ ਸਿੰਘ ਦੇ ਭਤੀਜੇ ਸ਼ਮਸ਼ੇਰ ਸਿੰਘ ਨੇ ਦੱਸਿਆ ਕਿ ਇਨਸਾਫ ਲੈਂਦਿਆਂ ਲੈਂਦਿਆਂ ਉਨਾਂ ਦੀਆਂ ਦੋ ਪੀੜੀਆਂ ਇਸ ਜਹਾਨ ਤੋਂ ਚਲੀਆਂ ਗਈਆਂ ਅਤੇ ਹੁਣ ਉਨਾਂ ਦੇ ਚਾਚਾ ਬਲਵਿੰਦਰ ਸਿੰਘ ਨੂੰ ਹੁਣ ਇਨਸਾਫ਼ ਮਿਲਿਆ ਹੈ। ਇਸ ਦੌਰਾਨ ਵਕੀਲ ਜਗਜੀਤ ਸਿੰਘ ਬਾਜਵਾ ਨੇ ਕਿਹਾ ਕਿ ਲੰਮਾ ਸਮਾਂ ਕੇਸ ਚਲਿਆ ਪਰ ਫ਼ੈਸਲਾ ਤਸਲੀਜਨਕ ਰਿਹਾ।

### ਸਾਹਿਬ ਸਿੰਘ ਦਾ ਪਰਿਵਾਰ ਸੰਤੁਸ਼ਟ

ਪਿੰਡ ਚੂੰਗ ਜਿਸ ਪਿੰਡ ਦਾ ਉਸ ਝੂਠੇ ਮੁਕਾਬਲੇ ਦਾ ਸ਼ਿਕਾਰ ਹੋਇਆ ਨੌਜਵਾਨ ਸਾਹਿਬ ਸਿੰਘ ਪੁੱਤਰ ਜਥੇ: ਕਾਹਨ ਸਿੰਘ ਸੀ, ਦੀ ਬਜ਼ੁਰਗ ਮਾਤਾ ਦਲਬੀਰ ਕੌਰ ਨੇ ਇਸ ਪੱਤਰਕਾਰ ਨੂੰ ਸਮਾਂ ਯਾਦ ਕਰਦਿਆਂ ਭਰੀਆਂ ਅੱਖਾਂ ਨਾਲ ਦੱਸਿਆ ਕਿ ਉਸ ਦੇ ਪੁੱਤਰ ਸਾਹਿਬ ਸਿੰਘ ਨੇ ਬੀ. ਏ. ਪਾਸ ਕੀਤੀ ਹੋਈ ਸੀ ਅਤੇ ਉਹ ਮੱਧ ਪ੍ਰਦੇਸ਼ ਵਿਚ ਡਰਾਈਵਰੀ ਕਰਦਾ ਸੀ, ਜਦ ਪੰਜਾਬ ਦੀ ਪੁਲਿਸ ਨੇ ਉਸ ਨੂੰ ਓਥੋਂ ਗ੍ਰਿਫਤਾਰ ਕਰਕੇ ਇਥੇ ਲਿਆ ਕੇ ਉਸ ਦਾ ਝੂਠਾ ਮੁਕਾਬਲਾ ਬਣਾਕੇ ਮਾਰ ਦਿੱਤਾ। ਪੁਲਿਸ ਨੇ ਉਨਾਂ ਨੌਜਵਾਨਾਂ ਦੀਆਂ ਲਾਸ਼ਾਂ ਦਾ ਸਸਕਾਰ ਕਰਨ ਤੋਂ ਬਾਅਦ ਹੀ ਸਾਨੂੰ ਇਸ ਬਾਰੇ ਸੂਚਨਾ ਦਿੱਤੀ। ਇਸ ਤੋਂ ਬਾਅਦ ਮੇਰੇ ਪਤੀ ਜਥੇਦਾਰ ਕਾਹਨ ਸਿੰਘ ਨੇ ਅਦਾਲਤ ਵਿਚ ਪਹੁੰਚ ਕੇ ਕਾਨੂੰਨੀ ਲੜਾਈ ਦੀ ਸ਼ੁਰੂਆਤ ਕੀਤੀ ਅਤੇ ਉਨਾਂ ਦੇ ਗੁਜ਼ਰ ਜਾਣ ਤੋਂ ਬਾਅਦ ਮੇਰੇ ਛੋਟੇ ਪੁੱਤਰ ਸਰਤਾਜ ਸਿੰਘ ਨੇ ਤੀਹ ਸਾਲਾਂ ਦੀ ਲੰਬੀ ਲੜਾਈ ਲੜ ਕੇ ਇਹ ਇਨਸਾਫ ਲਿਆ ਹੈ। ਇਸ ਮੌਕੇ ਮਾਤਾ ਦਲਬੀਰ ਕੌਰ ਦੇ ਨਾਲ ਬੀਬੀ ਨਰਿੰਦਰ ਕੌਰ ਅਤੇ ਕੁਲਵੰਤ ਕੌਰ ਵੀ ਮੌਜੂਦ ਸਨ।



ਝੂਠੇ ਪੁਲਿਸ ਮੁਕਾਬਲੇ 'ਚ ਮਾਰੇ ਗਏ ਨੌਜਵਾਨਾਂ ਦੇ ਪਰਿਵਾਰਕ ਮੈਂਬਰ ਅਦਾਲਤੀ ਫ਼ੈਸਲੇ 'ਤੇ ਤਸੱਲੀ ਦਾ ਪ੍ਰਗਟਾਵਾ ਕਰਦੇ ਹੋਏ। ਤਸਵੀਰ : ਹਰਜੀਤ ਸਿੰਘ



ਮ੍ਰਿਤਕ ਸਾਹਿਬ ਸਿੰਘ ਦੀ ਮਾਤਾ ਦਲਬੀਰ ਕੌਰ ਅਪਣਾ ਪ੍ਰਤੀਕਰਮ ਦਿੰਦੇ ਹੋਏ। ਤਸਵੀਰ : ਜਗਦੀਸ਼ ਸਿੰਘ ਬਮਰਾਹ

ਮੁਹਾਲੀ ਦੀ ਇਕ ਵਿਸ਼ੇਸ਼ ਅਦਾਲਤ ਦੇ ਫ਼ੈਸਲੇ ਨੇ ਮਨੁੱਖੀ ਹੱਕਾਂ ਦੇ ਕਾਰਕੁਨ ਜਸਵੰਤ ਸਿੰਘ ਖਾਲੜਾ ਦਾ ਕੇਸ ਇਸ ਪ੍ਰਸੰਗ ਵਿਚ ਮਹੱਤਵਪੂਰਨ ਹੈ। ਉਸ ਨੇ ਅੰਮ੍ਰਿਤਸਰ ਦੀਆਂ ਤਿੰਨ ਸ਼ਮਸ਼ਾਨਘਾਟਾਂ ਅੰਦਰ ਬੇਪਛਾਣ ਕਹਿ ਕੇ ਜਲਾਈਆਂ ਗਈਆਂ ਲਾਸ਼ਾਂ ਬਾਰੇ ਤੱਥ ਇਕੱਠੇ ਕਰਨੇ ਸ਼ੁਰੂ ਕੀਤੇ ਸਨ। ਸਤੰਬਰ 1995 ਵਿਚ ਖਾਲੜਾ ਗਾਇਬ ਹੋਇਆ ਅਤੇ ਬਾਅਦ ਵਿਚ ਸੀਬੀਆਈ ਜਾਂਚ ਦੌਰਾਨ ਉਸ ਦੀ ਪੁਲਿਸ ਹਿਰਾਸਤ ਵਿਚ ਹੋਈ ਮੌਤ ਦੀ ਪੁਸ਼ਟੀ ਹੋਈ। ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਕਾਨੂੰਨ ਦੀ ਪਾਲਣਾ ਕਰਨ ਲਈ ਪ੍ਰਤੀਬੱਧ ਹਨ। ਪੁਲਿਸ ਤੇ ਤਫ਼ਤੀਸ਼ ਕਰਨ ਵਾਲੀਆਂ ਹੋਰ ਏਜੰਸੀਆਂ ਦੁਆਰਾ ਕਾਨੂੰਨ ਦੀ ਪਾਲਣਾ ਨਾ ਕਰਨ ਦੇ ਵਰਤਾਰੇ ਜਮਹੂਰੀਅਤ ਨੂੰ ਠੇਸ ਪਹੁੰਚਾਉਂਦੇ ਹਨ। ਇਹ ਸਵਾਲ ਪੁੱਛਿਆ ਜਾਣਾ ਸੁਭਾਵਿਕ ਹੈ ਕਿ ਅਜ਼ਾਦੀ ਮਿਲਣ ਦੇ ਬਾਅਦ ਵੀ ਨਾਗਰਿਕਾਂ ਨੂੰ ਨਿਆਂ ਦੇਣ ਵਿਚ ਆਉਂਦੀਆਂ ਅੜਚਣਾਂ ਦੂਰ ਕਿਉਂ ਨਹੀਂ ਕੀਤੀਆਂ ਗਈਆਂ? ਸੰਵਿਧਾਨਕ ਦਾਇਰੇ ਵਿਚ ਰਹਿੰਦੇ ਹੋਏ ਇਨਸਾਫ਼ ਦੀ ਗਰੰਟੀ ਦੇਸ਼ ਦੇ ਹਰ ਨਾਗਰਿਕ ਦਾ ਹੱਕ ਹੈ। ਇਸ ਮੌਕੇ ਵੀ ਬਹੁਤ ਸਾਰੀਆਂ ਜਾਂਚ ਏਜੰਸੀਆਂ ਉੱਤੇ ਕਾਨੂੰਨ ਦੀ ਬਜਾਏ ਸਰਕਾਰੀ ਹੁਕਮ ਵਜਾਉਣ ਦੇ ਦੋਸ਼ ਲੱਗ ਰਹੇ ਹਨ। ਅਜਿਹੇ ਹਾਲਾਤ ਲੋਕਾਂ ਦਾ ਕਾਨੂੰਨ ਵਿਚ ਭਰੋਸਾ ਘਟਾਉਂਦੇ ਹਨ ਤੇ ਗੁਲਾਮੀ ਦਾ ਅਹਿਸਾਸ ਕਰਵਾਉਂਦੇ ਹਨ।

# ਪੰਜਾਬ ਵਿਚ ਲਗਾਤਾਰ ਵਧ ਰਹੇ ਨੇ ਏਡਜ਼ ਦੇ ਮਰੀਜ਼

## ਹੁਣ ਘਰ-ਘਰ ਜਾ ਕੇ ਮਰੀਜ਼ਾਂ ਨੂੰ ਭਾਲਣਗੇ ਸਿਹਤ ਮੁਲਾਜ਼ਮ

**ਅੰਮ੍ਰਿਤਸਰ-ਪੰਜਾਬ** 'ਚ ਏਡਜ਼ ਪੀੜਤ ਮਰੀਜ਼ਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਸਰਕਾਰ ਵੱਲੋਂ 82 ਫੀਸਦੀ ਮਰੀਜ਼ਾਂ ਦੀ ਭਾਲ ਕਰ ਕੇ ਇਲਾਜ ਕੀਤਾ ਜਾ ਰਿਹਾ ਹੈ, ਬਾਕੀ ਬਚਦੇ 18 ਫੀਸਦੀ ਮਰੀਜ਼ ਅਜੇ ਤੱਕ ਸਰਕਾਰੀ ਅਦਾਰਿਆਂ ਵਿਚ ਇਲਾਜ ਲਈ ਨਹੀਂ ਪਹੁੰਚ ਸਕੇ ਹਨ। ਭਾਰਤ ਅਤੇ ਪੰਜਾਬ ਸਰਕਾਰ ਵੱਲੋਂ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਹੁਣ 18 ਫੀਸਦੀ ਮਰੀਜ਼ਾਂ ਤੱਕ ਪਹੁੰਚ ਕਰਨ ਲਈ ਸੰਪੂਰਨ ਸੁਰੱਖਿਆ ਯੋਜਨਾ ਸ਼ੁਰੂ ਕੀਤੀ ਜਾ ਰਹੀ ਹੈ। ਇਸ ਸਕੀਮ ਤਹਿਤ ਸਿਹਤ ਕਰਮਚਾਰੀ ਹਰ ਜ਼ਿਲੇ ਵਿਚ ਨਾਜ਼ੁਕ ਖੇਤਰਾਂ ਵਿਚ ਜਾ ਕੇ ਇਨਾਂ ਮਰੀਜ਼ਾਂ ਦੀ ਭਾਲ ਕਰਨਗੇ, ਫਿਲਹਾਲ ਸਰਕਾਰ ਨੇ ਇਹ ਸਕੀਮ ਅੰਮ੍ਰਿਤਸਰ, ਪਟਿਆਲਾ ਅਤੇ ਲੁਧਿਆਣਾ 'ਚ ਸ਼ੁਰੂ ਕਰਨ ਦੀ ਨੀਤੀ ਬਣਾਈ ਹੈ। ਜਾਣਕਾਰੀ ਅਨੁਸਾਰ ਪੰਜਾਬ ਵਿਚ ਏਡਜ਼ ਦੇ ਮਰੀਜ਼ਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਨਸ਼ੇ ਅਤੇ ਹੋਰ ਕਾਰਨਾਂ ਕਰ ਕੇ ਲੋਕ ਏਡਜ਼ ਦੀ ਲਪੇਟ ਵਿਚ ਆ ਰਹੇ ਹਨ। ਅੰਮ੍ਰਿਤਸਰ ਦੀ ਗੱਲ ਕਰੀਏ ਤਾਂ ਇਥੇ ਸਾਲ 1996 ਵਿਚ ਏਡਜ਼ ਤੋਂ ਪੀਡ.ਤ ਮਰੀਜ਼ਾਂ ਦੀ ਜਾਂਚ ਲਈ ਮੈਡੀਕਲ ਕਾਲਜ ਅੰਦਰ ਆਈ. ਆਰ. ਟੀ. ਕੇਂਦਰ ਦੀ ਸਥਾਪਨਾ ਤੋਂ ਲੈ ਕੇ ਹੁਣ ਤੱਕ ਮਰੀਜ਼ਾਂ ਦੀ ਗਿਣਤੀ 15160 ਹੈ, ਜਦਕਿ 6454 ਮਰੀਜ਼ ਸਰਕਾਰੀ ਅਦਾਰਿਆਂ ਤੋਂ ਦਵਾਈਆਂ ਲੈ ਰਹੇ ਹਨ। ਬਾਕੀ ਮਰੀਜ਼ ਉਹ ਹਨ, ਜਿਨਾਂ ਦੀ ਮੌਤ ਹੋ ਚੁੱਕੀ ਹੈ ਅਤੇ ਕੁਝ ਮਰੀਜ਼ ਅਜਿਹੇ ਹਨ, ਜਿਨਾਂ ਨੇ ਦਵਾਈ ਵਿਚਕਾਰ ਹੀ ਛੱਡ ਦਿੱਤੀ ਹੈ।

ਹਾਲਾਂਕਿ ਅੰਮ੍ਰਿਤਸਰ ਜ਼ਿਲੇ ਵਿਚ ਐੱਚ. ਆਈ. ਵੀ ਮਰੀਜ਼ਾਂ ਦਾ ਪਤਾ ਲਗਾ ਕੇ ਉਨਾਂ ਦਾ ਇਲਾਜ ਕੀਤਾ ਜਾ ਰਿਹਾ ਹੈ ਪਰ ਫਿਰ ਵੀ ਲੁਧਿਆਣਾ ਅਤੇ ਪਟਿਆਲਾ ਵਿਚ ਵੀ ਟੀਚੇ ਨੂੰ 100 ਫੀਸਦੀ ਪੂਰਾ ਕਰਨ ਲਈ ਭਾਰਤ ਅਤੇ ਪੰਜਾਬ ਸਰਕਾਰ ਵੱਲੋਂ ਪੂਰੀ ਸੁਰੱਖਿਆ ਯੋਜਨਾ ਲਾਗੂ ਕੀਤੀ ਗਈ ਹੈ। ਇਸ ਸਕੀਮ ਤਹਿਤ ਜ਼ਿਲੇ ਵਿਚ ਕੰਮ ਸ਼ੁਰੂ ਕਰਨ ਲਈ ਅੱਜ ਸਿਹਤ ਮੰਤਰਾਲੇ ਭਾਰਤ ਸਰਕਾਰ ਦੇ ਏਡਜ਼ ਕੰਟਰੋਲ ਪ੍ਰੋਗਰਾਮ ਤਹਿਤ ਸੁਧੀਰ ਚਾਵਲਾ, ਰਾਜੀਵ ਕੁਮਾਰ, ਡਾ. ਪਾਇਲ ਅਤੇ ਪੰਜਾਬ ਏਡਜ਼ ਕੰਟਰੋਲ ਸੋਸਾਇਟੀ ਰਮਨ ਕੁਮਾਰ ਅਤੇ ਮਨੂ ਦੀ ਅਗਵਾਈ ਹੇਠ ਇਕ ਟੀਮ ਮੁਆਇਨਾ ਕਰਨ ਲਈ ਪਹੁੰਚੀ। ਜ਼ਿਲਾ ਟੀ. ਬੀ. ਅਫਸਰ ਅਤੇ ਏਡਜ਼ ਕੰਟਰੋਲ ਪ੍ਰੋਗਰਾਮ ਦੇ ਜ਼ਿਲਾ ਇੰਚਾਰਜ ਡਾ. ਵਿਜੇ ਕੁਮਾਰ ਨੇ ਕਿਹਾ ਕਿ ਐੱਚ. ਆਈ. ਵੀ. ਇਸ ਬੀਮਾਰੀ ਤੋਂ ਪੀੜਤ ਮਰੀਜ਼ਾਂ ਦਾ ਸਰਕਾਰੀ ਕੇਂਦਰਾਂ ਵਿਚ ਮੁਫ਼ਤ ਇਲਾਜ ਕੀਤਾ ਜਾ ਰਿਹਾ ਹੈ। ਅੰਮ੍ਰਿਤਸਰ 'ਚ 11 ਸੈਂਟਰ ਬਣਾਏ ਗਏ ਹਨ, ਜਿੱਥੇ ਇਹ ਮਰੀਜ਼ ਜਾ ਕੇ ਆਪਣਾ ਟੈਸਟ ਮੁਫ਼ਤ ਕਰਵਾ ਸਕਦੇ ਹਨ, ਇਨਾਂ ਮਰੀਜ਼ਾਂ ਦੀ ਪਛਾਣ ਗੁਪਤ ਜਾਵੇਗੀ। ਉਨਾਂ ਕਿਹਾ ਕਿ ਜਿਨਾਂ ਮਰੀਜ਼ਾਂ ਦਾ ਡਾਟਾ ਸਿਹਤ ਵਿਭਾਗ ਕੋਲ ਮੌਜੂਦ ਹੈ, ਉਨਾਂ ਤੋਂ ਇਲਾਵਾ 18 ਫੀਸਦੀ ਮਰੀਜ਼ ਅਜਿਹੇ ਹਨ, ਜੋ ਸਾਕਾਰਾਤਮਕ ਅਤੇ ਖ਼ਤਰੇ ਵਿਚ ਹਨ, ਉਨਾਂ ਨੂੰ ਲੱਭਣ ਲਈ ਭਾਰਤ ਅਤੇ ਪੰਜਾਬ ਸਰਕਾਰ ਵੱਲੋਂ ਪੂਰੀ ਸੁਰੱਖਿਆ ਯੋਜਨਾ ਤਿਆਰ ਕੀਤੀ ਗਈ ਹੈ। ਸਕੀਮ ਤਹਿਤ ਉਪਰੋਕਤ ਤਿੰਨਾਂ ਜ਼ਿਲਿਆਂ ਵਿਚ ਉਸ ਖੇਤਰ ਦੀ ਪਛਾਣ ਕੀਤੀ ਜਾਵੇਗੀ, ਜਿਥੇ ਇਹ ਮਰੀਜ਼ ਹੋਣ ਦੀ ਸੰਭਾਵਨਾ ਹੈ।ਡਾ. ਵਿਜੇ ਨੇ ਦੱਸਿਆ ਕਿ ਐੱਚ. ਆਈ. ਵੀ. ਦਾ ਜੇਕਰ ਸਮੇਂ ਸਿਰ ਇਲਾਜ ਕਰਵਾਇਆ ਜਾਵੇ ਤਾਂ ਮਰੀਜ਼ ਦੀ ਕੀਮਤੀ ਜਾਨ ਬਚ ਸਕਦੀ ਹੈ। ਅਗਲੇ ਹਫ਼ਤੇ ਤੋਂ ਇਹ ਪ੍ਰਾਜੈਕਟ ਤਹਿਤ ਕੰਮ ਕਰਨਾ ਸ਼ੁਰੂ ਕਰ ਦਿੱਤਾ ਜਾਵੇਗਾ। ਉਨਾਂ ਕਿਹਾ ਕਿ ਜਿੱਥੇ ਮਰੀਜ਼ਾਂ ਦੀ ਪਛਾਣ ਗੁਪਤ ਰੱਖੀ ਜਾਂਦੀ ਹੈ, ਉੱਥੇ ਹੀ ਉਨਾਂ ਨੂੰ ਇਨਾਂ ਕੇਂਦਰਾਂ 'ਤੇ ਬਿਨਾਂ ਕਿਸੇ ਪ੍ਰੇਸ਼ਾਨੀ ਤੋਂ ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਏ. ਆਰ. ਟੀ. ਸੈਂਟਰ ਦਾ ਸਟਾਫ ਪੂਰੀ ਤਨਦੇਹੀ ਅਤੇ ਲਗਨ ਨਾਲ ਮਰੀਜ਼ਾਂ ਦਾ ਇਲਾਜ ਕਰ ਰਿਹਾ ਹੈ। ਜੇਕਰ ਸਮੇਂ ਸਿਰ ਬੀਮਾਰੀ ਦਾ ਪਤਾ ਲੱਗ ਜਾਵੇ ਤਾਂ ਹੋਰ ਬੀਮਾਰੀਆਂ ਉਸ ਵਿਅਕਤੀ ਨੂੰ ਆਪਣੀ ਲਪੇਟ ਵਿਚ ਨਹੀਂ ਲੈਂਦੀਆਂ।

# ਭਾਰਤ ਦਾ ਅਮਰੀਕੀ ਸਿੱਖ ਪੱਤਰਕਾਰ ਅੰਗਦ ਸਿੰਘ ਨਾਲ ਅਨਿਆਂ

## ✪ ਦਿੱਲੀ ਹਵਾਈ ਅੱਡੇ ਤੋਂ ਡਿਪੋਰਟ ਕਰਕੇ ਕੀਤਾ ਅਨਿਆਂ ✪ ਅੰਗਦ ਸਿੰਘ ਬਣਾ ਚੁਕੇ ਨੇ ਭਾਰਤ ਵਿਚ ਕੋਰੋਨਾ, ਸ਼ਾਹੀਨ ਬਾਗ, ਕਿਸਾਨ ਅੰਦੋਲਨ, ਮੁਸਲਮਾਨਾਂ ਤੇ ਹਿੰਦੂਆਂ ਬਾਰੇ ਵੀ ਦਸਤਾਵੇਜ਼ੀ ਫ਼ਿਲਮਾਂ ✪ ਅੰਗਦ ਦੀ ਪੱਤਰਕਾਰੀ ਨੇ ਡਰਾਈ ਸਰਕਾਰ ਹੈ : ਮਾਤਾ ਗੁਰਮੀਤ ਕੌਰ

ਅਮਰੀਕੀ ਪੱਤਰਕਾਰ ਅੰਗਦ ਸਿੰਘ ਨੂੰ ਬੀਤੇ ਹਫਤੇ ਦਿੱਲੀ ਦੇ ਹਵਾਈ ਅੱਡੇ 'ਤੇ ਉਤਰਨ ਤੋਂ ਤੁਰੰਤ ਬਾਅਦ ਡਿਪੋਰਟ ਕਰਕੇ ਨਿਊਯਾਰਕ ਭੇਜ ਦਿੱਤਾ ਸੀ । ਇਹ ਦੋਸ਼ ਅੰਗਦ ਸਿੰਘ ਦੀ ਮਾਤਾ ਵਲੋਂ ਸੋਸ਼ਲ ਮੀਡੀਆ 'ਤੇ ਪਾਈ ਪੋਸਟ ਵਿਚ ਲਗਾਏ ਗਏ ਸਨ।ਅੰਗਦ ਸਿੰਘ ਦੇ ਟਵਿੱਟਰ ਹੈਂਡਲ ਮੁਤਾਬਕ ਉਹ ਵਾਈਸ ਨਿਊਜ਼ ਵਿਖੇ ਪੱਤਰਕਾਰ ਹਨ ਅਤੇ ਦਸਤਾਵੇਜ਼ੀ ਫਿਲਮਾਂ ਬਣਾਉਂਦੇ ਹਨ। ਉਸਦੀ ਮਾਤਾ ਗੁਰਮੀਤ ਕੌਰ ਨੇ ਦੱਸਿਆ ਕਿ ਅੰਗਦ ਸਿੰਘ ਆਪਣੇ ਨਿੱਜੀ ਦੌਰੇ 'ਤੇ ਭਾਰਤ ਆਇਆ ਸੀ। ਗੁਰਮੀਤ ਕੌਰ ਨੇ ਦੱਸਿਆ ਕਿ ਅੰਗਦ ਸਿੰਘ ਸਾਨੂੰ ਮਿਲਣ ਲਈ ਪੰਜਾਬ ਆਉਣ ਲਈ ਆਇਆ ਸੀ ਪਰ ਉਸ ਨੂੰ ਦਿੱਲੀ ਹਵਾਈ ਅੱਡੇ ਤੋਂ ਹੀ ਡਿਪੋਰਟ ਕਰ ਦਿੱਤਾ ਗਿਆ। ਜਾਣਕਾਰੀ ਅਨੁਸਾਰ ਅੰਗਦ ਸਿੰਘ ਨੂੰ ਵਾਪਸ ਭੇਜਣ ਦਾ ਕਾਰਨ ਨਹੀਂ ਦੱਸਿਆ ਗਿਆ। ਦੱਸਣਯੋਗ ਹੈ ਕਿ ਅੰਗਦ ਸਿੰਘ ਨੇ ਭਾਰਤ ਵਿਚ ਕੋਰੋਨਾ ਦੀ ਸਥਿਤੀ, ਭਾਰਤ ਦੇ ਖੇਤੀ ਹਾਲਾਤਾਂ, ਕਿਸਾਨ ਅੰਦੋਲਨ, ਭਾਰਤ ਦੇ ਮੁਸਲਮਾਨਾਂ ਅਤੇ ਹਿੰਦੂਆਂ ਬਾਰੇ ਵੀ ਦਸਤਾਵੇਜ਼ੀ ਫ਼ਿਲਮਾਂ ਬਣਾਈਆਂ ਹਨ। ਉਨ੍ਹਾਂ ਨੇ ਦਿੱਲੀ ਦੇ ਸ਼ਾਹੀਨ ਬਾਗ ਵਿਖੇ ਹੋਏ ਪ੍ਰਦਰਸ਼ਨ ਬਾਰੇ ਦਸਤਾਵੇਜ਼ੀ ਫਿਲਮ ਬਣਾਈ ਸੀ। ਇਹ ਪ੍ਰਦਰਸ਼ਨ ਨਾਗਰਿਕਤਾ ਸੋਧ ਕਾਨੂੰਨ ਦੇ ਵਿਰੋਧ ਵਿੱਚ ਦਸੰਬਰ 2019- ਮਾਰਚ 2020 ਵਿੱਚ ਹੋਏ ਸਨ।ਇਸ ਤੋਂ ਬਾਅਦ ਉਨ੍ਹਾਂ ਨੇ ਹੋਰ ਵੀ ਕਈ ਦਸਤਾਵੇਜ਼ੀ ਫਿਲਮਾਂ ਬਣਾਈਆਂ ਹਨ ਪਰ ਮਹਾਂਮਾਰੀ ਕਰਕੇ ਉਹ ਭਾਰਤ ਦਾ ਸਫਰ ਨਹੀਂ ਕਰ ਸਕੇ।

ਗੁਰਮੀਤ ਕੌਰ ਮੁਤਾਬਕ ਅੰਗਦ ਪਹਿਲਾਂ ਵੀ ਬਹੁਤ ਵਾਰ ਭਾਰਤ ਆਏ ਹਨ ਅਤੇ ਉਨ੍ਹਾਂ ਮੁਤਾਬਕ ਸ਼ਾਇਦ ਪੱਤਰਕਾਰੀ ਨਾਲ ਸਬੰਧੀ ਕੋਈ ਕੰਮ ਦੇ ਸ਼ੱਕ ਤੋਂ ਬਾਅਦ ਉਨ੍ਹਾਂ ਨੂੰ ਡਿਪੋਰਟ ਕੀਤਾ ਗਿਆ ਹੈ।

ਗੁਰਮੀਤ ਕੌਰ ਨੇ ਸੋਸ਼ਲ ਮੀਡੀਆ ਉੱਪਰ ਲਿਖਿਆ ਹੈ, 'ਮੇਰਾ ਬੇਟਾ ਇੱਕ ਅਮਰੀਕੀ ਨਾਗਰਿਕ ਅਤੇ ਪੱਤਰਕਾਰ ਹੈ ਅਤੇ ਉਸ ਨੇ ਕਈ ਇਨਾਮ ਜਿੱਤੇ ਹਨ। 18 ਘੰਟੇ ਦੀ ਉਡਾਣ ਤੋਂ ਬਾਅਦ ਉਹ ਦਿੱਲੀ ਪਹੁੰਚਿਆ ਸੀ ਤਾਂ ਜੋ ਪੰਜਾਬ ਜਾ ਸਕੇ। ਉਸ ਨੂੰ ਨਿਊਯਾਰਕ ਲਈ ਅਗਲੀ ਫਲਾਈਟ 'ਤੇ ਬਿਠਾ ਕੇ ਵਾਪਸ ਭੇਜ ਦਿੱਤਾ ਗਿਆ ਹੈ। ਇਸ ਦਾ ਕੋਈ ਕਾਰਨ ਨਹੀਂ ਦੱਸਿਆ ਗਿਆ ਪਰ ਸਾਨੂੰ ਪਤਾ ਹੈ ਕਿ ਉਸ ਦੀ ਪੱਤਰਕਾਰੀ ਨੇ ਉਨ੍ਹਾਂ ਨੂੰ ਡਰਾਇਆ ਹੋਇਆ ਹੈ। ਇਹ ਆਪਣੀ ਮਾਤਭੂਮੀ ਪ੍ਰਤੀ ਉਸ ਦਾ ਪਿਆਰ ਹੈ, ਜਿਸ ਤੋਂ ਉਹ ਪ੍ਰੇਸ਼ਾਨ ਹਨ।'

ਸਿੱਧੇ ਤੌਰ 'ਤੇ ਇਲਜ਼ਾਮਾਂ ਵਿੱਚ ਕਿਸੇ ਦਾ ਨਾਮ ਨਹੀਂ ਲਿਆ ਗਿਆ।ਉਸ ਦਾ ਕੱਦ ਛੇ ਫੁੱਟ ਪੰਜ ਇੰਚ ਹੈ ਅਤੇ ਲੰਮੀ ਉਡਾਣ ਤੋਂ ਬਾਅਦ ਉਸ ਦੇ ਪਿੱਠ ਵਿੱਚ ਦਰਦ ਹੁੰਦੀ ਹੈ। ਹਵਾਈ ਜਹਾਜ਼ ਵਿੱਚ ਘੱਟ ਜਗਾ ਹੁੰਦੀ ਹੈ। ਅਜਿਹੇ ਹਾਲਾਤਾਂ ਵਿੱਚ ਜ਼ਰੂਰ ਲੇਟਣਾ ਚਾਹੁੰਦਾ ਹੋਵੇਗਾ ਅਤੇ ਮੈਂ ਉਸ ਨੂੰ ਚੜ੍ਹਦੀ ਕਲਾ ਵਿੱਚ ਰਹਿਣ ਦਾ ਸੁਨੇਹਾ ਦਿੰਦੀ ਹਾਂ।'

ਆਪਣੀ ਪੋਸਟ ਵਿੱਚ ਗੁਰਮੀਤ ਕੌਰ ਨੇ ਲਿਖਿਆ ਹੈ ਕਿ ਜਦੋਂ ਉਹ ਪਹਿਲੀ ਵਾਰ ਮੁੰਬਈ ਤੋਂ ਅਮਰੀਕਾ ਆਏ ਸਨ ਤਾਂ ਉਨ੍ਹਾਂ ਨੇ ਇੱਕ ਸਿੱਖ ਨੌਜਵਾਨ ਨੂੰ ਦੇਖਿਆ ਸੀ ਜਿਸ ਨੂੰ ਵਾਪਸ ਭੇਜਿਆ ਜਾ ਰਿਹਾ ਸੀ ਅਤੇ ਹੁਣ ਇੱਕ ਪੀੜ੍ਹੀ ਬਾਅਦ ਉਨ੍ਹਾਂ ਦੇ ਪੁੱਤਰ ਨਾਲ ਵੀ ਅਜਿਹਾ ਹੀ ਹੋਇਆ ਹੈ।

ਅੰਗਦ ਸਿੰਘ ਦੇ ਪਰਿਵਾਰ ਮੁਤਾਬਕ ਉਹ ਵਾਈਸ ਨਿਊਜ਼ ਦੇ ਸਾਊਥ ਏਸ਼ੀਆ ਦੇ ਡਾਕੂਮੈਂਟਰੀ ਪ੍ਰੋਡਿਊਸਰ ਹਨ। ਉਹ 'ਪੀਪਲਜ਼ ਮੂਵਮੈਂਟ' ਯਾਨੀ ਲੋਕਾਂ ਵੱਲੋਂ ਸ਼ੁਰੂ ਕੀਤੇ ਗਏ ਅੰਦੋਲਨ ਉੱਪਰ ਕੰਮ ਕਰਦੇ ਹਨ। ਉਨ੍ਹਾਂ ਨੇ ਸ੍ਰੀਲੰਕਾ, ਹਾਂਗਕਾਂਗ, ਮਿਆਂਮਾਰ, ਭਾਰਤ ਤੇ ਪਾਕਿਸਤਾਨ ਸਮੇਤ ਕਈ ਦੇਸ਼ਾਂ ਵਿੱਚ ਹੋਏ ਅੰਦੋਲਨ ਬਾਰੇ ਦਸਤਾਵੇਜ਼ੀ ਫ਼ਿਲਮਾਂ ਬਣਾਈਆਂ ਹਨ। ਉਹ ਅਮਰੀਕਾ ਦੇ ਜੰਮਪਲ ਹਨ ਅਤੇ ਕੋਲੰਬੀਆ ਯੂਨੀਵਰਸਿਟੀ ਵਿਖੇ ਰਾਜਨੀਤੀ ਸ਼ਾਸਤਰ ਦੇ ਵਿਦਿਆਰਥੀ ਰਹੇ ਹਨ। ਪਿਛਲੇ ਛੇ ਸਾਲਾਂ ਤੋਂ ਉਹ ਵਾਈਸ ਨਿਊਜ਼ ਨਾਲ ਜੁੜੇ ਹੋਏ ਹਨ। 11 ਸਾਲ ਦੀ ਉਮਰ ਵਿੱਚ ਅਮਰੀਕਾ 'ਤੇ ਅੱਤਵਾਦੀ ਹਮਲੇ ਤੋਂ ਕੁਝ ਸਾਲ ਬਾਅਦ ਉਨ੍ਹਾਂ ਨੇ ਆਪਣੀ ਪਹਿਲੀ ਦਸਤਾਵੇਜ਼ੀ ਫ਼ਿਲਮ 'ਵਨ ਲਾਈਟ' ਬਣਾਈ ਸੀ। ਇਸ ਦਸਤਾਵੇਜ਼ੀ ਫ਼ਿਲਮ ਨੂੰ ਦੇਸ਼ਾਂ ਵਿਦੇਸ਼ਾਂ ਵਿੱਚ ਕਈ ਐਵਾਰਡ ਵੀ ਮਿਲੇ ਹਨ।ਉਨ੍ਹਾਂ ਦੇ ਬਲਾਗ ਮੁਤਾਬਕ ਇਹ ਫ਼ਿਲਮ ਦੁਨੀਆਂ ਵਿੱਚ ਆਪਸੀ ਭਾਈਚਾਰੇ ਨੂੰ ਪ੍ਰਫੁੱਲਿਤ ਕਰਨ ਸਬੰਧੀ ਸੀ। ਇਸ ਸਾਲ ਵੀ ਹਮਲਿਆਂ ਤੋਂ ਬਾਅਦ ਸਿੱਖਾਂ ਦੇ ਦਰਪੇਸ਼ ਆਈਆਂ ਮੁਸ਼ਕਿਲਾਂ ਲਈ ਵੀ ਇਸ ਫ਼ਿਲਮ ਨੇ ਕੰਮ ਕੀਤਾ।

ਦਰਅਸਲ ਅਮਰੀਕਾ ਵਿੱਚ ਆਮ ਲੋਕਾਂ ਨੂੰ ਸਿੱਖਾਂ ਬਾਰੇ ਬਹੁਤੀ ਜਾਣਕਾਰੀ ਨਹੀਂ ਸੀ ਜਿਸ ਕਾਰਨ ਸਿੱਖ ਵੀ ਕਈ ਵਾਰ ਹਮਲੇ ਦਾ ਸ਼ਿਕਾਰ ਹੋਏ ਹਨ।

ਇਸ ਦਸਤਾਵੇਜ਼ੀ ਫ਼ਿਲਮ ਨੂੰ ਅਮਰੀਕਾ ਦੇ ਵੱਖ ਵੱਖ ਹਿੱਸਿਆਂ ਵਿੱਚ ਕਈ ਵਾਰ ਦਿਖਾਇਆ ਗਿਆ ਹੈ ਤਾਂ ਜੋ ਲੋਕਾਂ ਨੂੰ ਸਿੱਖਾਂ ਬਾਰੇ ਜਾਣਕਾਰੀ ਮਿਲੇ।

ਉਨ੍ਹਾਂ ਦੇ ਮਾਤਾ ਗੁਰਮੀਤ ਕੌਰ ਇੱਕ ਲੇਖਕਾ ਹਨ ਜਿਨਾਂ ਨੇ ਬਾਲ ਸਾਹਿਤ ਦੇ ਖੇਤਰ ਵਿੱਚ ਕੰਮ ਕੀਤਾ ਹੈ। ਉਨ੍ਹਾਂ ਨੇ ਪੰਜਾਬ ਅਤੇ ਵਿਦੇਸ਼ ਵਿੱਚ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕੰਮ ਕੀਤਾ ਹੈ।

### ਮੋਦੀ ਨੇ ਪੰਜਾਬ ਨੂੰ ਕੁਝ ਨਾ ਦਿਤਾ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪੰਜਾਬ ਫੇਰੀ ਪੰਜਾਬੀਆਂ ਨੂੰ ਨਿਰਾਸ਼ਾ ਦੇ ਆਲਮ ਵਿਚ ਹੀ ਨਹੀਂ ਛੱਡ ਗਈ, ਸਗੋਂ ਪੰਜਾਬ ਦੇ ਚਿੰਤਕਾਂ ਨੂੰ ਇਹ ਹੋਰ ਡੂੰਘੀ ਨਿਰਾਸ਼ਾ ਦੀ ਖੱਡ ਵਿਚ ਵੀ ਧੱਕ ਗਈ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਦੇ ਇਲਾਜ ਲਈ ਹੋਮੀ ਭਾਬਾ ਹਸਪਤਾਲ ਦੀ ਸ਼ੁਰੂਆਤ ਸਵਾਗਤਯੋਗ ਹੈ ਤੇ ਇਸ ਨਾਲ ਪੰਜਾਬ, ਹਰਿਆਣਾ, ਹਿਮਾਚਲ ਤੇ ਜੰਮੂ-ਕਸ਼ਮੀਰ ਤੱਕ ਦੇ ਲੋਕਾਂ ਲਈ ਕੈਂਸਰ ਦੇ ਇਲਾਜ ਲਈ ਨਵੀਆਂ ਤਕਨੀਕਾਂ ਜਿਨਾਂ ਵਿਚ ਨਿਊਕਲੀਅਰ ਇਲਾਜ ਤਕਨੀਕਾਂ ਵੀ ਸ਼ਾਮਿਲ ਹਨ, ਹਾਸਲ ਹੋ ਜਾਣਗੀਆਂ। ਪਰ ਕੈਂਸਰ ਹਸਪਤਾਲਾਂ ਦੇ ਨਾਲ-ਨਾਲ ਇਸ ਗੱਲ ਦੀ ਨਿਸ਼ਾਨਦੇਹੀ ਕਰਨੀ ਤੇ ਇਸ ਦਾ ਇਲਾਜ ਕਰਨਾ ਵੀ ਜ਼ਰੂਰੀ ਹੈ ਕਿ ਪੰਜਾਬ ਦੀ ਧਰਤੀ 'ਤੇ ਕੈਂਸਰ ਇੰਜ ਫੈਲ ਕਿਉਂ ਰਿਹਾ ਹੈ ? ਪੰਜਾਬ ਦੀ ਖੇਤੀ, ਪਾਣੀ ,ਹਵਾ ਤੇ ਧਰਤੀ ਜ਼ਹਿਰੀਲੀ ਹੋ ਗਈ ਹੈ। ਇਨ੍ਹਾਂ ਨੂੰ ਸਧਾਰਨ ਤੇ ਸੰਵਾਰਨ ਲਈ ਇਕ ਖਾਸ ਪੈਕੇਜ ਤੇ ਯਤਨਾਂ ਦੀ ਲੋੜ ਹੈ। ਜਾਪਦਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਫਿਰੋਜ਼ਪੁਰ ਵਿਚ ਉਨ੍ਹਾਂ ਦਾ ਰਸਤਾ ਤੇ ਕਾਫਿਲਾ ਰੋਕੇ ਜਾਣ ਤੋਂ ਚੜ੍ਹਿਆ ਗੁੱਸਾ ਅਜੇ ਤੱਕ ਠੰਢਾ ਨਹੀਂ ਹੋਇਆ। ਹਾਲਾਂ ਕਿ ਇਸ ਦੀ ਜਾਂਚ ਰਿਪੋਰਟ ਆ ਗਈ ਹੈ ਤੇ ਇਹ ਸਾਫ਼ ਹੋ ਗਿਆ ਹੈ ਕਿ ਇਸ ਮਾਮਲੇ ਵਿਚ ਕੁਤਾਹੀ ਇਕ ਐਸ.ਐਸ.ਪੀ. ਵਲੋਂ ਕੀਤੀ ਗਈ ਸੀ। ਪਰ ਜੇਕਰ ਇਹ ਵੀ ਮੰਨ ਲਈਏ ਕਿ ਇਸ ਵਿਚ ਕਿਸੇ ਰਾਜਨੀਤੀਵਾਨ ਜਾਂ ਤਤਕਾਲੀ ਮੁੱਖ ਮੰਤਰੀ ਦਾ ਵੀ ਕਸੂਰ ਸੀ ਤਾਂ ਪ੍ਰਧਾਨ ਮੰਤਰੀ ਨੂੰ ਸਾਰੇ ਪੰਜਾਬ ਨੂੰ ਇਸ ਦੀ ਸਜ਼ਾ ਦੇਣੀ ਨਹੀਂ ਸ਼ੋਭਦੀ। ਗੌਰਤਲਬ ਹੈ ਕਿ ਉਸ ਵੇਲੇ ਪ੍ਰਧਾਨ ਮੰਤਰੀ ਦੇ ਵਾਪਸ ਜਾਣ ਤੋਂ ਬਾਅਦ ਵੱਖ-ਵੱਖ ਅਣਅਧਿਕਾਰਤ ਸੂਤਰਾਂ ਵਲੋਂ ਦਾਅਵੇ ਕੀਤੇ ਗਏ ਸਨ ਕਿ ਜੇ ਪ੍ਰਧਾਨ ਮੰਤਰੀ ਦੇ ਕਾਫਲੇ ਨੂੰ ਰੋਕਿਆ ਨਾ ਜਾਂਦਾ ਤਾਂ ਉਨ੍ਹਾਂ ਵਲੋਂ ਪੰਜਾਬ ਲਈ ਕਈ ਵੱਡੇ-ਵੱਡੇ ਐਲਾਨ ਕੀਤੇ ਜਾਣੇ ਸਨ। ਪਰ ਇਸ ਵਾਰ ਤਾਂ ਪੰਜਾਬ ਸਰਕਾਰ ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਪ੍ਰਧਾਨ ਮੰਤਰੀ ਲਈ ਰੈੱਡ ਕਾਰਪੈਟ ਵਿਛਾ ਦਿੱਤਾ। ਸਰਕਾਰੀ ਅਤੇ ਗ਼ੈਰ-ਸਰਕਾਰੀ ਕਿਸੇ ਵੀ ਤਰੀਕੇ ਨਾਲ ਪ੍ਰਧਾਨ ਮੰਤਰੀ ਦੇ ਸਵਾਗਤ ਵਿਚ ਕੋਈ ਕਸਰ ਨਹੀਂ ਛੱਡੀ ਗਈ। ਇਥੋਂ ਤੱਕ ਕਿ ਮੁੱਖ ਮੰਤਰੀ ਨੇ ਤਾਂ ਕੇਂਦਰ ਨਾਲ ਚਲ ਰਹੇ 'ਆਪ' ਦੇ ਟਕਰਾਅ ਦੇ



ਬਾਵਜੂਦ ਹਰ ਤਰਾਂ ਦੇ ਸਹਿਯੋਗ ਦੀ ਗੱਲ ਵੀ ਕੀਤੀ। ਪਰ ਪ੍ਰਧਾਨ ਮੰਤਰੀ ਨੇ ਇਸ ਫੇਰੀ ਦੌਰਾਨ ਪੰਜਾਬ ਨੂੰ ਪੂਰੀ ਤਰਾਂ ਅਣਗੌਲਿਆਂ ਹੀ ਕੀਤਾ ਅਤੇ ਜੋ ਕੁਝ ਉਨ੍ਹਾਂ ਵਲੋਂ ਫਿਰੋਜ਼ਪੁਰ ਫੇਰੀ ਵੇਲੇ ਪੰਜਾਬ ਨੂੰ ਕੇਂਦਰ ਵਲੋਂ ਦਿੱਤੇ ਜਾਣ ਦੀ ਚਰਚਾ ਸੀ, ਵਿਚੋਂ ਵੀ ਪੰਜਾਬ ਨੂੰ ਕੁਝ ਨਹੀਂ ਦਿੱਤਾ। ਪੰਜਾਬ ਦੀਆਂ ਪਰੰਪਰਾਗਤ ਮੰਗਾਂ, ਪੰਜਾਬ ਦੀਆਂ ਮੌਜੂਦਾ ਮੁਸ਼ਕਿਲਾਂ, ਪੰਜਾਬ ਵਿਚ ਨਸ਼ਿਆਂ ਦੀ ਬਹੁਤਾਤ, ਪੰਜਾਬ ਦੇ ਪਾਣੀਆਂ ਦੀ ਸਮੱਸਿਆ ਤੇ ਇਸ ਦੇ ਰੇਗਿਸਤਾਨ ਬਣ ਜਾਣ ਦਾ ਖ਼ਦਸ਼ਾ, ਪੰਜਾਬ ਵਿਚੋਂ ਬਾਹਰ ਨੂੰ ਉਡਾਰੀ ਮਾਰ ਰਹੀ ਜਵਾਨੀ ਤੇ ਤੇਜ਼ ਦਿਮਾਗਾਂ ਦੀ ਰਫ਼ਤਾਰ, ਪੰਜਾਬ ਸਿਰ ਚੜ੍ਹਦਾ ਕਰਜ਼ਾ, ਪੰਜਾਬ ਨੂੰ ਬਚਾਉਣ ਲਈ ਖੇਤੀ, ਉਦਯੋਗ ਤੇ ਹੋਰ ਕੰਮਾਂ ਲਈ ਲੋੜੀਂਦਾ ਆਰਥਿਕ ਪੈਕੇਜ, ਭਾਰਤ-ਪਾਕਿਸਤਾਨ ਸਰਹੱਦ ਰਾਹੀਂ ਵਪਾਰ ਖੋਲਣਾ, ਪ੍ਰਧਾਨ ਮੰਤਰੀ ਨੇ ਕਿਸੇ ਵੀ ਚੀਜ਼ ਦਾ ਇਲਾਜ ਕਰਨਾ ਤਾਂ ਦੂਰ, ਇਨ੍ਹਾਂ ਦੇ ਇਲਾਜ ਲਈ ਸੋਚਣ ਦਾ ਵੀ ਕੋਈ ਜ਼ੁਬਾਨੀ ਭਰੋਸਾ ਤੱਕ ਨਹੀਂ ਦਿੱਤਾ, ਜਿਸ ਨੇ ਪੰਜਾਬੀਆਂ ਦੀ ਨਾ-ਉਮੀਦੀ ਦੀ ਰੰਗਤ ਨੂੰ ਹੋਰ ਗੂੜ੍ਹਾ ਕਰ ਦਿੱਤਾ ਹੈ। ਉਂਜ ਅਸੀਂ ਸਮਝਦੇ ਹਾਂ ਕਿ ਇਸ ਮਾਮਲੇ ਵਿਚ ਪੰਜਾਬ ਸਰਕਾਰ ਦੇ ਸਲਾਹਕਾਰਾਂ ਦੀ ਕਾਬਲੀਅਤ 'ਤੇ ਵੀ ਸਵਾਲ ਉਠਦੇ ਹਨ ਕਿਉਂਕਿ ਜਿੰਨੀ ਵੱਡੀ ਸਹਾਇਤਾ ਦੀ ਲੋੜ ਪੰਜਾਬ ਨੂੰ ਹੈ, ਉਸ ਦੀ ਸਿਰਫ਼ ਮੌਕੇ 'ਤੇ ਮੰਗ ਕਰਨੀ ਜਾਂ ਇਹ ਹਵਾਲਾ ਦੇਣਾ ਹੀ ਕਾਫੀ ਨਹੀਂ ਕਿ ਮੁੱਖ ਮੰਤਰੀ ਨੇ ਪੰਜਾਬ ਦੀਆਂ ਮੰਗਾਂ ਨੀਤੀ ਆਯੋਗ ਦੀ ਮੀਟਿੰਗ ਵਿਚ ਉਠਾਈਆਂ ਸਨ। ਚਾਹੀਦਾ ਤਾਂ ਇਹ ਸੀ ਕਿ ਮੁੱਖ ਮੰਤਰੀ ਦੇ ਸਲਾਹਕਾਰ ਪ੍ਰਧਾਨ ਮੰਤਰੀ ਦੇ ਪੰਜਾਬ ਆਉਣ ਦਾ ਪ੍ਰੋਗਰਾਮ ਬਣਨ ਦੀ ਪਹਿਲੀ ਕਨਸੋਅ ਸੁਣਦਿਆਂ ਹੀ ਮੁੱਖ ਮੰਤਰੀ ਨੂੰ ਸਲਾਹ ਦਿੰਦੇ ਕਿ ਉਹ ਪ੍ਰਧਾਨ ਮੰਤਰੀ ਨਾਲ ਪੰਜਾਬ ਦੌਰੇ ਤੋਂ ਕਈ ਦਿਨ ਪਹਿਲਾਂ ਹੀ ਇਕ ਰਸਮੀ ਮੁਲਾਕਾਤ ਕਰਨ ਜਿਸ ਵਿਚ ਉਹ ਬਾਕਾਇਦਾ ਪੰਜਾਬ ਦੀਆਂ ਮੰਗਾਂ ਤੇ ਜ਼ਰੂਰਤਾਂ ਦੀ ਇਕ ਫਾਈਲ ਤੇ ਮੰਗ ਪੱਤਰ ਬਣਾ ਕੇ ਪ੍ਰਧਾਨ ਮੰਤਰੀ ਨੂੰ ਇਨ੍ਹਾਂ ਬਾਰੇ ਪੰਜਾਬ ਆਉਣ 'ਤੇ ਐਲਾਨ ਕਰਨ ਲਈ ਬੇਨਤੀ ਕਰਦੇ। ਕਿਉਂਕਿ ਵੱਡੇ ਫੈਸਲੇ ਸਟੇਜ 'ਤੇ ਨਹੀਂ ਹੁੰਦੇ, ਉਨ੍ਹਾਂ ਲਈ ਲੰਮੀ ਸੋਚ-ਵਿਚਾਰ ਲਈ ਸਮੇਂ ਦੀ ਵੀ ਲੋੜ ਹੁੰਦੀ ਹੈ ਤੇ ਵਿਸਥਾਰਤ ਚਰਚਾ ਦੀ ਵੀ। ਉਸ ਲਈ ਸਭ ਕੁਝ ਯੋਜਨਾਬੱਧ ਢੰਗ ਨਾਲ ਕਰਨਾ ਜ਼ਰੂਰੀ ਹੁੰਦਾ ਹੈ। ਜੇਕਰ ਪ੍ਰਧਾਨ ਮੰਤਰੀ ਮੁੱਖ ਮੰਤਰੀ ਦੀ ਵਿਧੀਗਤ ਬੇਨਤੀ ਵੱਲ ਵੀ ਧਿਆਨ ਨਾ ਦਿੰਦੇ ਤਾਂ ਉਹ ਇਹ ਸਾਰਾ ਕੁਝ ਪੰਜਾਬੀਆਂ ਦੀ ਕਚਹਿਰੀ ਵਿਚ ਪੇਸ਼ ਕਰਦੇ ਜਿਸ ਨਾਲ ਪ੍ਰਧਾਨ ਮੰਤਰੀ ਅਤੇ ਭਾਜਪਾ ਦੀ ਪੰਜਾਬ ਨੀਤੀ 'ਤੇ ਹੋਰ ਤਿੱਖੇ ਸਵਾਲ ਖੜੇ ਹੋ ਸਕਦੇ ਸਨ। ਇੰਜ ਲਗਦਾ ਹੈ ਨਮੋਦੀ ਸਰਕਾਰ ਨੇ ਪੰਜਾਬ ਨੂੰ ਕੁਝ ਦੇਣਾ ਹੈ ਨਾ ਆਪ ਸਰਕਾਰ ਪੰਜਾਬ ਮੁਦਿਆਂ ਪ੍ਰਤੀ ਸੁਹਿਰਦ ਹੈ।

ਮੁੱਖ ਮੰਤਰੀ ਵਲੋਂ ਪ੍ਰਧਾਨ ਮੰਤਰੀ ਨੂੰ ਖ਼ੁਸ਼ ਕਰਨ ਲਈ ਉਚੇਚੇ ਤੌਰ 'ਤੇ ਬੀ.ਐਸ.ਐਫ. ਨਾਲ ਮਿਲ ਕੇ ਚੱਲਣ ਦੀ ਗੱਲ ਕਹਿਣਾ ਪੰਜਾਬੀਆਂ ਦੀ ਸਮਝ ਤੋਂ ਬਾਹਰ ਹੈ ਕਿਉਂਕਿ ਆਮ ਤੌਰ 'ਤੇ ਪੰਜਾਬੀ ਬੀ.ਐਸ.ਐਫ. ਦੇ ਸਰਹੱਦ ਤੋਂ 50 ਕਿਲੋਮੀਟਰ ਅੰਦਰ ਤੱਕ ਦੇ ਘੇਰੇ ਵਿਚ ਕੰਮ ਕਰਨ ਦੇ ਫ਼ੈਸਲੇ ਨੂੰ ਪੰਜਾਬ ਦੇ ਸੰਘੀ ਢਾਂਚੇ ਦੇ ਹੱਕ ਵਿਚ ਹੋਣ ਦੀ ਸੋਚ ਦੇ ਵਿਰੁੱਧ ਸਮਝਦੇ ਹਨ।

### ਨਿਤਿਸ਼ ਕੁਮਾਰ ਹੋਣਗੇ ਵਿਰੋਧੀ ਦਲਾਂ ਦੇ ਪ੍ਰਧਾਨ ਮੰਤਰੀ ਉਮੀਦਵਾਰ

ਬਿਹਾਰ ਵਿਚ ਆਰ.ਜੇ.ਡੀ.-ਜੇ.ਡੀ. (ਯੂ.) ਸਰਕਾਰ ਬਣਨ ਤੋਂ ਬਾਅਦ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਨੇ ਨਿਤਿਸ਼ ਕੁਮਾਰ ਨੂੰ ਆਪਣੀ ਪਸੰਦ ਦਾ ਪ੍ਰਧਾਨ ਮੰਤਰੀ ਉਮੀਦਵਾਰ ਦੱਸਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਵਿਰੋਧੀ ਦਲ 2024 ਦੀਆਂ ਲੋਕ ਸਭਾ ਚੋਣਾਂ ਲਈ ਨਰਿੰਦਰ ਮੋਦੀ ਖ਼ਿਲਾਫ਼ ਨਿਤੀਸ਼ ਦੀ ਉਮੀਦਵਾਰੀ 'ਤੇ ਵਿਚਾਰ ਕਰਨ ਲਈ ਸਹਿਮਤ ਹੁੰਦੇ ਹਨ ਤਾਂ ਉਹ ਪ੍ਰਧਾਨ ਮੰਤਰੀ ਉਮੀਦਵਾਰ ਬਣ ਸਕਦੇ ਹਨ। ਤੇਜਸਵੀ ਨੇ ਉਨ੍ਹਾਂ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਪਿਛਲੇ 50 ਸਾਲਾਂ ਤੋਂ ਨਿਤਿਸ਼ ਇਕ ਸਮਾਜਿਕ ਅਤੇ ਰਾਜਨੀਤਕ ਆਗੂ ਰਹੇ ਹਨ, ਜਿਨ੍ਹਾਂ ਨੇ ਜੇ.ਪੀ. ਅਤੇ ਮੰਡਲ ਦੋਵਾਂ ਅੰਦੋਲਨਾਂ ਵਿਚ ਭਾਗ ਲਿਆ ਹੈ ਅਤੇ ਉਨ੍ਹਾਂ ਦੇ ਕੋਲ ਸੰਸਦੀ ਅਤੇ ਪ੍ਰਸ਼ਾਸਨਿਕ ਕੰਮਾਂ ਦਾ 37 ਸਾਲਾਂ ਤੋਂ ਜ਼ਿਆਦਾ ਦਾ ਤਜਰਬਾ ਹੈ। ਉਹ ਜ਼ਮੀਨੀ ਪੱਧਰ 'ਤੇ ਲੋਕਾਂ ਵਿਚ ਅਤੇ ਆਪਣੇ ਸਾਥੀਆਂ ਦਰਮਿਆਨ ਬਹੁਤ ਹਰਮਨ ਪਿਆਰੇ ਹਨ। ਜੇ.ਡੀ. (ਯੂ.) ਨੇਤਾ ਉਪੇਂਦਰ ਕੁਸ਼ਵਾਹਾ ਨੇ ਇਸ ਗੱਲ 'ਤੇ ਆਪਣੀ ਸਹਿਮਤੀ ਦਿੰਦਿਆਂ ਕਿਹਾ ਕਿ ਨਿਤਿਸ਼ ਜੀ ਤੁਸੀਂ ਅੱਗੇ ਵਧੋ, ਦੇਸ਼ ਤੁਹਾਡੀ ਉਡੀਕ ਕਰ ਰਿਹਾ ਹੈ। ਦੂਜੇ ਪਾਸੇ ਬਿਹਾਰ ਦੇ ਮੁੱਖ ਮੰਤਰੀ ਦੇ ਕਰੀਬੀ ਸਹਿਯੋਗੀ ਲਲਨ ਸਿੰਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਅਹੁਦੇ ਦਾ ਉਮੀਦਵਾਰ ਕੌਣ ਹੋਵੇਗਾ, ਇਸ 'ਤੇ ਵਿਵਾਦ ਦੀ ਬਜਾਏ ਵਿਰੋਧੀ ਏਕਤਾ 'ਤੇ ਧਿਆਨ ਦੇਣਾ ਮਹੱਤਵਪੂਰਨ ਹੈ। ਨਿਤਿਸ਼ ਕੁਮਾਰ ਦੇ ਭਾਜਪਾ ਨਾਲੋਂ ਨਾਤਾ ਟੁੱਟਣ ਅਤੇ ਵਿਰੋਧੀ ਧਿਰ ਵਿਚ ਵਾਪਸੀ ਨਾਲ 2024 ਦੀਆਂ ਆਮ ਚੋਣਾਂ ਲਈ ਸਹਿਮਤੀ ਵਾਲੇ ਉਮੀਦਵਾਰ ਵਜੋਂ ਉਨ੍ਹਾਂ ਬਾਰੇ ਚਰਚਾ ਮੁੜ ਸ਼ੁਰੂ ਹੋ ਗਈ ਹੈ। ਹਾਲਾਂਕਿ ਇਹ ਯੂ.ਪੀ.ਏ. ਅਤੇ ਵੱਖ-ਵੱਖ ਖੇਤਰੀ ਦਲਾਂ 'ਤੇ ਨਿਰਭਰ ਕਰਦਾ ਹੈ ਕਿ ਉਹ ਨਿਤਿਸ਼ ਕੁਮਾਰ ਨੂੰ ਸਮਰਥਨ ਦੇਣਗੇ ਜਾਂ ਨਹੀਂ।

### ਕੈਨੇਡਾ ਵਿਚ ਸਾਲ ਦੇ ਅਖ਼ੀਰ ਤੱਕ 4 ਲੱਖ ਤੋਂ ਵਧੇਰੇ ਪ੍ਰਵਾਸੀ ਹੋਣਗੇ ਪੱਕੇ

ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਸੀਨ ਫਰੇਜ਼ਰ ਨੇ ਦੱਸਿਆ ਕਿ ਇਸ ਸਾਲ ਦੇ ਅਖੀਰ ਤੱਕ 4,31,000 ਪ੍ਰਵਾਸੀਆਂ ਨੂੰ ਦੇਸ਼ 'ਚ ਪੱਕੇ ਤੌਰ 'ਤੇ ਮੌਕਾ ਦੇਣ ਦਾ ਟੀਚਾ ਪੂਰਾ ਕੀਤਾ ਜਾਵੇਗਾ। ਉਨ੍ਹਾਂ ਨੇ ਅੱਗੇ ਕਿਹਾ ਕਿ 1 ਜਨਵਰੀ ਤੋਂ 31 ਜੁਲਾਈ 2022 ਤੱਕ 275000 ਤੋਂ ਵੱਧ ਪ੍ਰਵਾਸੀਆਂ ਨੂੰ ਪੱਕੇ ਕੀਤਾ ਜਾ ਚੁੱਕਾ ਹੈ। ਇਸ ਸਮੇਂ ਕੈਨੇਡਾ 'ਚ ਜਾਣ ਲਈ ਲਗਭਗ 28 ਲੱਖ ਲੋਕ ਅਪਲਾਈ ਕਰਕੇ ਕੈਨੇਡੀਅਨ ਵੀਜ਼ਾ ਅਧਿਕਾਰੀਆਂ ਦੇ ਫ਼ੈਸਲੇ ਦੀ ਉਡੀਕ ਰਹੇ ਹਨ। ਇਮੀਗ੍ਰੇਸ਼ਨ ਮੰਤਰੀ ਫਰੇਜ਼ਰ ਨੇ ਦੱਸਿਆ ਕਿ ਵੀਜ਼ਾ, ਵਰਕ ਪਰਮਿਟ, ਪੱਕੀ ਇਮੀਗ੍ਰੇਸ਼ਨ ਅਤੇ ਨਾਗਰਿਕਤਾ ਦੀਆਂ ਅਰਜ਼ੀਆਂ ਦਾ ਨਿਪਟਾਰਾ ਮਿਥੇ ਹੋਏ ਮਿਆਰਾਂ ਦੇ ਅਨੁਕੂਲ ਕਰਨ ਲਈ 1250 ਮੁਲਾਜ਼ਮਾਂ ਦੀ ਨਵੀਂ ਭਰਤੀ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਐਕਸਪ੍ਰੈਸ ਐਂਟਰੀ 'ਚੋਂ ਡਰਾਅ ਲਗਾਤਾਰ ਕੱਢੇ ਜਾ ਰਹੇ ਹਨ ਅਤੇ ਜਿਨ੍ਹਾਂ ਉਮੀਦਵਾਰਾਂ ਨੂੰ ਪੱਕੀ ਇਮੀਗ੍ਰੇਸ਼ਨ ਅਪਲਾਈ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ, ਉਨ੍ਹਾਂ ਦੀਆਂ ਅਰਜ਼ੀਆਂ ਦਾ ਫ਼ੈਸਲਾ 6 ਮਹੀਨਿਆਂ 'ਚ ਕਰਨ ਦਾ ਟੀਚਾ ਹੈ, ਜਿਸ ਨੂੰ ਅਗਲੇ ਸਾਲ ਦੇ ਸ਼ੁਰੂ 'ਚ ਪੂਰਾ ਕਰ ਲਿਆ ਜਾਵੇਗਾ। ਇਹ ਵੀ ਕਿ ਵਿਆਹੁਤਾ ਪ੍ਰਵਾਸੀ (ਪਤੀ ਜਾਂ ਪਤਨੀ) ਦਾ ਇਮੀਗ੍ਰੇਸ਼ਨ ਕੇਸ 1 ਸਾਲ ਵਿਚ ਨਿਪਟਾ ਦੇਣ ਦਾ ਟੀਚਾ ਹੈ। ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰਾਲੇ ਵਲੋਂ ਬੀਤੇ ਸਾਲ ਦੌਰਾਨ ਲਗਭਗ ਦੋ ਲੱਖ ਵਰਕ ਪਰਮਿਟ ਜਾਰੀ ਕੀਤੇ ਗਏ ਸਨ ਪਰ ਇਸ ਸਾਲ 'ਚ ਜੁਲਾਈ ਤੱਕ 3,50,000 ਦੇ ਕਰੀਬ ਵਰਕ ਪਰਮਿਟ (2,20,000 ਓਪਨ ਵਰਕ ਪਰਮਿਟਾਂ ਸਮੇਤ) ਮਨਜ਼ੂਰ ਕੀਤੇ ਜਾ ਚੁੱਕੇ ਹਨ। ਦੇਸ਼ ਵਿਚ ਕਾਮਿਆਂ ਦੀ ਘਾਟ ਕਾਰਨ ਸਾਬਕਾ ਵਿਦੇਸ਼ੀ ਵਿਦਿਆਰਥੀਆਂ ਅਤੇ ਵਰਕਰਾਂ ਨੂੰ ਕੰਮ ਕਰਨ ਦਾ ਮੌਕਾ ਮਿਲਣਾ ਜਾਰੀ ਹੈ।ਅੰਕੜਿਆਂ ਮੁਤਾਬਿਕ ਕੈਨੇਡਾ ਵਲੋਂ ਰੋਜ਼ਾਨਾ ਲਗਭਗ 1700 ਵਰਕ ਪਰਮਿਟ ਮਨਜ਼ੂਰ ਕੀਤੇ ਜਾ ਰਹੇ ਹਨ। 2022 ਦੇ ਬੀਤੇ ਮਹੀਨਿਆਂ ਦੌਰਾਨ 3,60,000 ਤੋਂ ਵੱਧ ਸਟੱਡੀ ਪਰਮਿਟ ਜਾਰੀ ਕੀਤੇ ਗਏ ਹਨ ਪਰ ਭਾਰਤੀ ਵਿਦਿਆਰਥੀਆਂ ਨੂੰ ਬੀਤੇ ਸਾਲਾਂ ਦੇ ਮੁਕਾਬਲੇ ਇਸ ਸਾਲ ਵਿਚ ਸਟੱਡੀ ਪਰਮਿਟ ਤੋਂ ਇਨਕਾਰ ਵੱਧ ਕੀਤੇ ਜਾਣ ਦੀਆਂ ਖ਼ਬਰਾਂ ਪ੍ਰਾਪਤ ਹੋ ਰਹੀਆਂ ਹਨ। ਇਸੇ ਦੌਰਾਨ ਵਿਦੇਸ਼ਾਂ ਤੋਂ ਕੈਨੇਡਾ ਵਿਚ ਟੂਰਿਸਟ ਵੀਜ਼ਾ ਨਾਲ ਪੁੱਜ ਰਹੇ ਵਿਦੇਸ਼ੀਆਂ ਨੂੰ ਵਰਕ ਪਰਮਿਟ ਲੈ ਕੇ ਕੰਮ ਕਰਨ ਦਾ ਮੌਕਾ ਦਿੱਤਾ ਜਾ ਰਿਹਾ ਹੈ ਅਤੇ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਇਸ ਪ੍ਰੋਗਰਾਮ ਨੂੰ ਫਰਵਰੀ 2023 ਤੱਕ ਜਾਰੀ ਰੱਖਣ ਦਾ ਐਲਾਨ ਕੀਤਾ ਹੈ।

# ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਪਛਾਣਨ ਵਾਲੇ ਓਐੱਸਡੀ ਦਵਿੰਦਰ ਸਿੰਘ ਸਰੋਆ ਨੇ ਘਟਨਾ ਬਾਰੇ ਵੇਰਵੇ ਦਿੱਤੇ

## ਭਾਈ ਹਵਾਰਾ ਨੇ ਕਿਹਾ ਕਿ ਬੇਅੰਤ ਸਿੰਘ ਬੁੱਚੜ ਬੇਗੁਨਾਹਾਂ ਦੀ ਨਸਲਕੁਸ਼ੀ ਦਾ ਜ਼ਿੰਮੇਵਾਰ ਸੀ

'ਲਾਸ਼ ਪਛਾਣਨੀ ਬੜੀ ਮੁਸ਼ਕਲ ਸੀ, ਮੈਂ ਉਨਾਂ ਦੇ ਕੜੇ ਨੂੰ ਹਜ਼ਾਰਾਂ ਵਾਰ ਦੇਖਿਆ ਸੀ। ਉਹ ਉਸ ਹੱਥ ਨਾਲ ਫਾਈਲਾਂ 'ਤੇ ਦਸਤਖ਼ਤ ਕਰਦੇ ਸੀ।'

ਇਹ ਸ਼ਬਦ 31 ਅਗਸਤ 1995 ਨੂੰ ਬੰਬ ਧਮਾਕੇ ਵਿਚ ਮਾਰੇ ਗਏ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਓਐੱਸਡੀ ਦਵਿੰਦਰ ਸਿੰਘ ਸਰੋਆ ਦੇ ਹਨ, ਜੋ ਉਨਾਂ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਸਾਂਝੇ ਕੀਤੇ।

ਸਰੋਆ ਅਨੁਸਾਰ 'ਲਾਸ਼ ਦੀ ਪਛਾਣ ਕਰਨ ਤੋਂ ਬਾਅਦ, ਮੈਂ ਸਾਡੇ ਪ੍ਰਮੁੱਖ ਸਕੱਤਰ ਜਿਵਤੇਜ ਸਿੰਘ ਮੈਣੀ ਕੋਲ ਗਿਆ। ਉੱਥੇ ਬੇਅੰਤ ਸਿੰਘ ਤੋਂ ਬਾਅਦ ਮੁੱਖ ਮੰਤਰੀ ਬਣਨ ਵਾਲੇ ਹਰਚਰਨ ਸਿੰਘ ਬਰਾੜ ਵੀ ਉਨਾਂ ਦੇ ਨਾਲ ਖੜੇ ਸੀ।ਮੈਂ ਉਨਾਂ ਨੂੰ ਦੱਸਿਆ ਕਿ ਮੈਂ ਲਾਸ਼ ਦੀ ਪਛਾਣ ਕਰ ਲਈ ਹੈ ਅਤੇ ਮੁੱਖ ਮੰਤਰੀ ਬੇਅੰਤ ਸਿੰਘ ਨਹੀਂ ਰਹੇ।'

ਧਮਾਕੇ ਵਿਚ ਕੁੱਲ 17 ਲੋਕ ਮਾਰੇ ਗਏ

ਸਿਵਲ ਸਕੱਤਰੇਤ ਵਿਚ ਅੱਜ ਵੀ ਉਸ ਦਲਾਨ ਦੇ ਅੰਦਰ ਅਤੇ ਆਲੇ-ਦੁਆਲੇ ਦੀ ਆਵਾਜਾਈ 'ਤੇ ਪਾਬੰਦੀ ਹੈ, ਜਿੱਥੇ ਮੁੱਖ ਮੰਤਰੀ ਦੀ ਅੰਬੈਸਡਰ ਕਾਰ ਵਿਚ ਧਮਾਕਾ ਹੋਇਆ ਸੀ।ਦਵਿੰਦਰ ਸਰੋਆ ਨੇ ਦੱਸਿਆ, ਉਸ ਦਿਨ ਸਾਡਾ ਵਿਚਾਰ ਇਹ ਸੀ ਕਿ ਅਸੀਂ ਫਾਈਲਾਂ ਕਲੀਅਰ ਕਰਨ ਲਈ ਚੰਡੀਗੜ ਦੇ ਯੂ.ਟੀ. ਗੈੱਸਟ ਹਾਊਸ ਜਾਵਾਂਗੇ। ਮੈਂ ਵੀ ਉੱਥੇ ਜਾਣਾ ਸੀ। ਸੀਐੱਮ ਸਾਬ ਸ਼ਾਮ 5 ਵਜੇ ਦੇ ਕਰੀਬ ਦਫ਼ਤਰ ਤੋਂ ਚਲੇ ਗਏ। ਕਰੀਬ ਪੰਜ ਮਿੰਟਾਂ ਵਿਚ ਧਮਾਕੇ ਨੇ ਸਕੱਤਰੇਤ ਦੀ ਇਮਾਰਤ ਨੂੰ ਹਿਲਾ ਕੇ ਰੱਖ ਦਿੱਤਾ। ਫਾਅਲ ਸੀਲਿੰਗ ਹੇਠਾਂ ਆ ਰਹੀ ਸੀ।

ਸਰੋਆ ਮੁਤਾਬਕ, 'ਉਸ ਦਿਨ ਲਗਭਗ 2600 ਲੋਕ ਮੁੱਖ ਮੰਤਰੀ ਨੂੰ ਮਿਲੇ ਸਨ। ਉਸ ਦਿਨ ਉਨਾਂ ਨੂੰ ਹਲਕਾ ਬੁਖ਼ਾਰ ਵੀ ਸੀ।ਦੁਪਹਿਰ ਨੂੰ ਅਸੀਂ ਸਕੱਤਰੇਤ ਪਹੁੰਚ ਗਏ ਸੀ। ਕਲੀਅਰ ਕਰਨ ਲਈ ਬਹੁਤ ਸਾਰੀਆਂ ਫਾਈਲਾਂ ਸਨ। ਸਾਨੂੰ ਪਤਾ ਹੀ ਨਹੀਂ ਲੱਗਾ ਕਿ ਕਦੋਂ 5 ਵੱਜ ਗਏ। ਅਸੀਂ ਯੂ.ਟੀ. ਗੈੱਸਟ ਹਾਊਸ ਜਾਣਾ ਸੀ। ਫਾਈਲ ਦਾ ਕੰਮ ਸਾਡੇ ਤਿੰਨ ਅਫ਼ਸਰਾਂ ਵਿੱਚ ਵੰਡਿਆ ਗਿਆ ਸੀ। ਮੈਂ ਸੋਚਿਆ ਕਿ ਮੇਰੀ ਵਾਰੀ ਆਉਣ ਵਿਚ ਅੱਧਾ ਘੰਟਾ ਲੱਗੇਗਾ ਤੇ ਮੈਂ ਬਾਅਦ ਵਿਚ ਆਪਣੀ ਗੱਡੀ ਵਿਚ ਚਲੇ ਜਾਵਾਂਗਾ।'

ਇਸਤਗਾਸਾ ਪੱਖ ਅਨੁਸਾਰ, ਮੁੱਖ ਮੰਤਰੀ ਦੇ ਸੁਰੱਖਿਆ ਇੰਚਾਰਜ ਡੀਕੇ ਤ੍ਰਿਪਾਠੀ ਵੀ ਧਮਾਕੇ ਵਿੱਚ ਜ਼ਖਮੀ ਹੋਏ ਸੀ।

ਉਨਾਂ ਦੱਸਿਆ ਕਿ 31 ਅਗਸਤ ਨੂੰ ਸ਼ਾਮ 5:05 ਵਜੇ ਉਨਾਂ ਨੇ ਮੁੱਖ ਮੰਤਰੀ ਦੇ ਕਾਫ਼ਲੇ ਨੂੰ ਤਿਆਰ ਰਹਿਣ ਲਈ ਕਿਹਾ ਗਿਆ ਸੀ। ਮੁੱਖ ਮੰਤਰੀ ਲਿਫ਼ਟ ਰਾਹੀਂ ਗਰਾਊਡ ਫਲੋਰ 'ਤੇ ਆਏ। ਲਿਫ਼ਟ ਦੇ ਗੇਟ ਖੁੱਲਣ 'ਤੇ ਵਿਧਾਇਕ ਬਲਦੇਵ ਸਿੰਘ ਮੁੱਖ ਮੰਤਰੀ ਨੂੰ ਮਿਲੇ।

ਵਿਧਾਇਕ ਬਲਦੇਵ ਸਿੰਘ ਇਸ ਬੰਬ ਧਮਾਕੇ ਦੌਰਾਨ ਪੂਰੀ ਤਰਾਂ ਝੁਲਸ ਗਏ ਸਨ, ਉਨਾਂ ਦੇ ਸਾਰੇ ਕੱਪੜੇ ਸੜ ਗਏ ਸਨ, ਮੈਂ ਉਨਾਂ ਨੂੰ ਉਨਾਂ ਦੀ ਅਵਾਜ਼ ਤੋਂ ਪਛਾਣਿਆ ਸੀ।

ਇਸ ਹਮਲੇ ਤੋਂ 10 ਦਿਨਾਂ ਬਾਅਦ ਵਿਧਾਇਕ ਬਲਦੇਵ ਸਿੰਘ ਦੀ ਮੌਤ ਹੋ ਗਈ ਸੀ।

ਫੇਰ ਉਹ ਸਾਰੇ ਮੁੱਖ ਮੰਤਰੀ ਦੀ ਕਾਰ ਵੱਲ ਚੱਲ ਪਏ। ਇੱਕ ਡਾ. ਅਨਿਲ ਦੁੱਗਲ ਮੁੱਖ ਮੰਤਰੀ ਨਾਲ ਗੱਲ ਕਰਨਾ ਚਾਹੁੰਦੇ ਸਨ। ਇਸ ਲਈ ਐੱਸਪੀ ਡੀਆਰ ਤ੍ਰਿਪਾਠੀ ਇੱਕ ਪਾਸੇ ਹੋ ਗਏ ਸਨ। ਉਸ ਨੇ ਇੱਕ ਅਫ਼ਸਰ ਏਐੱਸਆਈ ਨੂੰ ਮੁੱਖ ਮੰਤਰੀ ਦੀ ਕਾਰ ਦਾ ਦਰਵਾਜ਼ਾ ਬੰਦ ਕਰਨ ਲਈ ਕਿਹਾ। ਡੀਕੇ ਤ੍ਰਿਪਾਠੀ ਕਾਰ ਵਿਚ ਬੈਠਣ ਲਈ ਅਜੇ ਕਾਰ ਕੋਲ ਪਹੁੰਚੇ ਹੀ ਸਨ ਕਿ ਉਨਾਂ ਨੇ ਜ਼ੋਰਦਾਰ ਧਮਾਕੇ ਦੀ ਆਵਾਜ਼ ਸੁਣੀ।

ਮੁੱਖ ਮੰਤਰੀ ਦੀ ਸੁਰੱਖਿਆ 'ਚ ਤਾਇਨਾਤ ਇੱਕ ਹੋਰ ਵਿਅਕਤੀ ਹਰਕੇਸ਼ ਸਿੰਘ ਨੇ ਦੱਸਿਆ ਕਿ ਉਸ ਨੇ ਪੁਲਿਸ ਦੀ ਵਰਦੀ ਵਿਚ ਇੱਕ ਵਿਅਕਤੀ ਨੂੰ ਬੇਅੰਤ ਸਿੰਘ ਵੱਲ ਆਉਂਦੇ ਦੇਖਿਆ ਤੇ ਫੇਰ ਇੱਕ ਵੱਡਾ ਧਮਾਕਾ ਹੋਇਆ। ਮੁੱਖ ਮੰਤਰੀ ਦੀ ਕਾਰ ਵੱਲ ਆਉਣ ਵਾਲਾ ਵਿਅਕਤੀ ਇੱਕ ਨੌਜਵਾਨ ਸੀ। ਉਹ ਮਨੁੱਖੀ ਬੰਬ ਦਿਲਾਵਰ ਸਿੰਘ ਸੀ।

ਇੱਕ ਦੋਸ਼ੀ ਬਲਵੰਤ ਸਿੰਘ ਨੇ ਆਪਣੇ ਬਿਆਨ ਵਿੱਚ ਦੱਸਿਆ ਕਿ ਉਸ ਦਿਨ ਉਹ ਦਿਲਾਵਰ ਸਿੰਘ ਦੇ ਨਾਲ ਦੁਪਹਿਰ 2 ਵਜੇ ਤੋਂ ਤਤਕਾਲੀ ਮੁੱਖ ਮੰਤਰੀ ਦੇ ਹੇਠਾਂ ਆਉਣ ਦੀ ਉਡੀਕ ਕਰ ਰਿਹਾ ਸੀ। ਬਚਾਅ ਪੱਖ ਦੇ ਵਕੀਲ ਅਮਰ ਸਿੰਘ ਚਾਹਲ ਨੇ ਕਿਹਾ ਕਿ ਜੋ ਸੀਬੀਆਈ ਵੱਲੋਂ ਸਬੂਤ ਪੇਸ਼ ਕੀਤੇ ਗਏ ਉਸ ਮੁਤਾਬਕ ਇਸ ਘਟਨਾ ਪਿੱਛੇ ਬੱਬਰ ਖ਼ਾਲਸਾ ਸੀ ।

ਇੱਕ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਨੇ ਕਿਹਾ ਸੀ, ਅਸੀਂ ਬੇਅੰਤ ਸਿੰਘ ਨੂੰ ਮਾਰਿਆ ਹੈ। ਹੋਰ ਵੀ ਕਈਆਂ ਨੇ ਕਿਹਾ ਕਿ ਬੇਅੰਤ ਸਿੰਘ ਨੂੰ ਇਸ ਲਈ ਨਹੀਂ ਮਾਰਿਆ ਸੀ ਕਿਉਂਕਿ ਉਹ ਸਾਡਾ ਦੁਸ਼ਮਣ ਸੀ। ਉਹ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਦੇ ਸੀ। ਉਨਾਂ ਦਾ ਕਹਿਣਾ ਸੀ ਕਿ ਇਹ ਕੋਈ ਕਾਨੂੰਨ ਨਹੀਂ ਹੈ ਕਿ ਲੋਕਾਂ ਨੂੰ ਘਰਾਂ ਵਿਚੋਂ ਕੱਢ ਕੇ ਮਾਰਿਆ ਜਾਵੇ ਤੇ ਅਸੀਂ ਉਸ ਨੂੰ ਸਿੱਖ ਮਰਿਆਦਾ ਅਨੁਸਾਰ ਮਾਰਿਆ ਹੈ।

ਉਨਾਂ ਨੇ ਕਿਹਾ ਕਿ ਗੁਰਮੀਤ ਸਿੰਘ, ਲਖਵਿੰਦਰ ਸਿੰਘ, ਸ਼ਮਸ਼ੇਰ ਸਿੰਘ, ਜਗਤਾਰ ਸਿੰਘ ਤਾਰਾ, ਜਗਤਾਰ ਸਿੰਘ ਹਵਾਰਾ, ਬਲਵੰਤ ਸਿੰਘ ਰਾਜੋਆਣਾ, ਇਨਾਂ ਸਾਰਿਆਂ ਖ਼ਿਲਾਫ਼ ਕੇਸ ਅਦਾਲਤ ਵਿੱਚ ਚੱਲੇ। ਭਾਈ ਜਗਤਾਰ ਸਿੰਘ ਹਵਾਰਾ ਨੇ ਕਿਹਾ ਕਿ ਬੇਅੰਤ ਸਿੰਘ ਬੁਚੜ ਸੀ ਤੇ ਸਿਖ ਨਸਲਕੁਸ਼ੀ ਦਾ ਜ਼ਿੰਮੇਵਾਰ ਸੀ। ਉਸ ਨੇ ਮਨੁੱਖੀ ਹੱਕਾਂ ਦਾ ਘਾਣ ਕੀਤਾ। ਦੋ ਵਿਅਕਤੀਆਂ ਨੂੰ ਬਰੀ ਕਰ ਦਿੱਤਾ ਗਿਆ। ਦੋ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਜਦਕਿ ਬਾਕੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ।

ਜਗਤਾਰ ਸਿੰਘ ਤਾਰਾ ਦੀ ਮੌਤ ਦੀ ਸਜ਼ਾ ਨੂੰ ਬਾਅਦ ਵਿੱਚ ਉਮਰ ਕੈਦ ਵਿਚ ਤਬਦੀਲ ਕੀਤਾ ਗਿਆ ਸੀ। ਉਨਾਂ ਨੇ ਅੱਗੇ ਕਿਹਾ ਕਿ ਫਿਰ ਮਾਮਲਾ ਹਾਈ ਕੋਰਟ ਵਿਚ ਚਲਾ ਗਿਆ ਜਿਸ ਨੇ ਜਗਤਾਰ ਸਿੰਘ ਹਵਾਰਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ। ਕੁਝ ਅਪੀਲਾਂ ਅਜੇ ਵੀ ਸੁਪਰੀਮ ਕੋਰਟ ਵਿੱਚ ਪੈਂਡਿੰਗ ਹਨ।

ਇਹ ਮਾਮਲਾ ਹਾਲ ਹੀ ਵਿੱਚ ਉਦੋਂ ਸੁਰਖ਼ੀਆਂ ਵਿੱਚ ਆਇਆ ਸੀ ਜਦੋਂ ਸੁਪਰੀਮ ਕੋਰਟ ਨੇ ਕੇਂਦਰ ਨੂੰ 1995 ਵਿੱਚ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਮਾਮਲੇ ਵਿੱਚ ਬਲਵੰਤ ਸਿੰਘ ਰਾਜੋਆਣਾ ਦੀ ਇਸ ਪਟੀਸ਼ਨ ਉੱਤੇ ਦੋ ਮਹੀਨਿਆਂ ਵਿੱਚ ਫ਼ੈਸਲਾ ਕਰਨ ਦਾ ਹੁਕਮ ਦਿੱਤਾ ਸੀ ਕਿ ਉਨਾਂ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲ ਦਿੱਤਾ ਜਾਵੇ।

ਅਦਾਲਤ ਨੇ ਕਿਹਾ ਕਿ ਕੇਸ ਦੇ ਦੂਜੇ ਸਹਿ-ਦੋਸ਼ੀਆਂ ਦੀਆਂ ਅਪੀਲਾਂ ਦਾ ਸੁਪਰੀਮ ਕੋਰਟ ਵਿੱਚ ਲੰਬਿਤ ਹੋਣਾ ਰਾਜੋਆਣਾ ਦੀ ਪਟੀਸ਼ਨ ਦਾ ਫ਼ੈਸਲਾ ਕਰਨ ਵਿੱਚ ਅਧਿਕਾਰੀਆਂ ਦੇ ਰਾਹ ਵਿੱਚ ਨਹੀਂ ਆਵੇਗਾ।

ਅਦਾਲਤ ਰਾਜੋਆਣਾ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਦੀ ਮੰਗ ਕਰਨ ਵਾਲੀ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਹੈ ਕਿਉਂਕਿ ਉਹ 26 ਸਾਲਾਂ ਤੋਂ ਜੇਲ ਵਿਚ ਹੈ।

## ਕੌਣ ਸਨ ਦਿਲਾਵਰ ਸਿੰਘ ? ਦਰਬਾਰ ਸਾਹਿਬ ਦੇ ਸਿੱਖ ਮਿਊਜ਼ੀਅਮ 'ਚ ਕਿਉਂ ਲੱਗੀ ਫੋਟੋ ?



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕਾਫੀ ਸਮਾਂ ਪਹਿਲਾਂ ਭਾਈ ਦਿਲਾਵਰ ਸਿੰਘ ਦੀ ਫੋਟੋ ਦਰਬਾਰ ਸਾਹਿਬ ਦੇ ਕੰਪਲੈਕਸ ਵਿੱਚ ਬਣੇ ਕੇਂਦਰੀ ਸਿੱਖ ਮਿਊਜ਼ੀਅਮ ਦੇ ਵਿਚ ਲਗਾਈ ਜਾ ਚੁਕੀ ਹੈ। ਦਿਲਾਵਰ ਸਿੰਘ ਪੰਜਾਬ ਪੁਲੀਸ ਦੇ ਮੁਲਾਜ਼ਮ ਸਨ ਜਿਨਾਂ ਨੇ ਆਪਣੀ ਕਮਰ ਦੇ ਦੁਆਲੇ ਧਮਾਕਾ ਖੇਜ ਸਮੱਗਰੀ ਬੰਨ ਕੇ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਸਿਵਲ ਸਕੱਤਰੇਤ ਵਿਖੇ ਮਾਰਿਆ ਸੀ। ਇਹ ਕੰਮ ਉਨਾਂ ਨੇ 31 ਅਗਸਤ, 1995 ਨੂੰ ਕੀਤਾ ਸੀ।

ਦਿਲਾਵਰ ਸਿੰਘ ਪੰਜਾਬ ਪੁਲਿਸ ਦੇ ਉਨਾਂ ਤਿੰਨ ਕਾਂਸਟੇਬਲਾਂ ਵਿੱਚੋਂ ਇੱਕ ਸੀ ਜੋ ਉਸ ਸਮੇਂ ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ ਨਾਲ ਜੁੜ ਗਿਆ ਅਤੇ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਨੂੰ ਮਾਰਨ ਦਾ ਪਲੈਨ ਬਣਾਇਆ। ਦਿਲਾਵਰ ਸਿੰਘ ਨੇ ਬਲਵੰਤ ਸਿੰਘ ਰਾਜੋਆਣਾ, ਜਗਤਾਰ ਸਿੰਘ ਹਵਾਰਾ ਅਤੇ ਲਖਵਿੰਦਰ ਸਿੰਘ ਆਦਿ ਨਾਲ ਰਲ ਕੇ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਨਿਰਦੇਸ਼ਾਂ ਉੱਤੇ ਬੇਅੰਤ ਸਿੰਘ ਦਾ ਕਤਲ ਕੀਤਾ ਸੀ।

ਅਕਾਲ ਤਖ਼ਤ ਸਾਹਿਬ ਵੱਲੋਂ ਦਿਲਾਵਰ ਸਿੰਘ ਨੂੰ 23 ਮਾਰਚ 2012 ਨੂੰ ਕੌਮੀ ਸ਼ਹੀਦ ਐਲਾਨਿਆ ਗਿਆ ਸੀ। ਜਦਕਿ ਇਸੇ ਦਿਨ ਬਲਵੰਤ ਸਿੰਘ ਰਾਜੋਆਣਾ ਨੂੰ ਵੀ ਜ਼ਿੰਦਾ ਸ਼ਹੀਦ ਐਲਾਨਿਆ ਗਿਆ ਸੀ। ਉਸ ਸਮੇਂ ਇਸ ਐਲਾਨ ਦਾ ਮੁੱਖ ਮੰਤਵ ਇਹ ਵੀ ਸੀ ਕਿ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਮੁਆਫ਼ ਕਰਵਾਇਆ ਜਾ ਸਕੇ ਜੋ ਕਿ 31 ਮਾਰਚ 2012 ਨੂੰ ਰਾਜੋਆਣਾ ਨੂੰ ਦਿੱਤੀ ਜਾਣੀ ਸੀ। ਇਸ ਫਾਂਸੀ ਦੀ ਸਜ਼ਾ ਦੇ ਖ਼ਿਲਾਫ਼ ਪੂਰੇ ਸੂਬੇ ਦੇ ਵਿੱਚ ਰੋਸ ਪ੍ਰਦਰਸ਼ਨ ਵੀ ਹੋਇਆ ਸੀ ਜਿਸ ਤੋਂ ਬਾਅਦ ਉਨਾਂ ਦੀ ਫਾਂਸੀ ਦੀ ਸਜ਼ਾ ਤੇ ਇੱਕ ਵਾਰ ਲਈ ਰੋਕ ਲਗਾ ਦਿੱਤੀ ਸੀ। ਹਾਲੇ ਵੀ ਇਸ ਸਜ਼ਾ ਦੇ ਉੱਤੇ ਕੋਈ ਫੈਸਲਾ ਨਹੀਂ ਆਇਆ।ਦਿਲਾਵਰ ਸਿੰਘ ਦੀ ਫੋਟੋ ਲਗਾਉਣ ਵੇਲੇ ਉਨਾਂ ਦੇ ਭਰਾ ਚਮਕੌਰ ਸਿੰਘ ਨੂੰ ਉਚੇਚੇ ਤੌਰ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਬੁਲਾਇਆ ਗਿਆ ਸੀ। ਹੁਣ ਦਿਲਾਵਰ ਸਿੰਘ ਦਾ ਪਰਿਵਾਰ ਅਤੇ ਮਾਤਾ ਪਿਤਾ ਕੈਨੇਡਾ ਵਿਖੇ ਹੀ ਰਹਿੰਦੇ ਹਨ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦਾ ਕਹਿਣਾ ਹੈ ਕਿ ਸ਼ਹੀਦ ਭਾਈ ਦਿਲਾਵਰ ਸਿੰਘ ਨੇ ਬੇਅੰਤ ਸਿੰਘ ਵੱਲੋਂ ਕੀਤੀ ਜਾ ਰਹੀ ਮਾਨਵੀ ਅਧਿਕਾਰਾਂ ਦੀ ਉਲੰਘਣਾ ਨੂੰ ਖ਼ਤਮ ਕਰਵਾਇਆ। ਉਨਾਂ ਕਿਹਾ ਕਿ ਬੇਅੰਤ ਸਿੰਘ ਵੱਲੋਂ ਬਹੁਤ ਸਾਰੇ ਨਿਰਦੋਸ਼ ਸਿੱਖਾਂ ਨੂੰ ਮਰਵਾਇਆ ਜਾ ਰਿਹਾ ਸੀ। ਆਪਣੇ ਆਪ ਨੂੰ ਕੌਮ ਲਈ ਕੁਰਬਾਨ ਕਰਨਾ ਕੋਈ ਛੋਟੀ ਗੱਲ ਨਹੀਂ ਤੇ ਇਹ ਗੁਰੂ ਸਾਹਿਬ ਦੇ ਅਸ਼ੀਰਵਾਦ ਤੋਂ ਬਿਨਾਂ ਨਹੀਂ ਕਰ ਸਕਦਾ। ਉਨਾਂ ਇਹ ਵੀ ਕਿਹਾ ਕਿ ਸਿੱਖਾਂ ਨੇ ਹਮੇਸ਼ਾ ਤੋਂ ਹੀ ਆਪਣੀ ਕੌਮ ਲਈ ਕੁਰਬਾਨੀਆਂ ਕੀਤੀਆਂ ਹਨ।

# ਬਿਮਾਰੀ ਤੋਂ ਨਿਰਾਸ਼ ਪੰਜਾਬੀ ਕਰ ਰਹੇ ਨੇ ਖ਼ੁਦਕੁਸ਼ੀਆਂ

## ✪ ਕੌਮੀ ਅਪਰਾਧ ਰਿਕਾਰਡ ਬਿਊਰੋ ਦੀ ਰਿਪੋਰਟ ਵਿਚ ਹੋਇਆ ਖੁਲਾਸਾ ✪ ਸਮੁੱਚੇ ਦੇਸ਼ 'ਚੋਂ ਪੰਜਾਬ ਸਿਖਰ 'ਤੇ

**ਚੰਡੀਗੜ/ਏ.ਟੀ.ਨਿਊਜ਼ :-** ਪੰਜਾਬ ਦਾ ਇਹ ਰੁਝਾਨ ਕੋਈ ਸੁਖਾਵਾਂ ਨਹੀਂ ਹੈ ਕਿ ਬਿਮਾਰੀ ਤੋਂ ਅੱਕੇ ਲੋਕ ਜ਼ਿੰਦਗੀ ਨੂੰ ਅਲਵਿਦਾ ਆਖ ਰਹੇ ਹਨ। ਪਿਛਲਾ ਵਰਤਾਰਾ ਇਹ ਰਿਹਾ ਹੈ ਕਿ ਸਿਰ ਚੜੇ ਕਰਜ਼ੇ ਦੇ ਬੋਝ ਹੇਠਾਂ ਦੱਬ ਕੇ ਕਿਸਾਨ ਖ਼ੁਦਕੁਸ਼ੀ ਦੇ ਰਾਹ ਪਏ ਸਨ। ਨਵੇਂ ਤੱਥ ਉੱਭਰੇ ਹਨ ਕਿ ਪੰਜਾਬੀਆਂ ਨੂੰ ਬਿਮਾਰੀਆਂ ਨੇ ਵੀ ਦੱਬ ਲਿਆ ਹੈ ਜਿਸ ਕਰ ਕੇ ਨਿਰਾਸ਼ ਲੋਕ ਖ਼ੁਦਕੁਸ਼ੀ ਵਰਗਾ ਕਦਮ ਚੁੱਕਣ ਲੱਗੇ ਹਨ। ਕੌਮੀ ਕ੍ਰਾਈਮ ਰਿਕਾਰਡ ਬਿਊਰੋ ਦੀ ਵਰਾ 2021 ਦੀ ਤਾਜ਼ਾ ਰਿਪੋਰਟ ਪ੍ਰੇਸ਼ਾਨ ਕਰਨ ਵਾਲੀ ਹੈ ਕਿ ਸਮੁੱਚੇ ਦੇਸ਼ ਵਿਚੋਂ ਪੰਜਾਬ ਸਿਖ਼ਰ 'ਤੇ ਹੈ ਜਿੱਥੇ ਵਰਾ 2021 ਵਿਚ ਲੋਕਾਂ ਨੇ ਬਿਮਾਰੀ ਤੋਂ ਹਾਰ ਮੰਨ ਕੇ ਖ਼ੁਦਕੁਸ਼ੀ ਦਾ ਰਾਹ ਚੁਣਿਆ। ਕੌਮੀ ਕ੍ਰਾਈਮ ਰਿਕਾਰਡ ਬਿਊਰੋ ਦੀ ਜਾਰੀ ਰਿਪੋਰਟ ਅਨੁਸਾਰ ਪੰਜਾਬ ਵਿਚ ਵਰਾ 2021 ਦੌਰਾਨ ਹੋਈਆਂ ਖ਼ੁਦਕੁਸ਼ੀਆਂ ਵਿਚੋਂ 44.8 ਫ਼ੀਸਦੀ ਖ਼ੁਦਕੁਸ਼ੀਆਂ ਦਾ ਕਾਰਨ ਬਿਮਾਰੀ ਬਣੀ ਹੈ। ਪੰਜਾਬ ਵਿਚ 1164 ਲੋਕਾਂ ਨੇ ਬਿਮਾਰੀ ਤੋਂ ਅੱਕ ਕੇ ਮੌਤ ਨੂੰ ਗਲ਼ ਲਾਇਆ ਹੈ। ਮਤਲਬ ਕਿ ਔਸਤਨ ਰੋਜ਼ਾਨਾ ਤਿੰਨ ਲੋਕਾਂ ਨੇ ਬਿਮਾਰੀ ਅੱਗੇ ਹਾਰ ਮੰਨ ਕੇ ਖ਼ੁਦਕੁਸ਼ੀ ਵਰਗਾ ਕਦਮ ਚੁੱਕ ਲਿਆ। ਕੌਮੀ ਔਸਤਨ ਦੇਖੀਏ ਤਾਂ 18.6 ਫ਼ੀਸਦੀ ਲੋਕਾਂ ਨੇ ਬਿਮਾਰੀ ਕਰਕੇ ਖ਼ੁਦਕੁਸ਼ੀ ਦਾ ਰਾਹ ਚੁਣਿਆ ਹੈ ਜਦੋਂ ਕਿ ਪੰਜਾਬ ਦੀ ਇਹੋ ਦਰ 44.8 ਫ਼ੀਸਦੀ ਬਣਦੀ ਹੈ। ਗੁਆਂਢੀ ਸੂਬਾ ਹਰਿਆਣਾ ਇਸ ਮਾਮਲੇ ਵਿਚ ਦੇਸ਼ ਵਿਚੋਂ 13ਵੇਂ ਨੰਬਰ 'ਤੇ ਹੈ। ਦੂਜੇ ਨੰਬਰ 'ਤੇ ਸਿੱਕਮ ਅਤੇ ਛੇਵੇਂ ਨੰਬਰ 'ਤੇ ਹਿਮਾਚਲ ਪ੍ਰਦੇਸ਼ ਹੈ। ਇਸ ਤਰਾਂ ਦੇ ਹਾਲਾਤ ਤਾਂ ਯੂ.ਪੀ. ਅਤੇ ਬਿਹਾਰ ਵਿਚ ਵੀ ਨਹੀਂ ਹਨ। ਅੱਗੇ ਦੇਖੀਏ ਤਾਂ ਪੰਜਾਬ ਵਿਚ 15 ਕੈਂਸਰ ਮਰੀਜ਼ਾਂ ਨੇ ਖ਼ੁਦਕੁਸ਼ੀ ਕੀਤੀ ਹੈ ਅਤੇ ਅਧਰੰਗ ਕਰਕੇ ਵੀ ਪੰਜ ਜਾਨਾਂ ਮੌਤ ਦੇ ਮੂੰਹ ਇਸੇ ਰਸਤੇ ਪਈਆਂ ਹਨ। ਪੰਜਾਬ ਵਿਚ ਡਿਪਰੈਸ਼ਨ ਵੀ ਕਾਫ਼ੀ ਸਿਖਰ 'ਤੇ ਹੈ ਅਤੇ ਇੱਕੋ ਵਰੇ 'ਚ ਡਿਪਰੈਸ਼ਨ ਦੇ 1095 ਮਰੀਜ਼ਾਂ ਨੇ ਖ਼ੁਦਕੁਸ਼ੀ ਕੀਤੀ ਹੈ। ਸਮੁੱਚੀ ਖ਼ੁਦਕੁਸ਼ੀ ਦਰ 'ਤੇ ਨਜ਼ਰ ਮਾਰੀਏ ਤਾਂ ਪੰਜਾਬ ਵਿਚ ਇਹ ਦਰ 8.1 ਫ਼ੀਸਦੀ ਹੈ ਜਦੋਂ ਕਿ ਕੌਮੀ ਦਰ 12 ਫ਼ੀਸਦੀ ਹੈ। ਪੰਜਾਬ ਵਿਚ 2021 ਦੌਰਾਨ ਕੁੱਲ 2600 ਲੋਕਾਂ ਨੇ ਖ਼ੁਦਕੁਸ਼ੀ ਕੀਤੀ ਹੈ ਜੋ ਕਿ ਸਾਲ 2020 ਨਾਲੋਂ ਇੱਕ ਫ਼ੀਸਦੀ ਘੱਟ ਹਨ। ਰਿਪੋਰਟ ਅਨੁਸਾਰ ਲੰਘੇ ਵਰੇ ਵਿਚ 154 ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ ਹੈ ਜਦੋਂ ਕਿ 99 ਮਜ਼ਦੂਰਾਂ ਨੇ ਖ਼ੁਦਕੁਸ਼ੀ ਕੀਤੀ ਹੈ। ਠੇਕੇ 'ਤੇ ਜ਼ਮੀਨਾਂ ਲੈ ਕੇ ਕਾਸ਼ਤ ਕਰਨ ਵਾਲੇ 19 ਕਿਸਾਨਾਂ ਨੇ ਇਹ ਕਦਮ ਚੁੱਕਿਆ ਹੈ। ਇਸੇ ਤਰਾਂ ਬੇਰੁਜ਼ਗਾਰੀ ਕਰਕੇ 53 ਲੋਕਾਂ ਨੇ ਜ਼ਿੰਦਗੀ ਨੂੰ ਅਲਵਿਦਾ ਆਖਿਆ ਹੈ। ਪ੍ਰੇਸ਼ਾਨ ਕਰਨ ਵਾਲੇ ਤੱਥ ਹਨ ਕਿ

**ਬਾਕੀ ਸਫ਼ਾ 30 'ਤੇ**

## ਗੁਰਮੇਜ ਕੌਰ ਸਹੋਤਾ ਜੀ ਦਾ ਅਕਾਲ ਚਲਾਣਾ



**ਅੰਮ੍ਰਿਤਸਰ ਟਾਈਮਜ਼/ਫਰੀਮਾਂਟ:** ਗੁਰਮੇਜ ਕੌਰ ਸਹੋਤਾ ਜੀ ਦਾ 08/26/2022 ਦਿਨ ਸੁੱਕਰਵਾਰ ਨੂੰ ਦਿਹਾਂਤ ਹੋ ਗਿਆ ਹੈ। ਉਹ ਆਪਣੇ ਲੜਕੇ ਪਲਵਿੰਦਰ ਸਿੰਘ ਸਹੋਤਾ ਨਾਲ ਮਿਲਪੀਟਾਸ ਵਿਖੇ ਰਹਿ ਰਹੀ ਸੀ।ਪੰਜਾਬ ਵਿੱਚ ਉਹਨਾਂ ਦਾ ਪਿਛੋਕੜ ਪਿੰਡ ਜਹੂਰਾ, ਹੁਸ਼ਿਆਰਪੁਰ 'ਚ ਹੈ। ਉਹ ਆਪਣੇ ਪਿੱਛੇ 3 ਪੁੱਤਰ ਅਤੇ 2 ਧੀਆਂ ਛੱਡ ਗਏ ਹਨ। ਗੁਰਮੇਜ ਕੌਰ ਜੀ ਦਾ ਅੰਤਿਮ ਸੰਸਕਾਰ 09/05/2022 ਸੋਮਵਾਰ ਨੂੰ 11:30 ਵਜੇ ਤੋਂ ਦੁਪਹਿਰ 1:30 ਵਜੇ ਤੱਕ ਹੇਵਰਡ ਦੇ ਚੈਪਲ ਆਫ ਚਾਈਮਜ , 32992 ਮਿਸਨ ਬਲਵੀਡੀ, ਹੇਵਰਡ ਵਿਖੇ ਕੀਤਾ ਜਾਵੇਗਾ। ਇਸ ਤੋਂ ਬਾਅਦ ਸਹਿਜ ਪਾਠ ਦਾ ਭੋਗ ਅਤੇ ਅੰਤਮ ਅਰਦਾਸ ਮਿਤੀ 09/05/2022 ਨੂੰ ਗੁਰਦੁਆਰਾ ਸਾਹਿਬ ਮਿਲਪੀਟਾਸ 1180 ਕੈਡੀਲੈਕ ਸੀਟੀ, ਮਿਲਪੀਟਾਸ ਵਿਖੇ ਦੁਪਹਿਰ 2:30 ਵਜੇ ਕੀਤੀ ਜਾਵੇਗੀ। ਅਦਾਰਾ ਅੰਮ੍ਰਿਤਸਰ ਟਾਈਮਜ਼ ਇਸ ਦੁੱਖ ਦੀ ਘੜੀ ਵਿਚ ਸਹੋਤਾ ਪਰਿਵਾਰ ਨਾਲ ਦੁਖ ਸਾਂਝਾ ਕਰਦਾ ਹੋਇਆ ਅਕਾਲ ਪੁਰਖ ਵਾਹਿਗੁਰੂ ਜੀ ਅੱਗੇ ਅਰਦਾਸ ਬੇਨਤੀ ਕਰਦਾ ਹੈ ਕਿ ਉਹ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ ਅਤੇ ਵਿਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਬਕਸ਼ੇ।

**ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਨ੍ਹਾਂ ਦੇ ਪੁੱਤਰ ਪਲਵਿੰਦਰ ਸਿੰਘ ਸਹੋਤਾ ਨੂੰ 408 204 1692 'ਤੇ ਕਾਲ ਕਰ ਸਕਦੇ ਹੋ।**

# 'ਮਿਸ਼ਨ 2024' ਪੰਜਾਬੀਆਂ ਨੂੰ ਪਲੋਸਣ ਲੱਗੀ ਭਾਜਪਾ

## ✪ ਦਲਿਤ ਘਰਾਂ ਵਿੱਚ ਕੇਂਦਰੀ ਮੰਤਰੀ ਛਕ ਰਹੇ ਨੇ ਭੋਜਨ ✪ ਭਾਰਤੀ ਜਨਤਾ ਪਾਰਟੀ ਦੀ ਪੰਜਾਬ ਲੀਡਰਸ਼ਿਪ ਵਿਚ ਤਬਦੀਲੀ ਦੀ ਗੱਲ ਤੁਰੀ

ਭਾਜਪਾ ਦੀ ਕੇਂਦਰੀ ਲੀਡਰਸ਼ਿਪ ਹੁਣ ਪੰਜਾਬ ਨੂੰ ਪਲੋਸਣ ਦੇ ਰਾਹ ਪਈ ਹੈ ਅਤੇ 'ਮਿਸ਼ਨ ਪੰਜਾਬ' ਤਹਿਤ ਭਾਜਪਾ ਦਾ ਸਿੱਖ ਭਾਈਚਾਰੇ ਨਾਲ ਨੇੜਤਾ ਬਣਾਉਣ ਦਾ ਏਜੰਡਾ ਹੈ। ਇਸ ਸੰਬੰਧ ਵਿਚ ਇਕਬਾਲ ਸਿੰਘ ਲਾਲਪੁਰਾ ਨੂੰ ਕਮਾਂਡ ਦਿਤੀ ਹੈ।ਦਲਿਤ ਵਰਗ ਨੂੰ ਨਾਲ ਜੋੜਨਾ ਵੀ ਇਸੇ ਰਾਜਨੀਤੀ ਦਾ ਹਿੱਸਾ ਹੈ ਤਾਂ ਜੋ ਕਾਂਗਰਸ ਦਾ ਬਦਲ ਭਾਜਪਾ ਬਣ ਸਕੇ। ਇਥੇ ਜਿਕਰਯੋਗ ਹੈ ਕਿ ਕਾਂਗਰਸ ਤੇ ਬਾਦਲ ਦਲ ਦਾ ਲੋਕ ਆਧਾਰ ਪੇਤਲਾ ਪੈ ਚੁਕਾ ਹੈ। ਭਾਜਪਾ ਤਰਫ਼ੋਂ ਪੰਜਾਬ ਵਿੱਚ 9 ਲੋਕ ਸਭਾ ਹਲਕੇ ਸ਼ਨਾਖ਼ਤ ਕੀਤੇ ਗਏ ਹਨ ਜਿਨਾਂ ਵਿੱਚ ਤਿੰਨ ਕੇਂਦਰੀ ਵਜ਼ੀਰਾਂ ਦੀ ਡਿਊਟੀ ਲਾਈ ਗਈ ਹੈ। 'ਲੋਕ ਸਭਾ ਪਰਵਾਸ ਯੋਜਨਾ' ਤਹਿਤ ਪੰਜਾਬ ਦੇ ਧਰਾਤਲ 'ਤੇ ਲੋਕਾਂ ਨਾਲ ਨੇੜਤਾ ਵਧਾਏ ਜਾਣ ਦੀ ਵਿਉਂਤਬੰਦੀ ਹੈ। ਸਿੱਖ ਭਾਈਚਾਰੇ ਦੀ ਨਾਰਾਜ਼ਗੀ ਦੂਰ ਕਰਨ ਤਹਿਤ ਗੁਪਤ ਏਜੰਡੇ ਵੀ ਉਲੀਕੇ ਗਏ ਹਨ। ਭਾਰਤੀ ਜਨਤਾ ਪਾਰਟੀ ਦੀ ਪੰਜਾਬ ਲੀਡਰਸ਼ਿਪ ਵਿਚ ਤਬਦੀਲੀ ਦੀ ਗੱਲ ਚੱਲ ਰਹੀ ਹੈ ਜਿਸ ਤਹਿਤ ਕਾਂਗਰਸ 'ਚੋਂ ਆਏ ਚਿਹਰਿਆਂ ਨੂੰ ਭਾਜਪਾ ਦੇ ਸੰਗਠਨ ਵਿਚ ਥਾਂ ਦਿੱਤੀ ਜਾਣੀ ਹੈ। ਵੱਡਾ ਚਿਹਰਾ ਸੁਨੀਲ ਜਾਖੜ ਹਨ ਜਿਨਾਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੀ ਸਿਆਸੀ ਵਜ਼ਨ ਦਿੰਦੇ ਹਨ। ਉਨਾਂ ਨੂੰ ਪ੍ਰਧਾਨ ਬਣਾਏ ਜਾਣ ਦੇ ਚਰਚੇ ਹਨ ਕਿਉਂਕਿ ਭਾਜਪਾ ਹਾਈਕਮਾਨ ਜਾਖੜ ਨੂੰ ਜਾਟ ਨੇਤਾ ਵਜੋਂ ਵੀ ਦੇਖਦੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਪੰਜਾਬ ਫੇਰੀ ਦੌਰਾਨ ਆਪਣੀ ਦਿਲ ਦੀ ਗੱਲ ਵੀ ਭਾਜਪਾ ਲੀਡਰਸ਼ਿਪ ਨਾਲ ਸਾਂਝੀ ਕੀਤੀ ਸੀ।

ਪ੍ਰਧਾਨ ਮੰਤਰੀ ਇਸ ਗੱਲੋਂ ਤਸੱਲੀ ਵਿੱਚ ਸਨ ਕਿ ਚਾਰ ਸਾਹਿਬਜ਼ਾਦਿਆਂ ਨੂੰ ਸਮਰਪਿਤ 26 ਦਸੰਬਰ ਨੂੰ 'ਵੀਰ ਬਾਲ ਦਿਵਸ' ਮਨਾਏ ਜਾਣ ਦੇ ਐਲਾਨ ਨਾਲ ਦੱਖਣ ਵੀ ਇਸ ਸ਼ਹਾਦਤ ਬਾਰੇ ਡੂੰਘਾਈ ਵਿਚ ਜਾਣੂ ਹੋਇਆ ਹੈ। ਸੂਤਰ ਦੱਸਦੇ ਹਨ ਕਿ ਪ੍ਰਧਾਨ ਮੰਤਰੀ ਮੋਦੀ ਸਤੰਬਰ ਮਹੀਨੇ ਵਿਚ ਮੁੜ ਪੰਜਾਬ ਦੌਰੇ 'ਤੇ ਆਉਣਗੇ ਅਤੇ ਉਨਾਂ ਨੇ ਫ਼ਿਰੋਜ਼ਪੁਰ ਅਤੇ ਬਠਿੰਡਾ ਦੀ ਫੇਰੀ ਦੀ ਗੱਲ ਕੀਤੀ ਹੈ। ਪ੍ਰਧਾਨ ਮੰਤਰੀ ਇਸ ਗੱਲ ਤੋਂ ਜਾਣੂ ਹਨ ਕਿ ਪੰਜਾਬ ਅਤੇ ਖ਼ਾਸਕਰ ਸਿੱਖ ਭਾਈਚਾਰੇ ਦੀ ਨਾਰਾਜ਼ਗੀ ਹਾਲੇ ਦੂਰ ਨਹੀਂ ਹੋਈ ਹੈ।

ਪੇਂਡੂ ਪੰਜਾਬ ਦੇ ਮਨਾਂ ਵਿੱਚ ਪਈ ਦਰਾਰ ਭਰਨੀ ਭਾਜਪਾ ਲਈ ਸੌਖੀ ਨਹੀਂ ਹੈ। ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਚੱਲੇ ਸੰਘਰਸ਼ ਵਿਚ



ਵੱਧ ਸ਼ਹਾਦਤਾਂ ਪੰਜਾਬ ਦੇ ਕਿਸਾਨਾਂ ਤੇ ਕਿਸਾਨਾਂ ਤੇ ਮਜ਼ਦੂਰਾਂ ਨੇ ਦਿੱਤੀਆਂ ਹਨ। ਸਭ ਕੋਸ਼ਿਸ਼ਾਂ ਦੇ ਬਾਵਜਦ ਭਾਜਪਾ ਦੀ ਇਹ ਸਮਝ ਪੱਕੀ ਹੋਈ ਹੈ ਕਿ ਪੰਜਾਬ ਨੂੰ ਅਸੈਂਬਲੀ ਚੋਣਾਂ ਵਿੱਚ ਇਕੱਲੇ ਤੌਰ 'ਤੇ ਜਿੱਤਣਾ ਸੌਖਾ ਨਹੀਂ ਹੈ। ਕੇਂਦਰੀ ਵਜ਼ੀਰ ਮੀਨਾਕਸ਼ੀ ਲੇਖੀ ਨੇ ਗੁਰਦਾਸਪੁਰ ਹਲਕੇ ਦਾ ਦੌਰਾ ਸ਼ੁਰੂ ਕੀਤਾ ਹੈ ਜਦਕਿ ਪੰਜਾਬ ਭਾਜਪਾ ਦੇ ਇੰਚਾਰਜ ਅਤੇ ਕੇਂਦਰੀ ਮੰਤਰੀ ਗਜੇਂਦਰ ਸ਼ੇਖਾਵਤ 30 ਅਤੇ 31 ਅਗਸਤ ਨੂੰ ਸ੍ਰੀ ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਦਾ ਦੌਰਾ ਕਰਨਗੇ।

ਭਾਜਪਾ ਦਲਿਤ ਭਾਈਚਾਰੇ ਨਾਲ ਵੀ ਮੋਹ ਦਿਖਾਉਣ ਲੱਗੀ ਹੈ। ਕੇਂਦਰੀ ਸਿਹਤ ਮੰਤਰੀ ਮਨਸੁਖ ਮਾਂਡਵੀਆ ਨੇ ਸੰਗਰੂਰ ਲੋਕ ਹਲਕੇ ਦੇ ਦੌਰੇ ਦੌਰਾਨ ਧੂਰੀ ਲਾਗਲੇ ਫ਼ਤਿਹਗੜ ਪਿੰਡ ਦੇ ਪਰਗਟ ਸਿੰਘ ਦੇ ਦਲਿਤ ਪਰਿਵਾਰ ਦੇ ਘਰ ਦੁਪਹਿਰ ਦਾ ਭੋਜਨ ਕੀਤਾ ਅਤੇ ਇਸੇ ਤਰਾਂ ਕੇਂਦਰੀ ਹਰਦੀਪ ਪੁਰੀ ਨੇ ਬਠਿੰਡਾ ਲੋਕ ਸਭਾ ਹਲਕੇ ਦੇ ਦੌਰੇ ਦੌਰਾਨ ਦਲਿਤ ਬਸਤੀ ਵਿਚ ਭੋਜਨ ਕੀਤਾ ਸੀ। ਕੇਂਦਰੀ ਲੀਡਰਸ਼ਿਪ ਵੱਲੋਂ ਮੰਤਰੀਆਂ ਨੂੰ ਹਦਾਇਤ ਹੈ ਕਿ ਹਰ ਮਹੀਨੇ ਲੋਕ ਸਭਾ ਹਲਕੇ ਵਿੱਚ ਦੋ ਦਿਨ ਗੁਜ਼ਾਰਨ। ਇੱਕ ਦਿਨ ਦਲਿਤ ਪਰਿਵਾਰ ਨਾਲ ਭੋਜਨ ਕਰਨ ਦੀ ਹਦਾਇਤ ਹੈ। ਸਭ ਕੇਂਦਰੀ ਵਜ਼ੀਰਾਂ ਨੂੰ ਇਹ ਵੀ ਹਦਾਇਤ ਹੈ ਕਿ ਉਹ ਹਰ ਮਹੀਨੇ ਦੌਰੇ ਦੌਰਾਨ ਗੁਰੂਘਰਾਂ ਵਿੱਚ ਦਰਸ਼ਨਾਂ ਲਈ ਜ਼ਰੂਰ ਜਾਣ। ਕੇਂਦਰੀ ਵਜ਼ੀਰ ਹਰਦੀਪ ਸਿੰਘ ਪਰੀ ਬਠਿੰਡਾ ਦੇ ਕਿਲਾ ਮੁਬਾਰਕ ਗੁਰੂ ਘਰ ਵਿੱਚ ਦਰਸ਼ਨਾਂ ਲਈ ਗਏ ਸਨ ਜਦੋਂ ਕਿ ਮਨਸੁਖ ਮਾਂਡਵੀਆ ਗੁਰਦੁਆਰਾ ਮਸਤੂਆਣਾ ਸਾਹਿਬ ਗਏ ਸਨ। ਸਟੇਜਾਂ 'ਤੇ ਸਿੱਖ ਚਿਹਰਿਆਂ ਨੂੰ ਅੱਗੇ ਰੱਖਣ ਦੀ ਵੀ ਹਦਾਇਤ ਹੈ। ਸੂਤਰ ਦੱਸਦੇ ਹਨ ਕਿ ਕੇਂਦਰੀ ਲੀਡਰਸ਼ਿਪ ਕੋਲ ਇਹ ਜ਼ਮੀਨੀ ਰਿਪੋਰਟ ਪੁੱਜੀ ਹੈ ਕਿ ਬੇਸ਼ੱਕ ਭਾਜਪਾ ਦੀ ਮੈਂਬਰਸ਼ਿਪ ਅਤੇ ਯੂਨਿਟ ਤਾਂ ਵਧੇ ਹਨ ਪਰ ਲੋਕਾਂ ਦੇ ਮਨਾਂ ਵਿੱਚ ਕੋਈ ਤਬਦੀਲੀ ਨਹੀਂ ਆਈ ਹੈ। ਸੂਤਰ ਆਖਦੇ ਹਨ ਕਿ ਕਿਸਾਨ ਭਾਈਚਾਰੇ ਦੀ ਨਾਰਾਜ਼ਗੀ ਦੂਰ ਕਰਨ ਵਾਸਤੇ ਕੇਂਦਰ ਸਰਕਾਰ ਲੋਕ ਸਭਾ ਚੋਣਾਂ ਤੋਂ ਪਹਿਲਾਂ ਕੋਈ ਪੈਕੇਜ ਐਲਾਨੇਗੀ, ਇਸ ਦੀ ਵੀ ਚਰਚਾ ਹੈ।

## ਸੱਚੋ ਸੱਚ ਦਸ ਵੇ ਜੋਗੀਆ

### ਤਾਂਤਰਿਕਾਂ/ਜੋਤਸ਼ੀਆਂ ਦੇ ਰਿਕਾਰਡ ਫਰੋਲਣ ਵਿਚ ਜੁਟੀ ਪੁਲਿਸ

ਬੀਤੇ ਦਿਨੀਂ ਲਾਲਬਾਈ ਨੇੜਿਓਂ ਰਜਵਾਹੇ ਵਿਚੋਂ ਮਿਲੀ 3-4 ਸਾਲਾ ਬੱਚੇ ਦੀ ਗਲਾ ਕੱਟੀ ਲਾਸ਼ ਦੀ ਤਹਿ ਤੱਕ ਪੁੱਜਣ ਲਈ ਪੁਲਿਸ ਤੰਤਰ ਸਰਗਰਮੀ ਨਾਲ ਜੁਟਿਆ ਹੋਇਆ ਹੈ।ਲੰਬੀ ਪੁਲਿਸ ਨੇ ਮ੍ਰਿਕ ਬੱਚੇ ਦੇ ਮਾਪਿਆਂ ਜਾਂ ਮੁਲਜ਼ਮਾਂ ਦਾ ਸੁਰਾਗ ਲਗਾਉਣ ਲਈ ਸੋਸ਼ਲ ਮੀਡੀਆ ਜਰੀਏ ਇਸ਼ਤਿਹਾਰ ਸਾਂਝੇ ਕੀਤੇ ਹਨ, ਜਦਕਿ ਬਿਜਲਈ ਮੀਡੀਆ ਦਾ ਸਹਾਰਾ ਵੀ ਲਿਆ ਜਾ ਰਿਹਾ ਹੈ । ਪਹਿਲੀ ਨਜ਼ਰ ਵਿਚ ਇਹ ਵਹਿਮਾਂ-ਭਰਮਾਂ ਅਤੇ ਜਾਦੂ-ਟੂਣੇ ਤਹਿਤ ਬੱਚੇ ਦੀ ਬਲੀ ਦਾ ਮਾਮਲਾ ਜਾਪਦਾ ਹੈ। ਇਸ ਦੀ ਗਵਾਹੀ ਮ੍ਰਿਤਕ ਬੱਚੇ ਦੇ ਕੀਤੇ ਹੋਏ ਮੁੰਡਨ, ਲਾਸ਼ ਕੋਲੋਂ ਮਿਲੇ ਇਕ ਨਿੰਬੂ, ਚਾਕੂ ਅਤੇ ਇਕ ਛੋਟੀ ਬੱਚੀ ਦੀ ਪੀਲੀ ਟੀ-ਸ਼ਰਟ ਤੋਂ ਮਿਲਦੀ ਹੈ । ਪੁਲਿਸ ਮਾਮਲੇ ਦੀਆਂ ਕੜੀਆਂ ਜੋੜਨ ਲਈ ਜੋਤਸ਼ੀਆਂ ਤੱਕ ਵੀ ਪਹੁੰਚ ਕਰ ਰਹੀ ਹੈ। ਪੁਲਿਸ ਸੂਤਰਾਂ ਅਨੁਸਾਰ ਬੱਚਾ ਕਿਸੇ ਗਰੀਬ ਜਾਂ ਪਰਵਾਸੀ ਪਰਿਵਾਰ ਨਾਲ ਸੰਬੰਧਿਤ ਜਾਪਦਾ ਹੈ। ਬੱਚੇ ਦੀ ਲਾਸ਼ ਨੀਲੇ ਰੰਗ ਦੇ ਬੈਗ ਵਿਚ ਬੰਦ ਕਰਕੇ ਸੁੱਟੀ ਗਈ ।ਥਾਣਾ ਮੁਖੀ ਮਨਿੰਦਰ ਸਿੰਘ ਨੇ ਦੱਸਿਆ ਕਿ ਤਾਂਤਰਿਕਾਂ ਅਤੇ ਜਾਦੂ-ਟੂਣਾ ਕਰਨ ਵਾਲਿਆਂ ਦਾ ਰਿਕਾਰਡ ਵੀ ਫਰੋਲਿਆ ਜਾ ਰਿਹਾ ਹੈ। ਵੱਖ-ਵੱਖ ਥਾਣਿਆਂ ਨੂੰ ਬੱਚੇ ਦੀ ਲਾਸ਼ ਦੀਆਂ ਫ਼ੋਟੋਆਂ ਭੇਜੀਆਂ ਗਈਆਂ ਹਨ ।

## ਵਿਸ਼ਵ ਗੁਰੂ ਤੇ ਮਹਾਂਸ਼ਕਤੀ ਬਣਨ ਦੇ ਆਪਣੇ ਹੀ ਭਰਮਜਾਲ ਵਿਚ ਫਸੇ ਮੋਦੀਕੇ

ਮੋਦੀ ਭਗਤ ਸ਼ੇਖਰ ਗੁਪਤਾ ਦੀ ਇੰਟਰਨੈਟ ਅਖਬਾਰ 'ਦਾ ਪਰਿੰਟ' ਵਿਚ ਉਨਤੀ ਸ਼ਰਮਾ ਦੀ ਛਪੀ ਇਕ ਲਿਖਤ (5 ਅਗਸਤ) ਵਿਚ ਰਾਹੁਲ ਗਾਂਧੀ ਦਾ ਇਸ ਲਈ ਮਜਾਕ ਉਡਾਇਆ ਗਿਆ ਹੈ, ਕਿਉਂਕਿ ਉਸ ਨੇ ਪਰਵੀਨ ਸਾਹਨੀ ਦੀ ਕਿਤਾਬ **The Last War** ਨੂੰ 'ਮਹੱਤਵਪੂਰਨ ਅਤੇ ਸਮੇਂ ਦੇ ਮੁਤਾਬਿਕ' ਦਸਿਆ ਹੈ। ਇਸ ਕਿਤਾਬ ਵਿਚ ਸਾਹਨੀ ਨੇ ਭਵਿਖਬਾਣੀ ਕੀਤੀ ਹੈ ਕਿ ਆਪਣੀ ਫੌਜੀ ਤਿਆਰੀ ਦੀ ਘਾਟ ਕਾਰਨ ਭਾਰਤ ਨੇੜ ਭਵਿਖ ਵਿਚ ਚੀਨ ਨਾਲ ਲਗਣ ਵਾਲੀ ਜੰਗ 10 ਦਿਨ ਵਿਚ ਹਾਰ ਸਕਦਾ ਹੈ। ਚੀਨ ਲਦਾਖ ਅਤੇ ਅਰੁਣਾਚਲ ਪਰਦੇਸ਼ ਉਤੇ ਕਬਜਾ ਕਰ ਸਕਦਾ ਹੈ, ਜਿਸ ਨੂੰ ਭਾਰਤ ਹੁਣ ਤਕ ਆਪਣਾ ਇਲਾਕਾ ਕਹਿੰਦਾ ਆਇਆ ਹੈ। ਸਾਹਨੀ ਨੇ ਆਪਣੀ ਕਿਤਾਬ ਵਿਚ ਠੋਸ ਤਥਾਂ ਦੇ ਆਧਾਰ ਉਤੇ ਇਹ ਦਾਅਵਾ ਵੀ ਕੀਤਾ ਹੈ ਕਿ ਚੀਨ ਜਿਵੇਂ ਅਨੇਕ ਪਧਰਾਂ ਉਤੇ ਫੌਜੀ ਹਮਲੇ ਦੀ ਤਿਆਰੀ ਕਰ ਰਿਹਾ ਹੈ, ਭਾਰਤੀ ਫੌਜ ਤਿਆਰੀ ਪਖੋਂ ਉਸ ਦੇ ਨੇੜੇ ਤੇੜੇ ਵੀ ਨਹੀਂ। ਫਿਰ ਜਿਵੇਂ ਮੋਦੀਕਿਆਂ ਨੇ ਫੌਜ ਦਾ ਭਗਵਾਂਕਰਨ ਕੀਤਾ ਹੈ, ਇਸ ਨੇ ਫੌਜ ਦੀ ਜੰਗੀ ਸਮਰਥਾ ਨੂੰ ਹੋਰ ਵੀ ਘਟਾ ਦਿਤਾ ਹੈ। ਮਾਲੀ ਸਾਧਨਾਂ ਦੀ ਘਾਟ ਕਾਰਨ ਅਗਨਵੀਰ ਦੇ ਬਹਾਨੇ ਫੌਜ ਦੀ ਕੀਤੀ ਜਾ ਰਹੀ ਕਾਂਟ ਛਾਂਟ ਵੀ ਇਸ ਦੀ ਲੜਾਕੂ ਸ਼ਕਤੀ ਨੂੰ ਪ੍ਰਭਾਵਿਤ ਕਰ ਰਹੀ ਹੈ।

ਮੋਦੀ ਭਗਤਾਂ ਦੇ ਮਨ ਵਿਚ ਰਾਹੁਲ ਗਾਂਧੀ ਦੀ ਦੇਸ ਭਗਤੀ ਪ੍ਰਤੀ ਸ਼ਕ ਪੈਦਾ ਕਰਨ ਲਈ ਲੇਖਕ ਨੇ ਕਿਤਾਬ ਦੇ ਟਾਈਟਲ ਉਤੇ ਲਿਖੇ ਰਾਹੁਲ ਗਾਂਧੀ ਦੇ ਇਸ ਕਥਨ ਨੂੰ ਬਹੁਤ ਸਨਸਨੀਖੇਜ ਬਣਾ ਕੇ ਪੇਸ਼ ਕੀਤਾ ਹੈ




ਕਿ 'ਤੁਸੀਂ ਕਿਤਾਬ ਨਾਲ ਸਹਿਮਤ ਹੋਵੋ ਜਾਂ ਨਾ ਹੋਵੋ ਪਰ ਉਥਲਾਂ-ਪੁਥਲਾਂ ਨਾਲ ਭਰੇ ਇਸ ਦੌਰ ਵਿਚ ਪਰਵੀਨ ਸਾਹਨੀ ਦਾ ਇਹ ਭਰਵਾਂ ਅਤੇ ਝੰਜੋੜ ਕੇ ਰਖ ਦੇਣ ਵਾਲੀ ਪੜਚੋਲ ਬੜੀ ਮੌਕੇ ਮੁਤਾਬਿਕ ਅਤੇ ਪੜਨ ਵਾਲੀ ਹੈ।'

ਬੇਸ਼ਕ ਕਿਤਾਬ ਵਿਚ ਪੇਸ਼ ਕੀਤੇ ਗਏ ਤਥਾਂ ਨੂੰ ਲੈ ਕੇ ਲੇਖਕ ਕਿਤੇ ਵੀ ਉਨਾਂ ਦਾ ਖੰਡਨ ਕਰਨ ਵਿਚ ਸਫਲ ਨਹੀਂ ਹੋ ਸਕੀ, ਬਲਕਿ ਉਸ ਨੇ ਸਾਹਨੀ ਦੀਆਂ ਧਾਰਨਾਵਾਂ ਦੀ ਪੁਸ਼ਟੀ ਜਰੂਰ ਕੀਤੀ ਹੈ। ਸਾਹਨੀ ਦੀ ਕਿਤਾਬ ਦੇ ਹਵਾਲੇ ਨਾਲ ਲਿਖਤ ਵਿਚ ਦਸਿਆ ਗਿਆ ਹੈ ਕਿ 1991 ਵਿਚ ਹੋਈ ਖਾੜੀ ਜੰਗ ਵਾਂਗ ਚੀਨ ਦਾ ਭਾਰਤ ਉਤੇ ਹੋਣ ਵਾਲਾ ਇਹ ਹਮਲਾ ਦੁਨੀਆਂ ਭਰ ਨੂੰ ਹੈਰਾਨ ਕਰ ਦੇਵੇਗਾ। ਕਿਉਂਕਿ ਪਹਿਲੀ ਵਾਰ ਇਸ ਜੰਗ ਵਿਚ ਨਵੀਂਆਂ ਤਕਨੀਕਾਂ, ਨਕਲੀ ਬੌਧਿਕਤਾ, ਰੋਬੋਟ ਆਧਾਰਿਤ ਬਹੁਪਖੀ

ਬਾਕੀ ਸਫ਼ਾ 31 'ਤੇ

# ਮਾਸਟਰ ਕੇਡਰ ਲਈ ਹੋਏ ਪੰਜਾਬੀ ਦੇ ਪੇਪਰ ਵਿਚ ਹੋਈਆਂ ਬਚਕਾਨਾ ਗ਼ਲਤੀਆਂ

## ਲੇਖਿਕਾ ਵਲੋਂ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਮ ਖੁੱਲਾ ਪੱਤਰ

ਮਾਨਯੋਗ ਮੁੱਖ ਮੰਤਰੀ ਸਾਹਿਬ ,
ਪੰਜਾਬ ਸਰਕਾਰ,
ਚੰਡੀਗੜ

ਵਿਸ਼ਾ : ਮਾਸਟਰ ਕੇਡਰ ਲਈ ਹੋਏ ਪੰਜਾਬੀ ਦੇ ਪੇਪਰ ਵਿਚ ਹੋਈਆਂ ਬਚਕਾਨਾ ਗ਼ਲਤੀਆਂ ਸਬੰਧੀ।

ਸ੍ਰੀ ਮਾਨ ਜੀ ,

ਬੇਨਤੀ ਹੈ ਕਿ ਇਸ ਵਾਰ ਵੀ ਤੀਆਂ ਦਾ ਤਿਉਹਾਰ ਮੈਂ ਨਹੀਂ ਮਨਾ ਸਕੀ। ਪਿਛਲੇ ਦਸ ਸਾਲ ਤੋਂ ਮੈਂ ਤੀਆਂ ਦਾ ਤਿਉਹਾਰ ਨਹੀਂ ਮਨਾ ਰਹੀ। ਇਸ ਵਾਰ ਵੀ ਘਰੇਲੂ ਕੰਮਕਾਰ ਕਰਦਿਆਂ ਕਰਦਿਆਂ ਪੰਦਰਾਂ ਪੰਦਰਾਂ ਘੰਟੇ ਸਾਉਣ ਦਾ ਮਹੀਨਾ ਪੜਾਈ ਵਿੱਚ ਹੀ ਲੰਘ ਗਿਆ। ਸਿਰ ਚੁੱਕ ਕੇ ਨਹੀਂ ਦੇਖਿਆ ਕਿ ਕੌਣ ਕੌਣ ਇਸ ਤਿਉਹਾਰ ਨੂੰ ਮਨਾ ਰਿਹਾ ਹੈ।ਥੋੜੀ ਜਿਹੀ ਖ਼ਬਰ ਜ਼ਰੂਰ ਸੁਣੀ ਸੀ ਕਿ ਤੁਹਾਡੀ ਭੈਣ ਜੀ ਤੇ ਤੁਹਾਡੀ ਨਵ ਵਿਆਹੀ ਪਤਨੀ ਹਾਰ ਸ਼ਿੰਗਾਰ ਲਾ ਕੇ ਹਰ ਰੋਜ਼ ਇਨਾਂ ਮੇਲਿਆਂ ਵਿੱਚ ਜਾਂਦੀਆਂ ਹਨ।

ਮੈਂ ਪਿਛਲੇ ਵੀਹ ਪੱਚੀ ਸਾਲ ਤੋਂ ਜੁਗਨੂੰ ਹਾਜ਼ਰ ਹੈ ਦੇਖ ਰਹੀ ਹਾਂ ਇਹ ਮੇਰਾ ਪਸੰਦੀਦਾ ਕਾਮੇਡੀ ਸ਼ੋਅ ਹੈ, ਕਿਉਂਕਿ ਤੁਸੀਂ ਹਰ ਉਹ ਵਿਸ਼ੇ ਨੂੰ ਆਪਣੇ ਇਸ ਸ਼ੋਅ ਵਿਚ ਵਿਅੰਗ ਕੱਸ ਕੇ ਨੰਗਾ ਕੀਤਾ ਹੈ। ਪੰਜਾਬੀ ਮਾਸਟਰ ਕੇਡਰ ਦੇ ਪੇਪਰ ਨੂੰ ਦੇਖ ਕੇ ਇਸ ਤਰਾਂ ਲੱਗਿਆ ਜਿਵੇਂ ਸਕੂਲ ਵਿੱਚ ਅਧਿਆਪਕ ਨਾ ਹੋਣ ਕਰਕੇ ਕੋਈ ਸਾਇੰਸ ਵਾਲਾ ਮਾਸਟਰ ਜਾਂ ਘਰੋਂ ਅੱਕੀ ਆਈ ਹਿੰਦੀ ਆਲੀ ਭੈਣ ਜੀ ਨੇ ਹੀ ਪੰਜਾਬੀ ਦਾ ਪੇਪਰ ਪਾ ਦਿੱਤਾ ਹੋਵੇ। ਕਈ ਸਵਾਲ ਇਸ ਤਰਾਂ ਦੇ ਸੀ ਜਿਨਾਂ ਦਾ ਸਹੀ ਆਪਸ਼ਨ ਹੀ ਪੇਪਰ ਵਿੱਚ ਹੈ ਨਹੀਂ ਸੀ, ਸੋ ਪੇਪਰ ਵਿਚ ਬੈਠੀ ਇਹ ਹੀ ਸੋਚ ਰਹੀ ਸੀ ਕਿ ਕਿਹੜੀ ਗਲਤ ਆਪਸ਼ਨ ਨੂੰ ਸਹੀ ਚੁਣਾ ?

ਇਸ ਤਰਾਂ ਦੇ ਪੇਪਰ, ਪੇਪਰ ਦੇਣ ਵਾਲੇ ਦਾ ਮਾਨਸਿਕ ਸੰਤੁਲਨ ਵਿਗਾੜ ਦਿੰਦੇ ਹਨ। ਉੱਤਰ ਕੁੰਜੀ ਦੇਖ ਕੇ ਬੜੀ ਹੈਰਾਨੀ ਹੋਈ ਗਲਤ ਆਪਸ਼ਨਾਂ ਨੂੰ ਹੀ ਸਹੀ ਕਹੀ ਜਾਂਦੇ ਹਨ। ਲਗਭਗ ਪੰਦਰਾਂ ਤੋਂ ਵੀਹ ਸਵਾਲ ਇਸ ਤਰਾਂ ਦੇ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਵਾਲਿਆਂ ਨੇ ਕਿਹਾ ਹੈ ਕਿ ਤੁਸੀਂ ਅਬਜੈਕਸ਼ਨ ਲਗਾ ਦੇਵੋ। ਪਰ ਮੈਂ ਅਬਜੈਕਸ਼ਨ ਨਹੀਂ ਲਗਾਵਾਂਗੀ। ਕਿਉਂਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਹੋਈ ਇਹ ਇੱਕ ਵੱਡੀ ਕੁਤਾਹੀ ਹੈ। ਇੰਨੇ ਸਾਦੇ ਤੇ ਸਪੱਸ਼ਟ ਸੁਆਲਾਂ ਦੇ ਜੁਆਬਾਂ ਲਈ ਅਬਜੈਕਸ਼ਨ ਦੀ ਕੀ ਲੋੜ ਹੈ। ਇਹ ਤਾਂ ਸਰਾਸਰ ਪੈਸੇ ਇਕੱਠੇ ਕਰਨ ਦਾ ਜ਼ਰੀਆ ਹੈ। ਇਕ ਬੇਰੁਜ਼ਗਾਰ ਅਧਿਆਪਕ ਦੀ ਜੇਬ ਉੱਤੇ ਡਾਕਾ ਹੈ। ਇਸ ਤਰਾਂ ਖ਼ਜ਼ਾਨੇ ਨਹੀਂ ਭਰੇ ਜਾਣੇ। ਜੇਕਰ ਤੁਸੀਂ ਖ਼ਜ਼ਾਨੇ ਭਰਨ ਲਈ ਚਿੰਤਤ ਹੋ ਤਾਂ ਉਨਾਂ ਦੀਆਂ ਜਾਇਦਾਦਾਂ ਜ਼ਬਤ ਕਰੋ ਜਿਨਾਂ ਨੇ ਪੰਜਾਬ ਨੂੰ ਦੋਹਾਂ ਹੱਥਾਂ ਨਾਲ ਲੁੱਟਿਆ ਤੇ ਅੱਜ ਆਪਣੇ ਹਿੱਸੇ ਦਾ ਹਜ਼ਾਰ ਰੁਪਇਆ ਲੈਣ ਲਈ ਮੰਗਤਿਆਂ ਵਾਂਗ ਧਰਨਿਆਂ ਉੱਤੇ ਬੈਠ ਢੌਂਗ ਰਚ ਰਹੇ ਹਨ।

ਇਕ ਕੈਂਡੀਡੇਟ ਇੰਨੇ ਪਾਸੇ ਲਾ ਕੇ ਪਹਿਲਾਂ ਫਾਰਮ ਭਰਦਾ ਹੈ ਫਿਰ ਅਬਜੈਕਸ਼ਨ ਸਵਾਲਾਂ ਉੱਤੇ ਪੈਸੇ ਖਰਚ ਕਰਦਾ ਹੈ। ਪਰ ਕਿਉਂ...? ਵਸਤੂ ਨਿਸ਼ਠ ਸਵਾਲਾਂ ਵਿੱਚ ਉੱਤਰ ਦੀ ਕੋਈ ਗੁੰਜਾਇਸ਼ ਨਹੀਂ ਹੁੰਦੀ। ਪਰ ਇਸ ਪੇਪਰ ਦਾ ਪੱਧਰ ਬਹੁਤ ਹੀ ਨੀਵੇਂ ਦਰਜੇ ਦਾ ਸੀ।

ਪੇਪਰ ਵਿਚ ਜੇਕਰ ਕਿਸੇ ਕੈਂਡੀਗੇਟ ਵੱਲੋਂ ਕੋਈ ਕੁਤਾਹੀ ਹੁੰਦੀ ਹੈ ਤਾਂ ਉਸ ਤੇ ਅਖੀਰ ਵਿਚ ਦਸਤਖਤ ਹੁੰਦੇ ਹਨ ਸੋ ਸਾਰੀ ਜ਼ਿੰਮੇਵਾਰੀ ਉਸ ਕੈਂਡੀਡੇਟ ਦੀ ਹੀ ਹੁੰਦੀ ਹੈ। ਕੀ ਇਸ ਤਰਾਂ ਦੇ ਪੇਪਰ ਵਿੱਚ ਪੇਪਰ ਪਾਉਣ ਵਾਲਾ ਅਧਿਆਪਕ ਕੋਈ ਜ਼ਿੰਮੇਵਾਰੀ ਲਵੇਗਾ ? ਕੀ ਉਸ ਨੂੰ ਅਜਿਹਾ ਪੇਪਰ ਪਾਉਣ ਲਈ ਕੋਈ ਜੁਰਮਾਨਾ ਹੋਵੇਗਾ ? ਉੱਤਰ ਕੁੰਜੀ ਦੀ ਜ਼ਿੰਮੇਵਾਰੀ ਕੀ ਸਿੱਖਿਆ ਵਿਭਾਗ ਲਵੇਗਾ ?

ਬਚਪਨ ਤੋਂ ਇੱਕ ਕਹਾਣੀ ਪੜਦੀ ਆ ਰਹੀ ਹਾਂ ਪਿਆਸਾ ਕਾਂ.... ਪਰ ਉਹ ਪਿਆਸਾ ਕਾਂ ਤਾਂ ਕਿੱਦਣ ਦਾ ਅਕਾਲ ਚਲਾਣਾ ਕਰ ਗਿਆ ਤੇ ਉਸ ਤੋਂ ਬਾਅਦ ਪਤਾ ਨੀ ਕਿੰਨੇ ਪਿਆਸੇ ਲੋਕ ਵੀ ਪਾਣੀ ਦੀ ਭਾਲ ਵਿਚ ਇੱਥੋਂ ਰੁਖ਼ਸਤ ਹੋ ਗਏ। ਚਲਾਕ ਲੂੰਬੜੀ ਤਾਂ ਖੱਟੇ ਅੰਗੂਰ ਵੀ ਘਰ ਲੈ ਗਈ ਤੇ ਮਸਾਲਾ ਵੇਚਣ ਲੱਗੀ....ਤੇ ਅਸੀਂ ਅੰਗੂਰਾਂ ਦੇ ਪੱਕੇ ਹੋਣ ਦਾ ਇੰਤਜ਼ਾਰ ਕਰਦੇ ਰਹੇ।

ਦਿੱਤੀ ਗਈ ਉੱਤਰ ਕੁੰਜੀ ਕੈਂਡੀਡੇਟਸ ਨੂੰ ਗੁੰਮਰਾਹ ਕਰ ਰਹੀ ਹੈ। ਸੋ ਕੈਂਡੀਡੇਟ ਅਬਜੈਕਸ਼ਨ ਨਹੀਂ ਲਗਾਉਣਗੇ ਪਹਿਲਾਂ ਤੁਸੀਂ ਉਸ ਉੱਤਰ ਕੁੰਜੀ ਨੂੰ ਜਾਂਚ ਕੇ ਸੋਧ ਕਰੋ।

**ਇਕ ਪੀੜਤ ਬੇਰੁਜ਼ਗਾਰ ਅਧਿਆਪਕ**

**ਵਿਰਕ ਪੁਸ਼ਪਿੰਦਰ**



# ਪੰਜਾਬ 'ਚ ਸੀਨੀਅਰ ਨੇਤਾਵਾਂ ਦੀ ਗ੍ਰਿਫ਼ਤਾਰੀ ਕਾਰਨ ਕਾਂਗਰਸ ਦੀਆਂ ਮੁਸ਼ਕਲਾਂ ਵਧੀਆਂ

## ✪ ਭ੍ਰਿਸ਼ਟਾਚਾਰ ਦੇ ਹੱਕ 'ਚ ਮੋਰਚਾ, ਕਾਂਗਰਸ ਲਈ ਹਾਸੋਹੀਣੀ ਸਥਿਤੀ ਬਣੀ ✪ ਸਾਬਕਾ ਮੰਤਰੀ ਸੰਗਤ ਸਿੰਘ ਗਿਲਜੀਆਂ 'ਤੇ ਵੀ ਗ੍ਰਿਫ਼ਤਾਰੀ ਦੀ ਤਲਵਾਰ ਲਟਕੀ ✪ ਪੰਜਾਬ ਕਾਂਗਰਸ ਵਿੱਚ ਬੇਚੈਨੀ, ਖਹਿਰਾ ਤੇ ਰਾਜਾ ਵੜਿੰਗ 'ਚ ਖੜਕੀ

### ਪ੍ਰਗਟ ਸਿੰਘ ਜੰਡਿਆਲਾ ਗੁਰੂ

ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਕਾਂਗਰਸ ਦੇ ਦਿੱਗਜ ਨੇਤਾਵਾਂ ਦੀਆਂ ਗ੍ਰਿਫ਼ਤਾਰੀਆਂ ਕਾਰਨ ਪਾਰਟੀ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਤੋਂ ਬਾਅਦ ਹੁਣ ਭਾਰਤ ਭੂਸ਼ਣ ਆਸ਼ੂ ਨੂੰ ਵੀ ਵਿਜੀਲੈਂਸ ਦੁਆਰਾ ਗ੍ਰਿਫ਼ਤਾਰ ਕੀਤੇ ਜਾਣ ਕਾਰਨ ਕਾਂਗਰਸੀ ਨੇਤਾਵਾਂ ਦਾ ਖ਼ੌਫ਼ਜ਼ਦਾ ਹੋਣਾ ਸੁਭਾਵਿਕ ਹੈ। ਇਸ ਤੋਂ ਇਲਾਵਾ ਸਾਬਕਾ ਮੰਤਰੀ ਸੰਗਤ ਸਿੰਘ ਗਿਲਜੀਆਂ 'ਤੇ ਵੀ ਗ੍ਰਿਫ਼ਤਾਰੀ ਦੀ ਤਲਵਾਰ ਲਟਕ ਰਹੀ ਹੈ। ਫ਼ਿਲਹਾਲ ਉਸ ਨੂੰ ਅਦਾਲਤ ਤੋਂ ਰਾਹਤ ਮਿਲੀ ਹੋਈ ਹੈ। ਸਾਬਕਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਵੀ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਰਡਾਰ 'ਤੇ ਹਨ। ਸੂਬੇ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਜਿਸ ਤਰਾਂ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਵਿੱਢੀ ਗਈ ਹੈ, ਉਸ ਨੂੰ ਦੇਖਦੇ ਹੋਏ ਇਸ ਦੀ ਸੰਭਾਵਨਾ ਬਣੀ ਹੋਈ ਹੈ ਕਿ ਭਵਿੱਖ ਵਿਚ ਹੋਰ ਵੀ ਸਾਬਕਾ ਮੰਤਰੀਆਂ ਦੀ ਗ੍ਰਿਫ਼ਤਾਰੀ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਆਪ ਸਰਕਾਰ ਕਹਿ ਵੀ ਰਹੀ ਹੈ ਕਿ ਪਿਛਲੀਆਂ ਸਰਕਾਰਾਂ ਦੇ ਸਮੇਂ ਹੋਏ ਭ੍ਰਿਸ਼ਟਾਚਾਰ ਵਿਚ ਜਿਸ ਦੀ ਵੀ ਭੂਮਿਕਾ ਸਾਹਮਣੇ ਆਵੇਗੀ, ਉਸ ਨੂੰ ਕਿਸੇ ਵੀ ਸੂਰਤ ਵਿਚ ਬਖ਼ਸ਼ਿਆ ਨਹੀਂ ਜਾਵੇਗਾ। ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ ਵਰਗੇ ਦਿੱਗਜ ਨੇਤਾਵਾਂ ਦੇ ਪਾਰਟੀ ਛੱਡਣ ਅਤੇ ਨਵਜੋਤ ਸਿੰਘ ਸਿੱਧੂ ਦੇ ਜੇਲ ਜਾਣ ਤੋਂ ਬਾਅਦ ਕਾਂਗਰਸ ਦੇ ਅੱਗੇ ਸਭ ਤੋਂ ਵੱਡੀ ਚੁਣੌਤੀ ਪਾਰਟੀ ਨੂੰ ਮਜ਼ਬੂਤ ਕਰਨ ਦੀ ਸੀ। ਪਾਰਟੀ ਆਲਾਕਮਾਨ ਨੇ ਇਸੇ ਨੂੰ ਧਿਆਨ ਵਿਚ ਰੱਖਦੇ ਹੋਏ ਨੌਜਵਾਨ ਨੇਤਾ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਪੰਜਾਬ ਕਾਂਗਰਸ ਦਾ ਮੁਖੀ ਬਣਾਇਆ ਸੀ ਅਤੇ ਨਾਲ ਹੀ ਭਾਰਤ ਭੂਸ਼ਣ ਆਸ਼ੂ ਨੂੰ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਸੀ। ਦੋਵੇਂ ਹੀ ਤੇਜ਼-ਤਰਾਰ ਨੇਤਾ ਮੰਨੇ ਜਾਂਦੇ ਹਨ ਪਰ ਵਿਜੀਲੈਂਸ ਬਿਊਰੋ ਦੀ ਤਰਫੋਂ ਕਾਂਗਰਸ ਨੇਤਾਵਾਂ 'ਤੇ ਇਕ-ਇਕ ਕਰ ਕੇ ਜਿਸ ਤਰਾਂ ਸ਼ਿਕੰਜਾ ਕਸਣ ਕਾਰਣ ਰਾਜਾ ਵੜਿੰਗ ਲਈ ਧਰਮ ਸੰਕਟ ਪੈਦਾ ਹੋ ਗਿਆ ਹੈ। ਕਿਉਂਕਿ ਨਾਜਾਇਜ਼ ਖਣਨ ਤੋਂ ਲੈ ਕੇ ਟਰਾਂਸਪੋਰਟ, ਸਿੱਖਿਆ ਆਦਿ ਮਹਿਕਮਿਆਂ



ਵਿਚ ਹੋਈਆਂ ਬੇਨਿਯਮੀਆਂ ਦੀ ਮਾਮਲਿਆਂ ਵਿਚ ਵੀ ਵਿਜੀਲੈਂਸ ਦੀ ਜਾਂਚ ਚੱਲ ਰਹੀ ਹੈ, ਇਸ ਲਈ ਕਾਂਗਰਸ ਪਾਰਟੀ ਦੇ ਨੇਤਾਵਾਂ ਵਿਚ ਇਸ ਗੱਲ ਦਾ ਡਰ ਹੈ ਕਿ ਪਤਾ ਨਹੀਂ ਕਦੋਂ ਕੌਣ ਸ਼ਿਕੰਜੇ ਵਿਚ ਫਸ ਜਾਵੇ। ਸੰਨ 2017 ਵਿਚ ਦੋ-ਤਿਹਾਈ ਬਹੁਮਤ ਨਾਲ ਸੂਬੇ ਵਿਚ ਸਰਕਾਰ ਬਣਾਉਣ ਵਾਲੀ ਕਾਂਗਰਸ ਪਿਛਲੀਆਂ ਵਿਧਾਨ ਸਭਾ ਚੋਣਾਂ 'ਚ 20 ਸੀਟਾਂ ਵੀ ਨਹੀਂ ਜਿੱਤ ਸਕੀ ਸੀ। ਅਜਿਹੇ ਵਿਚ ਸੁਭਾਵਿਕ ਹੈ ਕਿ ਜੇ ਸੰਗਠਨ ਦੀ ਮਜ਼ਬੂਤੀ 'ਤੇ ਧਿਆਨ ਨਹੀਂ ਦਿੱਤਾ ਗਿਆ ਤਾਂ 2024 ਦੀਆਂ ਲੋਕ ਸਭਾ ਚੋਣਾਂ ਵਿਚ ਵੀ ਉਸ ਨੂੰ ਨੁਕਸਾਨ ਸਹਿਣਾ ਪਵੇਗਾ।

ਭ੍ਰਿਸ਼ਟਾਚਾਰ ਦੇ ਦੋਸ਼ੀਆਂ ਦੇ ਹੱਕ ਵਿਚ ਕਾਂਗਰਸ ਦਾ ਮੋਰਚਾ ਜਨਤਾ ਲਈ ਹਾਸੋਹੀਣੀ ਸਥਿਤੀ ਪੈਦਾ ਕਰ ਰਿਹਾ ਹੈ।ਪੰਜਾਬ ਵਿਚ ਸਾਬਕਾ ਮੰਤਰੀ ਭਾਰਤ ਭੂਸ਼ਨ ਆਸ਼ੂ ਦੇ ਮਾਮਲੇ ਨੂੰ ਲੈ ਕੇ ਸੂਬਾ ਕਾਂਗਰਸ ਵਿਚ ਕਲੇਸ਼ ਦੇਖਣ ਨੂੰ ਮਿਲ ਰਿਹਾ ਹੈ । ਆਸ਼ੂ ਦੀ ਖੁੱਲੀ ਹਮਾਇਤ 'ਤੇ ਉੱਤਰੇ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਹੀ ਇਸ ਮਾਮਲੇ ਵਿਚ ਨਾ ਉਲਝਣ ਦੀ ਸਲਾਹ ਦਿੱਤੀ ਹੈ। ਵਿਧਾਇਕ ਸੁਖਪਾਲ ਖਹਿਰਾ ਨੇ ਟਵੀਟ ਵਿੱਚ ਪ੍ਰਦੇਸ਼ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਕਿਹਾ ਹੈ ਕਿ ਉਹ ਨਿੱਜੀ ਹਮਲਿਆਂ 'ਤੇ ਬਚਾਅ ਕਰਕੇ ਪਾਰਟੀ ਕੇਡਰ ਦੀ ਊਰਜਾ ਨੂੰ ਬਰਬਾਦ ਨਾ ਕਰਨ, ਕਿਉਂਕਿ ਪੰਜਾਬ ਵਿੱਚ ਬੇਅਦਬੀ, ਕਿਸਾਨ ਖ਼ੁਦਕੁਸ਼ੀਆਂ ਅਤੇ ਸੇਮ ਵਰਗੇ ਕਈ ਭਖਦੇ ਮੁੱਦੇ ਹਨ। ਉਨਾਂ ਕਿਹਾ ਕਿ ਮੈਂ ਈ. ਡੀ. ਦਾ ਸਾਹਮਣਾ ਕੀਤਾ, ਮੈਂ ਸੱਚਾ ਸੀ ਇਸੇ ਲਈ ਭੁਲੱਥ ਦੇ ਲੋਕਾਂ ਨੇ ਮੈਨੂੰ ਵਿਧਾਨ ਸਭਾ ਵਿਚ ਫਿਰ ਤੋਂ ਚੁਣ ਕੇ ਭੇਜਿਆ। ਉਨਾਂ ਆਪਣੀ ਹੀ ਪਾਰਟੀ ਨੂੰ ਘੇਰਦੇ ਹੋਏ ਕਿਹਾ ਕਿ ਜੇਕਰ ਸਾਡੇ ਨੇਤਾ ਇਮਾਨਦਾਰ ਹਨ ਤਾਂ ਚਿੰਤਾ ਕਿਉਂ ? ਉੱਧਰ ਅਮਰਿੰਦਰ ਸਿੰਘ ਰਾਜਾ ਵੜਿੰਗ ਨਾਲ ਜਦੋਂ ਇਸ ਬਾਰੇ ਗੱਲ ਕੀਤੀ

#### ਰਵਨੀਤ ਬਿੱਟੂ ਪ੍ਰਤੀ ਸਰਕਾਰ ਨਰਮ

ਵਿਜੀਲੈਂਸ ਅਧਿਕਾਰੀ ਜਦੋਂ ਸਾਬਕਾ ਮੰਤਰੀ ਭਾਰਤ ਭੂਸ਼ਨ ਆਸ਼ੂ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਆਏ ਤਾਂ ਸੰਸਦ ਮੈਂਬਰ ਰਵਨੀਤ ਬਿੱਟੂ ਨੇ ਵਿਜੀਲੈਂਸ ਅਧਿਕਾਰੀਆਂ ਨੂੰ ਰੋਕਿਆ ਸੀ ਜਿਸ ਦੀ ਸੋਸ਼ਲ ਮੀਡੀਆ 'ਤੇ ਵੀਡੀਓ ਵੀ ਨਸ਼ਰ ਹੋਈ। ਵਿਜੀਲੈਂਸ ਅਧਿਕਾਰੀਆਂ ਨੇ ਡਿਊਟੀ ਵਿੱਚ ਵਿਘਨ ਪਾਏ ਜਾਣ ਬਾਰੇ ਸ਼ਿਕਾਇਤ ਵੀ ਦਿੱਤੀ ਸੀ ਜਿਸ 'ਤੇ ਹਾਲੇ ਤੱਕ ਕੋਈ ਕਾਰਵਾਈ ਨਹੀਂ ਹੋਈ ਹੈ। ਸਿਆਸੀ ਹਲਕਿਆਂ ਵਿੱਚ ਚਰਚਾ ਹੈ ਕਿ ਸੰਸਦ ਮੈਂਬਰ ਰਵਨੀਤ ਬਿੱਟੂ ਦੀ 'ਆਪ' ਸਰਕਾਰ ਨਾਲ ਨੇੜਤਾ ਹੈ ਜਿਸ ਕਰਕੇ ਉਨਾਂ ਖ਼ਿਲਾਫ਼ ਕਾਰਵਾਈ ਤੋਂ ਪੁਲਿਸ ਨੇ ਟਾਲਾ ਵੱਟ ਲਿਆ ਹੈ। ਹਾਲਾਂਕਿ ਪੁਲਿਸ ਅਧਿਕਾਰੀ ਆਖਦੇ ਹਨ ਕਿ ਜਾਂਚ ਕੀਤੀ ਜਾ ਰਹੀ ਹੈ।

ਗਈ ਤਾਂ ਉਨਾਂ ਕਿਹਾ ਕਿ ਬਿਨਾਂ ਮੰਗੇ ਸਲਾਹ ਨਹੀਂ ਦੇਣੀ ਚਾਹੀਦੀ, ਇਸ ਨਾਲ ਇੱਜ਼ਤ ਘੱਟ ਜਾਂਦੀ ਹੈ । ਉਨਾਂ ਕਿਹਾ ਕਿ ਕਾਂਗਰਸ ਅਤੇ ਰਾਜਾ ਵੜਿੰਗ ਨੇ ਪੰਜਾਬ ਦੇ ਹਰ ਮੁੱਦੇ ਨੂੰ ਲੈ ਕੇ ਆਵਾਜ਼ ਚੁੱਕੀ ਹੈ, ਚਾਹੇ ਉਹ ਕਿਸਾਨਾਂ ਨਾਲ ਸਬੰਧਤ ਹੋਵੇ ਜਾਂ ਹੋਰ। ਉੱਧਰ ਸਾਬਕਾ ਮੰਤਰੀ ਗੁਰਕੀਰਤ ਸਿੰਘ ਕੋਟਲੀ ਨੇ ਕਿਹਾ ਕਿ ਖਹਿਰਾ ਨੂੰ ਅਜਿਹੇ ਬਿਆਨ ਨਹੀਂ ਦੇਣੇ ਚਾਹੀਦੇ, ਜਿਸ ਨਾਲ ਪਾਰਟੀ ਨੂੰ ਢਾਹ ਲੱਗਦੀ ਹੋਵੇ। ਉੱਧਰ ਇਸ ਮਸਲੇ ਉੱਤੇ ਰਾਜਾ ਵੜਿੰਗ ਦੇ ਹੱਕ 'ਚ ਨਿੱਤਰਦਿਆਂ ਯੂਥ ਕਾਂਗਰਸ ਪ੍ਰਧਾਨ ਬਰਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਰਾਜਾ ਵੜਿੰਗ ਵਲੋਂ ਆਪਣੇ ਪਾਰਟੀਆਂ ਆਗੂਆਂ ਦੇ ਨਾਲ ਖੜਨਾ ਕਿੱਥੇ ਗ਼ਲਤ ਹੈ।ਉਨਾਂ ਕਿਹਾ ਕਿ ਜੇਕਰ ਮੌਜੂਦਾ ਸਰਕਾਰ ਪਾਰਟੀ ਆਗੂਆਂ ਨਾਲ ਸਿਆਸੀ ਬਦਲਾਖੋਰੀ ਤਹਿਤ ਧੱਕਾ ਕਰੇਗੀ ਤਾਂ ਪੰਜਾਬ ਕਾਂਗਰਸ ਪ੍ਰਧਾਨ ਦਾ ਫ਼ਰਜ਼ ਬਣਦਾ ਹੈ ਕਿ ਉਹ ਹਰ ਆਗੂ ਹਰ ਵਰਕਰ ਨਾਲ ਖੜਨ ।

#### ਸੀਨੀਅਰ ਕਾਂਗਰਸੀ ਮੋਰਚੇ ਤੋਂ ਭੱਜੇ

ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਦੇ ਸਮਰਥਨ ਵਿਚ ਐਤਵਾਰ ਨੂੰ ਵਿਜੀਲੈਂਸ ਦਫ਼ਤਰ ਦੇ ਬਾਹਰ ਕੋਈ ਵੀ ਵੱਡਾ ਕਾਂਗਰਸੀ ਆਗੂ ਨਹੀਂ ਪਹੁੰਚਿਆ। ਦਫ਼ਤਰ ਦੇ ਬਾਹਰ ਰੋਜ਼ਾਨਾ ਵਾਂਗ ਧਰਨਾ ਪ੍ਰਦਰਸ਼ਨ ਅਤੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਨਹੀਂ ਹੋ ਰਹੀ ਸੀ। ਵਿਜੀਲੈਂਸ ਦਫ਼ਤਰ ਦੇ ਬਾਹਰ ਸੰਨਾਟਾ ਸੀ ਦੱਸਣਯੋਗ ਹੈ ਕਿ ਰਾਜਾ ਵੜਿੰਗ ਦੀ ਬਤੌਰ ਪ੍ਰਧਾਨ ਪੈਂਠ ਨਹੀਂ ਬੱਝ ਰਹੀ। ਪਹਿਲਾਂ ਰਾਜਾ ਵੜਿੰਗ ਦੀ ਤਾਜਪੋਸ਼ੀ ਮੌਕੇ ਨਵਜੋਤ ਸਿੱਧੂ ਹਾਜ਼ਰ ਨਹੀਂ ਸੀ ਅਤੇ ਥੋੜੇ ਦਿਨ ਪਹਿਲਾਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨਾਰਾਜ਼ ਹੋ ਗਏ ਸਨ। ਹੁਣ ਇਸੇ ਦੌਰਾਨ ਅਬੋਹਰ ਤੋਂ ਕਾਂਗਰਸੀ ਵਿਧਾਇਕ ਸੰਦੀਪ ਜਾਖੜ ਟਵੀਟ ਕਰਕੇ ਕਿਹਾ ਹੈ, 'ਇਹ ਕਾਂਗਰਸ ਪ੍ਰਧਾਨ ਦੀ ਘੋਰ ਨਫ਼ਰਤ ਹੈ ਜਦੋਂ ਉਹ ਖਹਿਰਾ ਵਰਗੇ ਸੀਨੀਅਰ ਆਗੂ ਨੂੰ ਜਨਤਕ ਤੌਰ 'ਤੇ ਝਿੜਕਦੇ ਹਨ ਅਤੇ ਫਿਰ ਕਾਂਗਰਸ ਦੇ ਕਾਡਰ ਤੋਂ ਸਤਿਕਾਰ ਦੀ ਉਮੀਦ ਕਰਦੇ ਹਨ। ਇੱਜ਼ਤ ਕਮਾਈ ਜਾਂਦੀ ਹੈ।'

# ਰਵੀਸ਼ ਦੀ ਦਲੇਰਾਨਾ ਪੱਤਰਕਾਰੀ ਬਨਾਮ ਐਨ.ਡੀ.ਟੀ.ਵੀ.

### ਪ੍ਰੋਫੈਸਰ ਕੁਲਬੀਰ ਸਿੰਘ

ਰਵੀਸ਼ ਕੁਮਾਰ ਭਾਰਤੀ ਮੀਡੀਆ ਦਾ ਵੱਡਾ ਨਾਂ ਹੈ। ਭਾਰਤੀ ਟੈਲੀਵਿਜ਼ਨ ਦਾ ਵੱਡਾ ਚਿਹਰਾ ਹੈ। ਮੀਡੀਆ ਦੀ ਜਾਣੀ-ਪਛਾਣੀ ਹਸਤੀ ਹੈ। ਉਹ ਬੋਲਣ ਦੇ ਨਾਲ ਕੁਝ ਨਾ ਕੁਝ ਲਿਖਦਾ ਵੀ ਰਹਿੰਦਾ ਹੈ। ਕਦੇ ਕਵਿਤਾ ਰਾਹੀਂ, ਕਦੇ ਵਾਰਤਕ ਰਾਹੀਂ।

ਰਵੀਸ਼ ਕੁਮਾਰ ਵਲੋਂ ਲਿਖੀ ਅੰਗਰੇਜ਼ੀ ਪੁਸਤਕ **'The free Voice'** ਦਾ ਤਰਜਮਾ ਵੱਖ-ਵੱਖ ਭਾਸ਼ਾਵਾਂ ਵਿਚ ਹੋ ਰਿਹਾ ਹੈ। ਭਾਰਤ ਵਿਚ ਲੋਕਤੰਤਰ ਦੀ, ਸਭਿਆਚਾਰ ਦੀ ਕੀ ਸਥਿਤੀ ਹੈ, ਰਵੀਸ਼ ਕੁਮਾਰ ਇਸ 'ਤੇ ਖੁੱਲ ਕੇ ਬੋਲਦਾ ਹੈ। ਮੀਡੀਆ ਦੀ ਨਿਊਜ਼ ਚੈਨਲਾਂ ਦੀ ਕਾਰਗੁਜ਼ਾਰੀ ਦੀਆਂ ਪਰਤਾਂ ਫਰੋਲਦਿਆਂ ਬੇਬਾਕ ਉਹ ਸਭ ਕੁਝ ਕਹਿੰਦਾ/ਲਿਖਦਾ ਹੈ, ਜਿਸ ਨੂੰ ਕਹਿਣ ਲਿਖਣ ਤੋਂ ਬਹੁਤੇ ਲੋਕ ਗੁਰੇਜ਼ ਕਰਦੇ ਹਨ। ਉਸ ਦੇ ਦਰਸ਼ਕ, ਉਸ ਦੇ ਪਾਠਕ ਇਹ ਸਭ ਜਾਣਦੇ ਹਨ।

**'The free Voice'** ਕਿਤਾਬ ਉਹ ਸ਼ੀਸ਼ਾ ਹੈ ਜਿਸ ਵਿਚੋਂ ਤੁਸੀਂ ਭਾਰਤ ਦੀਆਂ ਗੁੰਝਲਦਾਰ ਸਮਾਜਿਕ ਹਕੀਕਤਾਂ ਅਤੇ ਲੋਕਤੰਤਰ ਲਈ ਪੈਦਾ ਹੋਈਆਂ ਚੁਣੌਤੀਆਂ ਨੂੰ ਆਸਾਨੀ ਨਾਲ ਵੇਖ ਸਕਦੇ ਹੋ, ਸਮਝ ਸਕਦੇ ਹੋ। ਉਹ ਨਿਡਰ ਪੱਤਰਕਾਰੀ ਅਤੇ ਤਿੱਖੀਆਂ ਸਿਆਸੀ ਟਿੱਪਣੀਆਂ ਕਾਰਨ ਜਾਣਿਆ ਜਾਂਦਾ ਹੈ, ਸੱਚ ਬੋਲਣ ਕਰਕੇ ਉਹ ਅਕਸਰ ਕਈ ਲੋਕਾਂ ਦੇ ਨਿਸ਼ਾਨੇ 'ਤੇ ਰਹਿੰਦਾ ਹੈ। ਇਸ ਪੁਸਤਕ ਰਾਹੀਂ ਉਸ ਨੇ ਨਿੱਜੀ ਤਜਰਬਿਆਂ ਦੇ ਆਧਾਰ 'ਤੇ ਸਿੱਧ ਕੀਤਾ ਹੈ ਕਿ ਭਾਰਤੀ ਲੋਕਤੰਤਰ ਨੂੰ ਕਿੱਥੇ-ਕਿੱਥੇ ਕਿਵੇਂ ਕਿੰਨਾ ਖ਼ਤਰਾ ਹੈ।

ਉਸ ਨੇ ਪਾਠਕਾਂ ਨੂੰ ਸਫਲਤਾ ਪੂਰਵਕ ਦੱਸਿਆ ਹੈ ਕਿ ਸੱਚ ਬੋਲਣ ਦੀ ਉਸ ਨੂੰ ਕਿੰਨੀ ਕੀਮਤ ਚੁਕਾਉਣੀ ਪਈ ਹੈ। ਉਸ ਦੇ ਜੀਵਨ ਨੂੰ ਕਿੰਨਾ ਖ਼ਤਰਾ ਹੈ ਅਤੇ ਰੋਜ਼ਾਨਾ ਕਿੰਨੇ ਤਰਾਂ-ਤਰਾਂ ਦੇ ਹਮਲਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੇ ਹਾਲਾਤ ਦੌਰਾਨ ਉਸ ਨੇ ਲਗਾਤਾਰ ਇਹ ਦੱਸਣਾ ਕਿਵੇਂ ਜਾਰੀ ਰੱਖਿਆ ਕਿ ਲੋਕਤੰਤਰ ਦੀ ਸੁਰੱਖਿਆ ਲਈ ਸਵਾਲ ਪੁੱਛਣਾ ਕਿਉਂ ਅਤੇ ਕਿੰਨਾ ਜ਼ਰੂਰੀ ਹੈ।

ਪੁਸਤਕ ਵਿਚ ਸਿਆਸੀ-ਕਾਰਪੋਰੇਟ-ਮੀਡੀਆ ਗੱਠਜੋੜ ਦਾ ਪਰਦਾਫਾਸ਼ ਕਰਦਿਆਂ ਦੱਸਿਆ ਗਿਆ ਹੈ ਕਿ ਮੀਡੀਆ ਦਾ ਇਕ ਵੱਡਾ ਹਿੱਸਾ ਕਿਵੇਂ ਸਰਕਾਰੀ ਪ੍ਰਚਾਰ



ਵਿਚ ਰੁੱਝਿਆ ਹੋਇਆ ਹੈ। ਕਿਵੇਂ ਜਾਅਲੀ ਖ਼ਬਰਾਂ ਅਤੇ ਝੂਠੀ ਜਾਣਕਾਰੀ ਫੈਲਾਈ ਜਾ ਰਹੀ ਹੈ। ਕਿਵੇਂ ਉਲਾਰ ਤੇ ਸਨਸਨੀਖੇਜ਼ ਬਹਿਸਾਂ ਕਰਵਾ ਕੇ ਲੋਕਾਂ ਦੇ ਮਨਾਂ ਅੰਦਰ ਵਿਰਢੂ ਨਫ਼ਰਤ ਭਰੀ ਜਾ ਰਹੀ ਹੈ। ਵਟਸਐਪ ਅਤੇ ਸੋਸ਼ਲ ਮੀਡੀਆ 'ਤੇ ਰੁੱਝੇ ਲੋਕ ਕਿਵੇਂ ਸੋਚਣਾ ਅਤੇ ਕੌਮੀ ਮੁੱਦਿਆਂ 'ਤੇ ਪ੍ਰਤੀਕਰਮ ਦੇਣਾ ਭੁੱਲ ਗਏ ਹਨ।

ਕਿਸੇ ਧਰਮ, ਕਿਸੇ ਸਮਾਜ, ਕਿਸੇ ਭਾਈਚਾਰੇ ਨੂੰ ਨਿਸ਼ਾਨਾ ਬਨਾਉਣ ਲਈ ਕਿਵੇਂ ਵਟਸਐਪ ਗਰੁੱਪ ਬਣਾਏ ਜਾਂਦੇ ਹਨ। ਕਿਵੇਂ ਮੀਡੀਆ ਅਤੇ ਬੋਲਣ ਵਾਲਿਆਂ ਅੰਦਰ ਡਰ ਭਰਿਆ ਜਾ ਰਿਹਾ ਹੈ। ਕਿਵੇਂ ਉਸਾਰੂ ਆਲੋਚਨਾ ਨੂੰ ਹਾਸ਼ੀਏ 'ਤੇ ਧਕੇਲ ਦਿੱਤਾ ਗਿਆ ਹੈ। ਧਰਮ ਅਤੇ ਰਾਸ਼ਟਰਵਾਦ ਦੇ ਨਾਂ 'ਤੇ ਕਿਵੇਂ ਪੱਤਰਕਾਰਾਂ ਨੂੰ ਡਰਾਇਆ ਧਮਕਾਇਆ ਜਾ ਰਿਹਾ ਹੈ।

ਉਹ ਇਸ ਪੁਸਤਕ ਰਾਹੀਂ ਇਕ ਪਾਸੇ ਸਮਾਜਿਕ ਯਥਾਰਥ ਨੂੰ ਲੋਕਾਂ ਸਾਹਮਣੇ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹੈ, ਦੂਸਰੇ ਪਾਸੇ ਦੇਸ਼ ਵਾਸੀਆਂ ਨੂੰ, ਦਰਪੇਸ਼ ਚੁਣੌਤੀਆਂ ਪ੍ਰਤੀ ਚੌਕਸ ਵੀ ਕਰ ਰਿਹਾ ਹੈ। ਉਹ ਸੋਚਣ, ਪੜਨ ਤੇ ਬੋਲਣ ਦਾ ਹੋਕਾ ਦਿੰਦਾ ਹੈ। ਧਰਮ ਦੇ ਨਾਂ 'ਤੇ ਟੈਲੀਵਿਜ਼ਨ 'ਤੇ ਕੀਤੀਆਂ ਜਾ ਰਹੀਆਂ ਬਹਿਸਾਂ 'ਤੇ ਤਿੱਖੇ ਵਿਅੰਗ ਕਰਦਾ ਹੈ।

ਮੈਂ ਜਦੋਂ ਉਸ ਦੀ ਇਹ ਕਿਤਾਬ ਪੜ ਰਿਹਾ ਸਾਂ ਤਾਂ ਸੋਸ਼ਲ ਮੀਡੀਆ 'ਤੇ ਇਕ ਖ਼ਬਰ ਤੁਰਦੀ ਹੈ। ਤੁਰਦੀ-ਤੁਰਦੀ ਫੈਲ ਜਾਂਦੀ ਹੈ। ਤਸਦੀਕ ਲਈ ਮੈਂ ਖ਼ਬਰ ਦੇ ਹੋਰਨਾਂ ਸਰੋਤਾਂ ਵੱਲ ਵਧਦਾ ਹਾਂ। ਖ਼ਬਰ ਸਹੀ ਸੀ, ਪਰ ਖ਼ਬਰ ਵਿਚ ਕਈ ਘੁੰਢੀਆਂ ਸਨ। ਹਰ ਕੋਈ ਆਪਣੇ-ਆਪਣੇ ਢੰਗ ਨਾਲ ਖ਼ਬਰ ਨਸ਼ਰ ਕਰ ਰਿਹਾ ਸੀ। ਆਪਣੇ-ਆਪਣੇ ਢੰਗ ਨਾਲ ਵਿਆਖਿਆ ਕਰ ਰਿਹਾ ਸੀ ਅਤੇ ਸੁਆਲ ਇਹ ਉਭਰਦਾ ਸੀ ਕਿ ਹੁਣ ਰਵੀਸ਼ ਕੁਮਾਰ ਦਾ ਕੀ ਹੋਵੇਗਾ ? ਖ਼ਬਰ ਨੂੰ ਇਸ ਤਰੀਕੇ ਨਾਲ ਉਛਾਲਿਆ ਗਿਆ ਕਿ ਇਕ ਵੱਡੇ ਕਾਰਪੋਰੇਟ ਅਦਾਰੇ ਨੇ ਐਨ.ਡੀ.ਟੀ.ਵੀ. ਨੂੰ ਖ਼ਰੀਦ ਲਿਆ ਹੈ। ਹੁਣ ਚੈਨਲ ਦੀ ਸੰਪਾਦਕੀ ਨੀਤੀ ਅਤੇ ਰਵੀਸ਼ ਦੇ ਪ੍ਰਾਈਮ ਟਾਈਮ ਦਾ ਕੀ ਹੋਵੇਗਾ ?

**ਵਿਸ਼ੇਸ਼ ਟਿੱਪਣੀ**

ਦਰਅਸਲ ਕੁਝ ਦੇਰ ਪਹਿਲਾਂ ਇਕ ਰਿਪੋਰਟ ਛਪੀ ਸੀ ਕਿ ਸਰਕਾਰ ਪੱਖੀ ਇਕ ਕਾਰਪੋਰੇਟ ਕੰਪਨੀ ਐਨ.ਡੀ.ਟੀ.ਵੀ. ਦੀ 29.18 ਫੀਸਦੀ ਹਿੱਸੇਦਾਰੀ ਖ਼ਰੀਦਣ ਜਾ ਰਹੀ ਹੈ। ਹੁਣ ਇਹ ਖ਼ਬਰ ਆਈ ਹੈ ਕਿ ਇਹ ਹਿੱਸੇਦਾਰੀ ਖ਼ਰੀਦ ਲਈ ਗਈ ਹੈ ਅਤੇ ਬਾਕੀ 26 ਫੀਸਦੀ ਹਿੱਸੇਦਾਰੀ ਖ਼ਰੀਦਣ ਲਈ ਖੁੱਲੀ ਪੇਸ਼ਕਸ਼ ਵੀ ਕਰ ਦਿੱਤੀ ਗਈ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਬਿਨਾਂ ਸ਼ੱਕ ਉਕਤ ਕਾਰਪੋਰੇਟ ਕੰਪਨੀ ਐਨ.ਡੀ.ਟੀ.ਵੀ. ਦੀ ਮਾਲਕ ਬਣ ਜਾਵੇਗੀ।

ਐਨ.ਡੀ.ਟੀ.ਵੀ. ਦੇ ਤਿੰਨ ਮੁੱਖ ਚੈਨਲ ਚਲ ਰਹੇ ਹਨ। ਇਕ ਵੈੱਬਸਾਈਟ ਹੈ ਅਤੇ ਇਕ ਯੂ-ਟਿਊਬ ਚੈਨਲ ਹੈ। ਰਵੀਸ਼ ਕੁਮਾਰ ਇਸ ਸੰਸਥਾ ਨਾਲ ਜੁੜਿਆ ਸਟਾਰ ਐਂਕਰ ਹੈ।

ਸਾਲ ਭਰ ਤੋਂ ਅਜਿਹੀਆਂ ਖ਼ਬਰਾਂ ਦੀ ਸਰਸਰਾਹਟ ਸੀ। ਉਦੋਂ ਤੋਂ ਰਵੀਸ਼ ਕੁਮਾਰ ਆਪਣੇ ਘਰ ਤੋਂ ਪ੍ਰਾਈਮ ਟਾਈਮ ਪ੍ਰੋਗਰਾਮ ਕਰ ਰਹੇ ਹਨ।

ਭਾਵੇਂ ਘਰੋਂ ਪ੍ਰੋਗਰਾਮ ਕਰਨ ਨੂੰ ਕੋਵਿਡ ਨਾਲ ਜੋੜਿਆ ਜਾ ਰਿਹਾ ਹੈ। ਪ੍ਰੰਤੂ ਹੁਣ ਤਾਂ ਟੈਲੀਵਿਜ਼ਨ ਚੈਨਲਾਂ ਦੇ ਸਟੂਡੀਓ ਵਿਚ ਕੰਮਕਾਰ ਆਮ ਵਾਂਗ ਚੱਲ ਰਿਹਾ ਹੈ।

ਰਵੀਸ਼ ਕੁਮਾਰ ਨੂੰ ਜਿਸ ਦਾ ਡਰ ਸੀ, ਉਹ ਹੋ ਗਿਆ ਹੈ। ਕੇਂਦਰ ਸਰਕਾਰ ਦੀ ਨਜ਼ਦੀਕੀ ਉਕਤ ਕਾਰਪੋਰੇਟ ਕੰਪਨੀ ਨੇ ਅਸਿੱਧੇ ਢੰਗ ਨਾਲ ਉਪਰੋਕਤ ਹਿੱਸੇਦਾਰੀ ਖ਼ਰੀਦ ਲਈ ਹੈ। ਨੇੜ-ਭਵਿੱਖ ਵਿਚ ਇਸ ਦੇ ਕੀ ਪ੍ਰਭਾਵ ਪੈਣਗੇ, ਇਹ ਸਮੇਂ ਨਾਲ ਸਾਹਮਣੇ ਆਏਗਾ।

29.18 ਫ਼ੀਸਦੀ ਹਿੱਸੇਦਾਰੀ ਖ਼ਰੀਦਣ ਦਾ ਅਰਥ ਇਹ ਨਹੀਂ ਕਿ ਚੈਨਲ ਦੀ ਸੰਪਾਦਕੀ ਨੀਤੀ ਉਸ ਦੇ ਹੱਥ ਆ ਗਈ ਹੈ। ਪਰ ਇਕ ਗੱਲ ਸਾਫ਼ ਹੈ ਕਿ ਉਕਤ ਕਾਰਪੋਰੇਟ ਨੇ ਮੀਡੀਆ ਖੇਤਰ ਵਿਚ ਸਰਗਰਮੀ ਵਧਾ ਦਿੱਤੀ ਹੈ।

ਉਧਰ ਐਨ.ਡੀ.ਟੀ.ਵੀ. ਨੇ ਆਪਣੀ ਵੈੱਬਸਾਈਟ 'ਤੇ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਸਾਡੇ ਨਾਲ ਚਰਚਾ ਤੋਂ ਬਗ਼ੈਰ, ਓਹਲਾ ਰੱਖ ਕੇ ਇਹ ਹਿੱਸੇਦਾਰੀ ਖ਼ਰੀਦੀ ਗਈ ਹੈ। ਦਰਅਸਲ ਇਹ ਹਿੱਸੇਦਾਰੀ ਵੀ ਸੀ.ਪੀ.ਐਲ. ਨੇ ਇਕ ਕਰਜ਼ ਸਮਝੌਤੇ ਦੇ ਆਧਾਰ 'ਤੇ ਖ਼ਰੀਦੀ ਹੈ, ਜਿਹੜਾ 2009-10 ਵਿਚ ਹੋਇਆ ਸੀ।

ਐਨ.ਡੀ.ਟੀ.ਵੀ. ਨੇ ਅੱਗੇ ਲਿਖਿਆ ਹੈ ਕਿ ਇਹ ਹਿੱਸੇਦਾਰੀ ਖ਼ਰੀਦਣ ਲੱਗਿਆਂ ਸਾਡੀ ਸਹਿਮਤੀ ਨਹੀਂ ਲਈ ਗਈ। ਐਨ.ਡੀ.ਟੀ.ਵੀ. ਪੱਤਰਕਾਰੀ ਨਾਲ ਕਦੇ ਵੀ ਸਮਝੌਤਾ ਨਹੀਂ ਕਰ ਸਕਦਾ ਅਤੇ ਇਹ ਅੱਜ ਵੀ ਉਸੇ ਮਾਣਮੱਤੀ ਪੱਤਰਕਾਰੀ ਨਾਲ ਖੜਾ ਹੈ।

# ਮੋਦੀ ਦਾ ਭਾਰਤ ਉਹ ਥਾਂ ਹੈ ਜਿੱਥੇ ਵਿਸ਼ਵ ਲੋਕਤੰਤਰ ਮਰਦਾ ਹੈ

## ਲੋਕਤੰਤਰ ਤੋਂ ਵੱਧ ਤਾਨਾਸ਼ਾਹ ਨੂੰ ਉਜਾਗਰ ਕਰਦੀ ਨਵੀਂ ਭਾਰਤੀ ਸੰਸਦ ਦੀ ਇਮਾਰਤ

**ਦੇਬਾਸ਼ੀਸ਼ ਰਾਏ ਚੌਧਰੀ**
**ਹਾਂਗਕਾਂਗ-ਅਧਾਰਤ ਭਾਰਤੀ ਪੱਤਰਕਾਰ**
**ਸੰਪਾਦਤ: ਸਰਬਜੀਤ ਕੌਰ ਸਰਬ**

ਭਾਰਤੀ ਮੀਡਿਆ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਗੁਣਗਾਨ ਕਰਨ ਵਿਚ ਮਸ਼ਰੂਫ ਹੈ, ਜੋ ਅਜਿਹੇ ਸੱਚ ਨੂੰ ਬਿਆਨ ਕਰ ਰਿਹਾ ਹੈ ਜਿਸ ਦਾ ਲੋਕਤੰਤਰ ਨਾਲ ਕੋਈ ਸਰੋਕਾਰ ਨਹੀਂ ਹੈ। ਘੱਟਗਿਣਤੀਆਂ ਨਾਲ ਹੋ ਰਿਹਾ ਮਾੜਾ ਵਿਵਹਾਰ ਇਸ ਦੀ ਅਸਲ ਸਚਾਈ ਨੂੰ ਪ੍ਰਗਟ ਕਰ ਰਿਹਾ ਹੈ। ਤਾਨਾਸ਼ਾਹੀ ਦੀ ਝਲਕ ਪਾਉਂਦੀ ਦੇਸ਼ ਦੀ ਅਜ਼ਾਦੀ ਦੇ 75 ਸਾਲਾਂ ਨੂੰ ਮਨਾਉਣ ਲਈ ਬਣਈ ਗਈ ਭਾਰਤ ਸੰਸਦ ਦੀ ਇਮਾਰਤ ਲਗਭਗ ਮੁਕੰਮਲ ਹੋ ਚੁੱਕੀ ਹੈ। 21 ਫੁੱਟ ਉੱਚੀ ਇਸ ਇਮਾਰਤ 'ਤੇ ਕਾਂਸੀ ਦੀ ਮੂਰਤੀ ਹੈ ਜਿਸ ਵਿਚ ਚਾਰ ਸ਼ੇਰ ਇੱਕ ਦੂਜੇ ਨਾਲ ਪਿੱਠ ਦੇ ਕੇ ਬੈਠੇ ਦਿਖਾਈ ਦੇਂਦੇ ਹਨ, ਜਿਨਾਂ ਦੇ ਮੂੰਹ ਬਾਹਰ ਹਨ। ਇਹ ਇਮਾਰਤ ਭਾਰਤ ਦਾ ਸਤਿਕਾਰਤ ਰਾਸ਼ਟਰੀ ਚਿੰਨ ਹੈ। ਜਾਨਵਰਾਂ ਨੂੰ ਆਮ ਤੌਰ 'ਤੇ ਸ਼ਾਹੀ ਅਤੇ ਸੰਜਮੀ ਵਜੋਂ ਦਰਸਾਇਆ ਜਾਂਦਾ ਹੈ, ਪਰ ਇਸ ਮੂਰਤੀ ਵਿਚ ਉਹ ਵੱਖਰੇ ਦਿਖਾਈ ਦਿੰਦੇ ਹਨ ਜਿਸ ਵਿਚ ਉਨਾਂ ਦੀਆਂ ਬਾਂਹਾਂ ਨੰਗੀਆਂ, ਉਹ ਗੁੱਸੇ ਅਤੇ ਇਕ ਹਮਲਾਵਰ ਦੀ ਦਿੱਖ ਵਾਲੇ ਲੱਗਦੇ ਹਨ।

ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਆਲੋਚਕਾਂ ਲਈ ਸੰਸਦ ਭਵਨ ਦੇ ਉੱਪਰ ਦੀ ਇਹ ਨਵੀਂ ਦਿਖ ਵਾਲੀ ਤਸਵੀਰ-ਇੱਕ ਅਜਿਹਾ ਪ੍ਰੋਜੈਕਟ ਹੈ ਜਿਸ ਨੂੰ ਬਹਿਸ ਜਾਂ ਜਨਤਕ ਸਲਾਹ-ਮਸ਼ਵਰੇ ਤੋਂ ਬਿਨਾਂ ਪੂਰਾ ਕੀਤਾ ਗਿਆ ਸੀ । ਇਹ ਤਸਵੀਰ 'ਨਿਊ ਇੰਡੀਆ' ਨੂੰ ਦਰਸਾਉਂਦੀ ਹੈ, ਕਹਿਣ ਤੋਂ ਭਾਵ ਭਾਰਤ ਦੇ ਭਵਿੱਖ ਨੂੰ ਸਪੱਸ਼ਟ ਕਰ ਰਹੀ ਹੈ ਜਿਸ 'ਚ ਹਿੰਦੂ ਰਾਸ਼ਟਰ ਦੀ ਝਲਕ ਪੈਦਾ ਹੁੰਦੀ ਹੈ।

ਆਪਣੇ ਅੱਠ ਸਾਲਾਂ ਦੀ ਸਿਆਸਤੀ ਸੱਤਾ ਵਿੱਚ, ਨਰਿੰਦਰ ਮੋਦੀ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਧਰਮ ਨਿਰਪੱਖਤਾ, ਬਹੁਲਵਾਦ, ਧਾਰਮਿਕ ਸਹਿਣਸ਼ੀਲਤਾ ਅਤੇ ਬਰਾਬਰ ਨਾਗਰਿਕਤਾ ਦੇ ਆਦਰਸ਼ਾਂ ਉੱਤੇ ਇੱਕ ਅਸਹਿਣਸ਼ੀਲ ਹਿੰਦੂ ਸਰਵਉੱਚਤਾਵਾਦੀ ਬਹੁਗਿਣਤੀਵਾਦ ਦੀ ਹਮਾਇਤ ਕਰਦੇ ਹੋਏ ਭਾਰਤੀ ਲੋਕਤੰਤਰ ਨੂੰ ਅਪਮਾਨਿਤ ਕੀਤਾ ਹੈ, ਜਿਸ ਦੇ ਆਧਾਰ 'ਤੇ 15 ਅਗਸਤ 1947 ਨੂੰ ਅਜ਼ਾਦੀ ਪ੍ਰਾਪਤ ਕਰਨ ਤੋਂ ਬਾਅਦ ਦੇਸ਼ ਦੀ ਸਥਾਪਨਾ ਕੀਤੀ ਗਈ ਸੀ।

ਭਾਰਤ ਦੀ ਨਾਜ਼ੀ ਜਰਮਨੀ ਨਾਲ ਤੁਲਨਾ ਕਰਦੇ ਹੋਏ ਇਸ ਭਾਰਤੀ ਸ਼ਾਸਨ ਵਿਚ ਮੁਸਲਿਮ ਤੇ ਘੱਟ-ਗਿਣਤੀ 'ਤੇ ਅਣਮਨੁੱਖੀ ਤਸ਼ੱਦਦ, ਸਮਾਜਿਕ ਵੰਡ ਅਤੇ ਹਿੰਸਾ ਨੂੰ ਹਵਾ ਦਿੰਦੇ ਹੋਏ ਆਲੋਚਕਾਂ ਨੂੰ ਚੁੱਪ ਕਰਾਉਣ ਲਈ ਪੱਖਪਾਤੀ ਭੀੜ ਦੁਆਰਾ ਡਰਾਉਣ ਲਈ ਸਰਕਾਰੀ ਮਸ਼ੀਨਰੀ ਦੀ ਵਰਤੋਂ ਕੀਤੀ ਜਾ ਰਹੀ ਹੈ। ਅਜਿਹੇ ਕਦਮ ਨਾਲ ਨਾਗਰਿਕ ਸੁਤੰਤਰਤਾਵਾਂ ਦੀ ਯੋਜਨਾਬੱਧ ਤਰੀਕੇ ਨਾਲ ਉਲੰਘਣਾ ਕੀਤੀ ਜਾ ਰਹੀ ਹੈ।

ਭਾਰਤ, ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਦੇਸ਼ ਹੈ, ਜਿੱਥੇ ਉਦਾਰਵਾਦ ਅਤੇ ਜ਼ੁਲਮ ਵਿਚਕਾਰ ਵਿਸ਼ਵ ਯੁੱਧ ਹਾਰ ਰਿਹਾ ਹੈ। ਫਿਰ ਵੀ ਸੰਯੁਕਤ ਰਾਜ ਅਮਰੀਕਾ ਵਰਗੇ ਪੱਛਮੀ ਲੋਕਤੰਤਰ ਨੇ ਮੋਦੀ ਨੂੰ ਬੁਲਾਉਣ ਤੋਂ ਇਨਕਾਰ ਕਰ ਦਿੱਤਾ, ਇਸ ਦੀ ਬਜਾਏ ਉਸ ਨੂੰ ਭਾਰਤ ਦੇ ਵਿਸ਼ਾਲ ਬਾਜ਼ਾਰ ਤੱਕ ਪਹੁੰਚ ਬਣਾਈ ਰੱਖਣ ਅਤੇ ਚੀਨ ਦੇ ਵਿਰੁੱਧ ਇੱਕ ਰਣਨੀਤਕ ਬਲਵਰਕ ਵਜੋਂ ਦੇਸ਼ ਦੀ ਉਪਯੋਗਤਾ ਲਈ ਪੇਸ਼ ਕੀਤਾ ਹੈ। ਪਿਛਲੇ ਸਾਲ ਸਵੀਡਨ ਦੇ ਵੀ-ਡੇਮ ਇੰਸਟੀਚਿਊਟ ਨੇ ਭਾਰਤ ਨੂੰ 'ਚੋਣਕਾਰੀ ਤਾਨਾਸ਼ਾਹੀ' ਵਿੱਚ ਪਾ ਦਿੱਤਾ ਸੀ ਅਤੇ ਵਾਸ਼ਿੰਗਟਨ ਸਥਿਤ ਫਰੀਡਮ ਹਾਊਸ ਨੇ ਇਸਨੂੰ 'ਅੰਸ਼ਕ ਤੌਰ 'ਤੇ ਮੁਕਤ' ਕਰ ਦਿੱਤਾ ਸੀ। ਫਰੀਡਮ ਹਾਊਸ ਨੇ ਕਿਹਾ, ਭਾਰਤ ਦੇ 1.3 ਬਿਲੀਅਨ ਲੋਕਾਂ ਦੇ ਨਾਲ, ਆਜ਼ਾਦੀ ਦੇ ਗਲੋਬਲ ਸੰਤੁਲਨ ਨੂੰ ਜ਼ੁਲਮ ਦੇ ਹੱਕ ਵਿੱਚ ਸੰਕੇਤ ਕੀਤਾ ਤੇ ਫ੍ਰੀਡਮ ਹਾਊਸ ਨੇ ਕਿਹਾ, ਦੁਨੀਆ ਦੀ 20 ਪ੍ਰਤੀਸ਼ਤ ਤੋਂ ਵੀ ਘੱਟ ਅਬਾਦੀ ਹੁਣ 'ਆਜ਼ਾਦ' ਦੇਸ਼ਾਂ ਵਿੱਚ ਰਹਿ ਰਹੀ ਹੈ।

ਹਾਲਾਂਕਿ ਮੋਦੀ ਦੀ ਅਗਵਾਈ ਵਿਚ ਭਾਰਤ 'ਚ ਘੱਟਗਿਣਤੀਆਂ ਨਾਲ ਜ਼ੁਲਮ 'ਚ ਤੇਜ਼ੀ ਆਈ ਹੈ, ਪਰ ਸਾਰਾ ਦੋਸ਼ ਉਸ 'ਤੇ ਮੜਨਾ ਬੇਇਨਸਾਫ਼ੀ ਹੋਵੇਗੀ ਕਿਉਂਕਿ ਕਮਜ਼ੋਰ ਸਰਕਾਰੀ ਸੰਸਥਾਵਾਂ ਅਤੇ ਸਮਾਜਿਕ ਅਸਮਾਨਤਾ-ਸਮੱਸਿਆਵਾਂ ਜੋ ਭਾਰਤ ਦੇ ਸ਼ੁਰੂਆਤੀ ਸਾਲਾਂ ਤੋਂ ਫੈਲੀਆਂ



ਹੋਈਆਂ ਹਨ – ਨੇ ਇਸ ਦੇ ਲੋਕਤੰਤਰ ਨੂੰ ਨਸ਼ਟ ਕੀਤਾ ਹੈ ਅਤੇ ਹਿੰਦੂ ਸਰਵਉੱਚਤਾ ਦੀ ਰਾਜਨੀਤੀ ਨੂੰ ਜੜ ਫੜਨ ਲਈ ਉਪਜਾਊ ਜ਼ਮੀਨ ਇਨਾਂ ਨੇ ਹੀ ਪ੍ਰਦਾਨ ਕੀਤੀ ਹੈ।

ਇਸ ਦੇ ਨਾਲ ਹੀ ਵਿਆਪਕ ਗਰੀਬੀ, ਅਨਪੜਤਾ ਅਤੇ ਅਤਿ ਨਸਲੀ, ਧਾਰਮਿਕ ਅਤੇ ਸਮਾਜਿਕ ਵਿਭਿੰਨਤਾ ਦੇ ਬਾਵਜੂਦ, ਭਾਰਤ ਨੇ ਅਜ਼ਾਦੀ ਤੋਂ ਲੈ ਕੇ ਹੁਣ ਤੱਕ ਇੱਕ ਅਜਿਹਾ ਮਾਰਗ ਪ੍ਰਫੁੱਲਤ ਕੀਤਾ ਹੈ ਜਿਸ ਨੂੰ ਇੱਕ ਅਸੰਭਵ ਲੋਕਤੰਤਰ ਕਿਹਾ ਜਾਂਦਾ ਹੈ। ਇਸਨੇ ਇੱਕ ਪ੍ਰਗਤੀਸ਼ੀਲ ਸੰਵਿਧਾਨ ਅਪਣਾਇਆ ਪਰ ਨਾਲ ਹੀ ਉੱਚ ਕੇਂਦਰੀਕ੍ਰਿਤ ਬ੍ਰਿਟਿਸ਼ ਬਸਤੀਵਾਦੀ ਪ੍ਰਸ਼ਾਸਕੀ ਢਾਂਚੇ ਨੂੰ ਵੀ ਬਰਕਰਾਰ ਰੱਖਿਆ ਜੋ ਚੁਣੇ ਹੋਏ ਰਾਜ ਅਤੇ ਰਾਸ਼ਟਰੀ ਕਾਰਜਕਾਰੀਆਂ ਨੂੰ ਪੁਲਿਸ ਅਤੇ ਹੋਰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵਰਗੀਆਂ ਸੰਸਥਾਵਾਂ ਉੱਤੇ ਲਗਭਗ ਨਿਰਵਿਘਨ ਨਿਯੰਤਰਣ ਕਰਦੇ ਹਨ। ਕਠੋਰ ਸੁਰੱਖਿਆ ਅਤੇ ਦੇਸ਼ਧ੍ਰੋਹ ਕਾਨੂੰਨਾਂ ਦੇ ਨਾਲ ਮਿਲਾ ਕੇ, ਇਹ ਚੁਣੇ ਹੋਏ ਰਾਜ ਅਤੇ ਰਾਸ਼ਟਰੀ ਨੇਤਾਵਾਂ ਨੂੰ ਦੰਡ ਦੇ ਨਾਲ ਅਸਹਿਮਤੀ ਨੂੰ ਰੋਕਣ ਦੀ ਆਗਿਆ ਦਿੰਦਾ ਹੈ। ਨਰਿੰਦਰ ਮੋਦੀ ਦੀ ਪਾਰਟੀ ਨੇ ਦਮਨ ਦੇ ਇਨਾਂ ਸੰਦਾਂ ਨੂੰ ਟਰਬੋਚਾਰਜ ਕੀਤਾ ਹੈ, ਪਰ ਇਨਾਂ ਨੂੰ ਹਥਿਆਰ ਬਣਾਉਣ ਵਾਲਾ ਸ਼ਾਇਦ ਹੀ ਇਹ ਪਹਿਲਾ ਨੇਤਾ ਹੋਵੇ।

ਭਾਰਤ ਦੀ ਅਜ਼ਾਦੀ ਤੋਂ ਬਾਅਦ, ਰਾਜ ਦੀ ਅਗਵਾਈ ਕਾਂਗਰਸ ਪਾਰਟੀ ਨੇ ਕੀਤੀ, ਜਿਸ ਨੇ ਵਿਰੋਧੀ ਧਿਰ ਨੂੰ ਦਬਾਉਣ ਲਈ ਗੁੰਡਿਆਂ ਅਤੇ ਪੁਲਿਸ ਨੂੰ ਖੁੱਲ ਕੇ ਤਾਇਨਾਤ ਕੀਤਾ। ਇਸ ਤੋਂ ਬਾਅਦ ਕਮਿਊਨਿਸਟ ਪਾਰਟੀ ਆਈ, ਜਿਸ ਨੇ 34 ਸਾਲਾਂ ਤੱਕ ਸੱਤਾ ਸੰਭਾਲੀ ਅਤੇ ਰਾਜ ਦੀਆਂ ਸੰਸਥਾਵਾਂ ਨੂੰ ਪੂਰੀ ਤਰਾਂ ਕਮਜ਼ੋਰ ਕਰ ਦਿੱਤਾ। ਪੱਛਮੀ ਬੰਗਾਲ ਵਿੱਚ ਹੁਣ ਇੱਕ ਅਜਿਹੀ ਪਾਰਟੀ ਦਾ ਰਾਜ ਹੈ ਜਿਸਦਾ ਨੇਤਾ ਆਪਣੇ ਆਪ ਨੂੰ ਨਰਿੰਦਰ ਮੋਦੀ ਦੇ ਤਾਨਾਸ਼ਾਹੀਵਾਦ ਦੇ ਇੱਕ ਰਾਸ਼ਟਰੀ ਵਿਕਲਪ ਵਜੋਂ ਪੇਸ਼ ਕਰਦਾ ਹੈ ਪਰ ਉਸੇ ਤਰਾਂ ਉਸ 'ਤੇ ਵਹਿਸ਼ੀ ਤਾਕਤ, ਸਾਥੀਆਂ ਅਤੇ ਸ਼ਖਸੀਅਤ ਦੇ ਇੱਕ ਪੰਥ 'ਤੇ ਭਰੋਸਾ ਕਰਨ ਦਾ ਦੋਸ਼ ਲਗਾਇਆ ਗਿਆ ਹੈ । ਅਜਿਹੇ ਤਾਨਾਸ਼ਾਹੀ ਰੁਝਾਨ ਰਾਜ ਪੱਧਰ 'ਤੇ ਲੰਬੇ ਸਮੇਂ ਤੋਂ ਫੈਲੇ ਹੋਏ ਹਨ। ਮੋਦੀ ਨੇ ਖੁਦ ਪੱਛਮੀ ਸੂਬੇ ਗੁਜਰਾਤ 'ਤੇ ਕਰੀਬ 13 ਸਾਲ ਲੋਹੇ ਦੇ ਹੱਥਾਂ ਨਾਲ ਰਾਜ ਕੀਤਾ ਪਰ ਮੋਦੀ ਉੱਤੇ ਦੋਸ਼ ਹੈ ਕਿ ਇਸਨੇ 2002 ਵਿੱਚ ਮੁਸਲਿਮ ਵਿਰੋਧੀ ਦੰਗਿਆਂ ਨੂੰ ਉਤਸ਼ਾਹਿਤ ਕੀਤਾ ਸੀ ਜਿੱਥੇ ਮੁਸਲਮਾਨਾਂ ਦਾ ਕਤਲੇਆਮ ਕੀਤਾ ਗਿਆ।

ਆਪ-ਮੌਹਰੀ ਸ਼ਕਤੀ ਇਸ ਹਕੀਕਤ ਵਿੱਚ ਸ਼ਾਮਲ ਹੈ ਕਿ ਜ਼ਿਆਦਾਤਰ ਸਿਆਸੀ ਪਾਰਟੀਆਂ ਸ਼ਖਸੀਅਤ-ਕੇਂਦ੍ਰਿਤ ਅਤੇ ਵੰਸ਼ਵਾਦੀ ਹਨ, ਅਤੇ ਭਾਰਤ ਇੱਕ ਦੁਰਲੱਭ ਲੋਕਤੰਤਰ ਹੈ ਜਿੱਥੇ ਸਿਆਸੀ ਪਾਰਟੀਆਂ ਆਪਣੇ ਆਪ ਵਿੱਚ ਲੋਕਤੰਤਰੀ ਨਹੀਂ ਹਨ ਅਤੇ ਨਾ ਹੀ ਅੰਦਰੂਨੀ ਚੋਣਾਂ ਕਰਵਾਉਂਦੀਆਂ ।

ਪੈਸੇ ਦੀ ਤਾਕਤ ਅਤੇ ਅਕਸਰ ਅਪਰਾਧਿਕ ਸਬੰਧ -ਰਾਜਨੀਤੀ ਵਿੱਚ ਸਰਵਉੱਚ ਬਣ ਗਏ ਹਨ। ਵਿਧਾਇਕਾਂ ਨੂੰ ਖਰੀਦਿਆ ਅਤੇ ਵੇਚਿਆ ਜਾਂਦਾ ਹੈ। ਲੋਕਾਂ ਲਈ ਬਹੁਤ ਸਾਰੇ ਕਾਨੂੰਨ ਬਣਾਏ ਜਾਂਦੇ ਹਨ **ਬਾਕੀ ਸਫ਼ਾ 30 'ਤੇ**

# 'ਜੇ ਅਸੀਂ ਹੱਕ ਮੰਗਣੇ ਛੱਡ ਦਿੱਤੇ ਤਾਂ ਸਮਾਜ ਨੂੰ ਸਿਉਂਕ ਲੱਗ ਜਾਵੇਗੀ : 'ਰੱਬੀ ਸ਼ੇਰਗਿੱਲ'

## ਹਿੰਦੁਸਤਾਨ ਇੱਕ ਮੁਲਕ ਹੀ ਨਹੀਂ ਬਲਕਿ ਅਨੇਕਾਂ ਮੁਲਕ ਵਸਦੇ ਨੇ

**ਬਘੇਲ ਸਿੰਘ**

ਰੱਬੀ ਸ਼ੇਰਗਿੱਲ ਇੱਕ ਸਿਖ ਸੰਗੀਤਕਾਰ ਹੈ ਜੋ ਆਪਣੀ ਪਹਿਲੀ ਐਲਬਮ ਰੱਬੀ ਅਤੇ 2005 ਦੇ ਚਾਰਟ-ਟੌਪਰ ਗੀਤ, 'ਬੁੱਲਾ ਕੀ ਜਾਣਾ' ਲਈ ਜਾਣਿਆ ਜਾਂਦਾ ਹੈ। ਉਸ ਦਾ ਸੰਗੀਤ ਰਾਕ, ਪੰਜਾਬੀ ਅਤੇ ਸੂਫੀ-ਸ਼ੈਲੀ ਅਤੇ ਬਹੁਤ ਸਾਰੇ ਪੱਛਮੀ ਸੰਗੀਤ ਵਿਧੀ ਤੇ ਅਰਧ-ਲੋਕ ਸੰਗੀਤ ਦੇ ਰੂਪ ਵਿੱਚ ਪੇਸ਼ ਹੈ। ਬੀਤੇ ਦਿਨੀਂ ਉਨਾਂ ਨਾਲ ਬਿਲਕਿਸ ਬਾਨੋ, ਘੱਟਗਿਣਤੀਆਂ ਦੇ ਮੁੱਦਿਆਂ, ਪੰਜਾਬੀ ਸੰਗੀਤ ਜਗਤ ਵਿੱਚ ਆਏ ਬਦਲਾਅ ਸਣੇ ਕਈ ਮੁੱਦਿਆਂ ਉੱਤੇ ਗੱਲਬਾਤ ਕੀਤੀ।ਇਸ ਦੇ ਪ੍ਰਮੁੱਖ ਅੰਸ਼ ਪੇਸ਼ ਹਨ :

ਸਵਾਲ : ਬਿਲਕਿਸ ਬਾਨੋ ਦੇ ਦੋਸ਼ੀਆਂ ਨੂੰ ਰਿਹਾਅ ਕਰ ਦਿੱਤਾ ਗਿਆ, ਇਸ 'ਤੇ ਤੁਹਾਡਾ ਕੀ ਪ੍ਰਤੀਕਰਮ ਹੈ ?

ਜਵਾਬ : ਅਜਿਹਾ ਹੋਣਾ ਗਲਤ ਹੈ।ਗੁਜਰਾਤ ਵਿਖੇ 2002 ਵਿਚ ਹੋਏ ਦੰਗਿਆਂ ਦੌਰਾਨ ਗਰਭਵਤੀ ਬਿਲਕੀਸ ਬਾਨੋ ਨਾਲ ਸਮੂਹਿਕ ਜਬਰ ਜਨਾਹ ਕਰਨ ਅਤੇ ਉਸ ਦੀ ਸਾਢੇ ਤਿੰਨ ਸਾਲਾਂ ਦੀ ਧੀ, ਪਰਿਵਾਰ ਦੇ ਸੱਤ ਮੈਂਬਰਾਂ ਸਮੇਤ 14 ਕਤਲਾਂ ਦੇ ਦੋਸ਼ੀਆਂ ਨੂੰ 15 ਅਗਸਤ ਨੂੰ ਰਿਹਾਅ ਕਰਨ ਦੇ ਮਾਮਲੇ ਉੱਤੇ ਸੁਪਰੀਮ ਕੋਰਟ ਨੇ ਗੁਜਰਾਤ ਸਰਕਾਰ ਤੋਂ ਜਵਾਬ ਮੰਗਿਆ ਹੈ। ਅਪਰਾਧਿਕ ਮਾਮਲੇ ਵਿਚ ਸ਼ਾਮਿਲ 11 ਵਿਅਕਤੀਆਂ ਨੂੰ ਸਜ਼ਾ ਪੂਰੀ ਹੋਣ ਤੋਂ ਪਹਿਲਾਂ ਰਿਹਾਅ ਕਰਨ ਤੋਂ ਪਿੱਛੋਂ ਉਨਾਂ ਦਾ ਸਵਾਗਤ ਕੀਤਾ ਗਿਆ। ਇਸ ਨਾਲ ਇਹ ਬਹਿਸ ਸ਼ੁਰੂ ਹੋ ਗਈ ਹੈ ਕਿ ਗੰਭੀਰ ਕਿਸਮ ਦੇ ਅਪਰਾਧਾਂ ਵਿਚ ਸ਼ਾਮਿਲ ਲੋਕਾਂ ਨੂੰ ਰਿਹਾਅ ਕਰ ਕੇ ਗੁਜਰਾਤ ਸਰਕਾਰ ਕੀ ਸੁਨੇਹਾ ਦੇਣ ਦੀ ਕੋਸ਼ਿਸ਼ ਕਰ ਰਹੀ ਹੈ। ਬਿਲਕੀਸ ਨੇ ਲੰਮੇ ਸਮੇਂ ਲਈ ਬੇਮਿਸਾਲ ਹੌਸਲੇ ਨਾਲ ਇਨਸਾਫ਼ ਦੀ ਜੰਗ ਜਾਰੀ ਰੱਖ ਕੇ ਦੋਸ਼ੀਆਂ ਨੂੰ ਸਜ਼ਾ ਕਰਵਾਈ ਸੀ। ਇਨਾਂ ਅਪਰਾਧੀਆਂ ਨੂੰ ਪੈਰੋਲ ਮਿਲਦੀ ਰਹੀ ਹੈ ਅਤੇ ਸਮੇਂ ਤੋਂ ਪਹਿਲਾਂ ਰਿਹਾਈ ਸਮੇਂ ਵੀ ਸਰਕਾਰੀ ਨਿਯਮਾਂ ਦਾ ਉਲੰਘਣ ਕੀਤਾ ਹੋਇਆ ਹੈ।

ਇਹ ਮਾਮਲਾ ਸਾਧਾਰਨ ਨਹੀਂ ਹੈ ਕਿਉਂਕਿ ਇਸ ਪਿੱਛੇ ਕਿਸੇ ਧਰਮ ਵਿਸ਼ੇਸ਼ ਨੂੰ ਨਿਸ਼ਾਨਾ ਬਣਾ ਕੇ ਔਰਤ ਨਾਲ ਸੋਚੀ ਸਮਝੀ ਯੋਜਨਾ ਤਹਿਤ ਜਬਰ ਜਨਾਹ ਕੀਤਾ ਗਿਆ। ਇਹ ਕੇਸ ਕਿਸੇ ਤਰਾਂ ਦੀ ਰਹਿਮ ਦੀ ਅਪੀਲ ਜਾਂ ਜਲਦੀ ਰਿਹਾਈ ਦੇ ਯੋਗ ਨਹੀਂ ਹੈ ।

ਮੈਂ ਦਿੱਲੀ ਦਾ ਜੰਮਪਲ ਹਾਂ ਅਤੇ ਮੈਂ ਉਸ ਹਿੰਦੁਸਤਾਨ ਵਿਚ ਪੈਦਾ ਹੋਇਆ ਹਾਂ ਜਿੱਥੇ ਫਿਰਕੂ ਕਤਲੇਆਮ ਆਮ ਗੱਲ ਸੀ ਅਤੇ ਹੈ ਵੀ। ਅਸੀਂ ਲੋਕਾਂ ਨੇ ਨਿਆਂ ਜਾਂ ਹੱਕ ਦੀ ਮੰਗ ਹੀ ਜਿਵੇਂ ਛੱਡ ਦਿੱਤੀ ਹੈ। 2020 ਵਿੱਚ ਦਿੱਲੀ ਵਿਚ ਨਸਲਕੁਸ਼ੀ ਨੂੰ ਹੋਇਆਂ ਅਜੇ ਦੋ ਕੁ ਸਾਲ ਹੀ ਹੋਏ ਹਨ ਪਰ ਅਸੀਂ ਸਭ ਕੁਝ ਭੁੱਲੀ ਬੈਠੇ ਹਾਂ। ਮੈਨੂੰ ਲੱਗਦਾ ਹੈ ਕਿ ਜਦੋਂ ਅਸੀਂ ਆਪਣੇ ਹੱਕ ਅਤੇ ਨਿਆਂ ਦੀ ਗੱਲ ਕਰਨਾ ਛੱਡ ਦਿੰਦੇ ਹਾਂ ਉਸ ਸਮੇਂ ਸਮਾਜ ਨੂੰ ਅੰਦਰੋਂ ਸਿਉਂਕ ਲੱਗ ਜਾਂਦੀ ਹੈ ਅਤੇ ਉਹ ਖੁਰਦ-ਬੁਰਦ ਹੋਣ ਲੱਗ ਪੈਂਦਾ ਹੈ।

ਸਵਾਲ : ਬਿਲਕਿਸ ਬਾਨੋ ਅਤੇ ਉਨਾਂ ਦੇ ਪਰਿਵਾਰ ਨੇ ਫਿਰ ਕਿਹਾ ਹੈ ਕਿ ਉਹ ਡਰ ਦੇ ਮਾਹੌਲ ਜੀਅ ਰਹੇ ਹਨ ਅਤੇ ਉਹ ਸੁਰੱਖਿਅਤ ਨਹੀਂ ਹਨ। ਤੁਸੀਂ ਕਿਹਾ ਕਿ ਪੰਜਾਬ ਆ ਜਾਓ ਸਿੱਖ ਹਰ ਕੀਮਤ 'ਤੇ ਤੁਹਾਡੀ ਰੱਖਿਆ ਕਰਨਗੇ।

ਜਵਾਬ : ਮੈਨੂੰ ਲੱਗਦਾ ਹੈ ਕਿ ਬਤੌਰ ਕਲਾਕਾਰ ਮੇਰਾ ਨਿੱਜੀ ਫਰਜ਼ ਹੈ ਕਿ ਮੈਂ ਹਾਅ ਦਾ ਨਾਅਰਾ ਮਾਰਾਂ। ਵੈਸੇ ਵੀ ਪੰਜਾਬੀ ਹਾਅ ਦਾ ਨਾਅਰਾ ਮਾਰਨ ਲਈ ਮਸ਼ਹੂਰ ਹਨ। ਮੈਨੂੰ ਪੰਜਾਬ, ਸਿੱਖ ਧਰਮ, ਪੰਜਾਬੀਅਤ ਦੀਆਂ ਰਿਵਾਇਤਾਂ ਅਤੇ ਪੰਜਾਬੀਅਤ ਉੱਤੇ ਪੂਰਾ ਯਕੀਨ ਹੈ। ਅਸੀਂ ਉਸ ਪੰਜਾਬ ਦੇ ਵਾਰਿਸ ਹਾਂ ਜਿੱਥੇ ਫਕੀਰ ਅਜ਼ੀਜੁਦੀਨ ਵਜ਼ੀਰ ਹੁੰਦੇ ਸਨ, ਦੀਵਾਨ ਮੋਹਕਮ ਚੰਦ ਸਭ ਤੋਂ ਵੱਡੇ ਜਰਨੈਲ ਹੁੰਦੇ ਸਨ। ਅਸੀਂ ਪੰਜਾਬ ਦੇ ਵਾਰਿਸ ਉੱਤਮਤਾ ਨੂੰ ਪਛਾਣਦੇ ਹਾਂ। ਸਾਡੀ ਆਪਣੀ ਸੋਚ ਸੀ, ਆਪਣਾ ਰਾਜ ਸੀ। ਅਸੀਂ ਕਈ ਜੰਗਾਂ ਤੋਂ ਬਾਅਦ ਇਸ ਉੱਤਮਤਾ ਦੇ ਮੁਕਾਮ 'ਤੇ ਪਹੁੰਚੇ ਹਾਂ। ਇਸ ਲਈ ਸਾਡੇ ਮਨਾਂ ਅੰਦਰ ਦੀਨ ਦੁਖੀ ਦੀ ਰੱਖਿਆ ਕਰਨਾ ਇੱਕ ਮੁੱਢ ਕਦੀਮੀ ਸੰਸਕਾਰ ਹੈ।

ਸਵਾਲ : ਤੁਹਾਡਾ ਇੱਕ ਗੀਤ ਆਇਆ ਸੀ 'ਬੁੱਲਾ ਕੀ ਜਾਣਾ ਮੈਂ ਕੌਣ'। ਤੁਸੀਂ ਵੇਖਿਆ ਹੋਵੇਗਾ ਕਿ ਪਛਾਣ ਨੂੰ ਲੈ ਕੇ ਲੋਕਾਂ 'ਚ ਬਹੁਤ ਮਸਲੇ ਰਹਿੰਦੇ ਹਨ। ਤੁਸੀਂ ਇਸ ਮਸਲੇ ਨੂੰ ਕਿਵੇਂ ਵੇਖਦੇ ਹੋ ?

ਜਵਾਬ : ਪਛਾਣ ਦਾ ਸੰਕਟ ਉਸ ਸਮੇਂ ਹੀ ਪੈਦਾ ਹੋ ਗਿਆ ਸੀ ਜਦੋਂ ਅਸੀਂ ਸੰਘੀ ਢਾਂਚੇ ਨੂੰ ਦਰਕਿਨਾਰ ਕਰ ਦਿੱਤਾ ਸੀ। ਜਦੋਂ ਤੁਸੀਂ ਸਿਆਸੀ ਹੱਦਾਂ ਅੰਦਰ ਇੱਕ ਸਭਿਆਚਾਰ ਅਤੇ ਬੋਲੀ ਨੂੰ ਹਿਲਾਉਣ ਦੀ ਕੋਸ਼ਿਸ਼ ਕਰਦੇ ਹੋ, ਉਸ ਸਮੇਂ



ਪਛਾਣ ਦੇ ਸੰਕਟ ਦੀ ਸਥਿਤੀ ਬਣ ਜਾਂਦੀ ਹੈ।

ਹਿੰਦੁਸਤਾਨ ਇੱਕ ਮੁਲਕ ਹੀ ਨਹੀ ਬਲਕਿ ਇੱਕ ਉਪ ਮਹਾਂਦੀਪ ਹੈ, ਇੱਕ ਤਹਿਜ਼ੀਬ ਹੈ, ਇੱਕ ਸਭਿਅਤਾ ਹੈ ਅਤੇ ਇਸ ਵਿਚ ਕੋਈ ਦੋ ਰਾਏ ਨਹੀਂ ਹੈ ਇਸ ਵਿਚ ਇੱਕ ਮੁਲਕ ਨਹੀਂ ਬਲਕਿ ਅਨੇਕਾਂ ਮੁਲਕ ਵਸਦੇ ਹਨ।ਜਦੋਂ ਤੁਸੀਂ ਇੱਕ ਜ਼ੁਬਾਨ ਨੂੰ ਸਾਰਿਆਂ ਉੱਤੇ ਥੋਪਣ ਦਾ ਯਤਨ ਕਰੋਗੇ ਤਾਂ ਇਸ ਦੇ ਨਤੀਜੇ ਤੁਸੀਂ 1950 ਵਿਚ ਵੇਖ ਚੁੱਕੇ ਹੋ, ਜਦੋਂ ਹਿੰਦੀ ਨੂੰ ਦੱਖਣੀ ਭਾਰਤ ਵਿਚ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ ਅਤੇ ਇਹ ਯਤਨ ਅੱਜ ਵੀ ਜਾਰੀ ਹੈ।ਪਰ ਦੱਖਣੀ ਭਾਰਤ ਦੇ ਲੋਕ ਆਪਣੀ ਭਾਸ਼ਾ, ਜ਼ੁਬਾਨ ਨੂੰ ਸੰਭਾਲਣ ਦੀ ਪੁਰਜ਼ੋਰ ਕੋਸ਼ਿਸ਼ ਕਰ ਰਹੇ ਹਨ।

ਸਵਾਲ : ਗਾਣਿਆਂ ਦੇ ਵਿੱਚ ਗੰਨ ਕਲਚਰ ਅਤੇ ਮਾਰ-ਧਾੜ ਨੂੰ ਤੁਸੀਂ ਕਿਵੇਂ ਦੇਖਦੇ ਹੋ ?

ਜਵਾਬ : ਪੰਜਾਬੀ ਇੰਡਸਟਰੀ ਵਿੱਚ ਕਿਸੇ ਮਾਰਗਦਰਸ਼ਕ ਦੀ ਕਮੀ ਹੋਣਾ ਵੀ ਨਿਘਾਰ ਦੀ ਇੱਕ ਵਜਾ ਹੈ। ਅਜੋਕੀ ਪੰਜਾਬੀ ਇੰਡਸਟਰੀ ਵਿੱਚ ਕੋਈ ਅਜਿਹਾ ਨਹੀਂ ਹੈ ਜਿਸ ਨਾਲ ਤੁਸੀਂ ਆਪਣੇ ਕਲਾਤਮਿਕ ਵਲਵਲੇ ਸਾਂਝੇ ਕਰ ਸਕੋ। ਮੈਨੂੰ ਨਹੀਂ ਲਗਦਾ ਕਿ ਚਰਨਜੀਤ ਅਹੂਜਾ ਵਰਗੇ ਸੰਗੀਤਕਾਰ ਕੋਲ ਤੁਸੀਂ ਕੋਈ ਚਾਲੂ ਕਵਿਤਾ ਲਿਜਾ ਸਕਦੇ ਹੋ ਜਾਂ ਉਹ ਬਣ ਜਾਵੇਗੀ। ਤੁਹਾਨੂੰ ਕੋਈ ਮਿਆਰ ਰੱਖਣਾ ਹੀ ਪਵੇਗਾ। ਸੈਲਫ਼ ਪਬਲੀਸ਼ਿੰਗ ਦੇ ਦੌਰ ਵਿੱਚ ਤੁਸੀਂ ਕਿਸੇ ਨਾਲ ਗੱਲ ਹੀ ਨਹੀਂ ਕਰਨੀ। ਮੈਂ ਨਹੀਂ ਕਹਿੰਦਾ ਕਿ ਰੁਮਾਨੀ ਗਾਣੇ ਨਾ ਗਾਓ, ਸੈਕਸ ਬਾਰੇ ਗਾਣੇ ਨਾ ਗਾਓ, ਸੈਕਸ ਦੀ ਵੀ ਆਪਣੀ ਥਾਂ ਹੈ, ਫਾਹਸ਼ਪੁਣੇ ਦੀ ਥਾਂ ਨਹੀਂ ਹੈ।

ਸਵਾਲ : ਗੁਰਪ੍ਰੀਤ ਸਿੰਘ ਸ਼ੇਰਗਿੱਲ ਤੋਂ ਰੱਬੀ ਸ਼ੇਰਗਿੱਲ ਬਣਨ ਦਾ ਸਫ਼ਰ ਕਿਸ ਤਰਾਂ ਦਾ ਸੀ ?

ਜਵਾਬ : ਜਿਵੇਂ ਨਾਮ ਰੱਖਣ ਪਿੱਛੇ ਸਾਰੇ ਪੰਜਾਬੀਆਂ ਨੂੰ ਇੱਕ ਸਫ਼ਰ ਤੈਅ ਕਰਨਾ ਪੈਂਦਾ ਹੈ, ਮੇਰਾ ਵੀ ਉਸੇ ਤਰਾਂ ਹੀ ਸੀ। ਜਨਮ ਤੋਂ ਬਾਅਦ ਜਦੋਂ ਤੱਕ ਗੁਰਦੁਆਰਾ ਸਾਹਿਬ ਤੋਂ ਨਾਮ ਨਹੀਂ ਕੱਢਵਾ ਲਿਆ ਜਾਂਦਾ ਉਦੋਂ ਤੱਕ ਕੋਈ ਕੱਚਾ ਜਾਂ ਆਰਜ਼ੀ ਨਾਮ ਰੱਖ ਦਿੱਤਾ ਜਾਂਦਾ ਹੈ।ਇਸ ਲਈ ਹਰ ਪੰਜਾਬੀ ਦੇ ਦੋ ਨਾਮ ਤਾਂ ਹੁੰਦੇ ਹੀ ਹਨ। ਬਚਪਨ ਤੋਂ ਹੀ ਮੇਰੇ ਵੀ ਬਹੁਤ ਸਾਰੇ ਨਾਮ ਸਨ। ਮੇਰੀ ਦਾਦੀ ਮੈਨੂੰ ਬੋਹੜ ਕਹਿੰਦੀ ਸੀ ਅਤੇ ਮੇਰੀ ਮਾਤਾ ਜੀ ਮੈਨੂੰ ਕਈ ਨਾਵਾਂ ਨਾਲ ਬੁਲਾਉਂਦੇ ਸਨ, ਪਰ ਉਨਾਂ ਸਾਰਿਆਂ ਵਿਚੋਂ ਰੱਬੀ ਨਾਮ ਹੁਣ ਤੱਕ ਮੇਰੇ ਨਾਲ ਚੱਲ ਰਿਹਾ ਹੈ।

ਜਦੋਂ ਮੈਂ ਆਪਣਾ ਸਟੇਜ ਨਾਮ ਰੱਖਣਾ ਸੀ ਤਾਂ ਪਹਿਲਾਂ ਮੈਂ ਗੁਰਪ੍ਰੀਤ ਬਾਰੇ ਸੋਚਿਆ ਪਰ ਇਸ ਨਾਮ ਦੇ ਮੁਕਾਬਲੇ ਰੱਬੀ ਵਧੇਰੇ ਢੁਕਵਾਂ ਲੱਗਿਆ। **ਬਾਕੀ ਸਫ਼ਾ 30 'ਤੇ**

ਅੰਮ੍ਰਿਤਸਰ ਟਾਈਮਜ਼ AMRITSAR TIMES

31 ਅਗਸਤ 2022 ਤੋਂ 06 ਸਤੰਬਰ 2022

# ਸ਼ਬਦ ਗੁਰੂ ਦਾ ਪ੍ਰਕਾਸ਼

ਇਕ ਅਜਿਹਾ ਨਿਰਾਲਾ ਸੱਚ ਹੀ ਵਿਸ਼ਵ ਧਰਮ ਹੋਣ ਦੀ ਬਖਸ਼ਿਸ਼ ਹਾਸਿਲ ਕਰ ਸਕਦਾ ਹੈ, ਜਿਸ ਵਿੱਚ ਇਲਾਹੀ ਨੂਰ, ਜੋਕਿ ਅੱਡ-ਅੱਡ ਸਮੇਂ ਅਤੇ ਸਥਾਨ ਵਿਚ ਪ੍ਰਕਾਸ਼ਮਾਨ ਹੋਇਆ ਹੋਵੇ, ਨੂੰ ਇਕ ਮੁਕੱਦਸ ਮੰਦਿਰ ਵਿੱਚ ਪ੍ਰਕਾਸ਼ ਕਰਨ ਦੀ ਬਖਸ਼ਿਸ਼ ਹਾਸਿਲ ਹੋਵੇ ਅਤੇ ਇਸ ਹਰਿਮੰਦਰ ਵਿਚੋਂ ਫਿਰ ਇਹ ਨੂਰ ਚੌਹਾਂ ਦਿਸ਼ਾਵਾਂ ਵਿੱਚ ਪ੍ਰਕਾਸ਼ਮਾਨ ਹੋਣ ਦਾ ਤਾਣ ਰੱਖਦਾ ਹੋਵੇ। ਜਿਸ ਦੀ ਨਵਾਜਿਸ਼ ਕੁਲ ਕਾਇਨਾਤ ’ਤੇ ਇਕ ਸਮਾਨ ਵਰਤਦੀ ਹੋਵੇ। ਸੋ ਪਾਵਨ ਬੀੜ ਦੇ ਪ੍ਰਕਾਸ਼ ਹੋਣ ਨਾਲ ਸਿੱਖੀ ਦਾ ਬਹੁ-ਕੇਂਦਰਿਤ ਹੋਣ ਦਾ ਅਮਲ ਵੀ ਪ੍ਰਕਾਸ਼ ਹੁੰਦਾ ਹੈ। ਜਿਵੇਂ ਹਰਿਮੰਦਰ ਸਾਹਿਬ ਦੀ ਸਾਜਨਾ ਦਾ ਇਲਾਹੀ ਕਾਰਜ, ਹਰਿਮੰਦਰ ਦੇ ਚਾਰਾਂ ਦਿਸ਼ਾਵਾਂ ਵੱਲ ਦਰਵਾਜ਼ਿਆਂ ਦਾ ਸਾਂਝੀਵਾਲਤਾ ਵਾਲਾ ਉਪਦੇਸ਼, ਪਾਵਨ ਬੀੜ ਵਿਚ ਹੋਰ ਇਲਾਹੀ ਬਾਣੀ ਨੂੰ ਸ਼ਾਮਿਲ ਕਰਨ ਦਾ ਇਲਾਹੀ ਕੌਤਕ ਅਤੇ ਮੀਆਂ ਮੀਰ ਜੀ ਵਲੋਂ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਰੱਖਣ ਦਾ ਅਲੌਕਿਕ ਨਜ਼ਾਰਾ, ਇਹ ਸਾਰੀਆਂ ਗੱਲਾਂ ਸਿੱਖੀ ਦੀ ਸ਼ਾਨ ਨੂੰ ਸਾਂਝੀਵਾਲਤਾ ਦੇ ਉੱਚੇ ਜਬਤ ਵਿਚ ਬੰਨਦੀਆਂ ਹਨ। ਗੁਰਸਿੱਖੀ ਇਕ ਨਿਰਾਲਾ ਪੰਥ ਹੈ ਜਿਸ ਵਿਚ ਬਹੁਕੇਂਦਰਤਾ ਵਿਆਪਕ ਹੈ।

ਅਖੀਰ ਉਹ ਮੁਬਾਰਕ ਘੜੀ ਆਉਦੀ ਹੈ ਜਿਸ ਦਿਨ 1604ਈ. ਨੂੰ ਗੁਰੂ ਅਰਜਨ ਦੇਵ ਜੀ ਪਾਵਨ ਬੀੜ ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿਖੇ ਕਰਦੇ ਹਨ। ਇਹ ਪ੍ਰਕਾਸ਼ ਸ਼ਬਦ ਗੁਰੂ ਦਾ ਪਹਿਲਾ ਪ੍ਰਕਾਸ਼ ਸੀ। ਪਾਵਨ ਬੀੜ ਨੂੰ ਲਿਖਵਾਉਣ ਦਾ ਕਾਰਜ ਰਾਮਸਰ ਦੇ ਪਵਿੱਤਰ ਅਤੇ ਰਮਣੀਕ ਸਥਾਨ ਤੇ ਹੋਇਆ ਅਤੇ ਬਾਣੀ ਨੂੰ ਲਿਖਣ ਦੇ ਪਵਿੱਤਰ ਕਾਰਜ ਦੀ ਸੇਵਾ ਭਾਈ ਗੁਰਦਾਸ ਜੀ ਨੇ ਨਿਭਾਈ। ਇੱਥੇ ਇਹ ਧਿਆਨ ਦੇਣ ਯੋਗ ਹੈ ਕਿ ਇਸ ਸਮੁੱਚੀ ਅਲੌਕਿਕ ਖੇਡ ਨੂੰ ਸੰਪਾਦਨਾ ਆਖਣਾ ਇਕ ਵਡੇਰੀ ਭੁੱਲ ਹੈ। ਪ੍ਰੋ ਹਰਿੰਦਰ ਸਿੰਘ ਮਹਿਬੂਬ ਅਨੁਸਾਰ ‘ਪਾਵਨ ਬੀੜ ਦੇ ਪ੍ਰਕਾਸ਼ ਦਾ ਮਤਲਬ ਇਹ ਹੈ ਕਿ ਗੁਰੂ ਸਾਹਿਬਾਨ ਦੀ ਬਾਣੀ ਅਤੇ ਭਗਤਾਂ ਦੀ ਬਾਣੀ ਦਾ ਜੋ ਸੁਮੇਲ, ਤਰਤੀਬ ਅਤੇ ਚੋਣ-ਢੰਗ ਗੁਰੂ ਗ੍ਰੰਥ ਸਾਹਿਬ ਵਿੱਚ ਦ੍ਰਿਸ਼ਟਮਾਨ ਹਨ, ਉਹ ਕਿਸੇ ਸੰਗ੍ਰਹਿ -ਕਰਤ, ਭਾਵੇਂ ਉਹ ਗੁਰੂ ਸਾਹਿਬ ਖੁਦ ਹੀ ਕਿਉ ਨਾਂਹ ਹੋਣ, ਦੀ ਮਿਹਨਤ ਦਾ ਨਤੀਜਾ ਨਹੀ, ਸਗੋ ਇਹਨਾਂ ਦੀ ਹੋਂਦ ਅਦ੍ਰਿਸ਼ਟ ਰੂਪ ਵਿੱਚ ਗੁਰੂ-ਲਿਵ ਵਿਚ ਮੌਜੂਦ ਸੀ। ਦੂਜੇ ਲਫਜਾਂ ਵਿਚ ਗੁਰੂ ਗ੍ਰੰਥ ਸਾਹਿਬ ਗੁਰੂ ਸਾਹਿਬਾਨ ਦੇ ਅੰਗ ਸੰਗ ਸਨ ਅਤੇ ਦਸਮ ਪਾਤਿਸ਼ਾਹ ਨੇ ਸਮੁੱਚੀ ਪਾਵਨ ਬੀੜ ਦਾ ਅਖੰਡ ਉਚਾਰਨ ਕਰਕੇ ਇਹ ਗੱਲ ਸਾਬਤ ਵੀ ਕਰ ਵਿਖਾਈ।’ ਕਿਉਂਕਿ ਪਾਵਨ ਬੀੜ ਦੀ ਸਾਜਨਾ ਗੁਰੂ-ਲਿਵ ਵਿਚੋਂ ਹੋਈ ਹੈ ਇਸ ਵਿਚ ਉਹ ਹਰੇਕ ਚੀਜ ਸ਼ਾਮਲ ਹੈ ਜਿਸਨੂੰ ਗੁਰੂ-ਲਿਵ ਦੀ ਬਖਸ਼ਿਸ਼ ਨਸੀਬ ਹੈ। ਪੰਚਮ ਪਾਤਿਸ਼ਾਹ ਨੇ ਹਰਿਮੰਦਰ ਸਾਹਿਬ ਵਿੱਚ ਸ਼ਬਦ ਦਾ ਪ੍ਰਕਾਸ਼ ਕੀਤਾ। ਜਦੋਂ ਵੀ ਸਿੱਖ ਗੁਰਬਾਣੀ ਦਾ ਜਾਪ ਕਰਦਾ ਹੈ ਤਾਂ ਉਸਦੇ ਅੱਗੇ ਨਾਮ ਦੀ ਮਹਿਮਾ ਦਾ ਦੈਵੀ ਜਿਕਰ ਵਾਰ-ਵਾਰ ਆਉਂਦਾ ਹੈ ਅਜਿਹਾ ਨਾਮ ਜਿਸਦਾ ਪਾਰ ਵੇਦ, ਕਤੇਬ ਜਾਂ ਹੋਰ ਧਰਮ ਗ੍ਰੰਥ ਵੀ ਨਹੀ ਪਾ ਸਕੇ। ਸਿੱਖੀ ਵਿੱਚ ਨਾਮ ਅਤੇ ਸ਼ਬਦ ਦੀ ਮਹਿਮਾ ਬੇਅੰਤ ਹੈ।

ਅਕਾਲ ਪੁਰਖ ਦੇ ਹੁਕਮ ਵਿੱਚ ਹੀ ਨਾਮ ਗੁਰੂ ਰੂਪ ਵਿੱਚ ਜਗਤ ਦਾ ਉਧਾਰ ਕਰਨ ਹਿਤ ਪ੍ਰਕਾਸ਼ਮਾਨ ਹੋਇਆ। ਨਾਮ ਅਕਾਲ ਪੁਰਖ ਦੇ ਹੁਕਮ ਵਿੱਚ ਆਪਣੇ ਨਿਰਗੁਣ ਅਮੂਰਤ ਰੂਪ ਤੋਂ ਸਾਕਾਰ ਰੂਪ ਵਿਚ ਪ੍ਰਗਟ ਹੋਣ ਤੋਂ ਉਪਰੰਤ, ਫਿਰ ਨਾਮ ਗੁਰੂ ਅਮਲ ਰਾਹੀ ਬਾਣੀ ਦੇ ਸ਼ਬਦ ਰੂਪ ਵਿਚ ਧਰਤੀ ਤੇ ਪ੍ਰਗਟ ਹੁੰਦਾ ਹੈ। ਜਿਸਦੇ ਨਾਲ ਇਕ ਗਤੀਸ਼ੀਲ ਗੁਰੂ-ਅਮਲ ਦੀ ਸਿਰਜਣਾ ਹੁੰਦੀ ਹੈ। ਇਹ ਗੁਰੂ ਅਮਲ ਨਾਮ ਦੇ ਨਿਰੰਕਾਰੀ ਰੂਪ ਦਾ ਸਮੇਂ ਅਤੇ ਸਥਾਨ ਵਿਚ ਇਕ ਕੋਮਲ ਅਤੇ ਸਚਿਆਰਾ ਫੈਲਾਅ ਹੈ। ਜਿਸਨੇ ਨਾਮ ਦੇ ਪ੍ਰਤਾਪ ਨੂੰ ਸਚਿਆਰੇ ਅਮਲ ਵਿਚ ਜਾਹਰ ਕਰਦਿਆ ਧਰਤੀ ਤੇ ਇਕ ਕਾਮਲ ਮਰਦ ਭਾਵ ਗੁਰਮੁਖਿ ਦਾ ਪ੍ਰਕਾਸ਼ ਕਰਨਾ ਹੈ। ਅਕਾਲ ਪੁਰਖ ਦੀ ਬਖਸ਼ਿਸ਼ ਸਦਕਾ ਸ਼ਬਦ ਗੁਰੂ ਰੂਪ ਹੀ ਹੋ ਜਾਦਾ ਹੈ, ਕਿਉਂਕਿ ਸ਼ਬਦ ਗੁਰੂ-ਅਵਤਾਰੀ ਸੁਰਤਿ ਰਾਹੀ ਧਰਤੀ ਤੇ ਪ੍ਰਗਟ ਹੁੰਦਾ ਹੈ। ਅਮੂਰਤ ਨਾਮ ਕਲਾਧਾਰੀ ਗੁਰੂ ਸੁਰਤਿ ਰਾਹੀ ਸ਼ਬਦ ਰੂਪ ਵਿਚ ਪ੍ਰਗਟ ਹੁੰਦਾ ਹੈ। ਇਸ ਤਰਾਂ ‘ਗੁਰੂ-ਅਮਲ’ ਸ਼ਬਦ ਦੀ ਇਕ ਖਾਸ ਅਤੇ ਮੌਲਿਕ ਵਿਆਖਿਆ ਪੇਸ਼ ਕਰਦਾ ਹੈ ।

ਸੋ, ਗੁਰੂ ਹੀ ਸ਼ਬਦ ਹੈ ਅਤੇ ਸ਼ਬਦ ਹੀ ਗੁਰੂ ਹੈ। ਇਹ ਦੋ ਨਹੀ ਸਗੋ ਇਕ ਦੀ ਹੀ ਖੇਡ ਹੈ ‘ਬਾਣੀ ਗੁਰੂ ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ’। ਇਹ ਸ਼ਬਦ ਗੁਰੂ ਜੋਤਿ ਸਰੂਪ ਹੈ। ਇਸ ਦਾ ਇਕ ਪੱਖ ਨਿਰਗੁਣ ਸਰੂਪ ਹੈ ਅਤੇ ਦੂਜਾ ਪੱਖ ਸਰਗੁਣ ਬ੍ਰਹਮ ਹੈ ਜਿਵੇ ‘ਤਿਹੁ ਲੋਕਾ ਮਹਿ ਸਬਦੁ ਰਵਿਆ ਹੈ’। ਸੋ ਇਹ ਸਾਰਾ ਕੁਝ ਭਿੰਨ ਭਿੰਨ ਵਿਆਪ ਰਿਹਾ ਹੈ ਪਰ ਅੰਤਿਮ ਰੂਪ ਵਿਚ ਸਾਰਾ ਕੁਝ ਇਕ ਦੀ ਹੀ ਖੇਡ ਹੈ ਅਤੇ ਸਾਡੇ ਅੱਗੇ ਇਹ ਖੇਡ ਜੋਤਿ ਅਤੇ ਜੁਗਤਿ ਰੂਪ ਵਿੱਚ ਖੇਡੀ ਜਾ ਰਹੀ ਹੈ। ਜਿਵੇਂ ਦਸਾਂ ਪਾਤਿਸ਼ਾਹੀਆਂ ਵਿੱਚ ਜੋਤਿ ਇਕ ਹੈ ਪਰ ਜੁਗਤਿ ਦਾ ਭੇਦੁ ਹੈ, ‘ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ’। ਸੋ ਪੰਚਮ ਪਾਤਿਸ਼ਾਹ ਨੇ ਅੱਡ-ਅੱਡ ਸਮੇਂ ਅਤੇ ਸਥਾਨ ਤੇ ਨਾਜਲ ਹੋਏ ਇਲਾਹੀ ਸ਼ਬਦ ਨੂੰ ਇਕ ਜਗਾ ਇਕੱਤਰ ਕਰ ਪਾਵਨ ਬੀੜ ਦੇ ਰੂਪ ਵਿਚ ਸ਼ਬਦ ਦਾ ਪਹਿਲਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿਖੇ ਕੀਤਾ। ਫਿਰ ਦਸਵੇਂ ਪਾਤਿਸ਼ਾਹ ਨੇ ਦਮਦਮਾ ਸਾਹਿਬ ਵਿਖੇ ਮੁੜ ਸਮੁੱਚੀ ਬਾਣੀ ਦਾ ਉਚਾਰਨ ਕੀਤਾ। ਉਸਤੋਂ ਉਪਰੰਤ ਹਜੂਰ ਸਾਹਿਬ ਦੀ ਪਾਵਨ ਧਰਤੀ ਤੇ ਆਦਿ ਬੀੜ ਨੂੰ ਦਸਵੇਂ ਪਾਤਸ਼ਾਹ ਨੇ ਗੁਰਿਆਈ ਬਖਸ਼ੀ।

ਉਸ ਮੁਬਾਰਕ ਘੜੀ ਤੋਂ ਹੁਣ ਤੱਕ ਸਮੁੱਚੀ ਸਿੱਖ ਸੰਗਤ ਦਸਾਂ ਪਾਤਿਸ਼ਾਹੀਆਂ ਦੀ ਆਤਮਕ ਜੋਤਿ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਗੁਰੂ ਮੰਨਦੀ ਆਈ ਹੈ ਅਤੇ ਗੁਰੂ ਖਾਲਸਾ ਪੰਥ ਜੋ ਕਿ ਗੁਰੂ ਸਾਹਿਬ ਦਾ ਦੇਹ ਰੂਪ ਹੈ ਸ਼ਬਦ ਗੁਰੂ ਦੇ ਹੁਕਮ ਨੂੰ ਸੰਸਾਰ ਵਿੱਚ ਅਟੱਲ ਕਰਵਾਉਣ ਵਿਚ ਭੂਮਿਕਾ ਨਿਭਾਉਦਾ ਹੈ। ਸੋ ਅੱਜ ਲੋੜ ਹੈ ਕਿ ਸਾਨੂੰ ਆਪਣੇ ਗਿਆਨ ਸ਼ਾਸਤਰਾਂ ਨੂੰ ਮੁੜ ਸੁਰਜੀਤ ਕਰਨਾ ਚਾਹੀਦਾ ਹੈ ਜਿਨਾਂ ਗਿਆਨ ਵਿਧਾਵਾਂ ਦੀ ਸ਼ੁਰੂਆਤ ਗੁਰੂਘਰ ਨੂੰ ਪ੍ਰਣਾਏ ਸਿੱਖ ਵਿਦਵਾਨ ਅਤੇ ਸੇਵਕ ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਗੋਆ ਜੀ ਨੇ ਕੀਤੀ ਸੀ। ਜਿਸ ਰਾਹੀ ਸਿੱਖੀ ਨੂੰ ਵੇਖਿਆ ਸਿੱਖੀ ਦੇ ਬ੍ਰਹਿਮੰਡੀ ਰੂਪ ਦੇ ਦਰਸ਼ਨ ਹੁੰਦੇ ਹਨ ਪਰ ਜਦਕਿ ਸਾਡੇ ਮੌਜੂਦਾ ਗਿਆਨ ਪ੍ਰਬੰਧ ਸਿੱਖੀ ਦੀ ਵਿਆਪਕ ਵਿਆਖਿਆ ਅਤੇ ਅਮਲ ਨੂੰ ਭੂਗੋਲਿਕਤਾ ਦੇ ਮਨੋਵਿਗਿਆਨਕ ਅਤੇ ਭੌਤਿਕ ਘੇਰਿਆ ਤੱਕ ਮਹਿਦੂਦ ਕਰਨ ਦੇ ਕੋਝੇ ਯਤਨ ਕਰ ਰਹੇ ਹਨ। ਸੋ ਸਾਨੂੰ ਸ਼ਬਦ ਗੁਰੂ ਦਾ ਪਹਿਲਾ ਪ੍ਰਕਾਸ਼ ਜੋ ਕਿ ਹਰਿਮੰਦਰ ਸਾਹਿਬ ਵਿੱਚ ਹੋਇਆ ਸੀ, ਦੀਆਂ ਇਲਾਹੀ ਰਮਜਾਂ ਨੂੰ ਸਮਝਣ ਦੇ ਯਤਨ ਕਰਨੇ ਚਾਹੀਦੇ ਹਨ।

# ਪੰਜਾਬ ਦੀ ਵੰਡ ਤੇ ਸੰਤਾਲੀ ਦਾ ਕਤਲੇਆਮ



**ਰਣਜੀਤ ਸਿੰਘ ਕੁਕੀ**

ਭਾਰਤੀ ਬਰੇ-ਸਗੀਰ ਦੀ 1947 ਵਿਚ ਹੋਈ ਦਰਦਨਾਕ ਵੰਡ ਨੇ ਪੰਜਾਬ ਦੇ ਸੀਨੇ ਉੱਪਰ ਲੀਕ ਵਾਹ ਦਿੱਤੀ - ਪੱਛਮੀ ਪੰਜਾਬ ਪਾਕਿਸਤਾਨ ਦੇ ਹਿੱਸੇ ਅਤੇ ਪੂਰਬੀ ਪੰਜਾਬ ਭਾਰਤ ਦੇ ਹਿੱਸੇ ਆਇਆ।ਛੇ ਮਹੀਨਿਆਂ ਦੇ ਅਰਸੇ ਵਿਚ ਭਿਆਨਕ ਹਿੰਸਾ (ਜਿਸ ਵਿਚ ਲਗਭਗ 10 ਲੱਖ ਲੋਕ ਮਾਰੇ ਗਏ) ਦਾ ਮੰਜ਼ਰ ਅਤੇ ਲੋਕਾਂ ਦਾ ਉਜਾੜਾ ਸਾਹਮਣੇ ਆਇਆ।ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਨੂੰ ਇਸ ਤਰਾਂ ਬੇਘਰ ਕਰਨ ਜਿਹੀ ਹੋਰ ਕੋਈ ਉਦਾਹਰਣ ਸਾਨੂੰ ਦੁਨੀਆਂ ਦੇ ਇਤਿਹਾਸ ਵਿਚ ਨਹੀਂ ਮਿਲਦੀ। ਲਗਭਗ ਪਚਵੰਜਾ ਲੱਖ ਮੁਸਲਮਾਨ ਪੱਛਮੀ ਪੰਜਾਬ ਵਿਚ ਜਾ ਕੇ ਵਸੇ ਅਤੇ ਲਗਭਗ ਪੰਤਾਲੀ ਲੱਖ ਹਿੰਦੂਆਂ ਅਤੇ ਸਿੱਖਾਂ ਨੇ ਪੂਰਬੀ ਪੰਜਾਬ ਵੱਲ ਹਿਜਰਤ ਕਰਨੀ ਪਈ।ਇਤਿਹਾਸ ਵਿਚ ਇਸ ਨੂੰ ਵੰਡ ਦਾ ਮੈਦਾਨ-ਏ-ਜੰਗ ਕਿਹਾ ਗਿਆ ਜਿਸ ਵਿਚ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਦੀ ਕਤਲੋਗਾਰਤ ਹੋਈ।ਵੰਡ ਸਮੇਂ ਹੋਈ ਹਿੰਸਾ ਬਹੁਤ ਹੀ ਵਿਵਸਥਿਤ ਹਿੰਸਾ ਸੀ ਜਿਸ ਦਾ ਉਦੇਸ਼ ਅਣਚਾਹੀ ਅਬਾਦੀ ਦਾ ਨਸਲੀ ਸਫਾਇਆ ਕਰਨਾ ਸੀ। ਮਾਰਚ 1947 ਵਿਚ ਇਕ ਹਫਤੇ ਵਿਚ ਹੀ ਅੰਮ੍ਰਿਤਸਰ ਵਿਚ ਮੁਸਲਮਾਨਾਂ ਦੇ ਚਾਰ ਹਜਾਰ ਘਰ ਅਤੇ ਦੁਕਾਨਾਂ ਤਬਾਹ ਕਰ ਦਿੱਤੀਆਂ ਗਈਆਂ।ਅੰਮ੍ਰਿਤਸਰ ਅਤੇ ਲਾਹੌਰ ਦੇ ਪੈਂਤੀ ਮੀਲ ਲੰਮੇ ਬਾਰਡਰ ਦੇ ਦੋਹੀਂ ਪਾਸੀਂ ਲਾਸ਼ਾਂ ਦੇ ਢੇਰ ਲੱਗੇ ਹੋਏ ਸਨ।ਇਸ ਤਰਾਂ ਲੱਗ ਰਿਹਾ ਸੀ ਜਿਵੇਂ ਸਾਰੇ ਹੀ ਇਲਾਕੇ ਨੂੰ ਇਕ ਵੱਡੇ ਕਬਰਗਾਹ ਵਿਚ ਤਬਦੀਲ ਕਰ ਦਿੱਤਾ ਗਿਆ ਹੋਵੇ।

ਇਸ ਸਾਰੀ ਕਤਲੋਗਾਰਤ ਵਿਚ ਇਹ ਨਹੀਂ ਵਿਚਾਰਿਆ ਜਾਂਦਾ ਕਿ ਉਸ ਸਮੇਂ ਪੁਲਿਸ, ਫੌਜ ਅਤੇ ਸਿਵਿਲ ਸਰਵਿਸ ਅਫਸਰਾਂ ਦਾ ਇਸ ਵਿਚ ਕੀ ਰੋਲ ਰਿਹਾ ਸੀ। ਇਨਾਂ ਨੂੰ ਕਿਸੇ ਵੀ ਦੇਸ਼ ਦੇ ਰਾਖਿਆਂ ਵਜੋਂ ਮੰਨਿਆਂ ਜਾਂਦਾ ਹੈ ਕਿਉਂਕਿ ਕਾਨੂੰਨ ਵਿਵਸਥਾ ਨੂੰ ਬਣਾਈ ਰੱਖਣ ਵਿਚ ਇਹ ਮਹੱਤਵਪੂਰਨ ਰੋਲ ਅਦਾ ਕਰਦੇ ਹਨ ਅਤੇ ਦੇਸ਼ ਦੇ ਲੋਕਾਂ ਨੂੰ ਹਮਲਿਆਂ ਤੋਂ ਬਚਾਉਂਦੇ ਹਨ।ਪਰ ਪੰਜਾਬ ਵਿਚ ਸੈਨਿਕਾਂ ਨੇ ਹਿੰਸਾ ਨੂੰ ਨਿਯੰਤ੍ਰਿਤ ਕਰਨ ਦੀ ਬਜਾਇ ਇਸ ਵਿਚ ਵਾਧਾ ਕੀਤਾ।ਬ੍ਰਿਟਿਸ਼ ਭਾਰਤ ਵਿਚ ਵੱਡੀ ਗਿਣਤੀ ਵਿਚ ਪੰਜਾਬ ਤੋਂ ਹੀ ਫੌਜ ਵਿਚ ਭਰਤੀ ਹੁੰਦੀ ਸੀ।ਦੂਜੇ ਸੰਸਾਰ ਯੁੱਧ ਦੀ ਸ਼ੁਰੂਆਤ ਸਮੇਂ ਭਾਰਤੀ ਫੌਜ ਵਿਚ 48 ਪ੍ਰਤੀਸ਼ਤ ਪੰਜਾਬ ਦੇ ਨੌਜਵਾਨ ਸਨ। ਇਸ ਯੁੱਧ ਦੇ ਅੰਤ ਤੋਂ ਬਾਅਦ ਫੌਜ ਵਿਚੋਂ ਆਏ ਹੋਏ ਸੈਨਿਕਾਂ ਨੇ ਹੀ ਇਸ ਹਿੰਸਾ ਨੂੰ ਵਧਾਉਣ ਵਿਚ ਆਪਣਾ ਹਿੱਸਾ ਪਾਇਆ।ਇਹਨਾਂ ਫੌਜੀਆਂ ਕੋਲ ਕੋਈ ਹਥਿਆਰ ਨਹੀਂ ਸੀ, ਪਰ ਉਹ ਸਿਖਲਾਈ ਯਾਫਤਾ ਫੌਜੀ ਸਨ ਅਤੇ ਯੁੱਧ ਵਿਚ ਉਨਾਂ ਦੇ ਹਾਲੀਆ ਅਨੁਭਵ ਦਾ ਮਤਲਬ ਸੀ ਕਿ ਉਨਾਂ ਦੁਆਰਾ ਢਾਹੇ ਗਏ ਜ਼ੁਲਮ ਬਹੁਤ ਹੀ ਵਹਿਸ਼ੀਆਨਾ ਸਨ। ਉਦਾਰਹਣ ਵਜੋਂ ਰਫਿਊਜੀਆਂ ਦੀਆਂ ਗੱਡੀਆਂ ਉੱਪਰ ਹੋਣ ਵਾਲੇ ਹਮਲੇ ਬਹੁਤ ਹੀ ਵਿਵਸਥਿਤ ਅਤੇ ਯੋਜਨਾਬੱਧ ਢੰਗ ਨਾਲ ਕੀਤੇ ਗਏ।ਪੰਜਾਬ ਦੀ ਵੰਡ ਬਹੁਤ ਹੀ ਵੱਡਾ ਦੁਖਾਂਤ ਹੈ ਜਿਸ ਨੇ ਲੱਖਾਂ ਲੋਕਾਂ ਦੀਆਂ ਜ਼ਿੰਦਗੀਆਂ ਪ੍ਰਭਾਵਿਤ ਕੀਤੀਆਂ।ਵੰਡ ਦੇ ਇਸ ਦੁਖਾਂਤ ਨੇ ਇਹ ਵੀ ਦਿਖਾਇਆ ਕਿ ਜਦੋਂ ਵੀ ਕੋਈ ਦੇਸ਼ ਕਿਸੇ ਵੱਡੀ ਤਬਾਹੀ ਦਾ ਸਾਹਮਣਾ ਕਰਦਾ ਹੈ ਤਾਂ ਉਸ ਸਮੇਂ ਸਰਵਿਸ ਵਾਲੇ ਲੋਕ ਜਿਵੇਂ ਫੌਜ, ਪੁਲਿਸ ਅਤੇ ਸਿਵਲ ਸਰਵਿਸ ਅਫਸਰ ਲੋਕਾਂ ਨੂੰ ਸੁਰੱਖਿਅਤ ਰੱਖਣ ਅਤੇ ਕਾਨੂੰਨ ਵਿਵਸਥਾ ਨੂੰ ਬਣਾਈ ਰੱਖਣ ਵਿਚ ਵੱਡਾ ਰੋਲ ਅਦਾ ਕਰਦੇ ਹਨ। ਪਰ ਅਗਰ ਇਹ ਲੋਕ ਆਪ ਹੀ ਹਿੰਸਾ ’ਤੇ ਉਤਾਰੂ ਹੋ ਜਾਣ ਤਾਂ ਇਸ ਦੇ ਬਹੁਤ ਹੀ ਭਿਆਨਕ ਸਿੱਟੇ ਨਿਕਲਦੇ ਹਨ।

ਭਾਰਤੀ ਬਰੇ-ਸਗੀਰ ਵਿਚ ਜੋ ਭਾਈਚਾਰੇ ਸਦੀਆਂ ਤੋਂ ਇਕੱਠੇ ਰਹਿੰਦੇ ਆ ਰਹੇ ਸਨ, ਉਨਾਂ ਨੇ ਇਸ ਸੰਪ੍ਰਦਾਇਕ ਹਿੰਸਾ ਵਿਚ ਇਕ ਦੂਜੇ ਉੱਪਰ ਹੀ ਹਮਲਾ ਕੀਤਾ ਜਿਸ ਵਿਚ ਇਕ ਪਾਸੇ ਹਿੰਦੂ ਅਤੇ ਸਿੱਖ ਸਨ ਅਤੇ ਦੂਜੇ ਪਾਸੇ ਮੁਸਲਮਾਨ। ਇਸ ਤਰਾਂ ਦੀ ਆਪਸੀ ਨਸਲਕੁਸ਼ੀ ਦੀ ਇਤਿਹਾਸ ਵਿਚ ਕੋਈ ਹੋਰ ਉਦਾਹਰਣ ਨਹੀਂ ਮਿਲਦੀ। ਪੰਜਾਬ ਅਤੇ ਬੰਗਾਲ-ਜੋ ਕਿ ਪਾਕਿਸਤਾਨ ਦੇ ਪੱਛਮੀ ਅਤੇ ਪੂਰਬੀ ਸਰਹੱਦ ਨਾਲ ਲੱਗਦੇ ਸਨ-ਵਿਚ ਖ਼ੂਨਖਰਾਬਾ ਬਹੁਤ ਹੀ ਭਿਆਨਕ ਸੀ ਜਿਸ ਵਿਚ ਕਤਲੋਗਾਰਤ, ਅਗਜ਼ਨੀ, ਲੋਕਾਂ ਦਾ ਜਬਰਦਸਤੀ ਧਰਮ ਪਰਿਵਤਰਨ, ਸਮੂਹਿਕ ਹੁਦਾਲੇ ਅਤੇ ਲਿੰਗਕ ਹਿੰਸਾ ਸ਼ਾਮਿਲ ਸਨ।ਕੋਈ ਪਝੱਤਰ ਹਜਾਰ ਔਰਤਾਂ ਨਾਲ ਬਲਾਤਕਾਰ ਹੋਏ ਅਤੇ ਉਨਾਂ ਵਿਚ ਬਹੁਤੀਆਂ ਨੂੰ ਵੱਢ-ਟੁੱਕ ਦਿੱਤਾ ਗਿਆ। ਕਈ ਬ੍ਰਿਟਿਸ਼ ਅਤੇ ਪੱਛਮੀ ਪੱਤਰਕਾਰ ਜਿਨਾਂ ਨੇ ਨਾਜ਼ੀਆਂ ਦੁਆਰਾ ਬਣਾਏ ਮੌਤ ਦੇ ਕੈਂਪ ਵੀ ਦੇਖੇ ਸਨ, ਉਨਾਂ ਨੇ ਕਿਹਾ ਕਿ ਵੰਡ ਸਮੇਂ ਹੋਈਆਂ ਦਰਿੰਦਗੀਆਂ ਇਸ ਤੋਂ ਵੀ ਭਿਆਨਕ ਸਨ : ਗਰਭਵਤੀਆਂ ਔਰਤਾਂ ਦੀਆਂ ਛਾਤੀਆਂ ਕੱਟ ਦਿੱਤੀਆਂ ਗਈਆਂ। ਬੱਚਿਆਂ ਨੂੰ ਉਨਾਂ ਦੀਆਂ ਕੁੱਖਾਂ ਵਿਚੋਂ ਕੱਢ ਕੇ ਮਾਰਿਆ ਗਿਆ। ਮਸ਼ਹੂਰ ਪਾਕਿਸਤਾਨੀ ਇਤਿਹਾਸਕਾਰ ਆਇਸ਼ਾ ਜਲਾਲ ਨੇ ਵੰਡ ਦੇ ਦੁਖਾਂਤ ਨੂੰ ਦੱਖਣੀ ਏਸ਼ੀਆ ਦੇ ਇਤਿਹਾਸ ਦੀ ਸਭ ਤੋਂ ਵੱਡੀ ਘਟਨਾ ਕਿਹਾ ਹੈ। ਉਹ ਲਿਖਦੀ ਹੈ ਕਿ ਇਹ ਬਹੁਤ ਹੀ ਅਹਿਮ ਪਲ ਸੀ ਕਿਉਂਕਿ ਵੰਡ ਅੱਜ ਵੀ ਸਰਹੱਦ ਦੇ ਦੋਹੀਂ ਪਾਸੀ ਰਹਿੰਦੇ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਪ੍ਰਭਾਵਿਤ ਕਰ ਰਹੀ ਹੈ, ਇਸ ਅਨੁਭਵ ਰਾਹੀ ਹੀ ਉਹ ਆਪਣਾ ਬੀਤੇ, ਅੱਜ ਅਤੇ ਆਉਣ ਵਾਲੇ ਕੱਲ ਦਾ ਤਸੱਵਰ ਕਰਦੇ ਹਨ। ਉਨੀਵੀਂ ਸਦੀ ਵਿਚ ਭਾਰਤ ਅਜੇ ਵੀ ਅਜਿਹੀ ਜਗਾ ਸੀ ਜਿੱਥੇ ਧਾਰਮਿਕ ਵਲਗਣਾਂ ਤੋਂ ਪਾਰ ਰਵਾਇਤਾਂ, ਭਾਸ਼ਾਵਾਂ ਅਤੇ ਸੱਭਿਆਚਾਰਾਂ ਦਾ ਮੇਲਜੋਲ ਸੀ ਅਤੇ ਜਿੱਥੇ ਲੋਕ ਆਪਣੇ ਆਪ ਨੂੰ ਧਾਰਮਿਕ ਅਕੀਦੇ ਰਾਹੀ ਪ੍ਰਭਾਸ਼ਿਤ ਨਹੀਂ ਸਨ ਕਰਦੇ।ਜਦੋਂ ਕਿ ਵੰਡ ਬ੍ਰਿਟਿਸ਼ ਸਾਮਰਾਜ ਅਤੇ ਸਾਡੇ ਨੇਤਾਵਾਂ ਦੀਆਂ ਮੂਰਖਤਾਈਆਂ ਦਾ ਪ੍ਰਮਾਣ ਹੈ ਜਿਸ ਨੇ ਭਾਈਚਾਰਿਆਂ ਦੇ ਆਪਸੀ ਮੇਲ-ਮਿਲਾਪ ਨੂੰ ਤਬਾਹ ਕਰ ਦਿੱਤਾ।

ਰਣਜੀਤ ਸਿੰਘ ਕੁੱਕੀ ਸਿਖ ਖਾੜਕੂ ਰਹੇ ਹਨ ਤੇ ਹੁਣ ਇਕ ਸਿੱਖ ਵਿਦਵਾਨ ਵਜੋਂ ਆਪਣੀ ਪਛਾਣ ਬਣਾਈ ਬੈਠੇ ਹਨ। ਉਨਾਂ ਦੀ ਲਿਖਣ ਸ਼ੈਲੀ ਪ੍ਰਭਾਵਸ਼ਾਲੀ ਤੇ ਪੰਜਾਬ ਦੇ ਹਿਤ ਵਿਚ ਹੁੰਦੀ ਹੈ ਜੋ ਪੰਜਾਬ ਵਿਰੋਧੀਆਂ ਦੇ ਹਿੱਕ ਵਿਚ ਜਾ ਵਜਦੀ ਹੈ। ਇਸੇ ਕਰਕੇ ਉਨਾਂ ਉਪਰ ਬੀਤੇ ਦਿਨੀਂ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਗਈ।ਰਣਜੀਤ ਸਿੰਘ ਕੁੱਕੀ ਗਿੱਲ ਦੇ ਘਰ ਦੀ ਰੇਕੀ ਕਰਨ ਵਾਲੀ ਘਟਨਾ 24 ਅਗਸਤ ਰਾਤ ਦੀ ਹੈ, ਪਰ ਪੁਲਿਸ ਅਤੇ ਸਰਕਾਰ ਵੱਲੋਂ ਮੋਟਰਸਾਇਕਲ ਵਾਲਾ ਤੇ ਓਹਦੇ ਮਗਰ ਆ ਰਹੀ ਗੱਡੀ ਨੂੰ ਹਾਲੇ ਤੱਕ ਟਰੇਸ ਨਹੀਂ ਕੀਤਾ ਗਿਆ। ਕੀ ਪੁਲਿਸ ਹੁਣ ਵੀ ਪਿਛਲੀਆਂ ਸਰਕਾਰਾਂ ਵਾਲੀ ਕਾਰਜਸ਼ੈਲੀ ’ਤੇ ਕੰਮ ਕਰ ਰਹੀ ? ਜਦੋਂ ਇੰਟੈਲੀਜੈਂਸ ਕੋਲ ਖ਼ਤਰੇ ਬਾਰੇ ਜਾਣਕਾਰੀ ਹੈ ਅਤੇ ਪੁਲਿਸ ਦੇ ਇੱਕ ਸੀਨੀਅਰ ਅਧਿਕਾਰੀ ਆਖੇ ‘ਗਿੱਲ ਸਾਹਿਬ ਨੂੰ ਕਿਸੇ ਦੇ ਖਿਲਾਫ਼ ਨਹੀਂ ਬੋਲਣਾ ਚਾਹੀਦਾ’, ਉਦੋਂ ਇੱਕ ਗੰਨਮੈਨ ਦੇ ਦਿੱਤਾ ਗਿਆ ਜਿਹੜਾ ਹੁਣ ਵਾਪਸ ਬੁਲਾ ਲਿਆ ਗਿਆ ਹੈ, ਫ਼ਿਰ ਅੰਦਾਜਾ ਲਾਉਣਾ ਔਖਾ ਨਹੀਂ ਕਿ ਸਟੇਟ ਕਿਉਂ ਚੁਪ ਹੈ। ਇਸ ਦੌਰ ਵਿਚ ਗ਼ਲਤ ਨੂੰ ਗ਼ਲਤ ਕਹਿਣ ਦੀ ਕਿੰਨੇ ਵਿਅਕਤੀ ਹਿੰਮਤ ਕਰਦੇ ਹਨ, ਜੇਕਰ ਕੋਈ ਪੰਜਾਬ ਦੇ ਹੱਕ ਵਿਚ ਬੋਲਦਾ ਤਾਂ ਉਸਨੂੰ ਚੁੱਪ ਕਰਵਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ। ਸਮੂਹ ਪੰਜਾਬੀਆਂ ਵਲੋਂ ਇਸ ਘਟਨਾ ਬਾਰੇ ਰੋਸ ਪ੍ਰਗਟਾਇਆ ਗਿਆ ਹੈ।

ਬ੍ਰਿਟਿਸ਼ ਇਤਿਹਾਸਕਾਰ ਪੈਟਰਿਕ ਫਰੈਂਣ ਲਿਬਰਟੀ ਔਰ ਡੈਥ ਵਿਚ ਲਿਖਦਾ ਹੈ ਕਿ ਇਹ ਉਸ ਸਮੇਂ ਦੀਆਂ ਸ਼ਖਸੀਅਤਾਂ ਦੇ ਆਪਸੀ ਟਕਰਾਅ ਦਾ ਵੀ ਸਿੱਟਾ ਸੀ ਜਿਸ ਵਿਚ ਇਕ ਪਾਸੇ ਮੁਹੰਮਦ ਅਲ਼ੀ ਜਿਨਾਹ ਅਤੇ ਦੂਜੇ ਪਾਸੇ ਮੋਹਨ ਦਾਸ ਕਰਮ ਚੰਦ ਗਾਂਧੀ ਅਤੇ ਜਵਾਹਰ ਲਾਲ ਨਹਿਰੂ ਸਨ। ਤਿੰਨੋਂ ਹੀ ਵਕੀਲ ਸਨ ਜਿਨਾਂ ਨੇ ਆਪਣੀ ਸਿੱਖਿਆ ਇੰਗਲੈਂਡ ਤੋਂ ਪ੍ਰਾਪਤ ਕੀਤੀ ਸੀ। ਜਿਨਾਹ ਅਤੇ ਗਾਂਧੀ ਦੋਹੇ ਹੀ ਗੁਜਰਾਤੀ ਸਨ ਜੋ ਕਿ ਨਜ਼ਦੀਕੀ ਸਹਿਯੋਗੀ ਹੋ ਸਕਦੇ ਸਨ।ਪਰ 1940ਵਿਆਂ ਦੀ ਸ਼ੁਰੂਆਤ ਵਿਚ ਹੀ ਉਨਾਂ ਦੇ ਆਪਸੀ ਸੰਬੰਧਾਂ ਵਿਚ ਇੰਨੀ ਕੜਵਾਹਟ ਆ ਗਈ ਕਿ ਉਹ ਇਕ ਕਮਰੇ ਵਿਚ ਵੀ ਨਹੀਂ ਸਨ ਇਕੱਠੇ ਬੈਠ ਸਕਦੇ। ਜਿਨਾਹ ਰਾਜਨੀਤੀ ਵਿਚ ਧਰਮ ਦਾ ਸੁਮੇਲ ਕਰਨ ਦੇ ਵਿਰੁੱਧ ਸੀ, ਇਸ ਲਈ ਉਸ ਨੇ ਗਾਂਧੀ ਦੁਆਰਾ ਰਾਜਨੀਤਿਕ ਬਹਿਸਾਂ ਵਿਚ ਅਧਿਆਤਮਕ ਮੁੱਦਿਆਂ ਨੂੰ ਲਿਆਉਣ ਦਾ ਵਿਰੋਧ ਕੀਤਾ। ਬਸਤੀਵਾਦੀ ਸਮੇਂ ਦੇ ਇਕ ਗਵਰਨਰ ਨੇ ਲਿਖਿਆ ਸੀ, ਧਰਮ ਅਤੇ ਰਾਜਨੀਤੀ ਦਾ ਸੁਮੇਲ ਕਰਨਾ ਇਕ ਅਪਰਾਧ ਹੈ ਜੋ ਉਸ ਨੇ ਕੀਤਾ। ਉਸ ਦਾ ਮੰਨਣਾ ਸੀ ਕਿ ਇਸ ਨੇ ਹਰ ਪਾਸੇ ਧਾਰਮਿਕ ਕੱਟੜਵਾਦੀਆਂ ਨੂੰ ਪ੍ਰੋਤਸਾਹਿਤ ਕੀਤਾ।ਇਸ ਵਿਚ ਕੋਈ ਸ਼ੱਕ ਨਹੀਂ ਕਿ ਪਹਿਲੇ ਸੰਸਾਰ ਯੁੱਧ ਸਮੇਂ ਉਸ ਨੇ ਮੁਸਲਿਮ ਲੀਗ ਅਤੇ ਕਾਂਗਰਸ ਨੂੰ ਇਕੱਠੇ ਕਰਨ ਦਾ ਕੰਮ ਕੀਤਾ।ਉਸ ਨੇ ਕਿਹਾ, ਮੈਂ ਆਪਣੇ ਮੁਸਲਮਾਨ ਸਾਥੀਆਂ ਨੂੰ ਕਹਿੰਦਾ ਹਾਂ ਕਿ ਡਰੋ ਨਾ। ਉਸ ਨੇ ਹਿੰਦੂ ਪ੍ਰਧਾਨਤਾ ਦੇ ਵਿਚਾਰ ਨੂੰ ਇਕ ਹਊਆ ਦੱਸਿਆ ਜੋ ਕਿ ਉਨਾਂ ਦੇ ਦੁਸ਼ਮਣਾਂ ਦੁਆਰਾ ਉਨਾਂ ਨੂੰ ਡਰਾਉਣ ਲਈ ਪੈਦਾ ਕੀਤਾ ਗਿਆ ਸੀ ਤਾਂ ਕਿ ਉਨਾਂ ਵਿਚ ਆਪਸੀ ਸਹਿਯੋਗ ਨਾ ਪੈਦਾ ਹੋ ਸਕੇ।

1916 ਵਿਚ ਜਦੋਂ ਜਿਨਾਹ ਦੋਨਾਂ ਹੀ ਪਾਰਟੀਆਂ ਨਾਲ ਸੰਬੰਧਿਤ ਸੀ, ਉਹ ਅੰਗਰੇਜ਼ਾਂ ਨੂੰ ਲਖਨਊ ਸਮਝੌਤੇ ਦੇ ਰੂਪ ਵਿਚ ਆਪਣੀਆਂ ਮੰਗਾਂ ਦੇਣ ਵਿਚ ਕਾਮਯਾਬ ਹੋ ਗਿਆ। ਉਸ ਨੂੰ ਹਿੰਦੂ ਮੁਸਲਿਮ ਏਕਤਾ ਦਾ ਦੂਤ ਮੰਨਿਆ ਗਿਆ।ਪਰ ਪਹਿਲੇ ਯੁੱਧ ਤੋਂ ਬਾਅਦ ਜਿਨਾਹ ਨੇ ਗਾਂਧੀ ਅਤੇ ਨਹਿਰੂ ਦੀ ਵਧਦੀ ਚੜਤ ਦਾ ਪਰਛਾਵਾਂ ਆਪਣੇ ਉੱਪਰ ਮਹਿਸੂਸ ਕੀਤਾ। ਦਸੰਬਰ 1920 ਵਿਚ ਉਸ ਨੇ ਸਟੇਜ ਤੋਂ ਗਾਂਧੀ ਨੂੰ ਮਹਾਤਮਾ ਕਹਿਣ ਦੀ ਬਜਾਇ ਮਿਸਟਰ ਗਾਂਧੀ ਕਹਿਣਾ ਦਰੁੱਸਤ ਮੰਨਿਆ।ਇਸ ਸਮੇਂ ਦੌਰਾਨ ਉਨਾਂ ਵਿਚ ਆਪਸੀ ਕੜਵਾਹਟ ਵਧ ਗਈ ਅਤੇ 1940 ਤੱਕ ਆਉਂਦਿਆਂ ਉਸ ਨੇ ਵੱਖਰੀ ਸਰਜ਼ਮੀਨ ਦੀ ਮੰਗ ਨੂੰ ਜਿਆਦਾ ਪਹਿਲ ਦਿੱਤੀ। ਇਸੇ ਮੰਗ ਦਾ ਉਸ ਨੇ ਪਹਿਲਾਂ ਵਿਰੋਧ ਕੀਤਾ ਸੀ ਅਤੇ ਉਸ ਨੇ ਆਪਣੇ ਸਾਥੀਆਂ ਨੂੰ ਇਹ ਯਕੀਨ ਦੁਆਉਣ ਦੀ ਕੋਸ਼ਿਸ਼ ਕੀਤੀ ਕਿ ਵੰਡ ਮਹਿਜ਼ ਇਕ ਸੌਦਾਬਾਜ਼ੀ ਹੀ ਸੀ। ਆਪਣੀ ਮੰਗ ਪੂਰੀ ਹੋਣ ਤੋਂ ਬਾਅਦ ਵੀ ਉਸ ਨੇ ਇਸ ਗੱਲ ਉੱਪਰ ਜ਼ੋਰ ਦਿੱਤਾ ਕਿ ਧਾਰਮਿਕ ਪ੍ਰਗਟਾਵੇ ਦੀ ਅਜ਼ਾਦੀ ਰਹੇ।ਅਗਸਤ 1947 ਵਿਚ ਸੰਵਿਧਾਨ ਸਭਾ ਦੀ ਪਹਿਲੀ ਬੈਠਕ ਵਿਚ ਉਸ ਨੇ ਕਿਹਾ ਸੀ, ਤੁਸੀ ਕਿਸੇ ਵੀ ਧਰਮ,

**ਬਾਕੀ ਸਫ਼ਾ 30 ’ਤੇ**

# ਆਰਐੱਸਐੱਸ ਜਮਾਤ ਦੇ ਵਿਚਾਰਕ 'ਸਾਵਰਕਰ' ਦੀ ਸੋਚ ਬਨਾਮ ਬਿਲਕਿਸ ਬਾਨੋ ਦੇ ਸਮੂਹਿਕ ਬਲਾਤਕਾਰੀਆਂ ਦੀ ਰਿਹਾਈ

## ਬਲਜੀਤ ਸਿੰਘ ਖ਼ਾਲਸਾ ਦੀ ਪੁਸਤਕ 'ਬਲਾਤਕਾਰੀ ਪੁਲਿਸ ਫੋਰਸਾਂ' ਵਿੱਚ ਇਸ ਕੌੜੀ ਹਕੀਕਤ ਬਾਰੇ ਅਹਿਮ ਇੰਕਸ਼ਾਫ

**ਡਾ. ਗੁਰਵਿੰਦਰ ਸਿੰਘ**

ਇਨੀਂ ਦਿਨੀਂ ਗੁਜਰਾਤ ਵਾਸੀ ਗਰਭਪਤੀ ਮੁਸਲਿਮ ਔਰਤ ਬਿਲਕਿਸ ਬਾਨੋ ਦੇ ਸਮੂਹਿਕ ਬਲਾਤਕਾਰ ਲਈ ਦੋਸ਼ੀ ਬਲਾਤਕਾਰੀਆਂ ਦੀ ਰਿਹਾਈ ਦਾ ਮਾਮਲਾ ਚਰਚਾ ਵਿੱਚ ਹੈ। 2002 ਵਿਚ ਗੁਜਰਾਤ ਵਿਚ ਹੋਏ ਮੁਸਲਿਮ ਵਿਰੋਧੀ ਕਤਲੇਆਮ ਦੌਰਾਨ ਇਕ ਮੁਸਲਿਮ ਔਰਤ ਬਿਲਕਿਸ ਬਾਨੋ ਦੇ ਦਰਜਨ ਦੇ ਕਰੀਬ ਪਰਿਵਾਰਕ ਮੈਂਬਰਾਂ ਦੀ ਸਮੂਹਿਕ ਹੱਤਿਆ ਅਤੇ ਉਸ ਨਾਲ ਸਮੂਹਿਕ ਬਲਾਤਕਾਰ ਕਰਨ ਵਾਲੇ 11 ਭਾਜਪਾਈਆਂ ਨੂੰ ਗੁਜਰਾਤ ਸਰਕਾਰ ਨੇ ਰਿਹਾਅ ਕਰ ਦਿੱਤਾ ਹੈ। ਇਸ ਵਰਤਾਰੇ ਦੇ ਸੱਚ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਭਾਜਪਾ ਦੇ ਇੱਕ ਵਿਧਾਇਕ ਦਾ ਬਿਆਨ ਕਿ 'ਬਲਾਤਕਾਰੀ ਬ੍ਰਾਹਮਣ ਹਨ, ਚੰਗੇ ਕਿਰਦਾਰ ਵਾਲੇ ਹਨ', ਦਰਅਸਲ ਦਾਮੋਦਰ ਬਿਨਾਇਕ ਦੀ ਸੋਚ ਵਿਚੋਂ ਆਇਆ ਹੈ, ਜੋ ਇੱਥੋਂ ਤੱਕ ਲਿਖਦਾ ਹੈ ਕਿ ਦੁਸ਼ਮਣ ਦੀਆਂ ਧੀਆਂ ਭੈਣਾਂ ਮਾਵਾਂ ਨਾਲ ਬਲਾਤਕਾਰ ਕਰਨਾ ਹਿੰਦੂਤਵੀ ਸੋਚ ਦਾ 'ਇਕ ਜੰਗੀ ਹਥਿਆਰ' ਹੈ।

ਅੱਜ ਜਦੋਂ ਕਸ਼ਮੀਰ ਤੋਂ ਲੈ ਕੇ ਕੰਨਿਆ- ਕੁਮਾਰੀ ਤੱਕ ਘੱਟਗਿਣਤੀਆਂ ਅਤੇ ਸੰਘਰਸ਼ਸ਼ੀਲ ਕੌਮਾਂ ਦੀਆਂ ਧੀਆਂ ਭੈਣਾਂ ਨਾਲ ਜਬਰ- ਜਨਾਹ ਹੋ ਰਹੇ ਹਨ ਜਾਂ ਦੇਸ਼ ਦੇ ਭਗਵੇਂਕਰਨ ਦੇ ਧਾਰਨੀ ਅਖੌਤੀ ਨੇਤਾ ਕਸ਼ਮੀਰੀ ਔਰਤਾਂ ਨੂੰ 'ਭੋਗਣ ਵਾਲੀ ਵਸਤੂ' ਤੱਕ ਦੱਸ ਰਹੇ ਹਨ, ਅਜਿਹੇ ਸਮੇਂ ਕਿਤਾਬ 'ਬਲਾਤਕਾਰੀ ਪੁਲਿਸ ਫੋਰਸਾਂ' ਵਿੱਚ ਲੇਖਕ ਬਲਜੀਤ ਸਿੰਘ ਖ਼ਾਲਸਾ ਵੱਲੋਂ ਕੀਤੇ ਸਵਰਕਰੀ ਸੋਚ ਦੇ ਖੁਲਾਸੇ ਜਾਨਣੇ ਜ਼ਰੂਰੀ ਹਨ। ਕਿਤਾਬ ਦੀ ਭੂਮਿਕਾ- 'ਬਲਾਤਕਾਰ ਇਕ ਜੰਗੀ ਹਥਿਆਰ' ਨਿਕੋਲਸ ਡੀ ਕ੍ਰਿਸਟੋਫ ਦੀ ਲਿਖੀ ਹੋਈ ਹੈ, ਜੋ ਲਵਲੀਨ ਜੌਲੀ ਨੇ ਅਨੁਵਾਦ ਕਰਕੇ ਪੇਸ਼ ਕੀਤੀ ਹੈ ਕਿ ਕਿਵੇਂ ਦੁਨੀਆਂ ਭਰ ਵਿੱਚ ਬਲਾਤਕਾਰ ਨੂੰ 'ਜੰਗੀ ਹਥਿਆਰ' ਵਜੋਂ ਵਰਤਿਆ ਗਿਆ ਹੈ। ਕਿਤਾਬ ਦੇ ਮੁੱਢਲੇ ਸ਼ਬਦਾਂ ਵਿੱਚ ਬਲਜੀਤ ਸਿੰਘ ਖਾਲਸਾ ਬਲਾਤਕਾਰ ਦੀ ਨੀਤੀ ਬਾਰੇ ਹਿੰਦੂਤਵੀ ਆਰਐੱਸਐੱਸ ਜਮਾਤ ਦੇ ਵਿਚਾਰਕ 'ਵਿਨਾਇਕ ਦਾਮੋਦਰ ਸਾਵਰਕਰ' ਦੀ ਕਿਤਾਬ 'ਭਾਰਤੀ ਇਤਿਹਾਸ ਦੇ ਛੇ ਭਾਵਸ਼ਾਲੀ ਯੁੱਗ' ਦੇ ਚੈਪਟਰ 8 ਦੇ ਪੈਰਾ 442-443 ਵਿੱਚੋਂ ਲਿਖਦੇ ਹਨ ਕਿ ਕਿਵੇਂ ਸਾਵਰਕਰ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਘੱਟਗਿਣਤੀ, ਖਾਸਕਰ ਮੁਸਲਿਮ ਔਰਤਾਂ ਨਾਲ ਬਲਾਤਕਾਰ ਕਰਨਾ ਕਰਨ ਤੋਂ ਝਿਜਕਣਾ ਨਹੀਂ ਚਾਹੀਦਾ।

'ਵਿਨਾਇਕ ਦਾਮੋਦਰ ਸਾਵਰਕਰ' ਦਾ ਤਰਕ ਹੈ ਕਿ ਯੁੱਧ ਵਿੱਚ ਦੁਸ਼ਮਣ ਦੇ ਨਾਲ ਕਿਸੇ ਵੀ ਤਰਾਂ ਦੀ ਰਿਆਇਤ ਆਤਮ-ਹੱਤਿਆ ਹੈ ਤੇ ਦੁਸ਼ਮਣ ਨੂੰ ਹਰਾਉਣ ਲਈ ਉਸ ਦੀਆਂ ਧੀਆਂ-ਭੈਣਾਂ ਨਾਲ ਜਬਰ-ਜਿਨਾਹ ਵੀ ਜੰਗ ਦਾ ਇੱਕ ਹਥਿਆਰ ਹੈ। 268 ਪੰਨਿਆਂ ਦੀ ਇਸ ਕਿਤਾਬ ਵਿੱਚ ਪੰਜਾਬ, ਕਸ਼ਮੀਰ, ਛੱਤੀਸਗੜ ਮਣੀਪੁਰ, ਉੜੀਸਾ, ਆਸਾਮ, ਉੱਤਰ ਪ੍ਰਦੇਸ਼ ਆਦਿ ਵੱਖ-ਵੱਖ ਸਟੇਟਾਂ ਵਿੱਚ ਭਾਰਤੀ ਪੁਲਿਸ ਅਤੇ ਹਥਿਆਰਬੰਦ ਬਲਾਂ ਵੱਲੋਂ ਨਿਰਦੋਸ਼



Bilkis Bano at a press conference.

ਅਤੇ ਬੇਵੱਸ-ਲਾਚਾਰ ਔਰਤਾਂ ਨਾਲ ਕੀਤੀ ਜਬਰ ਜਨਾਹ ਦੀ ਕਹਾਣੀ ਦਰਜ ਹੈ। ਪੰਜਾਬ ਪੁਲਿਸ ਦੇ ਮੁਖੀ ਰਹੇ ਬੁਚੜ ਪੁਲਸੀਏ ਅਤੇ ਸਰਕਾਰੀ ਦਰਬਾਰੀ ਲੇਖਕਾਂ ਦੇ ਸ਼ਬਦ ਵਿੱਚ 'ਟੌਪ ਕੌਪ' ਕੇ ਪੀ ਐਸ ਗਿੱਲ ਤੋਂ ਲੈ ਕੇ ਭਾਰਤੀ ਫੌਜ ਤੇ ਸੀ ਆਰ ਪੀ ਐੱਫ ਦੇ ਬਲਾਂ ਦੇ ਆਗੂਆਂ ਦੇ, ਰੌਂਗਟੇ ਖੜੇ ਕਰਨ ਵਾਲੇ ਬਲਾਤਕਾਰੀ ਢੰਗ- ਤਰੀਕਿਆਂ ਨੂੰ ਲੇਖਕ ਨੇ ਸੋਨੀ ਸੋਰੀ ਸਮੇਤ ਅਨੇਕਾਂ ਪੀੜਤ ਔਰਤਾਂ ਨਾਲ ਹੋਈ ਧੱਕੇਸ਼ਾਹੀ ਦੇ ਰੂਪ ਵਿੱਚ ਬਿਆਨ ਕੀਤਾ ਹੈ।

ਸੰਘਰਸ਼ਸ਼ੀਲ ਕੌਮਾਂ ਦੀਆਂ ਔਰਤਾਂ ਨਾਲ, ਬਲਾਤਕਾਰ ਦੀ ਹਕੂਮਤੀ ਨੀਤੀ ਦਾ ਖੌਫਨਾਕ ਸੱਚ ਪੇਸ਼ ਕਰਨ ਲਈ, ਬਲਜੀਤ ਸਿੰਘ ਖਾਲਸਾ ਨੇ ਅਜਿਹੀ ਰੌਂਗਟੇ ਖੜੇ ਕਰਨ



ਵਾਲੀ ਕਿਤਾਬ ਪਾਠਕਾਂ ਦੇ ਹੱਥੀਂ ਸੌਂਪੀ ਹੈ। 'ਬਲਾਤਕਾਰੀ ਪੁਲਿਸ ਫੋਰਸਾਂ' ਕਿਤਾਬ ਨੇ ਸੈਂਕੜੇ ਹੀ ਅਜਿਹੀਆਂ ਉਦਾਹਰਨਾਂ ਦਿੱਤੀਆਂ ਹਨ, ਜਿਨਾਂ ਵਿੱਚ ਪੁਲਿਸ ਤੇ ਫ਼ੌਜ ਨੇ ਥਾਂ -ਥਾਂ ਬਲਾਤਕਾਰ ਕੀਤੇ। ਕੀ ਉਨਾਂ ਨੂੰ ਵੀ ਉਹੀ ਸਜ਼ਾ ਮਿਲੇਗੀ ? ਸੱਚ ਤਾਂ ਇਹ ਹੈ ਕਿ ਉਨਾਂ ਵਿੱਚੋਂ ਬਹੁਤੇ ਤਾਂ ਜੇਲਾਂ ਦੀਆਂ ਸਲਾਖਾਂ ਪਿੱਛੇ ਵੀ ਨਹੀਂ ਗਏ।

ਦੁਖਾਂਤ ਇਸ ਗੱਲ ਦਾ ਹੈ ਕਿ ਦੇਸ਼- ਵਿਦੇਸ਼ ਦੀਆਂ ਸਾਹਿਤ ਸਭਾਵਾਂ ਦੇ ਬਹੁਤ ਸਾਰੇ ਲੇਖਕ ਵੀ ਚੰਨ- ਚਾਨਣੀ ਰਾਤ ਦੀਆਂ ਰੋਮਾਂਟਿਕ ਗੱਲਾਂ ਜਾਂ ਸੱਚ ਤੋਂ ਮੁਨਕਰ ਹੋ ਕੇ ਆਸ਼ਕੀ ਦੀਆਂ ਕਹਾਣੀਆਂ ਲਿਖਣ ਵਿੱਚ ਖੱਚਤ ਹਨ, ਜਿਸ ਕਾਰਨ ਉਨਾਂ ਨੂੰ ਹਕੂਮਤਾਂ ਦਾ ਸੇਕ ਝੱਲਣ ਦੀ ਥਾਂ ਇਨਾਮ




ਮਿਲਦੇ ਹਨ, ਜਦਕਿ ਜ਼ੁਲਮ ਦੀ ਦਾਸਤਾਨ ਬਿਆਨ ਕਰਨ ਵਾਲੀਆਂ ਕਿਤਾਬਾਂ ਲਿਖਣਾ ਅੱਜ ਸਮੇਂ ਦੀ ਮੰਗ ਹੈ। ਇਹ ਕਿਤਾਬ ਅੱਜ ਦੇ ਸਮੇਂ, ਕਸ਼ਮੀਰ ਦੀਆਂ ਧੀਆਂ ਭੈਣਾਂ ਪ੍ਰਤੀ ਆ ਰਹੇ ਬਿਆਨਾਂ ਦੀ ਅਸਲੀਅਤ ਜਾਨਣ ਅਤੇ ਗੰਦੀ ਮਨੂੰਵਾਦੀ ਮਾਨਸਿਕਤਾ ਨੂੰ ਸਮਝਣ ਲਈ ਮਹੱਤਵਪੂਰਨ ਹੈ ਅਤੇ ਸਭ ਨੂੰ ਪੜਨੀ ਚਾਹੀਦੀ ਹੈ।

ਮਸਲਾ ਕਿਸੇ ਇੱਕ ਬਿਲਕਿਸ ਬਾਨੋ ਦਾ ਨਹੀਂ, ਸਗੋਂ ਹਜ਼ਾਰਾਂ-ਲੱਖਾਂ ਪੀੜਤ ਦਲਿਤ ਅਤੇ ਘੱਟ ਗਿਣਤੀ ਔਰਤਾਂ ਦਾ ਹੈ, ਜਿਨਾਂ ਨਾਲ ਉੱਚ ਜਾਤੀਏ ਅਤੇ ਸੱਤਾ ਦਾ ਦਲਾਲ ਸੰਘੀ ਲਾਣਾ ਸਾਵਰਕਰੀ ਸੋਚ ਦਾ ਸਹਾਰਾ ਲੈ ਕੇ, ਬਲਾਤਕਾਰ ਨੂੰ ਜੰਗੀ ਹਥਿਆਰ ਵਜੋਂ ਵਰਤਦਿਆਂ, ਇਨਸਾਨੀਅਤ ਦਾ ਕਤਲ ਕਰ ਰਿਹਾ ਹੈ। ਉਨਾਂ ਖ਼ਿਲਾਫ਼ ਆਵਾਜ਼ ਬੁਲੰਦ ਕਰਨਾ ਹੀ ਸਮੇਂ ਦੀ ਮੰਗ ਹੈ।

---

# ਸੁਪਰੀਮ ਕੋਰਟ ਗੁਜਰਾਤ ਦੰਗਿਆਂ ਬਾਰੇ 11 ਪਟੀਸ਼ਨਾਂ ਬੰਦ ਕਰਨਾ ਬੇਇਨਸਾਫ਼ੀ

**ਰਜਿੰਦਰ ਸਿੰਘ ਪੁਰੇਵਾਲ**

ਭਾਰਤੀ ਅਦਾਲਤਾਂ ਦਿਲੀ ਸਿਖ ਕਤਲੇਆਮ ਤੇ ਗੁਜਰਾਤ ਦੰਗਿਆਂ ਬਾਰੇ ਇਨਸਾਫ ਦੇਣ ਤੋਂ ਅਸਮਰਥ ਰਹੀਆਂ ਹਨ। ਹੁਣੇ ਜਿਹੇ ਚੀਫ਼ ਜਸਟਿਸ ਉਦੈ ਉਮੇਸ਼ ਲਲਿਤ ਦੀ ਅਗਵਾਈ ਵਾਲੇ ਸੁਪਰੀਮ ਕੋਰਟ ਦੇ ਤਿੰਨ ਮੈਂਬਰੀ ਬੈਂਚ ਨੇ 2002 ਗੁਜਰਾਤ ਦੰਗਿਆਂ ਨਾਲ ਜੁੜੇ ਕੇਸਾਂ ਦੀ ਨਿਰਪੱਖ ਜਾਂਚ ਦੀ ਮੰਗ ਕਰਦੀਆਂ 11 ਪਟੀਸ਼ਨਾਂ ਨੂੰ 'ਵਿਅਰਥ' ਦੱਸ ਕੇ ਬੰਦ ਕਰ ਦਿੱਤਾ ਹੈ। ਇਨਾਂ ਵਿਚੋਂ ਇਕ ਪਟੀਸ਼ਨ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ (ਐੱਨਐੱਚਆਰਸੀ) ਤੇ ਦੂਜੀ ਤੀਸਤਾ ਸੀਤਲਵਾੜ ਦੀ ਜਥੇਬੰਦੀ 'ਸਿਟੀਜ਼ਨਜ਼ ਫਰ ਜਸਟਿਸ ਐਂਡ ਪੀਸ' ਵੱਲੋਂ ਦਾਇਰ ਕੀਤੀ ਗਈ ਸੀ। ਇਸ ਦੌਰਾਨ ਇਕ ਹੋਰ ਬੈਂਚ ਨੇ 1992 ਵਿੱਚ ਅਯੁੱਧਿਆ ਵਿੱਚ ਬਾਬਰੀ ਮਸਜਿਦ ਢਾਹੁਣ ਨਾਲ ਜੁੜੇ ਕੇਸ ਵਿੱਚ ਯੂਪੀ ਸਰਕਾਰ ਤੇ ਹੋਰਨਾਂ ਖਿਲਾਫ਼ ਅਦਾਲਤੀ ਹੱਤਕ ਕਾਰਵਾਈ ਨੂੰ ਬੰਦ ਕਰ ਦਿੱਤਾ ਹੈ। ਜਸਟਿਸ ਐੱਸ.ਕੇ. ਕੌਲ ਦੀ ਅਗਵਾਈ ਵਾਲੇ ਬੈਂਚ ਨੇ ਨਵੰਬਰ 2019 ਵਿੱਚ ਸੰਵਿਧਾਨਕ ਬੈਂਚ ਵੱਲੋਂ ਸੁਣਾਏ ਫ਼ੈਸਲੇ ਦੇ ਹਵਾਲੇ ਨਾਲ ਕਿਹਾ ਕਿ ਇਹ ਮਾਮਲਾ ਹੁਣ ਕੋਈ ਮਹੱਤਵ ਨਹੀਂ ਰੱਖਦਾ। ਗੁਜਰਾਤ ਦੰਗਿਆਂ ਨਾਲ ਜੁੜੇ ਕੇਸਾਂ ਦੀ ਨਿਰਪੱਖ ਜਾਂਚ ਨਾਲ ਜੁੜੀਆਂ ਪਟੀਸ਼ਨਾਂ 'ਤੇ ਸੁਣਵਾਈ ਕਰਨ ਵਾਲੇ ਬੈਂਚ ਵਿੱਚ ਸ਼ਾਮਲ ਚੀਫ਼ ਜਸਟਿਸ ਯੂ.ਯੂ. ਲਲਿਤ ਤੇ ਜਸਟਿਸ ਰਵਿੰਦਰ ਭੱਟ ਤੇ ਜਸਟਿਸ ਜੇ.ਬੀ.ਪਾਰਦੀਵਾਲਾ ਨੇ ਅਦਾਲਤ ਵੱਲੋਂ ਗਠਿਤ ਵਿਸ਼ੇਸ਼ ਜਾਂਚ ਟੀਮ (ਸਿੱਟ) ਦੀ ਨੁਮਾਇੰਦਗੀ ਕਰਦੇ ਸੀਨੀਅਰ ਐਡਵੋਕੇਟ ਮੁਕੁਲ ਰੋਹਤਗੀ ਤੇ ਵੱਖ ਵੱਖ ਪਟੀਸ਼ਨਰਾਂ ਵੱਲੋਂ ਪੇਸ਼ ਵਕੀਲਾਂ ਦੇ ਹਲਫ਼ਨਾਮਿਆਂ ਉੱਤੇ ਗੌਰ ਕਰਦਿਆਂ ਕਿਹਾ ਕਿ ਇਨਾਂ ਪਟੀਸ਼ਨਾਂ ਵਿੱਚ ਹੁਣ ਫੈਸਲਾ ਕਰਨ ਲਈ ਕੁਝ ਨਹੀਂ ਬਚਿਆ। ਬੈਂਚ ਨੇ ਕਿਹਾ, 'ਕਿਉਂ ਜੋ ਇਹ ਸਾਰੇ ਮੁੱਦੇ ਹੁਣ ਵਿਅਰਥ ਹੋ ਗਏ ਹਨ, ਇਸ ਕੋਰਟ ਦਾ ਇਹ ਵਿਚਾਰ ਹੈ ਕਿ ਉਸ ਨੂੰ ਇਨਾਂ ਪਟੀਸ਼ਨਾਂ 'ਤੇ ਹੁਣ ਹੋਰ ਸੁਣਵਾਈ ਕਰਨ ਦੀ ਲੋੜ ਨਹੀਂ ਹੈ। ਲਿਹਾਜ਼ਾ ਇਨਾਂ ਪਟੀਸ਼ਨਾਂ ਨੂੰ ਹੁਣ ਬੰਦ ਕੀਤਾ ਜਾਂਦਾ ਹੈ ਕਿਉਂਕਿ ਇਨਾਂ ਦਾ ਕੋਈ ਮਹੱਤਵ ਨਹੀਂ ਹੈ।' ਬੈਂਚ ਨੇ ਹਾਲਾਂਕਿ 'ਸਿੱਟ' ਵੱਲੋਂ ਦਾਇਰ ਹਲਫ਼ਨਾਮੇ ਦਾ ਨੋਟਿਸ ਲਿਆ ਕਿ 'ਨਰੋਦਾ ਗਾਓਂ' ਦੰਗਾ ਕੇਸ, ਜੋ ਉਨਾਂ 9 ਕੇਸਾਂ ਵਿਚੋਂ ਇਕ ਹੈ ਜਿਸ ਦੀ ਜਾਂਚ ਸਿੱਟ ਵੱਲੋਂ ਕੀਤੀ ਗਈ ਸੀ, ਟਰਾਇਲ ਕੋਰਟ ਵਿੱਚ ਆਪਣੇ ਆਖਰੀ ਪੜਾਅ 'ਤੇ ਹੈ। ਜਦੋਂਕਿ ਬਾਕੀ ਕੇਸਾਂ ਵਿੱਚ ਹੇਠਲੀ ਕੋਰਟਾਂ ਵੱਲੋਂ ਫੈਸਲਾ ਸੁਣਾਇਆ ਜਾ ਚੁੱਕਾ ਹੈ ਜਾਂ ਫਿਰ ਗੁਜਰਾਤ ਹਾਈ ਕੋਰਟ ਜਾਂ ਸੁਪਰੀਮ ਕੋਰਟ ਵਿੱਚ ਐਪੀਲੇਟ ਪੜਾਵਾਂ 'ਤੇ ਹੈ। ਬੈਂਚ ਨੇ ਵਲੋਂ ਹਾਲਾਂਕਿ ਇਹ ਨਿਰਦੇਸ਼ ਦਿੱਤਾ ਗਿਆ ਹੈ ਕਿ ਨਰੋਦਾ ਗਾਓਂ ਨਾਲ ਜੁੜੇ ਕੇਸ ਨੂੰ ਕਾਨੂੰਨ ਮੁਤਾਬਕ ਸਿਰੇ ਲਾਇਆ ਜਾਵੇ। ਬੈਂਚ ਨੇ 2018 ਦੇ ਇੱਕ ਫੈਸਲੇ ਦਾ ਨੋਟਿਸ ਲਿਆ ਜਿਸ ਵਿੱਚ ਕਿਹਾ ਗਿਆ ਸੀ ਕਿ ਇਨਾਂ ਪਟੀਸ਼ਨਾਂ ਦਾ ਉਦੇਸ਼ ਪੂਰਾ ਹੋ ਚੁੱਕਾ ਹੈ ਅਤੇ ਇਨਾਂ ਦਾ ਨਿਬੇੜਾ ਕੀਤਾ ਜਾ ਸਕਦਾ ਹੈ। ਕੋਰਟ ਨੇ ਕਿਹਾ ਕਿ ਸਬੰਧਤ ਕੇਸਾਂ ਵਿੱਚ ਪਟੀਸ਼ਨਰਾਂ ਵੱਲੋਂ ਪੇਸ਼ ਵਕੀਲਾਂ ਅਪਰਨਾ ਭੱਟ, ਇਜਾਜ਼ ਮਕਬੂਲ ਤੇ ਅਮਿਤ ਸ਼ਰਮਾ ਨੇ ਵੀ ਇਹ ਗੱਲ ਮੰਨੀ ਹੈ ਕਿ ਇਨਾਂ ਪਟੀਸ਼ਨਾਂ ਦਾ ਹੁਣ ਕੋਈ ਮਹੱਤਵ ਨਹੀਂ ਰਿਹਾ। ਅਦਾਲਤ ਨੇ ਇਸ ਗੱਲ ਦਾ ਨੋਟਿਸ ਲਿਆ ਕਿ ਤੀਸਤਾ ਸੀਤਲਵਾੜ ਦੀ ਸੁਰੱਖਿਆ ਦੀ ਬਹਾਲੀ ਸਬੰਧੀ ਅਰਜ਼ੀ, ਜੋ ਇਸ ਸਮੇਂ ਜੇਲ ਵਿੱਚ ਹੈ, ਦਾ ਪਹਿਲੂ ਬਕਾਇਆ ਹੈ। ਕੋਰਟ ਨੇ ਹੁਕਮਾਂ ਵਿੱਚ ਕਿਹਾ, 'ਅਸੀਂ ਤੀਸਤਾ ਸੀਤਲਵਾੜ ਨੂੰ ਢੁਕਵੀਂ ਅਪੀਲ ਕਰਨ ਅਤੇ ਸਬੰਧਤ ਅਥਾਰਿਟੀ ਦੇ ਸਾਹਮਣੇ ਇੱਕ ਅਰਜ਼ੀ ਦੇਣ ਦੀ ਆਜ਼ਾਦੀ ਦਿੰਦੇ ਹਾਂ। ਜਦੋਂ ਕਦੇ ਅਜਿਹੀ ਅਰਜ਼ੀ ਦਿੱਤੀ ਜਾਂਦੀ ਹੈ, ਤਾਂ ਉਸ ਨਾਲ ਕਾਨੂੰਨ ਮੁਤਾਬਕ ਨਜਿੱਠਿਆ ਜਾਵੇਗਾ।' ਚੇਤੇ ਰਹੇ ਕਿ ਸੁਪਰੀਮ ਕੋਰਟ ਦੇ ਇਕ ਹੋਰ ਬੈਂਚ ਨੇ ਅਜੇ ਪਿੱਛੇ ਜਿਹੇ ਗੁਜਰਾਤ ਦੇ ਤਤਕਾਲੀਨ ਮੁੱਖ ਮੰਤਰੀ ਨਰਿੰਦਰ ਮੋਦੀ ਤੇ 23 ਹੋਰਨਾਂ ਨੂੰ 2002 ਦੰਗਿਆਂ ਦੇ ਮਾਮਲੇ ਵਿੱਚ ਸਿੱਟ ਵੱਲੋਂ ਦਿੱਤੀ ਕਲੀਨ ਚਿੱਟ ਨੂੰ ਬਰਕਰਾਰ ਰੱਖਿਆ ਸੀ। ਇਨਾਂ ਦੰਗਿਆਂ ਵਿੱਚ 1044 ਵਿਅਕਤੀਆਂ ਦੀ ਜਾਨ ਜਾਂਦੀ ਰਹੀ ਸੀ। ਇਸੇ ਦੌਰਾਨ ਸੁਪਰੀਮ ਕੋਰਟ ਨੇ ਸਾਲ 1992 ਵਿੱਚ ਅਯੁੱਧਿਆ ਵਿਚ ਬਾਬਰੀ ਮਸਜਿਦ ਢਾਹੇ ਜਾਣ ਦੇ ਮਾਮਲੇ 'ਚ ਉੱਤਰ ਪ੍ਰਦੇਸ਼ ਸਰਕਾਰ ਤੇ ਹੋਰਾਂ ਖ਼ਿਲਾਫ਼ ਚੱਲ ਰਹੀ ਅਦਾਲਤੀ ਹੱਤਕ ਦੀ ਕਾਰਵਾਈ ਬੰਦ ਕਰ ਦਿੱਤੀ ਹੈ। ਜਸਟਿਸ ਐੱਸ.ਕੇ. ਕੌਲ, ਜਸਟਿਸ ਏ.ਐੱਸ. ਓਕਾ ਤੇ ਜਸਟਿਸ ਵਿਕਰਮ ਨਾਥ 'ਤੇ ਆਧਾਰਿਤ ਬੈਂਚ ਨੇ ਸੰਵਿਧਾਨਕ ਬੈਂਚ ਵੱਲੋਂ ਨਵੰਬਰ 2019 'ਚ ਸੁਣਾਏ ਫ਼ੈਸਲੇ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਹ ਮਾਮਲਾ ਹੁਣ ਕੋਈ ਮਹੱਤਵ ਨਹੀਂ ਰੱਖਦਾ। ਸੁਪਰੀਮ ਕੋਰਟ ਦੇ ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ 9 ਨਵੰਬਰ, 2019 ਵਿਚ ਅਯੁੱਧਿਆ ਦੀ ਵਿਵਾਦਤ ਥਾਂ 'ਤੇ ਰਾਮ ਮੰਦਿਰ ਦੀ ਉਸਾਰੀ ਦਾ ਰਾਹ ਪੱਧਰਾ ਕਰ ਦਿੱਤਾ ਸੀ ਅਤੇ ਕੇਂਦਰ ਸਰਕਾਰ ਨੂੰ ਸੁੰਨੀ ਵਕਫ ਬੋਰਡ ਨੂੰ ਮਸਜਿਦ ਦੀ ਉਸਾਰੀ ਲਈ ਪੰਜ ਏਕੜ ਜ਼ਮੀਨ ਅਲਾਟ ਕਰਨ ਦੇ ਨਿਰਦੇਸ਼ ਦਿੱਤੇ ਸਨ। ਬੈਂਚ ਨੇ ਹੱਤਕ ਕੇਸ 'ਚ ਕਾਰਵਾਈ ਬੰਦ ਕਰਦਿਆਂ ਕਿਹਾ ਸੀ ਕਿ ਇਹ ਮਾਮਲਾ ਸੁਣਵਾਈ ਲਈ ਪਹਿਲਾਂ ਲਿਆਂਦਾ ਜਾਣਾ ਚਾਹੀਦਾ ਸੀ। ਪਟੀਸ਼ਨਰ ਦੇ ਵਕੀਲ ਨੇ ਬੈਂਚ ਨੂੰ ਕਿਹਾ ਸੀ ਕਿ ਅਦਾਲਤੀ ਹੱਤਕ ਸਬੰਧੀ ਅਪੀਲ ਲੰਮੇ ਸਮੇਂ ਤੋਂ ਬਕਾਇਆ ਸੀ ਤੇ ਪਟੀਸ਼ਨਰ ਦੀ 2010 ਵਿਚ ਹੀ ਮੌਤ ਹੋ ਗਈ ਸੀ। ਉਸ ਨੇ ਕਿਹਾ ਕਿ ਸੁਪਰੀਮ ਕੋਰਟ ਵੱਲੋਂ 1992 ਵਿਚ ਪਾਸ ਕੀਤੇ ਗਏ ਹੁਕਮਾਂ ਦੀ ਉਲੰਘਣਾ ਕੀਤੀ ਗਈ ਸੀ ਅਤੇ ਉਸ ਤੋਂ ਬਾਅਦ ਹੱਤਕ ਸਬੰਧੀ ਪਟੀਸ਼ਨ ਦਾਇਰ ਕੀਤੀ ਗਈ ਸੀ। ਉਸ ਨੇ ਕਿਹਾ ਕਿ ਤਕਰੀਬਨ 30 ਸਾਲ ਬੀਤ ਗਏ ਹਨ ਤੇ ਪਟੀਸ਼ਨਰ ਨੇ ਮਾਮਲਾ ਸੂਚੀਬੱਧ ਕਰਨ ਲਈ ਕਈ ਵਾਰ ਅਪੀਲ ਕੀਤੀ ਸੀ। ਜਸਟਿਸ ਕੌਲ ਨੇ ਕਿਹਾ, 'ਮੈਂ ਤੁਹਾਡੀ ਚਿੰਤਾ ਸਵੀਕਾਰ ਕਰਦਾ ਹਾਂ ਪਰ ਹੁਣ ਇਸ ਮਾਮਲੇ 'ਚ ਕੁਝ ਵੀ ਨਹੀਂ ਬਚਿਆ। ਤੁਸੀਂ ਕਦੋਂ ਤੱਕ ਦੱਬੇ ਮੁਰਦੇ ਪੁੱਟਦੇ ਰਹੋਗੇ।' ਸੁਆਲ ਇਹ ਹੈ ਕਿ ਘਟ ਗਿਣਤੀਆਂ ਨਾਲ ਇਨਸਾਫ ਕਿਉਂ ਨਹੀਂ ਹੋਇਆ ? ਦੋਸ਼ੀ ਕੌਣ ਹੈ ? ਫਿਰਕੂ ਤੇ ਨਫ਼ਰਤ ਦੀ ਰਾਜਨੀਤੀ ਦੇਸ਼ ਅਤੇ ਸਮਾਜ ਦੇ ਹਿੱਤ ਵਿਚ ਨਹੀਂ ਹੈ। ਇਸ ਨਾਲ ਨਾ ਕੇਵਲ ਸੰਵਿਧਾਨਕ ਕਦਰਾਂ-ਕੀਮਤਾਂ ਦਾ ਨੁਕਸਾਨ ਹੋ ਰਿਹਾ ਹੈ ਬਲਕਿ ਲੰਮੇ ਸਮੇਂ ਤੋਂ ਬਣੀ ਭਾਈਚਾਰਕ ਸਾਂਝ ਵੀ ਤਹਿਸ-ਨਹਿਸ ਹੋ ਰਹੀ ਹੈ। ਕੀਤੀ ਜਾਣੀ ਚਾਹੀਦੀ ਹੈ ਕਿ ਸੁਪਰੀਮ ਕੋਰਟ ਨੂੰ ਘੱਟਗਿਣਤੀ ਕੌਮਾਂ ਦੇ ਮਸਲੇ ਹਮਦਰਦੀ ਨਾਲ ਵਿਚਾਰਨੇ ਚਾਹੀਦੇ ਹਨ। ਕਾਨੂੰਨ ਦੇ ਰਾਜ ਦੀ ਬਹਾਲੀ ਅਤੇ ਸਰਕਾਰਾਂ ਨੂੰ ਜਵਾਬਦੇਹ ਬਣਾਉਣ ਲਈ ਇਸ ਮਾਮਲੇ ਦਾ ਖ਼ੁਦ ਨੋਟਿਸ ਲੈਣਾ ਚਾਹੀਦਾ ਹੈ। ਜੋ ਨਸਲਕੁਸ਼ੀ ਵਾਪਰੀ ਉਸ ਦਾ ਜਿੰਮੇਵਾਰ ਸਟੇਟ ਨੂੰ ਬਣਾਉਣਾ ਚਾਹੀਦਾ ਹੈ ਕਿਉਂ ਕਿ ਅਮਨ ਦੀ ਬਹਾਲੀ ਤੇ ਅਪਰਾਧ ਨੂੰ ਕੰਟਰੋਲ ਕਰਨ ਦੀ ਜਿੰਮੇਵਾਰੀ ਸਟੇਟ ਦੀ ਹੈ।

# ਪੂਰੇ ਮੁਲਕ ਨੂੰ ਜਬਰੀ ਇੱਕ ਕੌਮ ਬਣਾਉਣ ਦਾ ਮਨਸੂਬਾ ਹੈ 'ਉਪਰੇਸ਼ਨ ਲੋਟਸ'

**ਨਵਜੋਤ ਨਵੀ**

ਜੂਨ ਮਹੀਨੇ ਦੇ ਅੰਤ ਵਿੱਚ ਭਾਰਤੀ ਜਨਤਾ ਪਾਰਟੀ ਨੇ ਸ਼ਿਵ ਸੈਨਾ ਵਿੱਚ ਫੁੱਟ ਪਵਾਉਣ ਰਾਹੀਂ ਮਹਾਰਾਸ਼ਟਰ ਦੀ ਗੱਠਜੋੜ ਸਰਕਾਰ (ਜਿਸ ਵਿੱਚ ਕਾਂਗਰਸ ਪਾਰਟੀ ਤੇ ਸ਼ਰਦ ਪਵਾਰ ਦੀ ਅਗਵਾਈ ਵਾਲ਼ੀ ਕੌਮਵਾਦੀ ਕਾਂਗਰਸ ਪਾਰਟੀ ਸ਼ਾਮਲ ਸੀ) ਉਲਟਾ ਦਿੱਤੀ ਤੇ ਏਕਨਾਥ ਸ਼ਿੰਦੇ ਦੀ ਅਗਵਾਈ ਵਿੱਚ ਸ਼ਿਵ ਸੈਨਾ ਤੋਂ ਬਾਗੀ ਹੋਏ ਐਮ.ਐਲ.ਏ. ਨਾਲ਼ ਰਲ਼ਕੇ 30 ਜੂਨ ਨੂੰ ਸੱਤਾ ਹਾਸਲ ਕਰ ਲਈ। ਏਕਨਾਥ ਸ਼ਿੰਦੇ ਨੂੰ ਮੁੱਖ ਮੰਤਰੀ ਤੇ ਭਾਜਪਾ ਦੇ ਦੇਵੇਂਦਰ ਫੜਨਵੀਸ ਨੂੰ ਉੱਪ ਮੁੱਖ ਮੰਤਰੀ ਥਾਪਿਆ ਗਿਆ। ਇਸ ਤੋਂ ਲਗਭਗ ਮਹੀਨੇ ਮਗਰੋਂ, 30 ਜੁਲਾਈ ਨੂੰ ਪੱਛਮੀ ਬੰਗਾਲ ਦੀ ਪੁਲਿਸ ਵੱਲੋਂ ਝਾਰਖੰਡ ਤੇ ਤਿੰਨ ਕਾਂਗਰਸੀ ਐਮ. ਐਲ.ਏ. ਨੋਟਾਂ ਨਾਲ਼ ਭਰੀ ਗੱਡੀ ਸਮੇਤ ਹਿਰਾਸਤ ਵਿੱਚ ਲਏ ਗਏ। ਝਾਰਖੰਡ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਬੰਧੂ ਤਿਰਕੀ ਅਨੁਸਾਰ ਇਹ ਪੈਸੇ ਇਨਾਂ ਵਿਧਾਇਕਾਂ ਨੂੰ ਝਾਰਖੰਡ ਵਿਚਲੀ ਝਾਰਖੰਡ ਮੁਕਤੀ ਮੋਰਚਾ-ਕਾਂਗਰਸ ਗੱਠਜੋੜ ਸਰਕਾਰ ਨੂੰ ਉਲਟਾਉਣ ਲਈ ਦਿੱਤੇ ਗਏ ਸਨ। ਮਹਾਰਾਸ਼ਟਰ ਵਿੱਚ ਆਪਣੇ ਟੀਚੇ ਵਿੱਚ ਸਫਲ ਹੋਣ ਮਗਰੋਂ ਭਾਜਪਾ ਦੀ ਫੌਰੀ ਨਜ਼ਰ ਹੁਣ ਝਾਰਖੰਡ ਵਿਚਲੀ ਹੇਮੰਤ ਸੋਰੇਨ ਸਰਕਾਰ ਉਪਰ ਸੀ। ਮਹੀਨੇ ਦੇ ਵਕਫ਼ੇ ਅੰਦਰ ਭਾਜਪਾ ਵੱਲੋਂ ਦੋ ਚੁਣੀਆਂ ਹੋਈਆਂ ਸੂਬਾ ਸਰਕਾਰਾਂ ਨੂੰ ਅੰਦਰ ਖਾਤੇ ਜੋੜ-ਤੋੜ ਰਾਹੀਂ ਉਲਟਾਉਣ ਦੀ ਕੋਸ਼ਿਸ਼ ਕੀਤੀ ਗਈ ਜਿਸ ਵਿੱਚੋਂ ਫਿਲਹਾਲ ਇੱਕ ਸਫਲ ਤੇ ਇੱਕ ਅਸਫਲ ਰਹੀ। ਭਾਜਪਾ ਦੇ ਇੰਝ ਸੂਬਾ ਸਰਕਾਰਾਂ ਨੂੰ ਉਲਟਾਉਣ ਦੀ ਕੋਸ਼ਿਸ਼ ਦੇ ਅਮਲ ਨੂੰ ਮੁੱਖਧਾਰਾ ਮੀਡਿਆ ਵੱਲੋਂ 'ਉਪਰੇਸ਼ਨ ਲੋਟਸ' ਜਾਂ 'ਉਪਰੇਸ਼ਨ ਕਮਲ' ਆਖਿਆ ਜਾਂਦਾ ਹੈ। ਹਾਲ ਹੀ ਦੀਆਂ ਘਟਨਾਵਾਂ ਕਾਰਨ 'ਉਪਰੇਸ਼ਨ ਲੋਟਸ' ਕਾਫੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਜ਼ਿਕਰਯੋਗ ਹੈ ਕਿ ਭਾਜਪਾ ਦੇ 2014 ਵਿੱਚ ਕੇਂਦਰੀ ਸੱਤਾ ਉੱਤੇ ਸਥਾਪਤ ਹੋਣ ਮਗਰੋਂ ਗੈਰ ਭਾਜਪਾ ਸੂਬਾ ਸਰਕਾਰਾਂ ਨੂੰ ਉਲਟਾਉਣ ਦੀਆਂ ਕੋਸ਼ਿਸ਼ਾਂ ਲਗਾਤਾਰ ਚਲਦੀਆਂ ਰਹੀਆਂ ਹਨ। ਇਸ ਤੋਂ ਪਹਿਲਾਂ ਮਾਰਚ 2020 ਵਿੱਚ ਭਾਜਪਾ ਨੇ ਮੱਧ ਪ੍ਰਦੇਸ਼ ਦੀ ਕਾਂਗਰਸ ਸਰਕਾਰ ਨੂੰ ਉਲਟਾ ਦਿੱਤਾ ਸੀ ਜਦ ਸੀਨੀਅਰ ਆਗੂ ਜਯੋਤੀਰਾਦਿਤਿਆ ਸਿੰਧਿਆ ਸਮੇਤ 22 ਹੋਰ ਕਾਂਗਰਸੀ ਆਗੂਆਂ ਨੇ ਅਸਤੀਫਾ ਦੇ ਦਿੱਤਾ ਸੀ। ਇੰਝ ਹੀ ਜੁਲਾਈ 2019 ਵਿੱਚ ਭਾਜਪਾ ਨੇ ਕਰਨਾਟਕਾ ਦੀ ਜਨਤਾ ਦਲ-ਕਾਂਗਰਸ ਗੱਠਜੋੜ ਸਰਕਾਰ ਨੂੰ ਉਲਟਾ ਦਿੱਤਾ ਸੀ ਜਦ 16 ਕਾਂਗਰਸੀ ਤੇ ਜਨਤਾ ਦਲ ਤੇ ਵਿਧਾਇਕਾਂ ਨੇ ਅਸਤੀਫਾ ਦੇ ਦਿੱਤਾ ਸੀ। ਕਰਨਾਟਕਾ ਦੀ ਸਰਕਾਰ ਉਲਟਾਉਣ ਮਗਰੋਂ ਹੀ ਭਾਜਪਾ ਦੇ ਇਸ ਅਮਲ ਨੂੰ ਵੱਡੇ ਪੱਧਰ ਉੱਤੇ 'ਉਪਰੇਸ਼ਨ ਲੋਟਸ' ਦਾ ਨਾਮ ਦਿੱਤਾ ਜਾਣ ਲੱਗਾ। ਉੱਤਰਾਖੰਡ ਦੀ ਕਾਂਗਰਸ ਸਰਕਾਰ ਨੂੰ 20 16 ਵਿੱਚ ਭਾਜਪਾ ਨੇ ਉਲਟਾਇਆ ਤੇ ਉੱਥੇ ਰਾਸ਼ਟਰਪਤੀ ਰਾਜ ਲਗਵਾ ਦਿੱਤਾ ਸੀ। ਮੁੜਕੇ ਹੋਈਆਂ ਚੋਣਾਂ ਵਿੱਚ ਭਾਜਪਾ ਸਰਕਾਰ ਬਣਾਉਣ ਵਿੱਚ ਸਫਲ ਹੋਈ ਸੀ। ਇਸ ਤੋਂ ਬਿਨਾਂ 2020 ਵਿੱਚ ਭਾਜਪਾ ਨੇ ਰਾਜਸਥਾਨ ਦੀ ਕਾਂਗਰਸ ਸਰਕਾਰ ਉਲਟਾਉਣ ਦੀ ਵੀ ਕੋਸ਼ਿਸ਼ ਕੀਤੀ ਸੀ ਪਰ ਇਸ ਕੋਸ਼ਿਸ਼ ਨੂੰ ਬੂਰ ਨਾ ਪਿਆ। ਇੰਝ ਹੀ ਭਾਜਪਾ ਹੋਰਾਂ ਸੂਬਿਆਂ ਦੀਆਂ ਗੈਰ ਭਾਜਪਾ ਸਰਕਾਰਾਂ ਜਿਵੇਂ ਬੰਗਾਲ ਦੀ ਤ੍ਰਿਣਾਮੂਲ ਕਾਂਗਰਸ ਸਰਕਾਰ ਆਦਿ ਨੂੰ ਵੀ ਅਸਥਿਰ ਕਰਨ ਦੀਆਂ ਕੋਸ਼ਿਸ਼ਾਂ ਵਿੱਚ ਲਗਾਤਾਰ ਸਰਗਰਮ ਰਹਿੰਦੀ ਹੈ।



### ਆਖਿਰ ਕੀ ਮਕਸਦ ਹੈ 'ਉਪਰੇਸ਼ਨ ਲੋਟਸ' ਪਿੱਛੇ ?

'ਉਪਰੇਸ਼ਨ ਲੋਟਸ' ਦੇ ਮਕਸਦ ਨੂੰ ਸਮਝਣ ਲਈ ਪਹਿਲਾਂ ਭਾਜਪਾ ਦੀ ਮਾਂ ਜਥੇਬੰਦੀ ਸੰਘ ਪਰਿਵਾਰ ਦੀ ਵਿਚਾਰਧਾਰਾ ਸਬੰਧੀ ਕੁੱਝ ਗੱਲ ਕਰਨੀ ਜ਼ਰੂਰੀ ਹੈ। ਸੰਘ ਇੱਕ ਫਾਸ਼ੀਵਾਦੀ ਜਥੇਬੰਦੀ ਹੈ ਜਿਸਦਾ ਟੀਚਾ ਭਾਰਤ ਵਿੱਚ ਵਸਦੀਆਂ ਸਭ ਕੌਮਾਂ ਦੀ ਨਿਆਰੀ ਹਸਤੀ ਮੇਸਕੇ ਇਸ ਨੂੰ ਇੱਕ ਕੌਮ ਬਣਾਉਣਾ ਹੈ। ਸੰਘ ਦਾ ਸੁਪਨਾ ਹੈ ਭਾਰਤ ਨੂੰ ਇੱਕ ਕੌਮ ਬਣਾਉਣਾ ਜਿਸਦੀ ਭਾਸ਼ਾ ਹਿੰਦੀ ਹੋਵੇ ਤੇ ਧਰਮ ਹਿੰਦੂ। ਹਿੰਦੀ-ਹਿੰਦੂ-ਹਿੰਦੁਸਤਾਨ ਸੰਘ ਦੇ ਆਦਰਸ਼ ਭਾਰਤ ਦਾ ਸੰਕਲਪ ਹੈ। ਸੰਘ ਆਪਣੇ ਇਸ ਟੀਚੇ ਨੂੰ ਹਾਸਲ ਕਰਨ ਲਈ ਲਗਭਗ ਇੱਕ ਸਦੀ ਤੋਂ ਸਰਗਰਮ ਹੈ। ਰਸਸ ਦੇ ਸਭ ਤੋਂ ਉੱਘੇ ਸਿਧਾਂਤਕਾਰ ਮਾਧਵਰਾਓ ਸਦਾਸ਼ਿਵਰਾਓ ਗੋਲਵਲਕਰ ਨੇ ਵਾਰ-ਵਾਰ ਆਪਣੀਆਂ ਲਿਖਤਾਂ ਤੇ ਭਾਸ਼ਣਾਂ ਵਿੱਚ ਭਾਰਤ ਵਿੱਚ ਵਸਦੀਆਂ ਕੌਮਾਂ ਦੇ ਮੁੱਠੀ-ਭਰ ਹੱਕਾਂ ਦਾ ਜ਼ੋਰਦਾਰ ਵਿਰੋਧ ਕੀਤਾ ਹੈ। ਅੰਗਰੇਜ਼ ਬਸਤੀਵਾਦੀਆਂ ਤੋਂ ਅਜ਼ਾਦੀ ਮਗਰੋਂ ਸੰਘ ਭਾਸ਼ਾ ਆਧਾਰਿਤ ਸੂਬਿਆਂ, ਸੂਬਿਆਂ ਨੂੰ ਕਿਸੇ ਵੀ ਤਰਾਂ ਦੀ ਖੁਦਮੁਖਤਿਆਰੀ ਦੇ ਵਿਰੋਧ ਵਿੱਚ ਸੀ ਕਿਉਂਕਿ ਗੋਲਵਲਕਰ ਅਨੁਸਾਰ ਇਹ ਕੌਮਾਂ ਦੀ ਨਿਆਰੀ ਹਸਤੀ ਨੂੰ ਉਭਾਰਦਾ ਸੀ ਤੇ ਭਾਰਤ ਦੀ ਏਕਤਾ, ਅਖੰਡਤਾ ਲਈ ਖਤਰਨਾਕ ਸੀ। ਸੰਘ ਅਨੁਸਾਰ ਭਾਰਤ ਵਿੱਚ ਸੂਬਿਆਂ ਆਦਿ ਦੇ ਝੰਝਟ ਵਿੱਚ ਪੈਣ ਦੀ ਥਾਵੇਂ ਉੱਤਰੀ, ਦੱਖਣੀ, ਪੂਰਬੀ, ਪੱਛਮੀ ਪ੍ਰਸ਼ਾਸਕੀ ਖੇਤਰ ਹੀ ਹੋਣੇ ਚਾਹੀਦੇ ਹਨ ਤੇ ਸਾਰੀਆਂ ਤਾਕਤਾਂ ਕੇਂਦਰ ਸਰਕਾਰ ਦੇ ਹੱਥ ਵਿੱਚ ਕੇਂਦਰਤ ਹੋਣੀਆਂ ਚਾਹੀਦੀਆਂ ਹਨ। 1952 ਵਿੱਚ ਬੰਬੇ ਵਿੱਚ 'ਸੰਘੀ ਢਾਂਚਾ ਵਿਰੋਧੀ ਕਾਨਫਰੰਸ' ਹੋਈ ਜਿਸ ਨੂੰ ਸੰਬੋਧਨ ਕਰਦੇ ਹੋਏ ਗੋਲਵਲਕਰ ਨੇ ਕਿਹਾ, 'ਭਾਰਤ ਵਿੱਚ ਕੇਂਦਰੀ ਹਕੂਮਤ ਹੋਣੀ ਚਾਹੀਦੀ ਹੈ ਅਤੇ ਪ੍ਰਸ਼ਾਸਨੀ ਨੁਕਤਾ ਨਜ਼ਰ ਤੋਂ ਸੂਬੇ ਪ੍ਰਸ਼ਾਸਕੀ ਖੇਤਰ ਹੋਣੇ ਚਾਹੀਦੇ ਹਨ।' ਗੋਲਵਲਕਰ ਨੇ ਆਪਣੀ ਪ੍ਰਸਿੱਧ ਪੁਸਤਕ 'ਬੰਚ ਔਫ ਥੌਟਸ' ਵਿੱਚ ਇੱਕ ਪਾਠ ਲਿਖਿਆ ਹੈ 'ਏਕਾਤਮਕ ਰਾਜ ਦੀ ਜ਼ਰੂਰਤ'। ਇਹ ਪੂਰਾ ਪਾਠ ਹੀ ਭਾਰਤ ਵਿੱਚ ਕੌਮਾਂ ਦੇ ਹੱਕਾਂ ਦੇ ਵਿਰੋਧ ਵਿੱਚ ਹੈ। ਇਸ ਵਿੱਚ ਗੋਲਵਲਕਰ ਨੇ ਲਿਖਿਆ ਹੈ, "ਸਾਡੇ ਦੇਸ਼ ਦੇ ਸੰਵਿਧਾਨ ਵਿੱਚੋਂ ਸੰਘੀ ਢਾਂਚੇ ਬਾਰੇ ਸਾਰੀ ਚਰਚਾ ਨੂੰ ਡੂੰਘੇ ਦਫ਼ਨ ਕਰ ਦੇਣਾ, ਭਾਰਤ ਜਾਂ ਇੱਕ ਰਾਜ ਵਿੱਚੋਂ ਸਾਰੇ 'ਖੁਦਮੁਖਤਿਆਰ' ਜਾਂ 'ਅਰਧ-ਖੁਦਮੁਖਤਿਆਰ' 'ਸੂਬਿਆਂ' ਦੀ ਹੋਂਦ ਨੂੰ ਹੂੰਝ ਦੇਣਾ ਅਤੇ 'ਇੱਕ ਦੇਸ਼, ਇੱਕ ਰਾਜ, ਇੱਕ ਵਿਧਾਨਘੜਨੀ, ਇੱਕ ਕਾਰਜਕਰਨੀ' ਜਿਸ ਵਿੱਚ ਵੰਡ ਪਾਊ, ਭਾਸ਼ਾ ਭਾਰ ਜਾਂ ਕਿਸੇ ਵੀ ਕਿਸਮ ਦੇ ਮਾਣ ਦਾ ਕੋਈ ਨਿਸ਼ਾਨ ਨਾ ਹੋਵੇ, ਜਿਸ ਨਾਲ਼ ਸਾਡੀ ਅਖੰਡ ਏਕਤਾ ਤਬਾਹ ਹੋਣ ਦਾ ਰਾਹ ਖੁੱਲੇ, ਦੇਸ਼ ਦੇ ਭਲੇ ਲਈ ਸਭ ਤੋਂ ਅਸਰਦਾਰ ਅਤੇ ਮਹੱਤਵਪੂਰਨ ਕਦਮ ਹੋਵੇਗਾ। ਸੰਵਿਧਾਨ ਨੂੰ ਮੁੜ ਘੋਖਿਆ, ਮੁੜ ਲਿਖਿਆ ਜਾਣਾ ਚਾਹੀਦਾ ਹੈ ਤਾਂਕਿ ਏਕਾਤਮਕ ਰਾਜ ਸਥਾਪਤ ਕੀਤਾ ਜਾ ਸਕੇ।' ਕੌਮਾਂ ਦੇ ਹੱਕਾਂ ਪ੍ਰਤੀ ਨਫ਼ਰਤ ਇੰਝ ਰਸਸ ਦੀ ਵਿਚਾਰਧਾਰਾ ਦੇ ਪੋਰ-ਪੋਰ ਵਿੱਚ ਵਸੀ ਹੋਈ ਹੈ। 'ਉਪਰੇਸ਼ਨ ਲੋਟਸ' ਇਸੇ ਵਿਚਾਰਧਾਰਾ ਨੂੰ ਅਮਲੀ ਰੂਪ ਦੇਣਾ ਹੈ ਜਿੱਥੇ ਸੂਬਿਆਂ ਦੇ ਹੱਕ ਵਧੇਰੇ ਤੋਂ ਵਧੇਰੇ ਖੋਹੇ ਜਾਣ ਤੇ ਤਾਕਤ ਕੇਂਦਰ ਸਰਕਾਰ ਕੋਲ਼ ਵਧੇਰੇ ਤੋਂ ਵਧੇਰੇ ਕੇਂਦਰਤ ਹੁੰਦੀ ਜਾਵੇ।

'ਉਪਰੇਸ਼ਨ ਲੋਟਸ' ਸਿਰਫ ਸੰਘ-ਭਾਜਪਾ ਦੀ ਵਿਚਾਰਧਾਰਾ ਦੇ ਹੀ ਅਨੁਸਾਰੀ ਨਹੀਂ ਹੈ ਸਗੋਂ ਇਹ ਭਾਰਤ ਦੀ ਵੱਡੀ ਜਾਂ ਅਜਾਰੇਦਾਰ ਸਰਮਾਏਦਾਰ ਜਮਾਤ ਦੀ ਵੀ ਲੋੜ ਹੈ। ਭਾਜਪਾ ਇਸ ਸਮੇਂ ਭਾਰਤ ਦੀ ਵੱਡੀ ਸਰਮਾਏਦਾਰੀ ਦੀ ਚਹੇਤੀ ਪਾਰਟੀ ਹੈ ਕਿਉਂਕਿ ਰਸਸ-ਭਾਜਪਾ ਹੀ ਉਸ ਤੇਜ਼ ਗਤੀ ਨਾਲ਼ ਉਹਨਾਂ ਨੀਤੀਆਂ ਨੂੰ ਲਾਗੂ ਕਰ ਸਕਦੀ ਹੈ ਜਿਸਦੀ ਇਸ ਜਮਾਤ ਨੂੰ ਲੋੜ ਹੈ। ਲੰਬਾ ਸਮਾਂ ਕਾਂਗਰਸ ਦੀ ਪਿੱਠ ਥਾਪੜਦੀ ਭਾਰਤ ਦੀ ਵੱਡੀ ਸਰਮਾਏਦਾਰੀ ਨੇ 2014 ਵਿੱਚ ਫਾਸ਼ੀਵਾਦੀ ਭਾਜਪਾ ਨੂੰ ਕੇਂਦਰੀ ਸੱਤਾ ਸੌਂਪ ਦਿੱਤੀ ਤੇ ਉਦੋਂ ਤੋਂ ਹੀ ਮੋਦੀ ਸਰਕਾਰ ਧੜੱਲੇ ਨਾਲ਼ ਇਹਨਾਂ ਦੇ ਹਿੱਤਾਂ ਦੀ ਹਿਫਾਜ਼ਤ ਵਿੱਚ ਲੱਗੀ ਹੋਈ ਹੈ। ਭਾਰਤ ਦੀ ਵੱਡੀ ਸਰਮਾਏਦਾਰੀ ਦਾ ਹਿੱਤ ਵੀ ਸੰਘ ਵਾਂਗ ਭਾਰਤ ਦੀ ਏਕਤਾ ਅਖੰਡਤਾ ਵਿੱਚ ਹੈ। ਭਾਰਤ ਦੀ ਵੱਡੀ ਸਰਮਾਏਦਾਰੀ ਲਈ ਭਾਰਤ ਦੀ ਏਕਤਾ ਅਖੰਡਤਾ ਦਾ ਮਤਲਬ ਭਾਰਤ ਦੀ ਮੰਡੀ ਦੀ ਏਕਤਾ ਅਖੰਡਤਾ ਹੀ ਹੈ। ਇਨਾਂ ਲਈ ਭਾਰਤ ਵਿੱਚ ਵਸਦੀ ਕਿਸੇ ਕੌਮ ਦਾ ਭਾਰਤ ਤੋਂ ਵੱਖ ਹੋਣ ਦਾ ਮਤਲਬ ਇਹਨਾਂ ਦੀ ਮੰਡੀ ਦਾ ਸੁੰਗੜਨਾ ਹੈ। ਆਪਣੀ ਮੰਡੀ ਦੀ ਏਕਤਾ ਅਖੰਡਤਾ ਲਈ ਇਹ ਜਮਾਤ ਪਹਿਲਾਂ ਕਾਂਗਰਸ ਤੇ ਫੇਰ ਭਾਜਪਾ ਰਾਹੀਂ 1947 ਤੋਂ ਹੀ ਭਾਰਤ ਨੂੰ ਜ਼ਬਰੀ ਇੱਕ ਕੌਮ ਬਣਾਉਣ ਦੇ ਆਹਰ ਲੱਗੀ ਹੋਈ ਹੈ। ਭਾਰਤ ਦੀਆਂ ਕੌਮਾਂ ਦੇ ਸੀਮਤ ਜਹੇ ਹੱਕ, ਸੀਮਤ ਖੁਦਮੁਖਤਿਆਰੀ ਦੀ ਇਹ ਢਿੱਡੋਂ ਦੁਸ਼ਮਣ ਹੈ ਤੇ ਪਹਿਲੋਂ ਕਾਂਗਰਸ ਤੇ ਹੁਣ ਭਾਜਪਾ ਇਹਨਾਂ ਹੱਕਾਂ ਉੱਤੇ ਝਪਟਣ ਦੀ ਤਾਕ ਵਿੱਚ ਹੀ ਰਹਿੰਦੇ ਹਨ। ਭਾਰਤ ਵਿੱਚ ਵਸਦੀਆਂ ਕੁੱਝ ਕੌਮਾਂ ਨੇ ਜੋ ਸੀਮਤ ਜਹੇ ਹੱਕ ਵੀ ਹਾਸਲ ਕੀਤੇ ਹਨ ਉਹ ਲੋਕਾਂ ਦੇ ਸੰਘਰਸ਼ ਅੱਗੇ ਮਜ਼ਬੂਰ ਹੋਕੇ ਹੀ ਭਾਰਤ ਦੀ ਵੱਡੀ ਬੁਰਜੂਆਜ਼ੀ ਨੇ ਇਨਾਂ ਨੂੰ ਦਿੱਤੇ ਹਨ। ਭਾਰਤ ਦੀ ਵੱਡੀ ਸਰਮਾਏਦਾਰੀ ਦੀ ਕੇਂਦਰੀਕਰਨ ਦੀ ਇਹ ਧੁੱਸ ਰਸਸ ਦੇ ਏਕਾਤਮਕ ਰਾਜ ਦੀ ਧੁੱਸ ਨਾਲ਼ ਐਨ ਮੇਲ ਖਾਂਦੀ ਹੈ। 'ਉਪਰੇਸ਼ਨ ਲੋਟਸ' ਰਾਹੀਂ ਭਾਜਪਾ ਉਨਾਂ ਸਾਰੀਆਂ ਸਥਾਨਕ ਰੁਕਾਵਟਾਂ ਨੂੰ ਵੀ ਹੂੰਝਣ ਉੱਤੇ ਲੱਗੀ ਹੋਈ ਹੈ ਜੋ ਭਾਰਤ ਦੀ ਵੱਡੀ ਸਰਮਾਏਦਾਰੀ ਨੂੰ ਭਾਰਤ ਦੀ ਮੰਡੀ ਵਿੱਚ ਆਉਂਦੀਆਂ ਹਨ।

### ਕੀ ਭਾਜਪਾ ਭਾਰਤ ਨੂੰ ਇੱਕ ਕੌਮ ਬਣਾਉਣ ਵਿੱਚ ਸਫਲ ਹੋ ਸਕਦੀ ਹੈ ?

ਭਾਜਪਾ ਜਿਸ ਕਾਰਜ ਲੱਗੀ ਹੋਈ ਹੈ ਉਹ ਇੱਕ ਅਸੰਭਵ ਕਾਰਜ ਹੈ। ਇਤਿਹਾਸਕ ਤਜਰਬਾ ਤੇ ਕੌਮੀ ਮਸਲੇ ਉੱਤੇ ਸਮਾਜ ਵਿਗਿਆਨ ਦੀਆਂ ਬੁਨਿਆਦੀ ਧਾਰਨਾਵਾਂ ਅਨੁਸਾਰ ਰਸਸ-ਭਾਜਪਾ ਕਦੇ ਵੀ ਭਾਰਤ ਵਿੱਚ ਵਸਦੀਆਂ ਕੌਮਾਂ ਦੀ ਨਿਆਰੀ ਹਸਤੀ ਮੇਸਕੇ ਇੱਕ ਕੌਮ ਨਹੀਂ ਬਣਾ ਸਕਦੀ। ਇਹ ਲੱਖ ਕੋਸ਼ਿਸ਼ ਕਰ ਲਵੇ ਇਹ ਕਦੇ ਵੀ ਭਾਰਤ ਵਿੱਚ ਵਸਦੀਆਂ ਵੱਡੀਆਂ ਤੇ ਟਿਕਾਊ ਕੌਮਾਂ ਦੀ ਭਾਸ਼ਾ ਜਾਂ ਉਨਾਂ ਦੀ ਨਿਆਰੀ ਹਸਤੀ ਨੂੰ ਖਤਮ ਨਹੀਂ ਕਰ ਸਕਦੀ। ਲਾਜ਼ਮੀ ਹੀ ਵੱਖੋ-ਵੱਖ ਕੌਮਾਂ ਦੀਆਂ ਭਾਸ਼ਾਵਾਂ ਦਰੜਨ, ਉਹਨਾਂ ਦੀ ਸੀਮਤ ਖੁਦਮੁਖਤਿਆਰੀ ਖੋਹਣ ('ਉਪਰੇਸ਼ਨ ਲੋਟਸ' ਇਸੇ ਦਾ ਹਿੱਸਾ ਹੈ) ਦੀ ਪ੍ਰਕਿਰਿਆ ਵਿੱਚ ਇਹ ਉਸੇ ਗਤੀ ਨੂੰ ਜ਼ਰਬਾਂ ਦੇਵੇਗੀ ਜਿਸ ਨੂੰ ਇਹ ਹਰ ਹੀਲੇ ਖਤਮ ਕਰਨਾ ਚਾਹੁੰਦੀ ਹੈ ਤੇ ਉਹ ਹੈ ਭਾਰਤ ਵਿੱਚ ਵਸਦੀਆਂ ਕੌਮਾਂ ਦਾ ਭਾਰਤੀ ਰਾਜ ਨਾਲ਼ੋਂ ਵੱਖ ਹੋਣ ਦੀ ਇੱਛਾ। ਭਾਜਪਾ ਕੌਮਾਂ ਉੱਤੇ ਜ਼ਬਰ ਵਧਾਕੇ ਭਾਰਤ ਦੀਆਂ ਦੱਬੀਆਂ ਕੁਚਲੀਆਂ ਕੌਮਾਂ ਅੰਦਰ ਕੌਮੀ ਦਾਬੇ ਵਿਰੁੱਧ ਵਿਰੋਧ ਨੂੰ ਤਿੱਖਾ ਬਣਾਵੇਗੀ। ਵੱਖੋ-ਵੱਖ ਕੌਮਾਂ ਦੀ ਇਸ ਸਮੇਂ ਵੀ ਭਾਰਤ ਦੀ ਕੇਂਦਰੀ ਰਾਜ ਸੱਤਾ ਨਾਲ਼ ਵਿਰੋਧਤਾਈ ਤਿੱਖੀ ਹੋ ਰਹੀ ਹੈ ਤੇ ਇਨਾਂ ਵਿੱਚੋਂ ਕੁੱਝ ਜਿਵੇਂ ਕਸ਼ਮੀਰ, ਉੱਤਰ ਪੂਰਬ ਦੀਆਂ ਕੌਮਾਂ ਦਾ ਸੰਘਰਸ਼ ਹਥਿਆਰਬੰਦ ਸੰਘਰਸ਼ ਦੀ ਮੰਜ਼ਲ ਤੱਕ ਕਾਫੀ ਸਮੇਂ ਤੋਂ (ਭਾਜਪਾ ਦੇ ਸੱਤਾ ਵਿੱਚ ਆਉਣ ਤੋਂ ਕਿਤੇ ਪਹਿਲਾਂ ਤੋਂ) ਪਹੁੰਚਿਆ ਹੋਇਆ ਹੈ। ਹੋਰ ਕਈ ਕੌਮਾਂ ਨਾਲ਼ ਇਹ ਵਿਰੋਧਤਾਈ ਦਿਨੋਂ ਦਿਨ ਵਧੇਰੇ ਤਿੱਖੀ ਹੁੰਦੀ ਜਾ ਰਹੀ ਹੈ।

### 'ਉਪਰੇਸ਼ਨ ਲੋਟਸ' ਵੱਲ ਕਿਰਤੀ ਲੋਕਾਂ ਦਾ ਕੀ ਰਵਈਆ ਹੋਵੇ ?

ਕੁੱਝ ਲੋਕਾਂ ਦਾ ਮੰਨਣਾ ਹੈ ਕਿ ਭਾਵੇਂ ਸੂਬੇ ਵਿੱਚ ਕੋਈ ਚੁਣੀ ਹੋਈ ਗੈਰ ਭਾਜਪਾ ਸਰਕਾਰ ਹੋਵੇ ਤੇ ਭਾਵੇਂ ਭਾਜਪਾ ਉਸ ਨੂੰ ਉਲਟਾ ਕੇ ਆਪਣੀ ਸਰਕਾਰ ਸਥਾਪਤ ਕਰ ਲਵੇ ਇਸ ਨਾਲ਼ ਲੋਕਾਂ ਦੀ ਹਾਲਤ ਵਿੱਚ ਕੋਈ ਫਰਕ ਨਹੀਂ ਪੈਂਦਾ ਤੇ ਆਮ ਲੋਕਾਈ ਦਾ ਇਸ ਨਾਲ਼ ਕੋਈ ਸਰੋਕਾਰ ਨਹੀਂ ਬਣਦਾ। ਦੂਜੇ ਸਿਰੇ ਇੱਕ ਇਹ ਵੀ ਰੁਝਾਨ ਹੈ ਜੋ ਭਾਜਪਾ ਦੀਆਂ ਅਜਿਹੀਆਂ ਚਾਲਾਂ ਦਾ ਵਿਰੋਧ ਕਰਦੇ ਹੋਏ ਗੈਰ-ਭਾਜਪਾ ਸਰਕਾਰਾਂ ਨੂੰ ਲੋਕ-ਪੱਖੀ ਵੱਜੋਂ ਪੇਸ਼ ਕਰਨ ਤੱਕ ਅੱਪੜ ਜਾਂਦਾ ਹੈ। ਇਹ ਦੋਵੇਂ ਹੀ ਧਾਰਨਾਵਾਂ ਗਲਤ ਹਨ। ਲਾਜ਼ਮੀ ਹੀ ਕਿਰਤੀ ਲੋਕਾਈ ਨੂੰ ਭਾਜਪਾ ਵੱਲੋਂ ਕੌਮਾਂ ਦੇ ਹੱਕਾਂ ਉੱਤੇ ਮਾਰੇ ਜਾਂਦੇ ਇਨਾਂ ਡਾਕਿਆਂ ਦਾ ਵਿਰੋਧ ਕਰਨਾ ਚਾਹੀਦਾ ਹੈ, ਕਿਉਂਕਿ ਕੌਮਾਂ ਦੇ ਹੱਕਾਂ ਦਾ ਮਸਲਾ ਜਮਹੂਰੀਅਤ ਦਾ ਮਸਲਾ ਹੈ। ਜਮਹੂਰੀਅਤ ਦੇ ਅਜਿਹੇ ਮਸਲਿਆਂ ਉੱਤੇ ਚੁੱਪ ਵੱਟੀ ਰੱਖਣ ਦਾ ਮਤਲਬ ਭਾਜਪਾ ਦੇ ਫਾਸ਼ੀਵਾਦੀ ਕਦਮਾਂ ਦੀ ਮੂਕ ਹਮਾਇਤ ਹੀ ਹੈ। ਇਹ ਭਾਰਤ ਵਿੱਚ ਫਾਸ਼ੀਵਾਦੀ ਰਾਜ ਦੀ ਸਥਾਪਨਾ ਦਾ ਵਿਰੋਧ ਨਾ ਕਰਨ ਦੇ ਬਰਾਬਰ ਹੈ। ਪਰ ਇਸਦੇ ਨਾਲ਼ ਹੀ ਸਾਨੂੰ ਇਹ ਵੀ ਸਮਝਣ ਦੀ ਲੋੜ ਹੈ ਕਿ ਇਹ ਗੈਰ ਭਾਜਪਾ ਹਕੂਮਤਾਂ ਵੀ ਲੋਕ ਵਿਰੋਧੀ ਹੀ ਹਨ। ਕੌਮਾਂ ਦੇ ਹੱਕਾਂ ਦੀ ਹਮਾਇਤ ਕਰਨ ਦਾ ਮਤਲਬ ਇਨਾਂ ਸਰਕਾਰਾਂ ਜਾਂ ਇਨਾਂ ਪਾਰਟੀਆਂ ਦੀ ਹਮਾਇਤ ਕਰਨਾ ਹਰਗਿਜ਼ ਨਹੀਂ ਹੋਣਾ ਚਾਹੀਦਾ। ਅਸਲ ਵਿੱਚ ਹੋਰਾਂ ਜਮਹੂਰੀ ਮੰਗਾਂ ਸਮੇਤ ਕੌਮੀ ਮਸਲੇ ਦਾ ਸਥਾਈ ਹੱਲ ਵੀ ਇਸ ਸਰਮਾਏਦਾਰਾ ਪ੍ਰਬੰਧ ਦੇ ਖਾਤਮੇ ਨਾਲ਼ ਹੀ ਸਬੰਧਿਤ ਹੈ। ਸਮਾਜਵਾਦ ਦੀ ਸਥਾਪਤੀ ਹੀ ਕੌਮੀ ਜ਼ਬਰ ਦਾ ਖ਼ਾਤਮਾ ਕਰ ਸਕਦੀ ਹੈ।

ਇੱਥੇ
ਇਸ਼ਤਿਹਾਰ
ਲਗਾਉਣ ਲਈ
ਕਾਲ ਕਰੋ:
510-240-5949
Email:asrtimes@gmail.com

# ਗੁਰੂ ਤੋਂ ਸ਼ਹਾਦਤ ਦੀ ਦਾਤ ਮੰਗਣ ਵਾਲੇ : ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ



**ਸਰਬਜੀਤ ਕੌਰ ਸਰਬ**

ਜਸਵੰਤ ਸਿੰਘ ਖਾਲੜਾ ਨੂੰ ਜੇ ਅਸੀਂ ਪੰਜਾਬ ਵਿੱਚ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਸਹੀਦ ਹੋਣਾ ਕਹਿ ਲਈਏ ਤਾਂ ਅਤਿਕਥਨੀ ਨਹੀਂ ਹੋਵੇਗੀ। ਭਾਈ ਜਸਵੰਤ ਸਿੰਘ ਖਾਲੜਾ ਨੂੰ ਬਚਪਨ ਵਿੱਚ ਹੀ ਅਜਿਹਾ ਲੋਕ ਸੇਵਾ ਦਾ ਮਾਰਗ ਚੁਣਨ ਲਈ ਸੁਭਾਗ ਪ੍ਰਾਪਤ ਹੋਇਆ। ਸ਼ਹੀਦ ਜਸਵੰਤ ਸਿੰਘ ਖਾਲੜਾ (1952-1995) ਮਨੁੱਖੀ ਅਧਿਕਾਰਾਂ ਦੇ ਰਾਖੇ ਸਨ ਜਿਨਾਂ ਦਾ ਜਨਮ ਅੰਮ੍ਰਿਤਸਰ ਜ਼ਿਲੇ ਦੇ ਪਿੰਡ ਖਾਲੜਾ ਵਿੱਚ ਹੋਇਆ ਸੀ। ਉਹ 1980 ਦੇ ਦਹਾਕੇ ਦੌਰਾਨ ਅੰਮ੍ਰਿਤਸਰ ਵਿੱਚ ਇੱਕ ਬੈਂਕ ਮੁਲਾਜਮ ਸਨ। ਸਾਕਾ ਨੀਲਾ ਤਾਰਾ ਤੋਂ ਬਾਅਦ, ਇੰਦਰਾ ਗਾਂਧੀ ਦੀ ਹੱਤਿਆ ਅਤੇ 1984 ਦੇ ਸਿੱਖ ਵਿਰੋਧੀ ਦੰਗੇ, ਜਿਸ ਵਿੱਚ ਹਜ਼ਾਰਾਂ ਨਿਰਦੋਸ਼ ਸਿੱਖ ਹਿੰਦੂ ਭੀੜਾਂ ਦੇ ਹੱਥੋਂ ਮਾਰੇ ਗਏ ਸਨ। ਪ੍ਰਧਾਨ ਮੰਤਰੀ ਨੂੰ ਉਸਦੇ ਭਰੋਸੇਮੰਦ ਸਿੱਖ ਅੰਗ ਰੱਖਿਅਕਾਂ ਦੁਆਰਾ ਕਤਲ ਕਰਨ ਤੋਂ ਬਾਅਦ ਪੰਜਾਬ ਵਿੱਚ ਪੁਲਿਸ ਨੂੰ ਕਿਸੇ ਵੀ ਕਾਰਨ ਕਰਕੇ, ਸ਼ੱਕੀ ਅੱਤਵਾਦੀਆਂ ਵਜੋਂ, ਸਿੱਖਾਂ ਨੂੰ ਹਿਰਾਸਤ ਵਿੱਚ ਲੈਣ ਦਾ ਅਧਿਕਾਰ ਦੇ ਦਿੱਤਾ ਗਿਆ ਸੀ। ਜਸਵੰਤ ਸਿੰਘ ਖਾਲੜਾ ਜੀ ਨੇ ਜਦੋ ਇਹ ਦੇਖਿਆ ਕੇ ਕਿ ਉਸਦੇ ਬਹੁਤ ਸਾਰੇ ਦੋਸਤ ਅਤੇ ਸਹਿਯੋਗੀ ਲਾਪਤਾ ਹੋ ਗਏ ਹਨ ਤਦ ਉਨਾਂ ਨੇ ਇਸ ਸਭ ਦੀ ਜਾਣਕਾਰੀ ਲਈ ਖੋਜ ਕੀਤੀ ਜਿਸ ਦੇ ਫਲਸਰੂਪ ਉਸਨੂੰ ਅੰਮ੍ਰਿਤਸਰ ਦੀ ਨਗਰ ਨਿਗਮ ਤੋਂ ਫਾਈਲਾਂ ਲੱਭਣ ਵੱਲ ਪ੍ਰੇਰਿਤ ਕੀਤਾ ਗਿਆ ਜਿਸ ਵਿੱਚ ਹਜ਼ਾਰਾਂ ਸਿੱਖਾਂ ਦੇ ਨਾਮ, ਉਮਰ ਅਤੇ ਪਤੇ ਦਰਜ ਸਨ ਜਿਨਾਂ ਦਾ ਕਤਲੇਆਮ ਕੀਤਾ ਗਿਆ ਸੀ ਅਤੇ ਗੈਰ-ਕਾਨੂੰਨੀ ਢੰਗ ਨਾਲ ਪੰਜਾਬ ਪੁਲਿਸ ਵੱਲੋਂ ਉਨਾਂ ਦਾ ਸਸਕਾਰ ਕਰ ਦਿੱਤਾ ਗਿਆ ਸੀ। ਪੰਜਾਬ ਪੁਲਿਸ ਨਾਲ ਜੁੜੇ 25,000 ਗੈਰ-ਕਾਨੂੰਨੀ ਕਤਲਾਂ ਅਤੇ ਸਸਕਾਰ ਬਾਰੇ ਆਪਣੀ ਖੋਜ ਲਈ ਵਿਸਵਵਿਆਪੀ ਧਿਆਨ ਖਿੱਚਿਆ, ਅਤੇ ਪੁਲਿਸ ਨੇ ਲਗਭਗ 2,000 ਪੁਲਿਸ ਵਾਲਿਆਂ ਨੂੰ ਵੀ ਮਾਰਿਆ ਸੀ ਜਿਨਾਂ ਨੇ ਗੈਰ-ਕਾਨੂੰਨੀ ਕੰਮ ਵਿਚ ਸਹਿਯੋਗ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਨੂੰ ਕਿਸੇ ਜਾਣ-ਪਛਾਣ ਦੀ ਲੋੜ ਨਹੀਂ। ਇਸ ਨਿਡਰ ਵਿਅਕਤੀ ਨੇ ਭਾਰਤ ਸਰਕਾਰ ਵੱਲੋਂ ਗੈਰ-ਕਾਨੂੰਨੀ ਢੰਗ ਨਾਲ ਮਾਰੇ ਗਏ ਬੇਕਸੂਰ ਸਿੱਖ ਨੌਜਵਾਨਾਂ ਦੀ ਜਾਣਕਾਰੀ ਇਕੱਠੀ ਕੀਤੀ ਸੀ ਅਤੇ ਭਾਰਤ ਦੀ ਬੇਇਨਸਾਫੀ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਉਜਾਗਰ ਕੀਤਾ ਸੀ। ਭਾਰਤ ਸਰਕਾਰ ਇਸ ਬੰਦੇ ਤੋਂ ਹਿੱਲ ਗਈ ਸੀ ਅਤੇ ਭਾਈ ਜਸਵੰਤ ਸਿੰਘ ਖਾਲੜਾ ਨੂੰ ਇਹ ਧਮਕੀ ਦਿੱਤੀ ਸੀ ਕਿ ਉਹ ਜੋ ਮਹਾਨ ਸੇਵਾ ਕਰ ਰਿਹਾ ਹੈ ਉਸ ਨੂੰ ਬੰਦ ਕਰ ਦੇਵੇ ਨਹੀਂ ਤਾਂ ਉਹ ਵੀ ਸਿੰਘਾਂ ਦੀ ਲੰਮੀ ਸੂਚੀ ਵਿੱਚ ਸ਼ਾਮਲ ਹੋ ਜਾਵੇਗਾ ਜਿਨਾਂ ਨੂੰ ਪੁਲਿਸ ਨੇ ਲਾਪਤਾ ਕਰਾਰ ਦਿੱਤਾ ਸੀ, ਪਰ ਭਾਈ ਸਾਹਿਬ ਨਿਡਰ ਰਹੇ ਅਤੇ ਭਾਰਤ ਸਰਕਾਰ ਨੂੰ ਬੇਨਕਾਬ ਕਰਨਾ ਜਾਰੀ ਰੱਖਿਆ। 1995 ਵਿੱਚ, ਜਸਵੰਤ ਸਿੰਘ ਖਾਲੜਾ ਨੂੰ ਆਖਰੀ ਵਾਰ ਆਪਣੇ ਘਰ ਦੇ ਸਾਹਮਣੇ ਆਪਣੀ ਕਾਰ ਧੋਂਦਿਆਂ ਦੇਖਿਆ ਗਿਆ ਸੀ, ਜਦੋਂ ਉਨਾਂ ਨੂੰ ਅਚਾਨਕ ਪੰਜਾਬ ਪੁਲਿਸ ਵੱਲੋਂ ਅਗਵਾ ਕਰ ਲਿਆ ਸੀ। ਪੰਜਾਬ ਪੁਲਿਸ ਨੇ ਪਹਿਲਾ ਤਾਂ ਇਸ ਗੱਲ ਤੋਂ ਇਨਕਾਰ ਕੀਤਾ ਕਿ ਉਨਾਂ ਨੇ ਗ੍ਰਿਫਤਾਰ ਨਹੀਂ ਕੀਤਾ ਹੈ, ਅਤੇ ਦਾਅਵਾ ਕੀਤਾ ਕਿ ਉਹ ਉਸਦੇ ਠਿਕਾਣੇ ਬਾਰੇ ਕੁਝ ਨਹੀਂ ਜਾਣਦੇ ਸਨ। ਪਰ 1996 ਵਿੱਚ, ਕੇਂਦਰੀ ਜਾਂਚ ਬਿਊਰੋ ਨੇ ਇਸ ਗੱਲ ਦਾ ਸਬੂਤ ਪਾਇਆ ਕਿ ਉਸਨੂੰ ਤਰਨਤਾਰਨ ਦੇ ਇੱਕ ਪੁਲਿਸ ਸਟੇਸ਼ਨ ਵਿੱਚ ਰੱਖਿਆ ਗਿਆ ਸੀ । ਕਤਲ ਅਤੇ ਅਗਵਾ ਲਈ ਪੰਜਾਬ ਪੁਲਿਸ ਦੇ ਨੌਂ ਅਧਿਕਾਰੀਆਂ ਵਿਰੁੱਧ ਮੁਕੱਦਮਾ ਚਲਾਉਣ ਦੀ ਸਿਫਾਰਸ ਕੀਤੀ ਗਈ। ਅਧਿਕਾਰੀਆਂ 'ਤੇ ਦੋਸ਼ ਲਗਾਏ ਗਏ ਅਤੇ ਅੰਤ ਵਿੱਚ ਉਮਰ ਕੈਦ ਦੀ ਸਜਾ ਦਿੱਤੀ ਗਈ। ਜਾਹਰ ਹੈ ਕਿ ਜਸਵੰਤ ਸਿੰਘ ਖਾਲੜਾ ਜੀ ਦੀ ਮੌਤ ਵਿੱਚ ਸ਼ਾਮਲ ਵਿਅਕਤੀਆਂ ਵਿੱਚੋਂ ਇੱਕ ਨੇ ਉਸਦੇ ਸਾਥੀਆਂ ਨੂੰ ਨਿਆਂ ਵਿੱਚ ਲਿਆਉਣ ਤੋਂ ਪਹਿਲਾਂ ਖੁਦਕੁਸ਼ੀ ਕਰ ਲਈ ਸੀ। 18 ਨਵੰਬਰ, 2005 ਨੂੰ, ਪੰਜਾਬ ਪੁਲਿਸ ਦੇ ਛੇ ਅਧਿਕਾਰੀਆਂ ਨੂੰ ਖਾਲੜਾ ਦੇ ਅਗਵਾ ਅਤੇ ਕਤਲ ਲਈ ਦੋਸ਼ੀ ਠਹਿਰਾਇਆ ਗਿਆ ਸੀ ਅਤੇ ਉਨਾਂ ਨੂੰ ਸੱਤ ਸਾਲ ਦੀ ਸਜ਼ਾ ਸੁਣਾਈ ਗਈ ਸੀ।

ਮਨੁੱਖੀ ਅਧਿਕਾਰਾਂ ਦੇ ਰਾਖੇ ਭਾਈ ਜਸਵੰਤ ਸਿੰਘ ਖਾਲੜਾ ਨੂੰ 6 ਸਤੰਬਰ 1995 ਨੂੰ ਰਾਤ 8 ਵਜੇ ਦੇ ਕਰੀਬ ਅੰਮ੍ਰਿਤਸਰ ਜ਼ਿਲੇ ਦੇ ਥਾਣਾ ਛੱਬਲ ਵਿਖੇ ਕਤਲ ਕਰ ਦਿੱਤਾ ਗਿਆ ਸੀ ਅਤੇ ਫਿਰ ਉਨਾਂ ਦੀ ਲਾਸ ਹਰੀਕੇ ਨਹਿਰ ਵਿੱਚ ਸੁੱਟ ਦਿੱਤੀ ਗਈ ਸੀ। ਇਹ ਖੁਲਾਸਾ ਸਨਸਨੀਖੇਜ ਖਾਲੜਾ ਲਾਪਤਾ ਕੇਸ ਦੇ ਵਿਸੇਸ ਪੁਲੀਸ ਅਧਿਕਾਰੀ ਅਤੇ ਮੁੱਖ ਗਵਾਹ ਕੁਲਦੀਪ ਸਿੰਘ ਨੇ ਕੀਤਾ। ਐਸ.ਐਸ.ਪੀ ਅਜੀਤ ਸਿੰਘ ਸੰਧੂ ਦੇ ਹੁਕਮਾਂ ਤਹਿਤ ਪੁਲਿਸ ਵੱਲੋਂ ਅਗਵਾ ਕੀਤੇ ਜਾਣ ਤੋਂ ਬਾਅਦ ਭਾਈ ਸਾਹਿਬ ਨੂੰ ਛਾਪੇਮਾਰੀ ਕਰਨ ਤੋਂ ਬਾਅਦ ਛਬਾਲ ਪੁਲਿਸ ਸਟੇਸਨ ਵਿਖੇ ਸਮੁੱਚੀ ਕਾਰਵਾਈ ਦੀ ਨਿਗਰਾਨੀ ਉਪ ਪੁਲਿਸ ਕਪਤਾਨ ਜਸਪਾਲ ਸਿੰਘ ਨੇ ਕੀਤੀ। ਅਜੀਤ ਸਿੰਘ ਸੰਧੂ ਨੇ ਬਾਅਦ ਵਿੱਚ ਖੁਦਕੁਸੀ ਕਰ ਲਈ ਸੀ। ਭਾਈ ਜਸਵੰਤ ਸਿੰਘ ਖਾਲੜਾ ਪੁਲਿਸ ਵੱਲੋਂ ਕੀਤੇ ਗਏ ਕਤਲਾਂ ਬਾਰੇ ਜਾਣਕਾਰੀ ਇਕੱਠੀ ਕਰ ਰਹੇ ਸਨ। ਭਾਰਤ ਦੀ ਸੁਪਰੀਮ ਕੋਰਟ ਦੇ ਹੁਕਮਾਂ ਦੇ ਉਲਟ ਭਾਈ ਸਾਹਿਬ ਨੂੰ ਅਗਵਾ ਕਰ ਲਿਆ ਗਿਆ ਅਤੇ ਗੈਰ ਕਾਨੂੰਨੀ ਪੁਲਿਸ ਹਿਰਾਸਤ ਵਿੱਚ ਰੱਖਿਆ ਗਿਆ। ਕੁਲਦੀਪ ਸਿੰਘ ਨੇ ਖਾਲੜਾ ਦੇ ਮਾਰੇ ਜਾਣ ਤੋਂ ਪਹਿਲਾਂ ਦਾ ਦ੍ਰਿਸ਼ ਬਿਆਨ ਕੀਤਾ : 'ਉਸ ਨੂੰ ਖੜਾ ਕੀਤਾ ਗਿਆ, ਕੁੱਟਿਆ ਗਿਆ ਅਤੇ ਜਮੀਨ 'ਤੇ ਧੱਕਾ ਦਿੱਤਾ ਗਿਆ। ਉਸ ਦੀਆਂ ਲੱਤਾਂ 180 ਡਿਗਰੀ ਤੋਂ ਵੱਧ ਫੈਲੀਆਂ ਹੋਈਆਂ ਸਨ। ਸੱਤ ਪੁਲਿਸ ਵਾਲਿਆਂ ਨੇ ਉਸ ਦੇ ਪੇਟ



ਅਤੇ ਛਾਤੀ ਵਿੱਚ ਲੱਤਾਂ ਮਾਰੀਆਂ। ਮੈਨੂੰ ਬਚਾਓ। ਕ੍ਰਿਪਾ ਕਰਕੇ ਮੈਨੂੰ ਪਾਣੀ ਦਿਓ, ਉਹ ਚੀਕਿਆ। ਕੁਝ ਪਾਣੀ ਲੈਣ ਜਾ ਰਿਹਾ ਸੀ, ਮੈਂ ਦੋ ਗੋਲੀਆਂ ਸੁਣੀਆਂ। ਮੈਂ ਕਮਰੇ ਵਿੱਚ ਵਾਪਸ ਭੱਜਿਆ ਅਤੇ ਦੇਖਿਆ ਕਿ ਉਸਦਾ ਬਹੁਤ ਖੂਨ ਵਹਿ ਰਿਹਾ ਸੀ। ਉਸਦਾ ਸਾਹ ਬੰਦ ਹੋ ਗਿਆ ਸੀ।'

ਅਜਿਹੀ ਦਰਦਨਾਕ ਤਸੀਹੇ ਦਿੰਦੇ ਹੋਏ ਭਾਈ ਜਸਵੰਤ ਸਿੰਘ ਖਾਲੜਾ ਨੂੰ ਸ਼ਹੀਦ ਕਰ ਦਿੱਤਾ। ਉਨਾਂ ਦੀ ਵਿਧਵਾ ਬੀਬੀ ਪਰਮਜੀਤ ਕੌਰ ਖਾਲੜਾ ਇਸ ਸਮੇਂ ਆਪਣੇ ਪਤੀ ਦੀ ਇਨਸਾਫ ਲਈ ਲੜਾਈ ਨੂੰ ਅੱਗੇ ਤੋਰ ਰਹੀ ਹੈ ਅਤੇ ਹੁਣ ਉਨਾਂ ਦਾ ਨਾਮ ਉਨਾਂ ਹਜ਼ਾਰਾਂ ਸਿੱਖਾਂ ਵਿੱਚ ਸ਼ਾਮਲ ਹੋ ਗਿਆ ਹੈ ਜਿਨਾਂ ਕੋਲ ਆਪਣੇ ਪਿਆਰਿਆਂ ਨਾਲ ਕੀ ਵਾਪਰਿਆ ਇਸ ਬਾਰੇ ਕੋਈ ਸ਼ਬਦ ਨਹੀਂ ਹੈ।

## ਸ਼ਹਾਦਤ ਨੂੰ ਸਿਜਦਾ 6 ਸਤੰਬਰ ਵਿਸ਼ੇਸ਼

ਜਸਵੰਤ ਸਿੰਘ ਖਾਲੜਾ ਦਾ ਮਨੁੱਖਤਾ ਅਤੇ ਮਨੁੱਖੀ ਅਧਿਕਾਰਾਂ ਲਈ ਯੋਗਦਾਨ ਉਨਾਂ ਦੇ ਕੰਮ ਤੋਂ ਸਪੱਸ਼ਟ ਹੁੰਦਾ ਹੈ। ਉਨਾਂ ਨੇ ਲਾਪਤਾ ਹਜ਼ਾਰਾਂ ਸਿੱਖਾਂ ਬਾਰੇ ਡਾਟਾ ਅਤੇ ਜਾਣਕਾਰੀ ਇਕੱਠੀ ਕੀਤੀ। ਭਾਰਤ ਦੀ ਸੁਪਰੀਮ ਕੋਰਟ ਅਤੇ ਭਾਰਤ ਦੇ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਇਸ ਡੇਟਾ ਦੀ ਵੈਧਤਾ ਨੂੰ ਪ੍ਰਮਾਣਿਤ ਕੀਤਾ ਹੈ। ਜਸਵੰਤ ਸਿੰਘ ਖਾਲੜਾ ਦਾ ਦਾਅਵਾ ਸੀ ਕਿ ਰਾਜ ਵੱਲੋਂ 25000 ਤੋਂ ਵੱਧ ਸਿੱਖ ਮਾਰੇ ਅਤੇ ਉਨਾਂ ਨੂੰ ਅਣਪਛਾਤੇ ਅਤੇ ਲਾਵਾਰਿਸ ਦਿਖਾ ਕੇ ਸਸਕਾਰ ਕਰ ਦਿੱਤਾ ਜਾਵੇਗਾ, ਜਦੋਂ ਕਿ ਅਜੇ ਵੀ ਬਹੁਤ ਸਾਰੇ ਸਿੱਖ ਪਰਿਵਾਰ ਆਪਣੇ ਲਾਪਤਾ ਅਜੀਜਾਂ ਦਾ ਕੀ ਹੋਇਆ ਇਹ ਖਬਰ ਸੁਣਨ ਦੀ ਉਡੀਕ ਕਰ ਰਹੇ ਹਨ, ਬਹੁਤ ਸਾਰੇ ਹੈਰਾਨ ਹਨ ਕਿ ਕੀ ਉਹ ਅਜੇ ਵੀ ਜਿਉਂਦਾ ਹੋ ਸਕਦੇ ਹਨ।

ਜਸਵੰਤ ਸਿੰਘ ਖਾਲੜਾ ਦੁਆਰਾ ਦਿੱਤੇ ਆਖਰੀ ਅੰਤਰਰਾਸ਼ਟਰੀ ਭਾਸ਼ਣ ਦੇ ਅੰਗਰੇਜੀ ਸੰਸਕਰਣ ਦੇ ਅੰਸ਼ ਹੇਠਾਂ ਦਿੱਤੇ ਗਏ ਹਨ :- ਮੈਂ ਇੱਕ ਰਿਪੋਰਟ ਬਾਰੇ ਗੱਲ ਕਰਨ ਲਈ ਕੈਨੇਡਾ ਆਇਆ ਹਾਂ। ਉਹ ਰਿਪੋਰਟ ਪਿਛਲੇ ਦਸ ਸਾਲਾਂ ਦੇ ਜੁਲਮ ਦੀ ਕਹਾਣੀ ਬਿਆਨ ਕਰਦੀ ਹੈ। ਜਦੋਂ ਅਸੀਂ ਉਹ ਰਿਪੋਰਟ ਸ਼ੁਰੂ ਕੀਤੀ ਸੀ, ਸਾਡੇ ਸਾਹਮਣੇ



ਸੈਂਕੜੇ ਰਿਪੋਰਟਾਂ ਸਨ, ਪਰ ਇੱਕ ਸਵਾਲ ਸੀ ਜਿਸਦਾ ਜਵਾਬ ਇਨਾਂ ਰਿਪੋਰਟਾਂ ਵਿੱਚੋਂ ਕਿਸੇ ਨੇ ਵੀ ਨਹੀਂ ਦਿੱਤਾ। ਉਹ ਸਵਾਲ ਸੀ: ਹਜ਼ਾਰਾਂ ਮਾਵਾਂ ਆਪਣੇ ਪੁੱਤਰਾਂ ਦੀ ਉਡੀਕ ਕਰ ਰਹੀਆਂ ਹਨ ਭਾਵੇਂ ਕਿ ਕੁਝ ਜਾਣਦੇ ਹਨ ਕਿ ਜੁਲਮ ਕਰਨ ਵਾਲੇ ਨੇ ਇਸ ਧਰਤੀ 'ਤੇ ਉਨਾਂ ਦੇ ਪੁੱਤਰ ਦੀ ਜਾਨ ਨਹੀਂ ਬਖਸ਼ੀ ਹੈ। ਪਰ ਇੱਕ ਮਾਂ ਦਾ ਦਿਲ ਅਜਿਹਾ ਹੁੰਦਾ ਹੈ ਕਿ ਜੇ ਉਹ ਆਪਣੇ ਪੁੱਤਰ ਦੀ ਲਾਸ਼ ਦੇਖ ਵੀ ਲੈਂਦੀ ਹੈ, ਤਾਂ ਉਹ ਇਹ ਨਹੀਂ ਮੰਨਦੀ ਕਿ ਉਸਦਾ ਪੁੱਤਰ ਉਸਨੂੰ ਛੱਡ ਗਿਆ ਹੈ। ਅਤੇ ਉਹ ਮਾਵਾਂ ਜਿਨਾਂ ਨੇ ਆਪਣੇ ਬੱਚਿਆਂ ਦੀਆਂ ਲਾਸ਼ਾਂ ਤੱਕ ਨਹੀਂ ਦੇਖੀਆਂ, ਉਹ ਸਾਨੂੰ ਪੁੱਛ ਰਹੀਆਂ ਸਨ : ਘੱਟੋ ਘੱਟ ਇਹ ਪਤਾ ਲਗਾਓ, ਮੇਰਾ ਪੁੱਤਰ ਜਿਉਂਦਾ ਹੈ ਜਾਂ ਨਹੀਂ ?

ਪਰ ਜਦੋਂ ਅਸੀਂ ਇਸ ਮੁੱਦੇ 'ਤੇ ਗੱਲ ਸ਼ੁਰੂ ਕੀਤੀ ਤਾਂ ਅਣਗਿਣਤ ਮਾਵਾਂ, ਅਣਗਿਣਤ ਭੈਣਾਂ ਇਹ ਕਹਿਣ ਨੂੰ ਤਿਆਰ ਨਹੀਂ ਸਨ ਕਿ ਉਨਾਂ ਦਾ ਲਾਡਲਾ ਗਾਇਬ ਹੋ ਗਿਆ ਹੈ। ਉਨਾਂ ਨੇ ਕਿਹਾ, 'ਬੇਟਾ, ਜੇ ਤੁਸੀਂ ਇਸ ਮੁੱਦੇ ਨੂੰ ਅੱਗੇ ਵਧਾਉਂਦੇ ਹੋ ਅਤੇ ਸਾਡਾ ਪੁੱਤਰ ਅਜੇ ਵੀ ਜਿਉਂਦਾ ਹੈ, ਤਾਂ ਉਹ ਉਸਨੂੰ ਮਾਰ ਦੇਣਗੇ-ਇਸ ਬਾਰੇ ਗੱਲ ਨਾ ਕਰੋ, ਅਸੀਂ ਤੁਹਾਨੂੰ ਦੱਸਣ ਵਾਲੇ ਵੀ ਨਹੀਂ ਹਾਂ।'

ਇਸ ਲਈ ਅਸੀਂ ਜਨਤਾ ਲਈ ਇੱਕ ਮੋਟਾ ਅੰਦਾਜਾ ਪੇਸ਼ ਕੀਤਾ ਕਿ ਇਕੱਲੇ ਅੰਮ੍ਰਿਤਸਰ ਜ਼ਿਲੇ ਵਿੱਚ, 2,000 ਬੱਚੇ ਲਾਪਤਾ ਹਨ ਅਤੇ ਸਰਕਾਰ ਨੂੰ ਸਾਨੂੰ ਦੱਸਣਾ ਚਾਹੀਦਾ ਹੈ ਕਿ ਉਹ ਕਿੱਥੇ ਹਨ। ਸਰਕਾਰ ਇਸ ਮਸਲੇ 'ਤੇ ਚੁੱਪ ਸੀ। ਫਿਰ, ਅਸੀਂ ਕੁਝ ਪਰਿਵਾਰਾਂ ਦੀ ਤਰਫੋਂ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ, ਜਿਸ ਵਿੱਚ ਅਦਾਲਤ ਨੂੰ ਕਿਹਾ ਗਿਆ ਕਿ ਉਹ ਬੱਚੇ ਕਿੱਥੇ ਹਨ। ਫਿਰ ਸਰਕਾਰ ਨੇ ਹਲਫਨਾਮਾ ਦੇ ਕੇ ਇਨਾਂ ਬੱਚਿਆਂ ਬਾਰੇ ਕੋਈ ਜਾਣਕਾਰੀ ਹੋਣ ਤੋਂ ਇਨਕਾਰ ਕਰ ਦਿੱਤਾ।

ਜਦੋਂ ਮਾਮਲਾ ਵਧਿਆ ਤਾਂ ਜੁਲਮ ਦੇ ਇੰਚਾਰਜ ਕੇ.ਪੀ. ਐਸ.ਗਿੱਲ ਨੇ ਅੰਮ੍ਰਿਤਸਰ 'ਚ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ, 'ਇਹ ਮਨੁੱਖੀ ਅਧਿਕਾਰ ਵਿੰਗ ਦੇ ਲੋਕ ਮਨੁੱਖੀ ਅਧਿਕਾਰਾਂ 'ਤੇ ਕੁਝ ਨਹੀਂ ਕਰ ਰਹੇ, ਇਨਾਂ ਦਾ ਇੱਕ ਮਨੋਰਥ ਹੈ, ਆਪਣੇ ਏਜੰਡੇ ਨੂੰ ਅੱਗੇ ਵਧਾਉਣਾ ਤਾਂ ਜੋ ਪੰਜਾਬ ਵਿੱਚ ਸ਼ਾਂਤੀ ਨਾ ਰਹੇ। ਉਹ ਆਈਐਸਆਈ 'ਪਾਕਿਸਤਾਨ ਦੀ ਇੰਟਰ-ਸਰਵਿਸ ਇੰਟੈਲੀਜੈਂਸ' ਦੇ ਏਜੰਟ ਹਨ ਅਤੇ ਨੂੰ ਮੁੜ ਅੱਤਵਾਦ ਨੂੰ ਭੜਕਾਉਣ ਦੀ ਸਾਜ਼ਿਸ਼ ਰਚ ਰਹੇ ਹਨ।' ਕੇਪੀਐਸ ਗਿੱਲ ਨੇ ਕਿਹਾ, 'ਮੈਂ ਤੁਹਾਨੂੰ ਦੱਸਾਂਗਾ ਕਿ ਉਹ ਬੱਚੇ ਕਿੱਥੇ ਹਨ।' ਉਸਨੇ ਕਿਹਾ, 'ਇਹ ਬੱਚੇ ਯੂਰਪ, ਕੈਨੇਡਾ ਅਤੇ ਅਮਰੀਕਾ ਵਿੱਚ ਹਨ, ਜਿੱਥੇ ਉਹ ਆਪਣੀ ਦਿਹਾੜੀ ਕਮਾ ਰਹੇ ਹਨ ਅਤੇ ਇਹ ਮਨੁੱਖੀ ਅਧਿਕਾਰ ਸੰਗਠਨ ਸਾਨੂੰ ਦੱਸ ਰਹੇ ਹਨ ਕਿ ਹਜ਼ਾਰਾਂ ਬੱਚੇ ਗਾਇਬ ਹੋ ਗਏ ਹਨ।' ਇਹ ਸਾਡੇ ਲਈ ਇੱਕ ਚੁਣੌਤੀ ਸੀ। ਇਹ ਉਸ ਸਚਾਈ ਲਈ ਇੱਕ ਚੁਣੌਤੀ ਸੀ ਜਿਸ ਨੂੰ ਅਸੀਂ ਅੱਗੇ ਲਿਆਉਣਾ ਚਾਹੁੰਦੇ ਸੀ। ਫਿਰ, ਭਰਾਵੋ, ਇਸ ਸੱਚਾਈ ਨੂੰ ਲੋਕਾਂ ਦੇ ਸਾਹਮਣੇ ਲਿਆਉਣ ਲਈ, ਸਬੂਤਾਂ ਦੇ ਨਾਲ, ਅਸੀਂ ਆਪਣੇ ਆਪ ਨੂੰ ਇੱਕ ਔਖਾ ਕੰਮ ਕੀਤਾ ਜਿੱਥੇ ਸਾਨੂੰ ਕਈ ਖਤਰਿਆਂ ਦਾ ਸਾਹਮਣਾ ਕਰਨਾ ਪਿਆ। ਪਰ ਅਸੀਂ ਉੱਥੇ ਗਏ ਜਿੱਥੇ ਸਾਡੇ ਭਰਾ ਗਏ ਸਨ। ਅਸੀਂ ਸ਼ਮਸ਼ਾਨਘਾਟ ਚਲੇ ਗਏ। ਅਸੀਂ ਜਾ ਕੇ ਉਥੇ ਮੁਲਾਜਮਾਂ ਨੂੰ ਪੁੱਛਿਆ ਕਿ ਬੱਸ ਇੰਨਾ ਦੱਸ ਦਿਓ ਕਿ ਇਸ ਦੌਰਾਨ ਪੁਲਿਸ ਨੇ ਤੁਹਾਨੂੰ ਕਿੰਨੀਆਂ ਲਾਸ਼ਾਂ ਦਿੱਤੀਆਂ ਹਨ ? ਕਈਆਂ ਨੇ ਕਿਹਾ ਅਸੀਂ ਹਰ ਰੋਜ 8-10 ਸਾੜਦੇ ਹਾਂ। ਕਈਆਂ ਨੇ ਕਿਹਾ ਕਿ ਖਾਤਾ ਰੱਖਣ ਦਾ ਕੋਈ ਤਰੀਕਾ ਨਹੀਂ ਸੀ, ਕਦੇ ਲਾਸ਼ਾਂ ਨਾਲ ਭਰਿਆ ਟਰੱਕ ਆਉਂਦਾ, ਕਦੇ 2-4 ਲਾਸ਼ਾਂ। ਜਦੋਂ ਅਸੀਂ ਕਿਹਾ ਕਿ ਸਾਨੂੰ ਖਾਤੇ ਦੀ ਜਰੂਰਤ ਹੈ, ਤਾਂ ਉਨਾਂ ਨੇ ਸਾਨੂੰ ਕਿਹਾ ਕਿ ਅਸੀਂ ਇੱਕ ਜਗਾ ਤੋਂ ਖਾਤਾ ਪ੍ਰਾਪਤ ਕਰ ਸਕਦੇ ਹਾਂ: 'ਪੁਲਿਸ ਨੇ ਸਾਨੂੰ ਲਾਸ਼ਾਂ ਦਿੱਤੀਆਂ ਅਤੇ ਮਿਉਂਸਪਲ ਕਮੇਟੀ ਨੇ ਸਾਨੂੰ ਬਾਲਣ ਦਿੱਤਾ।'

ਸੋ ਭਰਾਵੋ, ਜਦੋਂ ਸਾਨੂੰ ਇਹ ਸੱਚਾਈ ਮਿਲੀ, ਅਸੀਂ ਉਸ ਦੇਸ਼ ਦੀ ਹਾਈ ਕੋਰਟ ਗਏ। ਅਸੀਂ ਪੰਜਾਬ-ਹਰਿਆਣਾ ਹਾਈਕੋਰਟ ਦਾ ਦਰਵਾਜਾ ਖੜਕਾਇਆ, ਤੇ ਪੁੱਛਿਆ, ਓਏ ਜੁਲਮ ਕਰਨ ਵਾਲਿਓ, ਘੱਟੋ-ਘੱਟ ਇਹ ਤਾਂ ਦੱਸ ਦਿਓ ਕਿ ਲਾਸ਼ ਕਿਸ ਦੀ ਹੈ ਤਾਂ ਜੋ ਅਸੀਂ ਹਰ ਮਾਂ, ਭੈਣ, ਹਰ ਪਿਤਾ ਨੂੰ ਦੱਸ ਸਕੀਏ। ਇਸ ਲਈ ਉਹ ਸਰਬਸ਼ਕਤੀਮਾਨ ਅੱਗੇ ਆਪਣੀਆਂ ਪ੍ਰਾਰਥਨਾਵਾਂ ਕਹਿ ਸਕਦੇ ਹਨ ਜੋ ਉਹ ਆਪਣੇ ਦਿਲ ਵਿੱਚ ਰੱਖ ਰਹੇ ਹਨ, 'ਸਰਬਸ਼ਕਤੀਮਾਨ, ਕ੍ਰਿਪਾ ਕਰਕੇ ਮੇਰੇ ਪੁੱਤਰ ਨੂੰ ਆਪਣੇ ਚਰਨਾਂ ਵਿੱਚ ਆਰਾਮ ਕਰਨ ਦਿਓ'... ਪਰ ਉਹ ਦੇਸ਼, ਜੋ ਆਪਣੇ ਆਪ ਨੂੰ ਸਭ ਤੋਂ ਵੱਡਾ ਲੋਕਤੰਤਰ ਅਤੇ ਨਿਆਂ ਦਾ ਪ੍ਰੇਮੀ ਕਹਾਉਂਦਾ ਹੈ, ਉਸ ਦੀ ਹਾਈ ਕੋਰਟ ਨੇ ਸਾਨੂੰ ਦੱਸਿਆ, 'ਇਹ ਜਨਹਿਤ ਮੁਕੱਦਮਾ ਨਹੀਂ ਹੈ। ਇਹ ਇੱਕ ਬਹੁਤ ਵੱਡਾ ਮਸਲਾ ਪੈਦਾ ਕਰਦਾ ਹੈ। ਇਸ ਦੀ ਬਜਾਏ, ਇਹ ਕਰੋ-ਸਾਨੂੰ ਉਸ ਪਰਿਵਾਰ ਵਿੱਚੋਂ ਹਰੇਕ ਨੂੰ ਭੇਜੋ ਜਿਸ ਦੀਆਂ ਲਾਸ਼ਾਂ ਹਨ ਅਤੇ ਅਸੀਂ ਉਨਾਂ ਨੂੰ ਜਾਣਕਾਰੀ ਦੇਵਾਂਗੇ।' ਕਾਨੂੰਨ ਦਾ ਮਜਾਕ ਉਡਾਇਆ ਗਿਆ ਹੈ। ਸਿੱਖ ਕੌਮ ਦਾ ਮਜਾਕ ਉਡਾਇਆ ਗਿਆ ਹੈ ਅਤੇ ਉਨਾਂ ਲੋਕਾਂ ਦਾ ਮਜਾਕ ਉਡਾਇਆ ਗਿਆ ਹ ਜੋ ਮੌਤ ਦੇ ਸਰਟੀਫਿਕੇਟ ਤੋਂ ਇਲਾਵਾ ਹੋਰ ਕੁਝ ਨਹੀਂ ਮੰਗ ਰਹੇ ਹਨ। ਪਰ ਸਭ ਤੋਂ ਵੱਡੀ ਅਦਾਲਤ ਲੋਕਾਂ ਦੀ ਕਚਹਿਰੀ ਹੈ ਅਤੇ ਅਸੀਂ ਵਿਸ਼ਵ ਪੱਧਰ 'ਤੇ ਲੋਕਾਂ ਦੀ ਕਚਹਿਰੀ 'ਚ ਜਾ ਕੇ ਦੁਨੀਆ ਨੂੰ ਕਹਿਣਾ ਚਾਹੁੰਦੇ ਹਾਂ, 'ਤੁਸੀਂ ਸਾਨੂੰ ਅੱਤਵਾਦੀ ਕਿਹਾ ਹੈ, ਤੁਸੀਂ ਸਾਨੂੰ ਫਿਰਕਾਪ੍ਰਸਤ ਕਿਹਾ ਹੈ, ਪਰ ਜਿਨਾਂ ਨੂੰ ਤੁਸੀਂ ਲੋਕਤੰਤਰ ਦਾ ਪੈਗੰਬਰ ਕਿਹਾ ਹੈ, ਉਨਾਂ ਦੀ ਅਸਲੀਅਤ ਨੂੰ ਪਛਾਣੋ ਅਤੇ ਫਿਰ ਦੱਸੋ ਕਿ ਆਖਿਰ ਅੱਤਵਾਦੀ ਕੌਣ ਹੈ ਅਤੇ ਧਰਮੀ ਕੌਣ ? ਅਸੀਂ ਅਕਸਰ ਕਹਿ ਸਕਦੇ ਹਾਂ ਕਿ ਅਸੀਂ ਬਹੁਤ ਜੁਲਮ ਝੱਲੇ ਹਨ। ਪਰ ਸਾਡੇ ਕੋਲ ਉਸ ਜੁਲਮ ਦਾ ਪੂਰਾ ਰਿਕਾਰਡ ਰੱਖਣ ਦਾ ਅਭਿਆਸ ਜਾਂ ਸਿਖਲਾਈ ਨਹੀਂ ਹੈ। ਲਗਭਗ 50,000, ਲਗਭਗ 1 ਮਿਲੀਅਨ-ਅਸੀਂ ਇਹ ਸਭ ਕਹਿੰਦੇ ਹਾਂ। ਦੁਨੀਆ ਦੇ ਪੜੇ-ਲਿਖੇ ਲੋਕ ਇਸ ਗੱਲ 'ਤੇ ਭਰੋਸਾ ਨਹੀਂ ਕਰਦੇ, ਉਨਾਂ ਨੂੰ ਸਹੀ ਅੰਕੜੇ ਚਾਹੀਦੇ ਹਨ। ਅਤੇ ਇਸਦੇ ਲਈ, ਮੈਂ ਇਹ ਵੀ ਕਹਿੰਦਾ ਹਾਂ ਕਿ ਤੁਸੀਂ ਸਾਰੇ ਇਸ ਮੁੱਦੇ 'ਤੇ ਇਕਜੁੱਟ ਹੋਵੋ। ਇਹ ਮਸਲਾ ਸਿਰਫ ਉਨਾਂ ਪਰਿਵਾਰਾਂ ਦਾ ਹੀ ਨਹੀਂ ਹੈ। ਇਹ ਸਿੱਖ ਕੌਮ ਦਾ ਮਸਲਾ ਹੈ, ਮਨੁੱਖਤਾ ਦਾ ਮਸਲਾ ਹੈ। ਤੁਸੀਂ ਸਾਰੇ ਇਸ ਮੁੱਦੇ ਨੂੰ ਪੇਸ ਕਰੋ, ਜਿਸ ਤਰੀਕੇ ਨਾਲ ਤੁਸੀਂ ਕਰ ਸਕਦੇ ਹੋ. ਉਸ ਸਰਕਾਰ, ਉਸ ਮਸ਼ੀਨਰੀ, ਉਸ ਨਿਆਂ ਪ੍ਰਣਾਲੀ ਦੀ ਨਿੰਦਾ ਕਰੋ ਅਤੇ ਲੋਕਾਂ ਨੂੰ ਸੱਚ ਦੱਸੋ। ਕ੍ਰਿਪਾ ਕਰਕੇ ਵੀਰ ਇਸ ਕੰਮ ਵਿੱਚ ਸਾਡੀ ਮਦਦ ਕਰੋ।

ਇਸ ਲਈ ਮੇਰੇ ਭਰਾਵੋ, ਗੁਰੂ ਅੱਗੇ ਅਰਦਾਸ ਕਰੋ ਕਿ ਅਸੀਂ ਆਪਣਾ ਸਵੈ-ਮਾਣ ਕਾਇਮ ਰੱਖੀਏ। ਸਾਨੂੰ ਉਸ ਕੰਮ ਦੀ ਰਾਖੀ ਕਰਨੀ ਚਾਹੀਦੀ ਹੈ ਜਿਸ ਲਈ ਅਸੀਂ ਸਾਜੇ ਗਏ ਹਾਂ ਅਤੇ ਗੁਰੂ ਦੀ ਖੁਸੀ ਖੱਟਣੀ ਚਾਹੀਦੀ ਹੈ। ਅਸੀਂ ਗੁਰੂ ਤੋਂ ਸਭ ਕੁਝ ਮੰਗਦੇ ਹਾਂ, ਪਰ ਅਸੀਂ ਗੁਰੂ ਤੋਂ ਉਸ ਇੱਕ ਦਾਤ ਮੰਗਣ ਤੋਂ ਡਰਦੇ ਹਾਂ। ਗੁਰੂ ਕੋਲ ਬਹੁਤ ਸਾਰੀਆਂ ਦਾਤਾਂ ਹਨ, ਪਰ ਗੁਰੂ ਕੋਲ ਸਭ ਤੋਂ ਵੱਡੀ ਦਾਤ ਕੀ ਹੈ ? ਸਭ ਤੋਂ ਵੱਡੀ ਦਾਤ ਦੁੱਧ ਨਹੀਂ ਹੈ, ਪੁੱਤਰ ਨਹੀਂ ਹੈ ਅਤੇ ਹੁਣ ਗੁਰੂ ਕਿਸੇ ਨੂੰ ਗੁਰਗੱਦੀ ਵੀ ਨਹੀਂ ਦਿੰਦਾ। ਗੁਰੂ ਹੁਣ ਕਿਸੇ ਸੰਤ ਨੂੰ ਗੁਰੂ ਨਹੀਂ ਬਣਾ ਸਕਦਾ। ਜਦੋਂ ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦਿੱਤੀ ਤਾਂ ਗੁਰੂ ਜੀ ਨੇ ਇੱਕ ਵਿਸ਼ੇਸ਼ ਦਾਤ ਰੱਖੀ, ਜਿਸ ਨੂੰ ਕੋਈ ਵੀ ਸਿੱਖ ਸੱਦਾ ਦੇ ਸਕਦਾ ਹੈ। ਅਤੇ (ਦਸ) ਗੁਰੂਆਂ ਦੇ ਸਮੇਂ ਤੋਂ ਬਾਅਦ, ਸਿੱਖਾਂ ਨੇ ਉਸ ਵਿਸੇਸ ਦਾਤ ਨੂੰ ਬਹੁਤ ਸਤਿਕਾਰ ਦਿੱਤਾ। ਉਹ ਵਿਸ਼ੇਸ਼ ਦਾਤ, ਜੋ ਗੁਰੂ ਕੋਲ ਹੈ, ਸ਼ਹੀਦੀ ਦੀ ਦਾਤ ਹੈ। ਜਿਨਾਂ ਨੂੰ ਇਹ ਦਾਤ ਮਿਲਦੀ ਹੈ-ਉਹ ਗੁਰੂ ਨਹੀਂ ਬਣਦੇ ਪਰ ਗੁਰੂ ਤੋਂ ਬਾਅਦ, ਉਹ ਸਾਡੀ (ਸਿੱਖ) ਕੌਮ ਦੇ ਸਭ ਤੋਂ ਸਤਿਕਾਰਤ ਲੋਕ ਹਨ। ਮੈਂ ਉਮੀਦ ਕਰਦਾ ਹਾਂ-ਮੈਂ ਕੋਈ ਰਾਜਨੀਤਕ ਨੇਤਾ ਨਹੀਂ ਹਾਂ, ਜੋ ਤੁਹਾਨੂੰ ਕੋਈ ਰਾਜਨੀਤਕ ਲਾਈਨ ਦੇ ਸਕਦਾ ਹੈ ਜਾਂ ਕੋਈ ਰਾਜਨੀਤਕ ਵਿਰੋਧੀ ਖਿੱਚ ਸਕਦਾ ਹੈ-ਮਨੁੱਖੀ ਅਧਿਕਾਰਾਂ ਦੇ ਪਲੇਟਫਾਰਮ ਤੋਂ ਮੈਂ ਤੁਹਾਨੂੰ ਇਹ ਜਰੂਰ ਕਹਾਂਗਾ : ਖਾਲਸਾ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਉਦਘਾਟਨ ਕੀਤਾ ਗਿਆ ਸੀ, ਮਨੁੱਖੀ ਅਧਿਕਾਰਾਂ ਦੀ ਰਾਖੀ ਲਈ। ਜੇਕਰ ਤੁਸੀਂ ਆਪਣੇ ਖੁਦ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਨਹੀਂ ਕਰ ਸਕਦੇ, ਤਾਂ ਤੁਸੀਂ ਸੰਸਾਰ ਵਿੱਚ ਖਾਲਸੇ ਦੀ ਕੋਈ ਪਰਿਭਾਸ਼ਾ ਨਹੀਂ ਦੇ ਸਕੋਗੇ।



## ਸਿਹਤ ਸੰਭਾਲ




# ਆਉ ਜਾਣੀਏ ਮਨੁੱਖੀ ਸਰੀਰ ਦੀ ਬਣਤਰ ਬਾਰੇ



**ਜਸਪ੍ਰੀਤ ਸਿੰਘ ਮਾਂਗਟ**
**ਮੋ. 9915220486**

ਦੋਸਤੋ, ਮਨੁੱਖੀ ਸਰੀਰ ਅਕਾਲ-ਪੁਰਖ ਦੀ ਇੱਕ ਅਜਿਹੀ ਸੰਰਚਨਾ ਹੈ ਜੋ ਆਪਣੇ-ਆਪ ਵਿੱਚ ਡੂੰਘੇ ਭੇਦ ਸਮੋਈ ਬੈਠੀ ਹੈ। ਮਨੁੱਖੀ ਸਰੀਰ ਦੇ ਬਹੁਤ ਸਾਰੇ ਅੰਗ ਹਨ ਅਤੇ ਇਨਾਂ ਅੰਗਾ ਤੋਂ ਮਿਲ ਕੇ ਸਰੀਰ ਦੇ ਕਈ ਹਿੱਸੇ ਬਣਦੇ ਹਨ। ਜਿਨਾ ਕਰਕੇ ਅਸੀਂ ਜਿੰਦਗੀ ਜੀ ਰਹੇ ਹਾਂ। ਆਉ ਜਾਣੀਏ ਮਨੁੱਖੀ ਸਰੀਰ ਦੀ :-

**ਸੰਰਚਨਾ ਅਤੇ ਅੰਗਾਂ ਬਾਰੇ**

ਮਨੁੱਖੀ ਸਰੀਰ 8 ਭਾਗਾਂ ਤੋਂ ਮਿਲ ਕੇ ਬਣਿਆ ਹੈ।
(1) ਪਾਚਨ ਪ੍ਰਣਾਲੀ ਸਿਸਟਮ (2) ਸਾਹ ਪ੍ਰਣਾਲੀ ਸਿਸਟਮ (3) ਐੱਕਸ-ਕਰੇਟੌਰੀ ਸਿਸਟਮ (4) ਨਰਵਸ ਸਿਸਟਮ (5) ਸਰਕੂਲੇਟਰੀ ਸਿਸਟਮ (6) ਸਕੈਲੇਟਨ ਸਿਸਟਮ (7) ਇੰਨਡੋ-ਕਰਾਇਨ ਸਿਸਟਮ (8) ਪ੍ਰਜਨਨ ਸਿਸਟਮ

1. 'ਪਾਚਨ ਪ੍ਰਣਾਲੀ ਸਿਸਟਮ' - ਪਾਚਨ ਪ੍ਰਣਾਲੀ ਸਾਡੇ ਸਰੀਰ ਦਾ ਪ੍ਰਮੁੱਖ ਹਿੱਸਾ ਹੈ। ਭੋਜਨ ਨਾਲੀ, ਪੇਟ, ਈਸੋਫੇਗਸ, ਲੀਵਰ, ਵੱਡੀ ਅੰਤੜੀ, ਛੋਟੀ ਅੰਤੜੀ, ਐਨੈਂਸ ਸਭ ਪਾਚਨ-ਪ੍ਰਣਾਲੀ ਦਾ ਹਿੱਸਾ ਹਨ। ਪਾਚਨ ਪ੍ਰਣਾਲੀ ਦੋ ਤਰਾਂ ਦੀ ਹੁੰਦੀ ਹੈ। (1) ਮਕੈਨੀਕਲ (2) ਕੈਮੀਕਲ। ਮਕੈਨੀਕਲ ਪਾਚਨ ਪ੍ਰਣਾਲੀ ਵਿੱਚ ਖਾਣੇ ਨੂੰ ਮੂੰਹ ਰਾਹੀਂ ਚਬਾ ਕੇ ਛੋਟੇ-ਛੋਟੇ ਟੁਕੜਿਆਂ ਵਿੱਚ ਤੋੜਿਆ ਜਾਂਦਾ ਹੈ। ਕੈਮੀਕਲ ਪਾਚਨ ਪ੍ਰਣਾਲੀ ਵਿੱਚ ਖਾਣਾ ਟੁੱਟ ਕੇ ਰਸਾਇਣਾਂ ਵਿੱਚ ਬਦਲਦਾ ਹੈ। ਖਾਣਾ ਪਹਿਲਾਂ ਭੋਜਨ ਨਲੀ ਰਾਹੀ ਈਸੋਫੈਗਸ ਵਿੱਚ ਜਾਂਦਾ ਹੈ। ਈਸੋਫੈਗਸ ਇਸ ਖਾਣੇ ਨੂੰ ਪੇਟ ਵੱਲ ਭੇਜਦਾ ਹੈ। ਪੇਟ ਵਿੱਚ ਕੈਮੀਕਲ ਡਾਈਜੇਸ਼ਨ ਸ਼ੁਰੂ ਹੁੰਦੀ ਹੈ। ਤਿੰਨ ਘੰਟੇ ਬਾਅਦ ਇਹ ਖਾਣਾ ਛੋਟੀ ਅੰਤੜੀ ਵੱਲ ਜਾਂਦਾ ਹੈ। ਛੋਟੀ ਅੰਤੜੀ ਭੋਜਨ ਤੱਤਾਂ ਨੂੰ ਸੋਖਦੀ ਹੈ। ਇਸ ਪਿੱਛੇ ਵੱਡੀ ਅੰਤੜੀ ਖਾਣੇ ਵਿਚਲੇ ਮੌਜੂਦ ਪਾਣੀ ਨੂੰ ਸੋਖ ਲੈਂਦੀ ਹੈ ਅਤੇ ਫਾਲਤੂ ਪਦਾਰਥਾਂ ਨੂੰ ਰੇਕਟਮ ਵੱਲ ਭੇਜ ਦਿੰਦੀ ਹੈ। ਰੈਕਟਮ ਫਾਲਤੂ ਪਦਾਰਥਾਂ ਨੂੰ ਐਨਸ (ਮਲ-ਦੁਆਰ) ਵੱਲ ਭੇਜਦਾ ਹੈ। ਇਸ ਤਰਾਂ ਪਾਚਨ ਕਿਰਿਆ ਸੰਪੂਰਨ ਹੁੰਦੀ ਹੈ।

2. 'ਸਾਹ ਪ੍ਰਣਾਲੀ ਸਿਸਟਮ' - ਸਾਹ ਪ੍ਰਣਾਲੀ ਦਾ ਵੀ ਮਨੁੱਖੀ ਸਰੀਰ ਦੀ ਸੰਰਚਨਾ ਵਿੱਚ ਅਹਿਮ ਯੋਗਦਾਨ ਹੈ। ਨੱਕ, ਨੇਸਲ ਪੈਸਿਜ ਟਰੰਕੀਆ, ਗਲਾ, ਫੇਫੜੇ, ਬਰੋਕੀਆਂ ਟਿਊਬ। ਨੱਕ ਦੇ ਰਾਹੀਂ ਅਸੀ ਸਾਹ ਅੰਦਰ ਖਿੱਚਦੇ ਹਾ ਜੋ ਕਿ ਸਾਡੀਆ ਨੌਸਟਰਲਜ ਰਾਹੀਂ ਨੈਸਲ ਪੈਸਿਜ ਵਿੱਚ ਦਾਖਲ ਹੁੰਦੀ ਹੈ। ਜੋ ਕਿ ਧੂੜ ਨੂੰ ਅੰਦਰ ਜਾਣ ਤੋਂ ਰੋਕਦੀ ਹੈ ਤਾਂ ਕਿ ਫੇਫੜਿਆਂ ਨੂੰ ਤਾਜ਼ਾ ਹਵਾ ਜਾਵੇ। ਨਾਸਲ ਤੋਂ ਬਆਦ ਹਵਾ ਟਰੇਕਿਆ ਵਿੱਚ ਜਾਂਦੀ ਹੈ। ਜਿਸ ਨੂੰ ਬਰੋਕੀਆ ਕਿਹਾ ਜਾਂਦਾ ਹੈ ਜੋ ਕਿ ਸਾਡੇ ਫੇਫੜਿਆਂ ਨਾਲ ਜੁੜੀਆਂ ਹੁੰਦੀਆਂ ਹਨ।

3. 'ਐੱਕਸਕਰੇਟੌਰੀ ਸਿਸਟਮ' - ਐੱਕਸਕਰੇਟੌਰੀ ਸਿਸਟਮ ਦਾ ਕੰਮ ਸਰੀਰ ਤੋਂ ਬੇਲੋੜੇ ਪਦਾਰਥਾਂ ਨੂੰ ਬਾਹਰ ਕੱਢਣਾ ਹੈ। ਕਿਡਨੀ, ਯੂਹੰਟਰ, ਬਲੈਡਰ, ਯੂਰੇਥਰਾ, ਸਾਡੇ ਸਰੀਰ ਵਿੱਚ ਜੋ ਖ਼ੂਨ ਕਿਡਨੀ ਵਿੱਚ ਪਹੁੰਚਦਾ ਹੈ।
ਉਸ ਵਿੱਚ ਕੁੱਝ ਵਿਸ਼ੈਲੇ ਤੱਤ ਮੌਜੂਦ ਹੁੰਦੇ ਹਨ। ਕਿਡਨੀ ਉਨਾਂ ਨੂੰ ਫਿਲਟਰ ਕਰਨ ਦਾ ਕੰਮ ਕਰਦੀ ਹੈ। ਬਾਕੀ ਜੋ ਫਾਲਤੂ ਪਦਾਰਥ ਹੁੰਦੇ ਹਨ ਉਹ ਪਿਸ਼ਾਬ ਦੇ ਰੂਪ ਵਿੱਚ ਯੂਰੇਟਰ ਰਾਹੀ ਬਲੈਡਰ ਵਿੱਚ ਪਹੁੰਚ ਜਾਂਦਾ ਹੈ। ਅੰਤ ਵਿੱਚ ਯੂਰੇਥਣ ਟਿਊਬਾਂ ਰਾਹੀ ਸਰੀਰ ਵਿੱਚੋਂ ਨਿਕਲ ਜਾਂਦਾ ਹੈ। ਕੁੱਲ ਮਿਲਾ ਕੇ ਐਕਸਟਰੀ ਸਿਸਟਮ ਸਰੀਰ ਦੇ ਵਿੱਚੋਂ ਬੇਲੋੜੇ ਪਦਾਰਥਾਂ ਨੂੰ ਕੱਢਦਾ ਹੈ।

4. 'ਨਰਵਸ ਸਿਸਟਮ' ਨਰਵਸ ਸਿਸਟਮ ਦਾ ਮੁੱਖ ਕੰਮ ਸਾਡੇ ਸਰੀਰ ਦੀਆਂ ਗਤੀਵਿਧੀਆਂ ਨੂੰ ਕੰਟਰੋਲ ਕਰਨਾ ਹੁੰਦਾ ਹੈ। ਮਨੁੱਖੀ ਸਰੀਰ ਦਾ ਸਾਰਾ ਕੰਮ ਨਰਵਸ ਸਿਸਟਮ ਰਾਹੀਂ ਹੁੰਦਾ ਹੈ। ਨਰਵਸ ਸਿਸਟਮ ਦੇ ਭਾਗਾਂ ਵਿੱਚ ਵੰਡਿਆ ਹੁੰਦਾ ਹੈ। ਸੈਂਟਰਲ ਨਰਵਸ ਸਿਸਟਮ ਅਤੇ ਪੈਰੀਫੇਰਲ ਨਰਵਸ ਸਿਸਟਮ। ਸੈਂਟਰਲ ਨਰਵਸ ਸਿਸਟਮ ਦੇ ਦੋ ਪ੍ਰਮੁੱਖ ਹਿੱਸੇ ਹੁੰਦੇ ਹਨ। ਦਿਮਾਗ ਅਤੇ ਸਪਾਈਨਲ ਕੋਡ ਮਨੁੱਖ ਦੀ ਸੋਚਣ ਸਕਤੀ ਭਾਵਨਾਵਾਂ ਸਭ ਦਿਮਾਗ ਰਾਹੀਂ ਸੰਭਵ ਹੁੰਦੀ ਹੈ। ਸਪਾਈਨਲ ਕੋਡ ਦਿਮਾਗ ਕੋਲੋਂ ਸਿਗਨਲ ਲੈ ਕੇ ਸਰੀਰ ਦੇ ਵੱਖ-ਵੱਖ ਅੰਗਾਂ ਤੱਕ ਪਹੁੰਚਾਉਂਦੀ ਹੈ। ਜਿਸ



ਰਾਹੀਂ ਸਰੀਰ ਦੇ ਸਾਰੇ ਕਾਰਜ ਹੁੰਦੇ ਹਨ।

5. 'ਸਰਕੂਲੇਟਰੀ ਸਿਸਟਮ' ਸਰਕੂਲੇਟਰੀ ਸਿਸਟਮ ਚਾਰ ਅੰਗਾਂ ਦੇ ਮਿਲਣ ਨਾਲ ਬਣਿਆ ਹੈ। ਦਿਲ, ਆਰਟਰੀ, ਵੀਨਸ ਕੰਪੋਲਰੀ। ਸਰਕੂਲੇਟਰੀ ਸਿਸਟਮ ਦਾ ਪ੍ਰਮੁੱਖ ਕੰਮ ਲਹੂ ਦੇ ਵਹਾਅ ਨੂੰ ਸਰੀਰ ਵਿੱਚ ਬਣਾਈ ਰੱਖਣਾ ਹੈ। ਸਰਕੂਲੇਟਰੀ ਸਿਸਟਮ ਵਿੱਚ ਦਿਲ ਇੱਕ ਪੰਪ ਦਾ ਕੰਮ ਕੰਮ ਕਰਦਾ ਹੈ। ਜੋ ਕਿ 60 ਤੋਂ 100 ਵਾਰ ਇੱਕ ਵਿੱਚ ਧੜਕਦਾ ਹੈ। ਹਰ ਵਾਰ ਦਿਲ ਪੂਰੇ ਸਰੀਰ ਵਿੱਚ ਖ਼ੂਨ ਪਹੁੰਚਾਉਦਾ ਹੈ। ਜਿਸ ਰਾਹੀਂ ਸਰੀਰ ਦੇ ਹਰ ਸਾਲ ਨੂੰ ਆਕਸੀਜਨ ਮਿਲਦੀ ਹੈ। ਆਕਸੀਜਨ ਦੀ ਪੂਰਤੀ ਤੋਂ ਬਾਅਦ ਇਹ ਖ਼ੂਨ ਵਾਪਸ ਦਿਲ ਵੱਲ ਪਰਤ ਆਉਂਦਾ ਹੈ। ਦਿਲ ਫਿਰ ਖ਼ੂਨ ਨੂੰ ਫੇਫੜਿਆਂ ਵੱਲ ਭੇਜ ਦਿੰਦਾ ਹੈ। ਆਰਟਰੀ ਨੂੰ ਜੋ ਖ਼ੂਨ ਦਿਲ ਵੱਲੋਂ ਮਿਲਦਾ ਹੈ ਉਸ ਨੂੰ ਸਰੀਰ ਦੇ ਬਾਕੀ ਅੰਗਾਂ ਵੱਲ ਭੇਜਦੀ ਹੈ ਜਿਸ ਨਾਲ ਹਰ ਅੰਗ ਨੂੰ ਆਕਸੀਜਨ ਭਰਪੂਰ ਖ਼ੂਨ ਮਿਲਦਾ ਹੈ। ਇਸੇ ਤਰਾਂ ਵੀਨਸ ਅਤੇ ਕਪੇਲਰੀ ਵੀ ਲਹੂ ਨੂੰ ਵੱਖ-ਵੱਖ ਅੰਗਾਂ ਤੱਕ ਪਹੁੰਚਾਉਂਦੀਆਂ ਹਨ।

6. 'ਸਕੈਲੇਟਨ ਸਿਸਟਮ'- ਸਕੈਲੇਟਨ ਵਿੱਚ ਸਰੀਰ ਹੱਡੀਆਂ ਦਾ ਢਾਂਚਾ ਹੁੰਦਾ ਹੈ। ਸਾਰੇ ਜੋੜ, ਮਨੁੱਖੀ ਸਰੀਰ ਦਾ ਢਾਂਚਾ ਇਸ ਦੇ ਉਪਰ ਹੀ ਆਧਾਰਿਤ ਹੁੰਦਾ ਹੈ। ਸਕੈਲਟੋਨ ਸਿਸਟਮ ਸਾਡੇ ਸਰੀਰ ਨੂੰ ਚੱਲਣ-ਫਿਰਨ ਵਿੱਚ ਮੱਦਦ ਕਰਦਾ ਹੈ। ਇਸ ਤੋਂ ਇਲਾਵਾ ਇਹ ਸਾਡੇ ਸਰੀਰ ਦੇ ਅੰਗਾਂ ਨੂੰ ਸੁਰੱਖਿਆ ਪ੍ਰਦਾਨ ਕਰਦਾ ਹੈ। ਬਲੱਡ ਸੈਲ ਦੀ ਬਣਤਰ ਵੀ ਸਕਲਟੋਨ ਰਾਹੀਂ ਹੁੰਦੀ ਹੈ, ਸਕੌਲਟੋਨ ਸਿਸਟਮ ਦੇ ਭਾਗਾਂ ਵਿਚ ਵੰਡਿਆ ਹੁੰਦਾ ਹੈ। (1) ਐਕਸੀਅਨ (2) ਅਡੀਕਲਰ
ਜਿਸ ਨਾਲ ਸਰੀਰ ਦੇ ਵੱਖਰੇ ਵੱਖਰੇ ਕਾਰਜ ਹੁੰਦੇ ਹਨ। ਇਸ ਸਰੀਰ ਦੇ ਅੰਗਾਂ ਦੇ ਕਾਰਜਾਂ ਨੂੰ ਵੀ

7. 'ਈਡੋਂਕਰਾਈਨ ਸਿਸਟਮ' -ਈਡੋਕਰਾਇਨ ਸਿਸਟਮ ਦਾ ਮੁੱਖ ਕੰਮ ਹਾਰਮੋਨਜ਼ ਪੈਦਾ ਕਰਨਾ ਹੈ ਕੰਟਰੋਲ ਕਰਦਾ ਹੈ। ਈਡੋਕਰਾਈਨ ਸਿਸਟਮ ਦੋ ਭਾਗਾਂ ਵਿੱਚ ਵੰਡਿਆ ਹੁੰਦਾ ਹੈ। (1) ਸੈਂਟਰਲ ਗਲੈਂਡ (2) ਪੈਰੀਨਲ ਗਲੈਂਡ। ਸੈਂਟਰਲ ਗਲੈਂਡ ਵਿੱਚ ਹਾਈਪੋਥੇਲੇਮਸ, ਪੀਟਊਟਰੀ ਗਲੈਂਡ, ਪਾਈਨਲ ਗਲੈਂਡ ਹੁੰਦੇ ਹਨ। ਪੈਰੀਫੇਰਲ ਗਲੈਂਡ ਵਿੱਚ ਥਾਈਰਡ, ਪੈਰਾਥਾਈਰਡ ਹੁੰਦੇ ਹਨ।

8. 'ਪ੍ਰਜਨਨ ਸਿਸਟਮ' ਪ੍ਰਜਨਨ ਸਿਸਟਮ ਮਨੁੱਖੀ ਸਰੀਰ ਦਾ ਪ੍ਰਮੁੱਖ ਸਿਸਟਮ ਹੁੰਦਾ ਹੈ। ਇਸ ਸਿਸਟਮ ਨਾਲ ਸੰਤਾਨ-ਉਤਪਤੀ ਹੁੰਦੀ ਹੈ। ਇਸਤਰੀ ਅਤੇ ਪੁਰਸ ਦੇ ਸਰੀਰ ਵਿੱਚ ਪ੍ਰਜਨਨ ਸਿਸਟਮ ਵੱਖਰਾ ਵੱਖਰਾ ਹੁੰਦਾ ਹੈ। ਔਰਤਾਂ ਵਿੱਚ ਪ੍ਰਜਨਨ ਸਿਸਟਮ ਲਈ ਫੌਜੀਨਾ, ਯੂਟੈਰਗਸ, ਚੈਲੋਪੀਅਨ ਟਿਊਬ, ਉਵਰੀਜ ਆਦਿ ਕੰਮ ਕਰਦੇ ਹਨ। ਮਰਦਾਂ ਵਿੱਚ ਟੈਸਟੀਕਲ, ਪੈਨੀਸ, ਪਰੌਸਟੇਟ ਆਦਿ ਕੰਮ ਕਰਦੇ ਹਨ। ਮਨੁੱਖੀ ਸਰੀਰ ਇਨਾਂ ਸਿਸਟਮਾਂ ਨਾਲ ਮਿਲ ਕੇ ਬਣਿਆ ਹੈ ਜਿਸ ਵਿੱਚ ਵੱਖਰੇ-ਵੱਖਰੇ ਅੰਗ ਕੰਮ ਕਰਦੇ ਹਨ। ਇਸ ਲਈ ਸਾਨੂੰ ਲੋੜ ਹੈ ਇਸ ਸੰਰਚਨਾ ਨੂੰ ਸਮਝਣ ਦੀ ਤਾਂ ਜੋ ਅਸੀਂ ਅਰੋਗੀ ਜੀਵਨ ਬਤੀਤ ਕਰ ਸਕੀਏ।

# ਸਿਹਤ ਸਹੂਲਤਾਂ ਦੇ ਸੰਕਟ ਤੇ ਭ੍ਰਿਸ਼ਟਾਚਾਰ ਨਾਲ ਜੂਝ ਰਿਹੈ ਭਾਰਤ

**ਪ੍ਰੋਫੈਸਰ ਪਰਮਜੀਤ ਸਿੰਘ**

ਭਾਰਤ ਵਿਚ ਸਿਹਤ ਸੰਭਾਲ ਪ੍ਰਤੀ ਜਾਗਰੂਕਤਾ ਅਤੇ ਚੰਗੀਆਂ ਸਿਹਤ ਸਹੂਲਤਾਂ ਦੀ ਬੜੀ ਭਾਰੀ ਕਮੀ ਹੈ। ਭਾਰਤ ਵਿਚ ਉਪਲਬਧ ਸਿਹਤ ਸਹੂਲਤਾਂ ਦੀ ਜੇ ਗੱਲ ਕੀਤੀ ਜਾਵੇ ਤਾਂ ਸੰਨ 2019 ਵਿਚ ਦੇਸ਼ ਦੇ ਜੀ.ਡੀ.ਪੀ. ਭਾਵ ਘਰੇਲੂ ਉਤਪਾਦ ਦਾ ਕੇਵਲ 1.23 ਫ਼ੀਸਦੀ ਹਿੱਸਾ ਸਿਹਤ ਖੇਤਰ 'ਤੇ ਖ਼ਰਚ ਕੀਤਾ ਗਿਆ ਸੀ। ਪ੍ਰਾਪਤ ਅੰਕੜਿਆਂ ਅਨੁਸਾਰ ਭਾਰਤ ਵਿਚ ਹਰੇਕ 11 ਹਜ਼ਾਰ ਦੇ ਕਰੀਬ ਨਾਗਰਿਕ ਸਮੂਹ ਲਈ ਇਕ ਡਾਕਟਰ ਉਪਲਬਧ ਹੈ ਤੇ ਸਰਕਾਰੀ ਹਸਪਤਾਲਾਂ ਵਿਚ ਪ੍ਰਤੀ ਹਜ਼ਾਰ ਜਨਸੰਖਿਆ ਪਿੱਛੇ 0.55 ਬੈੱਡ ਉਪਲਬੱਧ ਹਨ, ਜੋ ਕਿ ਸਿਹਤ ਸੰਭਾਲ ਖੇਤਰ ਵਿਚ ਸਹੂਲਤਾਂ ਦੀ ਘਾਟ ਨੂੰ ਬੜੀ ਸਪੱਸ਼ਟਤਾ ਨਾਲ ਬਿਆਨ ਕਰਦੇ ਹਨ। ਭਾਰਤ ਵਿਚ ਕੌਮੀ ਸਿਹਤ ਯੋਜਨਾ ਨੂੰ ਸੰਸਦ ਨੇ ਸੰਨ 1983 ਵਿਚ ਪ੍ਰਵਾਨਗੀ ਦਿੱਤੀ ਸੀ ਤੇ ਫਿਰ ਪਹਿਲਾਂ ਸੰਨ 2002 ਵਿਚ ਤੇ ਮੁੜ ਸੰਨ 2017 ਵਿਚ ਇਸ ਯੋਜਨਾ ਨੂੰ ਅਪਡੇਟ ਕੀਤਾ ਗਿਆ ਸੀ।

ਸਿਹਤ ਸਹੂਲਤਾਂ ਦੇ ਖੇਤਰ ਵਿਚ ਕ੍ਰਾਂਤੀਕਾਰੀ ਪਰਿਵਰਤਨ ਲਿਆਉਣ ਦੇ ਮਕਸਦ ਨਾਲ ਸੰਨ 2018 ਵਿਚ 'ਆਯੁਸ਼ਮਾਨ ਭਾਰਤ' ਨਾਮਕ ਯੋਜਨਾ ਆਰੰਭ ਕੀਤੀ ਗਈ ਸੀ, ਜਿਸ ਦਾ ਮੁੱਖ ਮਕਸਦ ਦੇਸ਼ ਦੀ 40 ਫ਼ੀਸਦੀ ਦੇ ਕਰੀਬ ਗ਼ਰੀਬ ਜਨਤਾ ਨੂੰ ਵਧੀਆ ਇਲਾਜ ਦੀ ਸਹੂਲਤ ਉਪਲਬੱਧ ਕਰਵਾਉਣਾ ਸੀ ਤੇ ਉਹ ਇਲਾਜ ਚਾਹੇ ਸਰਕਾਰੀ ਹਸਪਤਾਲ 'ਚ ਲੋੜੀਂਦਾ ਹੋਵੇ ਤੇ ਚਾਹੇ ਨਿੱਜੀ ਹਸਪਤਾਲ ਵਿਚ। ਇਹ ਯੋਜਨਾ ਪਬਲਿਕ-ਪ੍ਰਾਈਵੇਟ ਸਾਂਝ 'ਤੇ ਆਧਾਰਿਤ ਹੈ। ਇੱਥੇ ਇਹ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ ਕਿ ਭਾਰਤ ਵਿਚ ਹਾਜ਼ਰ ਕੁੱਲ ਹਸਪਤਾਲਾਂ ਵਿਚੋਂ 58 ਫ਼ੀਸਦੀ ਹਸਪਤਾਲ ਤੇ ਉਪਲਬੱਧ ਕੁੱਲ ਡਾਕਟਰਾਂ ਵਿਚੋਂ 81 ਫ਼ੀਸਦੀ ਡਾਕਟਰ ਨਿੱਜੀ ਖੇਤਰ ਨਾਲ ਸਬੰਧਿਤ ਹਨ। ਨਿੱਜੀ ਖੇਤਰ ਦਰਅਸਲ ਪੇਂਡੂ ਖੇਤਰ ਵਿਚਲੇ 63 ਫ਼ੀਸਦੀ ਲੋਕਾਂ ਨੂੰ ਤੇ ਸ਼ਹਿਰੀ ਖੇਤਰ ਦੇ 70 ਫ਼ੀਸਦੀ ਲੋਕਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਦਾ ਹੈ।



ਭਾਰਤ ਸਰਕਾਰ ਵਲੋਂ ਦੇਸ਼ ਦੇ 18 ਚੋਣਵੇਂ ਸੂਬਿਆਂ ਵਿਚ ਸੰਨ 2005 ਵਿਚ 'ਕੌਮੀ ਪੇਂਡੂ ਸਿਹਤ ਯੋਜਨਾ' ਭਾਵ ਐਨ. ਐਚ.ਆਰ.ਐਮ. ਦੀ ਆਰੰਭਤਾ ਕੀਤੀ ਗਈ ਸੀ। ਇਸ ਯੋਜਨਾ ਦਾ ਉਦੇਸ਼ ਪੇਂਡੂ ਤੇ ਪਿਛੜੇ ਇਲਾਕਿਆਂ ਵਿਚ ਵਸਦੇ ਲੋਕਾਂ ਲਈ ਵਧੀਆ ਸਿਹਤ ਸਹੂਲਤਾਂ ਉਪਲਬਧ ਕਰਵਾਉਣਾ ਸੀ। ਇਸ ਕਾਰਜ ਹਿਤ 18000 ਐਂਬੂਲੈਂਸਾਂ, 9 ਲੱਖ ਕਮਿਊਨਟੀ ਹੈਲਥ ਵਾਲੰਟੀਅਰਾਂ ਅਤੇ ਪੌਣੇ ਦੋ ਲੱਖ ਤੋਂ ਵੱਧ ਹੈਲਥ ਸਟਾਫ਼ ਦੀ ਨਿਯੁਕਤੀ ਕੀਤੀ ਗਈ ਸੀ। ਇਸ ਯੋਜਨਾ ਤਹਿਤ ਮੈਡੀਕਲ ਖੇਤਰ ਦੀ ਪੜਾਈ ਕਰ ਰਹੇ ਸਿਖਿਆਰਥੀਆਂ ਲਈ ਪੇਂਡੂ ਸਿਹਤ ਸੰਭਾਲ ਸਬੰਧੀ ਵਿਸ਼ੇਸ਼ ਕੋਰਸ ਵੀ ਸ਼ੁਰੂ ਕੀਤਾ ਗਿਆ ਸੀ। ਭਾਰਤ ਵਿਚ ਮੌਜੂਦ ਜਾਂ ਉਪਲਬਧ ਸਿਹਤ ਸਹੂਲਤਾਂ ਦੀ ਜਦੋਂ ਵੀ ਗੱਲ ਹੋਵੇਗੀ ਤਾਂ ਆਰ.ਐਮ.ਪੀ. ਡਾਕਟਰਾਂ ਜਾਂ ਵੈਦਾਂ ਦਾ ਜ਼ਿਕਰ ਜ਼ਰੂਰ ਆਵੇਗਾ। ਇਹ ਡਾਕਟਰ ਪੇਂਡੂ ਖੇਤਰ ਦੇ ਲੋਕਾਂ ਲਈ ਆਸਾਨੀ ਨਾਲ ਉਪਲਬਧ ਹਨ ਤੇ ਪੈਸੇ ਪੱਖੋਂ ਬੜਾ ਸਸਤਾ ਇਲਾਜ ਕਰਦੇ ਹਨ, ਜਿਸ ਕਰਕੇ ਆਮ ਲੋਕ ਅਜਿਹੇ ਡਾਕਟਰਾਂ ਜਾਂ ਵੈਦਾਂ ਕੋਲ ਵੱਡੀ ਗਿਣਤੀ ਵਿਚ ਜਾਂਦੇ ਹਨ ਪਰ ਇਨਾਂ 'ਤੇ ਵੱਡਾ ਇਲਜ਼ਾਮ ਇਹ ਆਉਂਦਾ ਹੈ ਕਿ ਇਨਾਂ ਵਿਚੋਂ ਬਹੁਗਿਣਤੀ ਕੋਲ ਜਾਇਜ਼ ਡਿਗਰੀ ਜਾਂ ਡਿਪਲੋਮਾ ਨਹੀਂ ਹੈ ਤੇ ਦੂਜਾ ਇਹ ਮਰੀਜ਼ ਨੂੰ ਛੇਤੀ ਠੀਕ ਕਰਨ ਦੇ ਚੱਕਰ ਵਿਚ ਸਟ੍ਰਰਾਈਡਜ਼ ਦੀ ਵਰਤੋਂ ਧੜੱਲੇ ਨਾਲ ਕਰਦੇ ਹਨ, ਜਦੋਂ ਕਿ ਸਟ੍ਰਰਾਈਡ ਆਖਰ ਵਿਚ ਮਰੀਜ਼ ਦੀ ਸਿਹਤ ਨੂੰ ਭਾਰੀ ਨੁਕਸਾਨ ਪਹੁੰਚਾਉਂਦੇ ਹਨ।

ਸਿਹਤ ਖੇਤਰ ਨਾਲ ਜੁੜੇ ਭ੍ਰਿਸ਼ਟਾਚਾਰ ਦਾ ਜ਼ਿਕਰ ਕਰਨਾ ਵੀ ਇੱਥੇ ਬੜਾ ਜ਼ਰੂਰੀ ਹੈ। ਅਜੋਕੇ ਅਸੰਖਾਂ ਹੀ ਡਾਕਟਰ ਸਾਹਿਬਾਨ ਆਪਣੇ ਪੇਸ਼ੇ 'ਚ ਆਉਣ ਸਮੇਂ ਖਾਧੀਆਂ ਕਸਮਾਂ ਭੁੱਲ ਕੇ ਮਰੀਜ਼ ਦੀ ਛਿਲ ਲਾਹੁਣ ਲਈ ਬੇਲੋੜੇ ਟੈਸਟਾਂ ਤੇ ਬੇਲੋੜੀਆਂ ਦਵਾਈਆਂ ਦਾ ਬੋਝ ਉਸ ਉੱਤੇ ਪਾ ਦਿੰਦੇ ਹਨ ਤੇ ਮੋਟੀਆਂ ਫ਼ੀਸਾਂ ਤੇ ਕਮਿਸ਼ਨਾਂ ਵਸੂਲਦੇ ਹਨ। ਸੰਨ 20 15 ਵਿਚ ਬ੍ਰਿਟਿਸ਼ ਮੈਡੀਕਲ ਜਰਨਲ ਨੇ ਕਲਕੱਤਾ ਵਾਸੀ ਡਾ. ਗਾਡਰੇ ਦੇ ਹਵਾਲੇ ਨਾਲ ਇਕ ਰਿਪੋਰਟ ਛਾਪੀ ਸੀ ਕਿ ਇੱਥੋਂ ਦੇ ਡਾਕਟਰ ਬੇਲੋੜੇ ਟੈਸਟਾਂ, ਦਵਾਈਆਂ ਤੇ ਆਪ੍ਰੇਸ਼ਨਾਂ ਸਦਕਾ ਲੋਕਾਂ ਦੀ ਦਿਨ-ਦਿਹਾੜੇ ਲੁੱਟ-ਖਸੁੱਟ ਕਰ ਰਹੇ ਸਨ। ਇਸੇ ਤਰਾਂ ਸਾਲ 2017 ਵਿਚ ਅਰਥ ਸ਼ਾਸਤਰੀ ਮਾਰਟਿਨ ਪੈਟ੍ਰਿਕ ਵਲੋਂ ਜਾਰੀ ਇਕ ਰਿਪੋਰਟ ਅਨੁਸਾਰ ਭਾਰਤ ਦੇ ਲੋਕ ਸਰਕਾਰੀ ਖੇਤਰ ਨਾਲੋਂ ਨਿੱਜੀ ਖੇਤਰ ਦੀਆਂ ਸਿਹਤ ਸਹੂਲਤਾਂ ਨੂੰ ਵੱਧ ਮਹੱਤਵ ਦਿੰਦੇ ਹਨ ਜਦੋਂ ਕਿ ਅਜਿਹਾ ਕਰਨ ਸਮੇਂ ਉਨਾਂ ਨੂੰ ਸਰਕਾਰੀ ਖੇਤਰ ਵਿਚਲੇ ਸਿਹਤ ਖ਼ਰਚਿਆਂ ਦੀ ਬਨਿਸਪਤ 24 ਗੁਣਾਂ ਵੱਧ ਰਾਸ਼ੀ ਨਿੱਜੀ ਖੇਤਰ ਦੇ ਹਸਪਤਾਲਾਂ ਨੂੰ ਅਦਾ ਕਰਨੀ ਪੈਂਦੀ ਹੈ। ਭਾਰਤ ਵਿਚ ਜਦ ਕੋਰੋਨਾ ਆਇਆ ਸੀ ਤਾਂ ਇਥੇ ਆਕਸੀਜਨ ਦੀ ਘਾਟ ਕਰਕੇ ਹੋਈਆਂ ਅਨੇਕਾਂ ਮੌਤਾਂ ਨੇ ਵੀ ਭਾਰਤੀ ਸਿਹਤ ਪ੍ਰਬੰਧਾਂ ਦੀ ਪੋਲ ਖੋਲ ਕੇ ਰੱਖ ਦਿੱਤੀ ਸੀ।

# ਉਹ ਆਏ ਅਤੇ ਚਲੇ ਗਏ



ਗੁਰਮੀਤ ਸਿੰਘ ਪਲਾਹੀ
9815802070

ਉਹ ਆਏ ਅਤੇ ਚਲੇ ਗਏ। ਹਾਲੋਂ-ਬੇਹਾਲ ਪੰਜਾਬ ਅਤੇ ਪੰਜਾਬੀਆਂ ਨੂੰ ਆਪਣੇ ਹਾਲ ਤੇ ਛੱਡ ਗਏ। ਉਹ ਆਏ ਅਤੇ ਚਲੇ ਗਏ। ਪੰਜਾਬ ਪੱਲੇ ਇੱਕ ਕੈਂਸਰ ਹਸਪਤਾਲ ਪਾ ਗਏ ਅਤੇ ਪੰਜਾਬੀਆਂ ਦੀਆਂ ਇਸ਼ਾਰੇ-ਇਸ਼ਾਰੇ 'ਚ ਮੰਗੀਆਂ ਪੰਜਾਬ ਦੇ ਮੁੱਖ ਮੰਤਰੀ ਦੀਆਂ ਮੰਗਾਂ 'ਤੇ ਚੁੱਪੀ ਵਟ ਗਏ। ਇਵੇਂ ਜਾਪਿਆਂ ਜਿਵੇਂ ਨਰੇਂਦਰ ਮੋਦੀ ਭਾਰਤ ਦਾ ਨਹੀਂ ਭਾਜਪਾ ਦਾ ਪ੍ਰਧਾਨ ਮੰਤਰੀ ਹੈ ਅਤੇ ਭਗਵੰਤ ਸਿੰਘ ਮਾਨ ਪੰਜਾਬ ਦਾ ਨਹੀਂ 'ਆਪ' ਦਾ ਮੁੱਖ ਮੰਤਰੀ ਹੈ। ਉਲਾਹਮਾ ਕਾਹਦਾ, ਪੰਜਾਬ ਸਦਾ ਹੀ ਕੇਂਦਰ ਦੀਆਂ ਅੱਖਾਂ 'ਚ ਰੜਕਦਾ ਰਿਹਾ ਹੈ ਅਤੇ ਰੜਕਦਾ ਰਹੇਗਾ, ਕਿਉਂਕਿ ਪੰਜਾਬ ਸਦਾ ਅਣਖ ਨਾਲ ਜੀਊਣਾ ਸਿੱਖਿਆ ਹੈ। ਭਾਵੇਂ ਹਾਲ ਪੰਜਾਬ ਦੇ ਨਿਰੇ ਮਾੜੇ ਹਨ, ਕੀ ਕੇਂਦਰ ਨਹੀਂ ਜਾਣਦਾ ਪੰਜਾਬ ਹੱਦ ਦਰਜੇ ਦਾ ਕਰਜ਼ਾਈ ਹੈ ? ਕੀ ਕੇਂਦਰ ਨਹੀਂ ਜਾਣਦਾ ਪੰਜਾਬੀਆਂ ਦੇ ਜ਼ਬਰੀ ਪ੍ਰਵਾਸ ਅਤੇ ਨੌਜਵਾਨਾਂ ਦੀ ਬੇਰੁਜ਼ਗਾਰੀ ਦੀ ਸਮੱਸਿਆ ? ਕੀ ਕੇਂਦਰ ਨਹੀਂ ਜਾਣਦਾ ਪੰਜਾਬ ਦੇਸ਼ ਦਾ ਢਿੱਡ ਭਰਦਾ ਆਪ ਮਾਰੂਥਲ ਹੋਣ ਵੱਲ ਵੱਧ ਰਿਹਾ ਹੈ ? ਕੀ ਕੇਂਦਰ ਨਹੀਂ ਜਾਣਦਾ ਪੰਜਾਬ ਦਾ ਨੌਜਵਾਨ ਔਜੜੇ ਰਾਹਾਂ 'ਤੇ ਹੈ, ਨਸ਼ਿਆਂ ਦੇ ਸੌਦਾਗਰਾਂ ਉਸਦਾ ਨਾਸ ਮਾਰਿਆ ਹੋਇਆ ਹੈ ? ਕੀ ਕੇਂਦਰ ਨਹੀਂ ਜਾਣਦਾ ਕਿ ਸੂਬੇ ਪੰਜਾਬ ਦਾ ਕਿਸਾਨ ਕਰਜ਼ੇ ਦੀ ਦਲ ਦਲ 'ਚ ਫਸਿਆ, ਨਿੱਤ ਖੁਦਕੁਸ਼ੀਆਂ ਕਰਦਾ ਹੈ ?

ਨਹੀਂ ਲੁਕੀ ਹੋਈ ਕਿਸੇ ਤੋਂ ਪੰਜਾਬ ਦੀ ਹਾਲਾਤ ਆਰਥਿਕ ਪੱਖੋਂ ਨਿਘਾਰ ਦੀ। ਨਾ ਕੋਈ ਵੱਡਾ ਉਦਯੋਗ ਪੰਜਾਬ 'ਚ, ਨਾ ਕੋਈ ਪੰਜਾਬ ਦੀ ਰਾਜਧਾਨੀ, ਨਾ ਪੰਜਾਬੀਆਂ ਨੂੰ ਕਦੇ ਮਿਲਿਆ ਆਰਥਿਕ ਪੈਕੇਜ ਅਤੇ ਜੋ ਛੋਟੇ-ਵੱਡੇ ਉਦਯੋਗ ਪੰਜਾਬ 'ਚ ਹਨ ਜਾਂ ਸਨ, ਉਹ ਵੀ ਪੰਜਾਬੋਂ ਬਾਹਰ ਤੁਰ ਗਏ ਜਾਂ ਤੋਰ ਦਿੱਤੇ ਗਏ, ਕਿਉਂਕਿ ਗੁਆਂਢੀ ਸੂਬਿਆਂ 'ਚ ਉਦਯੋਗ ਲਈ ਪੈਕੇਜ ਹਨ, ਪੰਜਾਬ ਇਨਾਂ ਤੋਂ ਸੱਖਣਾ। ਉਹ ਪੰਜਾਬ ਜਿਹੜਾ ਸਰਹੱਦੀ ਸੂਬਾ ਹੈ, ਉਹ ਪੰਜਾਬ ਜਿਹੜਾ ਦੇਸ਼ ਲਈ ਜਾਨਾਂ ਵਾਰਦਾ ਹੈ, ਉਹ ਪੰਜਾਬ ਜਿਹੜਾ ਹਰ ਔਕੜ ਵੇਲੇ ਆਪਣੀ ਹੋਂਦ ਗੁਆ ਕੇ ਵੀ ਦੇਸ਼ ਲਈ ਕੁਰਬਾਨ ਹੁੰਦਾ ਹੈ। ਉਹ ਪੰਜਾਬ ਅੱਜ ਸਿਆਸਤਦਾਨਾਂ ਦੀਆਂ ਭੈੜੀਆਂ ਨੀਤੀਆਂ ਅਤੇ ਨੀਤ ਕਾਰਨ ਅਧਮੋਇਆ ਹੋਇਆ ਪਿਆ ਹੈ। ਕੇਂਦਰ ਨੂੰ ਇਸ ਨਾਲ ਕੀ ਵਾਸਤਾ ? ਉਸ ਲਈ ਤਾਂ ਆਪਣੇ ਹਿੱਤ ਪਿਆਰੇ ਹਨ। ਪੰਜਾਬ 'ਚ ਭਾਜਪਾ ਰਾਜ-ਭਾਗ ਸਥਾਪਤ ਕਰਨਾ ਉਸਦਾ ਮੁੱਖ ਉਦੇਸ਼ ਹੈ। ਕਿਸੇ ਵੀ ਪਾਰਟੀ ਨੂੰ ਇਹ ਅਧਿਕਾਰ ਪ੍ਰਾਪਤ ਹੈ, ਪਰ ਵਿਰੋਧੀ ਧਿਰਾਂ ਨੂੰ ਮਿੱਧਕੇ, ਮਨ-ਆਈਆਂ ਕਰਨੀਆਂ ਤੇ ਸੂਬੇ ਦੇ ਹਿੱਤਾਂ ਨੂੰ ਅੱਖੋਂ-ਪਰੋਖੇ ਕਰਨਾ ਕਿਥੋਂ ਤੱਕ ਜਾਇਜ਼ ਹੈ ?

ਭਾਰਤ ਅਤੇ ਏਸ਼ੀਆਈ ਦੇਸ਼ਾਂ ਵਿੱਚ ਉਦਯੋਗਿਕ ਕ੍ਰਾਂਤੀ ਤੋਂ ਬਾਅਦ ਹਰੀ ਕ੍ਰਾਂਤੀ ਦੀ ਸ਼ੁਰੂਆਤ ਹੋਈ। ਖਾਦ ਅਤੇ ਕੀਟਨਾਸ਼ਕਾਂ ਦਾ ਕਾਰੋਬਾਰ ਕਰਨ ਵਾਲੀਆਂ ਬਹੁ-ਰਾਸ਼ਟਰੀ ਕੰਪਨੀਆਂ ਨੇ ਇਹ ਪ੍ਰਚਾਰਿਆ ਕਿ ਬੇਹਤਰ ਉਪਜ ਲਈ ਕੀਟਨਾਸ਼ਕਾਂ ਦਾ ਇਸਤੇਮਾਲ ਜ਼ਰੂਰੀ ਹੈ। ਇਸਦੇ ਬਾਅਦ ਦੇਸ਼ ਦੇ ਕਿਸਾਨਾਂ ਨੇ ਖ਼ਾਸ ਕਰਕੇ ਪੰਜਾਬ ਦੇ ਕਿਸਾਨਾਂ ਨੇ ਕੀਟਨਾਸ਼ਕ ਖਾਦਾਂ ਦਾ ਇਸਤੇਮਾਲ ਇਸ ਕਦਰ ਕਰਨਾ ਸ਼ੁਰੂ ਕੀਤਾ ਕਿ ਜ਼ਮੀਨ ਦੀ ਉਪਜਾਊ ਸ਼ਕਤੀ ਤਾਂ ਖ਼ਤਮ ਹੋਣ ਕੰਢੇ ਹੋਈ ਹੀ ਹੈ, ਕੈਂਸਰ, ਦਮਾ ਅਤੇ ਹੋਰ ਭਿਅੰਕਰ ਬੀਮਾਰੀਆਂ ਨੇ ਪੰਜਾਬੀਆਂ ਨੂੰ ਘੇਰਾ ਪਾ ਲਿਆ ਹੈ। ਅੱਜ ਪੰਜਾਬ ਦੀ ਹੀ ਨਹੀਂ ਦੇਸ਼ ਦੇ ਲੱਖਾਂ ਕਿਸਾਨਾਂ ਦੇ ਖੇਤਾਂ ਦੀ ਉਪਜਾਊ ਸ਼ਕਤੀ ਇੰਨੀ ਘੱਟ ਹੋ ਗਈ ਹੈ ਕਿ ਵੱਡੀ ਮਾਤਰਾ 'ਚ ਖਾਦ ਤੇ ਕੀਟਨਾਸ਼ਕਾਂ ਦੀ ਵਰਤੋਂ ਬਿਨਾਂ ਫ਼ਸਲ ਹੀ ਨਹੀਂ ਉੱਗਦੀ। ਇਨਾਂ ਰਸਾਇਣਕ ਖਾਦਾਂ ਤੇ ਕੀਟਨਾਸ਼ਕਾਂ ਕਾਰਨ ਜ਼ਹਿਰੀਲਾਪਨ ਧਰਤੀ 'ਚ ਵੱਧਦਾ ਹੈ। ਇਹ ਬੀਮਾਰੀਆਂ ਦਾ ਕਾਰਨ ਬਣਦਾ ਹੈ। ਸਿੱਟੇ ਵਜੋਂ ਕਿਸਾਨ ਕਈ ਸਮੱਸਿਆਵਾਂ ਨਾਲ ਘਿਰਦੇ ਜਾ ਰਹੇ ਹਨ। ਪੰਜਾਬ ਹਰੀ ਕ੍ਰਾਂਤੀ ਕਾਰਨ ਖਾਦਾਂ, ਕੀਟਨਾਸ਼ਕਾਂ ਦੀ ਵਰਤੋਂ ਕਾਰਨ ਦੇਸ਼ ਦੇ ਬਾਕੀ ਭਾਗਾਂ ਨਾਲੋਂ ਵੱਧ ਲਪੇਟ 'ਚ ਆਇਆ ਹੈ। ਬਠਿੰਡਾ ਤੋਂ ਰਾਜਸਥਾਨ ਨੂੰ ਹਰ ਰੋਜ਼ ਭਰਕੇ ਜਾਂਦੀ ਕੈਂਸਰ ਟਰੇਨ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਇਹ ਖਿੱਤਾ ਕੈਂਸਰ ਤੋਂ ਵੱਧ ਪ੍ਰਭਾਵਤ ਹੈ। ਹੁਣ ਮੋਹਾਲੀ ਵਿਖੇ ਕੈਂਸਰ ਹਸਪਤਾਲ ਤੇ ਖੋਜ ਕੇਂਦਰ ਦਾ ਨਰੇਂਦਰ ਮੋਦੀ ਪ੍ਰਦਾਨ ਮੰਤਰੀ ਵਲੋਂ ਉਦਘਾਟਨ ਕਰਨਾ, ਜਿਸ ਦੀ ਨੀਂਹ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ 2013 ਵਿੱਚ ਰੱਖੀ ਸੀ ਅਤੇ ਫੰਡ ਮਨਜ਼ੂਰ ਅਤੇ ਜਾਰੀ ਕੀਤੇ ਸਨ, ਇਸ ਗੱਲ ਦੀ ਗਵਾਹੀ ਹੈ ਕਿ ਪੰਜਾਬ ਸਮੇਤ ਇਸ ਖਿੱਤੇ 'ਚ ਜਾਨ ਮਾਰੂ ਕੈਂਸਰ ਦਾ ਪ੍ਰਕੋਪ ਵਧ ਰਿਹਾ ਹੈ, ਪਰ ਹੈਰਾਨੀ ਦੀ ਗੱਲ ਹੈ ਕਿ ਕੇਂਦਰ ਸਰਕਾਰ ਰਸਾਇਣ ਖਾਦਾਂ ਉਤੇ ਸਬਸਿਡੀ ਦੇ ਰਹੀ ਹੈ, ਪਰ ਖੇਤੀ ਉਨਤ ਕਰਨ ਲਈ ਹੋਰ ਕੋਈ ਵਿਕਲਪ (ਖਾਦਾਂ ਤੋਂ ਬਿਨਾਂ) ਉਪਲੱਬਧ ਨਹੀਂ ਕਰਵਾ ਰਹੀ। ਕਿਸਾਨ ਇਸ ਸਮੇਂ ਮਾਨਸਿਕ ਤਣਾਅ ਵਿੱਚ ਹਨ, ਘਾਟੇ ਦੀ ਖੇਤੀ ਕਰ ਰਹੇ ਹਨ ਅਤੇ ਸਰਕਾਰ ਸਾਲ ਭਰ ਲਈ ਉਨਾਂ ਨੂੰ 6 ਜਾਂ 8 ਹਜ਼ਾਰ ਰੁਪਏ ਦੀ ਮਦਦ ਦੇ ਕੇ ਆਪਣੇ ਕਿਸਾਨ ਪੱਖੀ ਹੋਣ ਦਾ ਸਬੂਤ ਦੇਣ ਦੇ ਆਹਰ 'ਚ ਹੈ। ਖ਼ਾਸ ਤੌਰ 'ਤੇ ਉਸ ਵੇਲੇ ਜਦੋਂ ਬੀਜ਼ਾਂ, ਖਾਦਾਂ, ਕੀੜੇ ਮਾਰ ਦਵਾਈਆਂ, ਡੀਜ਼ਲ ਦੇ ਭਾਅ ਅਸਮਾਨ ਨੂ ਛੋਹ ਰਹੇ ਹਨ।

ਪੰਜਾਬ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਲਈ ਖੇਤੀ ਅਧਾਰਤ ਉਦਯੋਗ ਪੰਜਾਬ ਵਿਚ ਲਾਉਣ ਦੀ ਲੋੜ ਸੀ, ਪਰ ਇਸ ਦਿਸ਼ਾ 'ਚ ਕੋਈ ਕਦਮ ਨਹੀਂ ਪੁੱਟੇ ਗਏ। ਪੰਜਾਬ ਨੂੰ ਪਾਣੀਆਂ ਦੀ ਲੋੜ ਸੀ, ਉਹ ਹਥਿਆਉਣ ਦਾ ਲਗਾਤਾਰ ਯਤਨ ਹੋਇਆ। ਅੰਤਰਰਾਸ਼ਟਰੀ ਰਿਪੇਰੀਅਨ ਕਾਨੂੰਨ ਅਨੁਸਾਰ ਦਰਿਆਈ ਪਾਣੀਆਂ ਉਤੇ ਹੱਕ ਪੰਜਾਬ ਦਾ ਸੀ, ਉਸ ਸਬੰਧੀ ਝਗੜਾ ਪੈਦਾ ਕੀਤਾ ਗਿਆ। ਪੰਜਾਬ ਦੀ ਰਾਜਧਾਨੀ ਪੰਜਾਬ ਨੂੰ ਨਾ ਦਿੱਤੀ ਗਈ। ਕੇਂਦਰ ਦੀਆਂ ਸਰਕਾਰਾਂ ਭਾਵੇਂ ਉਹ ਹੁਣ ਵਾਲੀ ਭਾਜਪਾ ਸਰਕਾਰ ਹੈ ਜਾਂ ਪਹਿਲੀਆਂ ਕਾਂਗਰਸੀ ਜਾਂ ਹੋਰ ਸਰਕਾਰਾਂ ਪੰਜਾਬ ਨਾਲ ਮਤਰੇਆ ਸਲੂਕ ਕਰਦੀਆਂ ਰਹੀਆਂ। ਇਹੋ ਕਾਰਨ ਹੈ ਕਿ ਪੰਜਾਬੀਆਂ ਵਿਚ ਕੇਂਦਰ ਪ੍ਰਤੀ ਰੰਜ਼ਿਸ਼ ਵੇਖਣ ਨੂੰ ਮਿਲਦੀ ਹੈ ਅਤੇ ਸਮੇਂ-ਸਮੇਂ ਪੰਜਾਬੀ ਇਸ ਵਿਤਕਰੇ ਪ੍ਰਤੀ ਰੋਸ ਪ੍ਰਗਟ ਕਰਦੇ ਨਜ਼ਰ ਆਉਂਦੇ ਹਨ। ਕਿਸਾਨ ਵਿਰੋਧੀ ਤਿੰਨ ਖੇਤੀ ਕਾਨੂੰਨ ਦਾ ਜਿਸ ਢੰਗ ਨਾਲ ਸਮੁੱਚੇ ਪੰਜਾਬੀਆਂ ਨੇ ਵਿਰੋਧ ਕੀਤਾ, ਉਹ ਇਸਦੀ ਤਾਜ਼ਾ ਉਦਾਹਰਨ ਹੈ। ਯਾਦ ਰੱਖਣ ਵਾਲੀ ਗੱਲ ਇਹ ਵੀ ਹੈ ਸੂਬਿਆਂ ਨੂੰ ਵੱਧ ਅਧਿਕਾਰ ਦੇਣ ਦੀ ਗੱਲ ਅਤੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਲਗਾਈ ਐਮਰਜੈਂਸੀ ਦੇ ਵਿਰੋਧ ਦੀ ਸ਼ੁਰੂਆਤ ਵੀ ਪੰਜਾਬ ਵੱਲੋਂ ਹੋਈ ਸੀ, ਜਿਸਦੇ ਦਮਨ ਚੱਕਰ 'ਚ ਪੰਜਾਬੀਆਂ ਦਾ ਵੱਡਾ ਨੁਕਸਾਨ ਹੋਇਆ। ਪੰਜਾਬ ਵਿਚ ਚਲੀਆਂ ਗਰਮ-ਸਰਦ ਲਹਿਰਾਂ ਕਾਰਨ ਹਜ਼ਾਰਾਂ ਪੰਜਾਬੀ ਨੌਜਵਾਨਾਂ ਨੂੰ ਜਾਨ ਤੋਂ ਹੱਥ ਧੋਣੇ ਪਏ ਅਤੇ ਪੰਜਾਬ ਦੀ ਆਰਥਿਕਤਾ ਨੂੰ ਵੱਡਾ ਧੱਕਾ ਲੱਗਾ।

ਪੰਜਾਬ ਦੀ ਸਥਿਤੀ ਦੇ ਮੱਦੇਨਜ਼ਰ ਪੰਜਾਬੀਆਂ ਨੂੰ ਪ੍ਰਵਾਸ ਦਾ ਰਾਹ ਅਪਨਾਉਣਾ ਪਿਆ, ਸਥਿਤੀ ਇਹ ਹੈ ਕਿ ਅੱਜ ਹਰ ਪੰਜਾਬੀ ਪਰਿਵਾਰ ਆਪਣੇ ਨੌਜਵਾਨ ਬੱਚਿਆਂ ਨੂੰ ਵਿਦੇਸ਼ 'ਚ ਭੇਜਕੇ ਸੁੱਖ ਦਾ ਸਾਹ ਲੈਣ 'ਤੇ ਮਜ਼ਬੂਰ ਹੋ ਰਿਹਾ ਹੈ ਅਤੇ ਪੰਜਾਬ ਬਾਕੀ ਸੂਬਿਆਂ ਤੋਂ ਆਏ ਪ੍ਰਵਾਸੀਆਂ ਦੇ ਹੱਥ ਆਉਂਦਾ ਦਿਸਦਾ ਹੈ, ਕਿਉਂਕਿ ਲਗਭਗ ਹਰ ਖੇਤਰ 'ਚ ਕਾਰੀਗਰ ਹੁਣ ਯੂ.ਪੀ., ਸੀ.ਪੀ., ਬਿਹਾਰ ਤੇ ਹੋਰ ਸੂਬਿਆਂ ਦੇ ਲੋਕ ਹਨ, ਜੋ ਵੱਡੀ ਮਾਤਰਾ 'ਚ ਪੰਜਾਬ 'ਚੋਂ ਕਮਾਈ ਕਰਦੇ ਹਨ ਅਤੇ ਆਪਣੇ ਸੂਬਿਆਂ 'ਚ ਲੈ ਜਾਂਦੇ ਹਨ ਅਤੇ ਪੰਜਾਬ ਦਾ ਪੈਸਾ, ਪ੍ਰਵਾਸ ਕਰਨ ਲਈ 'ਮਣਾਂ-ਮੂੰਹੀਂ' ਪੰਜਾਬ 'ਚੋਂ ਬਾਹਰ ਧੱਕਿਆ ਜਾ ਰਿਹਾ ਹੈ। ਪੰਜਾਬ ਦੀ ਨੌਜਵਾਨੀ, ਪੰਜਾਬ ਦਾ ਦਿਮਾਗ, ਪੰਜਾਬ ਦਾ ਪੈਸਾ ਪੰਜਾਬ ਵਿਚੋਂ ਲਗਾਤਾਰ ਬੇਰੋਕ-ਟੋਕ ਬਾਹਰ ਜਾ ਰਿਹਾ ਹੈ ਅਤੇ ਨੌਜਵਾਨ ਸਿੱਧੇ ਜਾਂ ਅਸਿੱਧੇ ਢੰਗ ਨਾਲ ਕੈਨੇਡਾ, ਅਮਰੀਕਾ, ਅਸਟ੍ਰੇਲੀਆ, ਨਿਊਜੀਲੈਂਡ ਅਤੇ ਹੋਰ ਦੇਸ਼ਾਂ ਵੱਲ ਕੂਚ ਕਰ ਰਹੇ ਹਨ।

ਪੰਜਾਬ ਦੇ ਵਿਕਾਸ ਦੀ ਇੱਕ ਝਲਕ ਵੇਖਣੀ ਹੈ ਤਾਂ ਵੇਖ ਲਵੋ। ਪਿੰਡਾਂ ਦੀਆਂ ਸੜਕਾਂ ਟੁੱਟੀਆਂ ਪਈਆਂ ਹਨ। ਸਕੂਲਾਂ ਵਿੱਚ ਟੀਚਰ ਨਹੀਂ ਪੇਂਡੂ ਹਸਪਤਾਲਾਂ, ਡਿਸਪੈਂਸਰੀਆਂ ਵਿਚ ਸਟਾਫ਼ ਨਹੀਂ, ਦਵਾਈਆਂ ਮਿਲਣੀਆਂ ਤਾਂ ਦੂਰ ਦੀ ਗੱਲ ਹੈ। ਸਰਕਾਰੀ ਦਫ਼ਤਰਾਂ 'ਚ ਮਿਲਦੀਆਂ ਸੁਵਿਧਾਵਾਂ, ਸੁਵਿਧਾ ਸੈਂਟਰਾਂ ਕਾਰਨ ਮਹਿੰਗੀਆਂ ਹੋ ਗਈਆਂ ਹਨ। ਥਾਣਿਆਂ, ਅਦਾਲਤਾਂ 'ਚ ਇਨਸਾਫ਼ ਲੈਣਾ ਆਮ ਆਦਮੀ ਲਈ ਔਖਾ ਅਤੇ ਮਹਿੰਗਾ ਹੋ ਚੁੱਕਿਆ ਹੈ। ਪਿੰਡ ਪੰਚਾਇਤਾਂ ਦੇ ਹਾਲਾਤ ਮਾੜੇ ਹਨ, ਉਪਰਲੇ ਅਧਿਕਾਰੀ ਕੰਮ ਨਹੀਂ ਕਰਨ ਦੇ ਰਹੇ, ਗ੍ਰਾਂਟਾਂ ਉਹਨਾ ਦੀ ਮਰਜ਼ੀ ਨਾਲ ਖ਼ਰਚੀਆਂ ਜਾ ਰਹੀਆਂ ਹਨ। ਇਹੋ ਜਿਹੀਆਂ ਹਾਲਤਾਂ 'ਚ ਭਲਾ ਸਥਾਨਕ ਸਰਕਾਰਾਂ ਦਾ ਕੀ ਅਰਥ ?

ਪਿੰਡਾਂ, ਸ਼ਹਿਰਾਂ 'ਚ ਪ੍ਰਦੂਸ਼ਨ ਇੰਨਾ ਕਿ ਨਦੀਆਂ, ਨਾਲੇ ਗੰਦੇ ਪਾਣੀ ਨਾਲ ਭਰੇ ਪਏ ਹਨ। ਪਿੰਡਾਂ 'ਚ ਰੂੜੀਆਂ ਦੀ ਭਰਮਾਰ ਹੈ, ਸ਼ਹਿਰਾਂ ਵਿਚ ਗੰਦਗੀ ਦਾ ਕੋਈ ਅੰਤ ਨਹੀਂ। ਦਰੱਖ਼ਤਾਂ, ਬੂਟਿਆਂ ਦੀ ਕਟਾਈ ਕਾਰਨ ਪੰਜਾਬ ਦਾ ਵਾਤਾਵਰਨ ਖ਼ਰਾਬ ਹੋ ਗਿਆ ਹੈ। ਉਪਰੋਂ ਰੇਤਾ, ਬਜ਼ਰੀ, ਖਨਣ, ਮਾਫੀਏ ਉਤੇ ਕੰਟਰੋਲ ਨਾ ਹੋਣ ਕਾਰਨ, ਆਪ ਮੁਹਾਰੇ, ਮੂੰਹ ਮੰਗੀਆਂ ਕੀਮਤਾਂ ਉਤੇ ਰੇਤਾ ਬਜ਼ਰੀ ਮਿਲ ਰਹੀ ਹੈ। ਨਸ਼ਿਆਂ ਦੇ ਸੌਦਾਗਰਾਂ, ਭ੍ਰਿਸ਼ਟ ਅਫ਼ਸਰਾਂ, ਕਾਲੇ-ਦਿਲ ਵਾਲੇ ਕੁਝ ਸਿਆਸਤਦਾਨਾਂ ਦੀ ਤਿਕੱੜੀ ਨੇ ਪੰਜਾਬ ਨੂੰ ਲੁੱਟਣ-ਪੁੱਟਣ 'ਚ ਕੋਈ ਕਸਰ ਨਹੀਂ ਛੱਡੀ। ਇਹੋ ਜਿਹੇ ਹਾਲਾਤਾਂ 'ਚ ਪੰਜਾਬ ਵਿਰਲਾਪ ਨਹੀਂ ਕਰੇਗਾ ਤਾਂ ਕੀ ਕਰੇਗਾ ? ਪੰਜਾਬ ਵਿਰੋਧ ਨਹੀਂ ਕਰੇਗਾ ਤਾਂ ਕੀ ਕਰੇਗਾ ? ਪੰਜਾਬ ਆਪਣੇ ਹੱਕ ਨਹੀਂ ਮੰਗੇਗਾ ਤਾਂ ਕੀ ਕਰੇਗਾ ?

ਹਰ ਸਿਆਸੀ ਧਿਰ ਪੰਜਾਬ ਹਥਿਆਉਣਾ ਚਾਹੁੰਦੀ ਹੈ, ਇਸ ਉਤੇ ਰਾਜ-ਭਾਗ ਕਰਨਾ ਚਾਹੁੰਦੀ ਹੈ, ਪਰ ਪੰਜਾਬ ਪੱਲੇ ਕੁੱਝ ਪਾਉਣਾ ਨਹੀਂ ਚਾਹੁੰਦੀ। ਨੇਤਾਵਾਂ ਦੀ ਪੰਜਾਬ ਤੇ ਪੰਜਾਬੀਆਂ ਪ੍ਰਤੀ ਲਗਾਅ ਦੀ ਕਮੀ, ਪੰਜਾਬੀਆਂ ਨੂੰ ਔਜੜੇ ਰਾਹੀਂ ਤੋਰ ਰਹੀ ਹੈ। ਇਹੋ ਜਿਹੇ ਹਾਲਾਤਾਂ 'ਚ ਪੰਜਾਬ ਦਾ ਭਵਿੱਖ ਕੀ ਹੈ ?

DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ 'ਤੇ ਵਿਸ਼ੇਸ਼ :

# ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥



**ਡਾ. ਗੁਰਵਿੰਦਰ ਸਿੰਘ**

**ਫੋਨ : 604 825 1550**

ਆਦਿ ਗੁਰੂ ਗ੍ਰੰਥ ਸਾਹਿਬ ਵਿਸ਼ਵ ਦੇ ਧਾਰਮਿਕ ਤੇ ਅਧਿਆਤਮਕ ਸਾਹਿਤ ਦਾ ਅਜਿਹਾ ਮਹਾਨ ਕੋਸ਼ ਹੈ, ਜਿਸ ਵਿੱਚ ਆਤਮਿਕ ਗਿਆਨ, ਅਧਿਆਤਮਕ ਵਿਚਾਰ ਅਤੇ ਪ੍ਰੇਮ-ਭਗਤੀ ਦੀ ਸਾਂਝੀ ਧੁਨ ਜੀਵਨ ਲਈ ਕਲਿਆਣਕਾਰੀ ਸੱਚ ਦਾ ਸੰਦੇਸ਼ ਦਿੰਦੀ ਹੈ। ਸੰਪੂਰਨ ਮਨੁੱਖੀ ਭਾਈਚਾਰੇ ਲਈ ਚਾਨਣ- ਮੁਨਾਰਾ ਬਣ ਕੇ ਵਲਗਣਾਂ, ਵਖਰੇਵਿਆਂ ਤੇ ਵਿਤਕਰਿਆਂ ਦੇ ਚੱਕਰਵਿਊ ਤੋਂ ਨਿਜਾਤ ਦੁਆ ਕੇ, ਆਦਿ ਗੁਰੂ ਗ੍ਰੰਥ ਸਾਹਿਬ ਸਦਾਚਾਰ ਦੇ ਸੁਮਾਰਗ ਰਾਹੀਂ ਅਧਿਆਤਮਿਕ ਮੰਜ਼ਿਲ 'ਤੇ ਪਹੁੰਚਾਉਂਦੇ ਹਨ। ਇਹ ਧਰਮ ਗ੍ਰੰਥ ਪੰਜ ਸੌ ਵਰਿਆਂ ਦਾ ਅਜਿਹਾ ਦਰਪਣ ਹੈ, ਜਿਸ ਵਿਚੋਂ ਮੱਧਕਾਲੀ ਸਮਾਜ ਦੀ ਇਤਿਹਾਸਕ, ਸਭਿਆਚਾਰਕ ਤੇ ਧਾਰਮਿਕ ਰੂਪ-ਰੇਖਾ ਪ੍ਰਤੀਬਿੰਬਤ ਹੁੰਦੀ ਹੈ। ਵਿਸ਼ਵ ਸਾਹਿਤ ਪੱਖੋਂ ਵਿੱਚ ਗੁਰੂ ਗ੍ਰੰਥ ਸਾਹਿਬ ਅਜਿਹੀ ਅਦੁੱਤੀ ਰਚਨਾ ਹੈ, ਜਿਸ ਵਿੱਚ 'ਸਤਿ ਚਿਤੁ ਆਨੰਦ' ਦਾ ਮਹਾਨ ਸੰਕਲਪ ਦ੍ਰਿਸ਼ਟੀਗੋਚਰ ਹੁੰਦਾ ਹੈ।

ਮੱਧ-ਯੁਗ ਦੇ ਸਾਹਿਤ ਅਤੇ ਧਰਮ ਖੇਤਰ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਪ੍ਰਕਿਰਿਆ ਜੁਗਾਂਤਰਕਰੀ ਵਰਤਾਰਾ ਹੈ। ਜਿਥੇ ਇਸ ਨਾਲ ਸਾਹਿਤ ਜਗਤ ਵਿੱਚ ਗ੍ਰੰਥ ਸੰਪਾਦਨ ਕਲਾ ਦਾ ਆਰੰਭ ਹੁੰਦਾ ਹੈ, ਉਥੇ ਮਹਾਂ-ਗਿਆਨ ਦੇ ਵਿਸ਼ਾਲ ਖਜ਼ਾਨੇ ਨੂੰ ਕਿਸੇ ਕਿਸਮ ਦੇ ਰਲਾਅ ਤੋਂ ਸਦੀਵੀ ਤੌਰ 'ਤੇ ਸੁਰੱਖਿਅਤ ਕਰਕੇ, ਭਵਿੱਖ ਲਈ ਅਨਮੋਲ ਸਮੱਗਰੀ ਹੂ-ਬ ਹੂ ਬਰਕਰਾਰ ਰੱਖਣ ਦੀ ਪਿਰਤ ਪੈਂਦੀ ਹੈ। ਸੰਸਾਰ ਸਾਹਿਤ ਵਿੱਚ ਧਰਮ-ਗ੍ਰੰਥ ਦੀ ਪਰੰਪਰਾ ਨਾਲੋਂ ਨਿਰਾਲੀ ਮਿਸਾਲ ਕਾਇਮ ਕਰਦੇ ਹੋਏ, ਗੁਰੂ ਅਰਜਨ ਸਾਹਿਬ ਨੇ ਬਾਣੀ ਇਕੱਤਰ ਅਤੇ ਸੰਕਲਨ ਕਰਨ ਦਾ ਕਾਰਜ 1588 ਈ. ਤੋਂ ਲੈ ਕੇ 1603 ਈ. ਤੱਕ ਤਕਰੀਬਨ 15 ਸਾਲ ਦੀ ਘਾਲਣਾ ਕਰਕੇ ਸੰਪੂਰਨ ਕਰਵਾਇਆ। ਤਦ ਭਾਈ ਗੁਰਦਾਸ ਜੀ ਤੋਂ ਇਕ ਸਾਲ ਨੌਂ ਮਹੀਨੇ ਵਿੱਚ ਸਮੁੱਚੀ ਬਾਣੀ ਲਿਖਵਾ ਕੇ ਸੰਨ 1604 ਈ. ਨੂੰ ਆਦਿ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਸੱਚਖੰਡ ਦਰਬਾਰ ਸਾਹਿਬ ਵਿੱਚ ਕਰਵਾਇਆ ਗਿਆ। ਬਾਅਦ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਦੇ ਸਥਾਨ 'ਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ਼ਾਮਲ ਕਰਦੇ ਹੋਏ, 1685 ਈ. ਵਿੱਚ ਆਦਿ ਗ੍ਰੰਥ ਸਾਹਿਬ ਭਾਈ ਮਨੀ ਸਿੰਘ ਜੀ ਤੋਂ ਲਿਖਵਾਇਆ ਅਤੇ ਅੰਤਮ ਸਮੇਂ ਸੰਨ 1708 ਈ. ਨੂੰ ਸੱਚਖੰਡ ਹਜ਼ੂਰ ਸਾਹਿਬ ਵਿਖੇ ਬੀੜ ਸਾਹਿਬ ਨੂੰ ਗੁਰਗੱਦੀ ਦਿੰਦੇ ਹੋਏ 'ਗੁਰੂ' ਗ੍ਰੰਥ ਸਾਹਿਬ ਦਾ ਦਰਜਾ ਦਿੱਤਾ।

ਆਦਿ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਤੇ ਉਪਦੇਸ਼ ਸਰਬ- ਕਾਲੀ, ਸਰਬ-ਵਿਆਪਕ ਤੇ ਸਰਬ-ਸਾਂਝਾ ਹੈ। ਇਸ ਵਿਚਲੀ ਵਿਚਾਰਧਾਰਾ ਸਮੂਹ ਜਗਤ ਕਲਿਆਣ ਲਈ ਅਧਿਆਤਮਕ ਚਿੰਤਨ ਹੈ। ਸਮੁੱਚੇ ਸੰਸਾਰ ਲਈ ਭਾਵਾਤਮਕ ਸਾਂਝ ਦਾ ਸੁਨੇਹਾ ਦਿੰਦਾ ਇਹ ਪਹਿਲਾ ਧਰਮ ਗ੍ਰੰਥ ਹੈ, ਜਿਸ ਵਿੱਚ 12ਵੀਂ ਤੋਂ 17ਵੀਂ ਸਦੀ ਤੱਕ ਦੀਆਂ, ਪੰਜ ਸਦੀਆਂ ਦੇ 36 ਮਹਾਂ- ਪੁਰਖਾਂ ਦੇ ਰੂਹਾਨੀ ਤੱਤ ਗਿਆਨ ਦਾ ਨਿਚੋੜ ਦੇਸ਼, ਕਾਲ ਤੇ ਸਮੇਂ ਦੀਆਂ ਹੱਦਾਂ ਖਤਮ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਹਰ ਮਹਾਂ-ਪੁਰਖ ਦਾ ਅੰਦਾਜ਼ ਚਾਹੇ ਨਿਵੇਕਲਾ ਹੈ, ਪਰ ਸਭ ਦਾ ਸੰਦੇਸ਼ ਸਾਂਝਾ ਹੈ, ਜੋ ਕਿ ਵਰਣ- ਵੰਡ, ਉਚ ਨੀਚ, ਜਾਤ-ਪਾਤ ਅਤੇ ਰੰਗ-ਨਸਲ ਤੋਂ ਉਚੇ ਉੱਠ ਕੇ, ਪ੍ਰਭੂ-ਪ੍ਰੇਮ ਵਿੱਚ ਲੀਨ ਹੋ ਕੇ, ਉਚੀ ਆਤਮਕ- ਅਵਸਥਾ ਵਿੱਚ ਬਿਰਾਜਣ ਦਾ ਹੈ। ਇਸ ਵਿਚਲੇ ਕੁੱਲ 5894 ਸ਼ਬਦਾਂ ਵਿਚੋਂ 5956 ਗੁਰੂਆਂ ਦੇ ਅਤੇ 938 ਭਗਤਾਂ ਦੇ ਸ਼ਬਦ ਹਨ। ਸਮੁੱਚੀ ਬਾਣੀ ਦੀ ਇਕਸੁਰਤਾ ਅਜਿਹੀ ਹੈ ਕਿ ਪੜਨ ਵਾਲਾ ਜਗਿਆਸੂ ਸੁੱਤੇ- ਸਿੱਧ ਗੁਰੂ ਬਾਣੀ ਤੋਂ ਭਗਤ ਬਾਣੀ ਵਿੱਚ ਪ੍ਰਵੇਸ਼ ਕਰ ਜਾਂਦਾ ਹੈ ਤੇ ਭਗਤ ਬਾਣੀ ਤੋਂ ਗੁਰੂ ਬਾਣੀ ਵਿੱਚ । ਗੁਰੂ ਗ੍ਰੰਥ ਸਾਹਿਬ ਅਜਿਹਾ ਬਹੁ- ਪਸਾਰੀ ਸੰਕਲਨ ਹੈ, ਜਿਸ ਵਿੱਚ ਅਕਾਲ ਪੁਰਖ, ਜਗਤ, ਮਾਨਵ, ਧਰਮ, ਦਰਸ਼ਨ, ਆਤਮਾ, ਅਨੁਭਵ, ਨੈਤਿਕ ਗੁਣ, ਸਤ, ਆਚਾਰ ਨੀਤੀ, ਸਮਾਜ ਆਦਿ ਅਨੇਕਾਂ ਸੂਖਮ ਤੇ ਸਥੂਲ, ਆਦਰਸ਼ਕ ਤੇ ਵਾਸਤਵਿਕ, ਅਧਿਆਤਮਕ ਅਤੇ ਸਮਾਜਿਕ ਵਿਸ਼ਿਆਂ ਉੱਪਰ ਵਿਸਤਾਰ-ਪੂਰਵਕ ਵਿਚਾਰ ਹੋਇਆ ਹੈ।

ਗੁਰਬਾਣੀ ਵਿੱਚ ਪਖੰਡ ਦੀ ਥਾਂ ਸੱਚੀ-ਸੁੱਚੀ ਭਗਤੀ, ਹਰਾਮ ਦੀ ਥਾਂ ਹਲਾਲ ਦੀ ਕਮਾਈ, ਅਨਿਆਂ ਦੀ ਥਾਂ ਨਿਆਂ ਅਤੇ ਨਫ਼ਰਤ ਦੀ ਥਾਂ ਪ੍ਰੇਮ ਦਾ ਸੁਨੇਹਾ ਦੇ ਕੇ, ਸੱਚ ਹੱਕ ਅਤੇ ਇਨਸਾਫ਼ ਦਾ ਸੰਦੇਸ਼ ਵਾਹਕ ਬਣਦੇ ਹੋਏ, ਸਮਾਜ ਦੀ ਪੁਨਰ- ਸਿਰਜਣਾ ਕੀਤੀ ਗਈ ਹੈ। ਸਮਕਾਲੀ ਸੰਪਰਦਾਵਾਂ



ਨੂੰ ਅਡੰਬਰ, ਪਖੰਡ ਤੇ ਕੱਟੜਪੁਣੇ ਤੋਂ ਮੁਕਤ ਕਰਕੇ, ਸੱਚੇ ਧਰਮ ਦੇ ਕੇਂਦਰ - ਬਿੰਦੂ ਨਾਲ ਜੋੜਨ ਲਈ ਗੁਰੂ ਗ੍ਰੰਥ ਸਾਹਿਬ ਵਿੱਚ ਇਨਾਂ ਨੂੰ ਨਵੀਨ ਅਤੇ ਬਿਬੇਕਮਈ ਢੰਗ ਨਾਲ ਪਰਿਭਾਸ਼ਿਤ ਕੀਤਾ ਗਿਆ ਹੈ :

**(ੳ) ਮੁਸਲਮਾਣੁ ਮੋਮ ਦਿਲਿ ਹੋਵੈ॥**
**ਅੰਤਰ ਕੀ ਮਲੁ ਦਿਲ ਤੇ ਧੋਵੈ॥**
**(ਮਾਰੂ ਮਹੱਲਾ 5, ਪੰਨਾ 1084)**
**(ਅ) ਸੋ ਪੰਡਤ ਜੋ ਮਨੁ ਪਰਬੋਧੈ॥**
**ਰਾਮ ਨਾਮੁ ਆਤਮ ਮਹਿ ਸੋਧੈ॥**
**(ਸੁਖਮਨੀ ਸਾਹਿਬ , ਅਸਟਪਦੀ 9)**

ਗੁਰਬਾਣੀ ਖ਼ਾਸ ਵਰਗ ਦੀ ਥਾਂ ਜਨ -ਸਾਧਾਰਨ ਨੂੰ ਸੰਬੋਧਤ ਹੈ। ਗੁਰਬਾਣੀ ਦਾ ਮੁੱਖ ਮੰਤਵ ਉੱਚੇ ਸੁੱਚੇ ਸਿਧਾਂਤ ਨੂੰ ਸਰਲ ਢੰਗ ਨਾਲ ਬਿਆਨ ਕਰਕੇ ਲੋਕ -ਸਮੂਹ ਤੱਕ ਪਹੁੰਚਾਉਣਾ ਹੈ। ਗੁਰਬਾਣੀ ਵਿੱਚ ਲੋਕ- ਧਰਮ ਅਤੇ ਲੋਕ-ਗਾਥਾਵਾਂ ਦਾ ਵਰਨਣ ਖੰਡਨਾਤਮਕ ਤੇ ਮੰਡਨਾਤਮਕ, ਦੋਹਾਂ ਵਿਧੀਆਂ ਰਾਹੀਂ ਹੋਇਆ ਹੈ। ਚਾਰ- ਵਰਣ, ਚਾਰ- ਆਸ਼ਰਮ, ਹੋਮ-ਜੱਗ, ਤੀਰਥ- ਗਮਨ, ਸੂਤਕ-ਪਾਤਕ, ਜਾਤ -ਪਾਤ, ਉਚ-ਨੀਚ ਆਦਿਕ ਕਰਮ-ਕਾਂਡ ਪ੍ਰਤੀ ਖੰਡਨਾਤਮਕ ਦ੍ਰਿਸ਼ਟੀਕੋਣ ਅਪਣਾਇਆ ਗਿਆ ਹੈ। ਗੁਰਮਤਿ ਦਾ ਮਾਰਗ ਪ੍ਰਵਿਰਤੀ ਮੂਲਕ ਨਵਿਰਤੀ ਅਤੇ ਪ੍ਰੇਮਾ-ਭਗਤੀ ਦਾ ਸਹਿਜ ਤੇ ਸੁਖੈਨ ਮਾਰਗ ਹੈ। ਗੁਰਬਾਣੀ ਦੀ ਕਲਾ ਸਹਿਜ ਅਵਸਥਾ ਵਿਚੋਂ ਹੀ ਉਪਜੀ ਹੈ ਤੇ ਸਹਿਜ ਦਾ ਹੀ ਪ੍ਰਚਾਰ ਕਰਦੀ ਹੈ। ਡਾ. ਤਾਰਨ ਸਿੰਘ ਅਨੁਸਾਰ ਸਹਿਜ ਅਜਿਹੀ ਜੀਵਨ-ਜਾਚ ਹੈ ਜੋ ਪਹਿਲਾਂ ਸ਼ਖ਼ਸੀਅਤ ਵਿੱਚ ਆਉਂਦੀ ਹੈ ਫਿਰ ਕਥਨੀ ਤੇ ਕਰਨੀ ਵਿੱਚ। ਅਦਵੈਤਵਾਦੀ ਤੇ ਇਕ-ਈਸ਼ਵਰਵਾਦੀ ਭਾਵਨਾ ਭਰਪੂਰ ਗੁਰਬਾਣੀ ਤੋਂ ਉਪਜੀ ਸਹਿਜ ਅਵਸਥਾ ਵਿੱਚ ਸਾਰੇ ਅੰਤਰ ਵਿਰੋਧ ਖ਼ਤਮ ਹੋ ਜਾਂਦੇ ਹਨ ਅਤੇ ਖਾਲਕ ਖ਼ਲਕਤ ਦੇ ਕਣ-ਕਣ ਵਿੱਚ ਰਵਿਆ ਨਜ਼ਰ ਆਉਂਦਾ ਹੈ। ਇਥੇ ਰੱਬ ਨੂੰ ਮਨੁੱਖ ਨਹੀਂ ਬਣਨ ਦਿੱਤਾ, ਪਰ ਫਿਰ ਵੀ 'ਤੂੰ ਮੇਰਾ ਪਿਤਾ ਤੂੰ ਮੇਰਾ ਮਾਤਾ' ਤੱਕ ਲੈ ਆਂਦਾ ਹੈ। ਇਸ ਰਚਨਾ ਦਾ ਉਦੇਸ਼ ਮਾਨਵ ਕਲਿਆਣ ਹੈ ਤੇ ਇਸ ਦੀ ਕਲਾ- ਪਰੰਪਰਾ ਸਹਿਜ ਦੀ ਹੈ, ਜੋ ਉਲਾਰ, ਕਲਪਨਾ, ਰੋਮਾਂਸ, ਭਾਵੁਕਤਾ, ਫਲਸਫ਼ਿਆਂ ਜਾਂ ਰਸਾਂ ਵਿੱਚੋਂ ਨਹੀਂ ਉਪਜਦੀ।

ਗੁਰੂ ਗ੍ਰੰਥ ਸਾਹਿਬ ਵਿੱਚ ਰੂਹ ਨੂੰ ਰੱਬ ਨਾਲ ਇਕਸੁਰ ਤੇ ਇਕਾਗਰ ਕਰਨ ਦਾ ਪ੍ਰਮੁੱਖ ਸਾਧਨ ਸੰਗੀਤ ਹੈ। ਜਿੱਥੇ ਸ਼ਾਸਤਰੀ ਸੰਗੀਤ ਵਿੱਚ ਗਾਇਕੀ ਤੇ ਹਰਕਤ ਵੱਧ ਤੇ ਬੋਲ ਘੱਟ ਹੁੰਦੇ ਹਨ, ਉਥੇ ਗੁਰਮਤਿ ਸੰਗੀਤ ਵਿੱਚ ਬਾਣੀ ਵਧੇਰੇ ਅਤੇ ਗਾਇਕੀ ਮੁਕਾਬਲਤਨ ਘੱਟ ਹੁੰਦੀ ਹੈ। ਗੁਰਬਾਣੀ ਦਾ ਉਪਦੇਸ਼ ਸ਼ਾਸਤਰੀ ਢੰਗਾਂ ਨਾਲ਼ ਰਾਗਾਂ ਦਾ ਪ੍ਰਚਾਰ ਕਰਨਾ ਨਹੀਂ, ਸਗੋਂ ਸਹਿਜ, ਸੁਖੈਨ ਤੇ ਸੁਭਾਵਿਕ ਕੀਰਤਨ ਰਾਹੀ, ਰੱਬੀ ਅਨੁਭਵ ਦਾ ਪ੍ਰਗਟਾਵਾ ਕਰਦੇ ਹੋਏ, ਲੈਅ-ਭਰਪੂਰ 'ਨਾਮ ਵਾਲੀ ਸ਼ਖ਼ਸੀਅਤ' ਦੀ ਉਸਾਰੀ ਕਰਨਾ ਹੈ। ਦਿਮਾਗੋਂ ਰਾਗ , ਦਿਲੋਂ ਧੁਨ, ਹਿਰਦੇ ਤੋਂ ਸੁਰਤ, ਹੱਥੋਂ ਸਾਜ, ਮੂੰਹੋਂ ਸੁਰਾਂ, ਕੰਨੋਂ ਤਾਨ ਅਤੇ ਪੈਰੋਂ ਨ੍ਰਿਤਕਾਰੀ ਆਦਿ ਸਾਰੀ ਸਮੱਗਰੀ ਅਕਾਲ- ਪੁਰਖ ਨਾਲ ਇਕ- ਮਿੱਕ ਤੇ ਇੱਕਸੁਰ ਹੋਣ ਦੇ ਸਾਧਨ ਹਨ। ਗੁਰੂ ਗ੍ਰੰਥ ਸਾਹਿਬ ਦੇ ਪੰਨਾ 14 ਤੋਂ ਲੈ ਕੇ 1352 ਤੱਕ ਸਾਰੀ ਬਾਣੀ ਸਭ ਮੱਤਾਂ ਸੰਪਰਦਾਵਾਂ, ਮੌਸਮਾਂ ਤੇ ਰੁੱਤਾਂ ਨਾਲ ਸੰਬੰਧਿਤ 31 ਰਾਗਾਂ ਵਿੱਚ ਰਚੀ ਹੈ, **ਬਾਕੀ ਸਫ਼ਾ 30 'ਤੇ**

# ਪੰਜਾਬੀਅਤ ਦੇ ਚਾਨਣ ਮੁਨਾਰੇ ਭਾਈ ਕਾਨ ਸਿੰਘ ਨਾਭਾ

**ਡਾ. ਰਵਿੰਦਰ ਕੌਰ ਰਵੀ**

ਪੰਜਾਬੀਅਤ ਦੇ ਚਾਨਣ ਮੁਨਾਰੇ ਭਾਈ ਕਾਨ ਸਿੰਘ ਨਾਭਾ ਪੰਜਾਬੀ ਸਾਹਿਤ ਜਗਤ ਅਤੇ ਗੁਰਮਤਿ ਵਿਆਖਿਆ ਦੇ ਖੇਤਰ ਵਿਚ ਭਾਈ ਕਾਨ ਸਿੰਘ ਨਾਭਾ ਇਕ ਅਜਿਹਾ ਨਾਂ ਹੈ ਜਿਸਦੀ ਤੁਲਨਾ ਕਿਸੇ ਹੋਰ ਨਾਲ ਨਹੀਂ ਕੀਤੀ ਜਾ ਸਕਦੀ। ਆਪ ਦਾ ਜਨਮ ਮਾਤਾ ਹਰਿ ਕੌਰ ਦੀ ਕੁੱਖੋਂ ਰਿਆਸਤ ਪਟਿਆਲਾ ਦੇ ਪਿੰਡ ਬਨੇਰਾ ਖੁਰਦ ਉਨਾਂ ਦੇ ਘਰ 30 ਅਗਸਤ 1861 ਈ: ਨੂੰ ਹੋਇਆ।

ਬਚਪਨ ਵਿਚ ਆਪਣੇ ਪਿਤਾ ਬਾਬਾ ਨਾਰਾਇਣ ਸਿੰਘ ਪਾਸੋਂ ਨਾਭਾ ਵਿਖੇ ਤੇ ਬਾਅਦ ਵਿਚ ਸਮੇ ਦੇ ਹੋਰ ਪ੍ਰਮੁੱਖ ਵਿਦਵਾਨਾਂ ਪਾਸੋਂ ਬਹੁਪੱਖੀ ਵਿਦਿਆ ਗ੍ਰਹਿਣ ਕੀਤੀ। ਉਹ ਸ਼ਿਕਾਰ ਦੇ ਸੌਕੀਨ ਤੇ ਸੰਗੀਤ ਪ੍ਰੇਮੀ ਵੀ ਸਨ। ਆਪ ਦਾ ਵਿਆਹ ਰਿਆਸਤ ਪਟਿਆਲਾ ਦੇ ਪਿੰਡ ਰਾਮਗੜ ਵਿਚ ਸ੍ਰ ਹਰਦਮ ਸਿੰਘ ਦੀ ਸਪੁੱਤਰੀ ਬਸੰਤ ਕੌਰ ਨਾਲ ਹੋਇਆ, ਜਿਸਦੀ ਕੁੱਖੋਂ ਉਨਾਂ ਦੇ ਇਕਲੌਤੇ ਬੇਟੇ ਭਗਵੰਤ ਸਿੰਘ (ਹਰੀ ਜੀ) ਦਾ ਜਨਮ 1892 ਈ: ਵਿਚ ਹੋਇਆ।ਭਾਈ ਸਹਿਬ ਨੇ ਰਿਆਸਤ ਨਾਭਾ ਅਤੇ ਪਟਿਆਲਾ ਵਿਚ ਕਈ ਉੱਚੇ ਆਹੁਦਿਆਂ ਤੇ ਸੇਵਾ ਕੀਤੀ ਅਤੇ ਮਹਾਰਾਜਾ ਰਿਪੁਦਮਨ ਸਿੰਘ, ਉਨਾਂ ਦੀ ਮਹਾਰਾਣੀ ਸਰੋਜਨੀ ਦੇਵੀ ਤੇ ਪ੍ਰਸਿੱਧ ਅੰਗਰੇਜ ਵਿਦਵਾਨ ਮਿਸਟਰ ਮੈਕਸ ਆਰਥਰ ਮੈਕਾਲਫ ਆਪ ਦੇ ਪ੍ਰਮੁੱਖ ਸ਼ਿਸ਼ ਬਣੇ। ਮਹਾਰਾਜਾ ਭੁਪਿੰਦਰ ਸਿੰਘ (ਰਿਆਸਤ ਪਟਿਆਲਾ) ਤੇ ਮਹਾਰਾਜਾ ਰਿਆਸਤ ਕਪੂਰਥਲਾ ਵੀ ਉਨਾਂ ਦੇ ਬੜੇ ਕਦਰਦਾਨ ਸਨ। ਉਸ ਮੌਕੇ ਦੀਆਂ ਸੁਧਾਰਕ ਲਹਿਰਾਂ 'ਸਿੰਘ ਸਭਾ ਲਹਿਰ' ਆਦਿ ਦੇ ਆਗੂ ਵੀ ਉਨਾਂ ਦੀ ਵਿਦਵਤਾ ਤੋਂ ਬਹੁਤ ਪ੍ਰਭਾਵਿਤ ਸਨ। ਇਕ ਲੇਖਕ ਦੇ ਤੌਰ ਤੇ ਭਾਈ ਸਾਹੇਬ ਦਾ ਆਗਮਨ 19ਵੀਂ ਸਦੀ ਦੇ ਅਖੀਰਲੇ ਦਹਾਕੇ ਵਿਚ ਹੋਇਆ। ਮੁਢਲੇ ਦੌਰ ਦੀਆਂ ਰਚਨਾਵਾਂ 'ਰਾਜ ਧਰਮ', 'ਟੀਕਾ ਜੈਮਨੀ ਅਸਵਮੇਧ' ਤੇ 'ਨਾਟਕ ਭਾਵਾਰਥ ਦੀਪਕਾ' ਆਦਿ ਆਪ ਨੂੰ ਪ੍ਰੰਪਰਾਗਤ ਵਿਦਿਆ ਦਾ ਵਿਦਵਾਨ ਸਿੱਧ ਕਰਦੀਆਂ ਹਨ। ਇਸ ਉਪਰੰਤ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਲਈ 'ਹਮ ਹਿੰਦੂ ਨਹੀਂ', 'ਗੁਰੁਮਤ ਪ੍ਰਭਾਕਰ', 'ਗੁਰੁਮਤ ਸੁਧਾਕਰ', 'ਗੁਰੁ-ਗਿਰਾ ਕਸੌਟੀ', 'ਸੱਦ ਕਾ ਪਰਮਾਰਥ' 'ਠਗ-ਲੀਲਾ', 'ਚੰਡੀ ਦੀ ਵਾਰ ਸਟੀਕ' ਤੇ ਅਨੇਕਾਂ




ਹੋਰ ਪੁਸਤਕਾਂ ਦੀ ਰਚਨਾ ਸਦਕਾ ਉਹ ਸਿੱਖ ਧਰਮ ਦੇ ਮਹਾਨ ਵਿਆਖਿਆਕਾਰ ਵਜੋਂ ਸਥਾਪਤ ਹੋਏ। ਇਨਾਂ ਲਿਖਤਾਂ ਨਾਲ ਸਿੱਖ ਰਾਜਨੀਤੀ ਨੂੰ ਸਪੱਸ਼ਟ ਮਨੋਰਥ ਤੇ ਦਿਸ਼ਾ ਦੇਣ ਤੋਂ ਇਲਾਵਾ, ਨਾਲ ਹੀ ਉਨਾਂ ਪਹਿਲੀ ਵਾਰ ਸਿੱਖ ਇਤਿਹਾਸ, ਗੁਰਬਾਣੀ ਤੇ ਸਿੱਖ ਸਾਹਿਤ ਨੂੰ ਗੁਰਮਤਿ ਸਿਧਾਂਤਾਂ ਅਨੁਸਾਰ ਪਰਖਕੇ ਉਸ ਵਿਚ ਪਾਏ ਰਲਾਅ ਨੂੰ ਵਖਰਿਆ ਕੇ ਸਿੱਟਾ ਕੱਢਿਆ ਕਿ 'ਗੁਰਬਾਣੀ' ਸਨਾਤਨੀ ਵਿਚਾਰਾਂ ਦੀ ਪ੍ਰੋੜਤਾ ਨਹੀਂ ਕਰਦੀ ਅਤੇ ਨਾ ਹੀ ਗੁਰਬਾਣੀ ਧਰਮ ਸ਼ਾਸਤਰਾਂ ਦਾ ਖੁਲਾਸਾ ਹੈ। 'ਗੁਰਛੰਦ ਦਿਵਾਕਰ' ਤੇ ਗੁਰਸ਼ਬਦਾਲੰਕਾਰ' ਪੁਸਤਕਾਂ ਦੀ ਰਚਨਾ ਕਰਕੇ ਉਹ ਇਕ ਮਹਾਨ ਛੰਦ ਸ਼ਾਸਤਰੀ ਤੇ ਅਲੰਕਾਰ ਸ਼ਾਸਤਰੀ ਵਜੋਂ ਪ੍ਰਸਿੱਧ ਹੋਏ ।ਆਪ ਦੀ ਪੂਰੀ ਜਿੰਦਗੀ ਦੀ ਮਿਹਨਤ ਦਾ ਸਿੱਟਾ ਅਤੇ ਆਪ ਦਾ ਸਭ ਤੋਂ ਮਹਾਨ ਗ੍ਰੰਥ 'ਗੁਰੁਸ਼ਬਦ ਰਤਨਾਕਰ ਮਹਾਨ ਕੋਸ਼' ਹੈ, ਜਿਸਨੂੰ ਸਿੱਖ ਸਾਹਿਤ ਦਾ



ਵਿਸ਼ਵਕੋਸ਼ ਜਾਂ ਇਨਸਾਈਕਲੋਪੀਡੀਆ ਕਿਹਾ ਜਾਂਦਾ ਹੈ ਜੋ ਕਿ ਪੰਜਾਬੀ ਕੋਸ਼ਕਾਰੀ ਦੇ ਖੇਤਰ ਵਿਚ ਇਕ ਮੀਲ ਪੱਥਰ ਹੈ। ਇਸ ਅਨੁਪਮ ਗ੍ਰੰਥ ਵਿਚ ਸਾਹਿਤ, ਇਤਿਹਾਸ, ਭੂਗੋਲ, ਚਕਿਤਸਾ ਆਦਿ ਅਨੇਕ ਵਿਸ਼ਿਆਂ ਤੋਂ ਇਲਾਵਾ ਭਾਰਤੀ ਸ਼ਾਸਤਰੀ ਸੰਗੀਤ ਬਾਰੇ ਵੀ ਵਡਮੁੱਲੀ ਜਾਣਕਾਰੀ ਉਪਲਬਧ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਇਸਦਾ ਅੰਗਰੇਜੀ ਵਿਚ ਅਨੁਵਾਦ ਕੀਤਾ ਗਿਆ ਹੈ ਅਤੇ ਪੰਜਾਬੀ ਸੇਵੀ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ, ਭਾਈ ਕਾਨ ਸਿੰਘ ਦੀਆਂ ਕੁਝ ਹੋਰ ਦੁਰਲੱਭ ਰਚਨਾਵਾਂ ਦੇ ਹਿੰਦੀ ਅਨੁਵਾਦ ਲਈ ਵੀ ਯਤਨਸ਼ੀਲ ਹਨ। 'ਸ਼ਰਾਬ-ਨਿਸ਼ੇਧ' ਵਰਗੀਆਂ ਸਮਾਜ ਸੁਧਾਰਕ ਪੁਸਤਕਾਂ ਲਿਖਣ ਦੇ ਨਾਲ ਨਾਲ ਭਾਈ ਕਾਨ ਸਿੰਘ ਨਾਭਾ ਨੇ ਪੰਜਾਬੀ ਟੀਕਾਕਾਰੀ ਨੂੰ ਵੀ ਵਿਗਿਆਨਕ ਲੀਹਾਂ 'ਤੇ ਤੋਰਿਆ ਅਤੇ ਸਮਕਾਲੀ ਅਖਬਾਰਾਂ ਤੇ ਰਸਾਲਿਆਂ ਲਈ ਅਨੇਕ ਨਿਬੰਧ ਲਿਖਕੇ ਪੰਜਾਬੀ ਨਿਬੰਧ ਦੇ ਆਰੰਭ ਵਿਚ ਵਡਮੁੱਲਾ ਯੋਗਦਾਨ ਪਾਇਆ। ਪ੍ਰਸਿੱਧ ਅੰਗਰੇਜ ਵਿਦਵਾਨ ਮਿਸਟਰ ਮੈਕਸ ਆਰਥਰ ਮੈਕਾਲਫ ਦੀ ਵਿਸ਼ਵ ਪ੍ਰਸਿੱਧ ਪੁਸਤਕ 'ਦੀ ਸਿੱਖ ਰਿਲੀਜਨ' ਨੂੰ ਸੰਪੂਰਨ ਕਰਾਉਣ ਲਈ ਅਤੇ ਖਾਲਸਾ ਕਾਲਿਜ ਅੰਮ੍ਰਿਤਸਰ ਦੀ ਸਥਾਪਨਾ ਲਈ ਵੀ ਆਪ ਦਾ ਅਹਿਮ ਯੋਗਦਾਨ ਹੈ। 23 ਨਵੰਬਰ 1938 'ਚ 77 ਸਾਲ ਦੀ ਉਮਰ ਵਿਚ ਦਿਲ ਦੀ ਧੜਕਨ ਬੰਦ ਹੋਣ ਨਾਲ ਨਾਭੇ ਵਿਖੇ ਭਾਈ ਸਾਹਿਬ ਦਾ ਦੇਹਾਂਤ ਹੋਇਆ। ਆਪ ਜੀ ਨੂੰ ਸਰਬਪੱਖੀ ਵਿਦਵਤਾ ਅਤੇ ਸਰਬਾਂਗੀ ਸ਼ਖ਼ਸੀਅਤ ਕਰਕੇ ਸਿੱਖ ਕੌਮ ਵਿਚ 'ਭਾਈ ਸਾਹਿਬ' ਜਾਂ 'ਪੰਥ ਰਤਨ' ਦੀ ਉਪਾਧੀ ਨਾਲ ਯਾਦ ਕੀਤਾ ਜਾਂਦਾ ਹੈ। ਨਾਭੇ ਦੇ ਇਸ ਵਿਦਵਾਨ ਘਰਾਣੇ ਵਿਚੋਂ ਭਾਈ ਸਾਹਿਬ ਦੇ ਸਪੁੱਤਰ ਭਗਵੰਤ ਸਿੰਘ ਹਰੀ ਜੀ, ਨੂੰ ਬੀਬੀ ਹਰਨਾਮ ਕੌਰ ਅਤੇ ਪੋਤ-ਨੂੰਹ ਡਾ. ਰਛਪਾਲ ਕੌਰ ਨੇ ਵੀ ਪੰਜਾਬੀ ਸਾਹਿਤ ਸੇਵਾ ਲਈ ਯੋਗਦਾਨ ਪਾਇਆ। ਵਰਤਮਾਨ 'ਚ ਭਾਈ ਸਾਹਿਬ ਦੇ ਪੜਪੋਤਰੇ ਮੇਜਰ ਆਦਰਸ਼ਪਾਲ ਸਿੰਘ ਵੀ ਸਮਾਜ ਸੇਵਾ ਤੇ ਸਾਹਿਤਕ ਰੁਚੀਆਂ ਦੇ ਧਾਰਨੀ ਹਨ।ਪੰਜਾਬੀਅਤ ਦੇ ਚਾਨਣ ਮੁਨਾਰੇ ਭਾਈ ਕਾਨ ਸਿੰਘ ਨਾਭਾ ਦੀ ਦ੍ਰਿਸ਼ਟੀ ਵਿਸ਼ਵਵਿਆਪੀ, ਆਦਰਸ਼ਵਾਦੀ ਤੇ ਵਿਗਿਆਨਕ ਹੈ। ਉਨਾਂ ਦੁਆਰਾ ਰਚਿਆ ਗਿਆ ਧਾਰਮਿਕ ਸਾਹਿਤ, ਭਾਈ ਸਾਹਿਬ ਨੂੰ ਭਾਈ ਗੁਰਦਾਸ ਤੋਂ ਪਿਛੋਂ ਗੁਰਮਤਿ ਦਾ ਅਦੁਤੀ ਤੇ ਨਿਪੁੰਨ ਮਰਯਾਦਾ ਨਿਰਧਾਰਕ ਸਿੱਧ ਕਰਦਾ ਹੈ। ਉਨਾਂ ਵਲੋਂ ਰਚੇ ਮਹਾਨ ਗ੍ਰੰਥਾਂ ਦੀ ਸਾਰਥਿਕਤਾ ਜਿੰਨੀ ਪਿਛਲੇ ਸਮੇਂ ਵਿਚ ਸੀ, ਉਨੀ ਅੱਜ ਵੀ ਬਰਕਰਾਰ ਹੈ ਅਤੇ ਭਵਿੱਖ ਵਿਚ ਵੀ ਬਰਕਰਾਰ ਰਹੇਗੀ।

# ਪੰਜਾਬ ਦਾ ਯੋਧਾ ਦੇਸ਼ ਭਗਤ ਮਹਾਰਾਜਾ ਰਿਪੁਦਮਨ ਸਿੰਘ

**ਡਾਕਟਰ ਸਰਬਜੀਤ ਕੌਰ ਸੰਧੇਵਾਲੀਆ**

ਫੂਲਵੰਸ਼ ਦੇ ਚਿਰਾਗ ਮਹਾਰਾਜਾ ਰਿਪੁਦਮਨ ਸਿੰਘ ਦੇਸ਼ ਭਗਤੀ, ਅਣਖ, ਸਿਆਣਪ, ਸਾਦਗੀ ਅਤੇ ਸਿੱਖੀ ਸਿਦਕ ਦੇ ਉਹ ਮੁਜੱਸਮੇ ਸਨ, ਜਿਨਾਂ ਨੂੰ ਅੰਗਰੇਜ਼ ਸਰਕਾਰ ਨੇ ਗੱਦੀਉਂ ਲਾਹ ਕੇ ਜਲਾਵਤਨ ਕਰ ਦਿੱਤਾ ਸੀ। ਇਨਾਂ ਦਾ ਜਨਮ ਨਾਭਾਪਤੀ ਮਹਾਰਾਜਾ ਹੀਰਾ ਸਿੰਘ ਅਤੇ ਰਾਣੀ ਜਸਮੇਰ ਕੌਰ ਦੇ ਘਰ 4 ਮਾਰਚ, 1883 ਨੂੰ ਨਾਭਾ ਵਿਖੇ ਹੋਇਆ। ਪ੍ਰਸਿੱਧ ਵਿਦਵਾਨ ਮਹਾਨਕੋਸ਼ ਦੇ ਰਚੈਤਾ ਭਾਈ ਕਾਨ ਸਿੰਘ ਨਾਭਾ ਦੀ ਨਿਗਰਾਨੀ ਵਿਚ ਸਿੱਖਿਆ ਪ੍ਰਾਪਤ ਕਰਕੇ ਇਹ ਹਰ ਤਰਾਂ ਪਰਬੀਨ ਹੋਏ। ਸੰਤਾਂ ਮਹਾਂਪੁਰਖਾਂ ਅਤੇ ਧਾਰਮਿਕ ਹਸਤੀਆਂ ਦੀ ਸੰਗਤ ਮਾਣ ਕੇ ਇਨਾਂ 'ਤੇ ਰੂਹਾਨੀਅਤ ਦਾ ਰੰਗ ਚੜਿਆ। ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਦੀ ਰੰਗ ਰੱਤੜੀ ਸ਼ਖ਼ਸੀਅਤ ਦਾ ਇਨਾਂ 'ਤੇ ਬਹੁਤ ਪ੍ਰਭਾਵ ਪਿਆ। ਇਨਾਂ ਨੇ ਆਮ ਰਾਜਿਆਂ ਵਾਂਗ ਕਦੇ ਵੀ ਸਰੀਰ 'ਤੇ ਭੜਕੀਲਾ ਲਿਬਾਸ, ਜੜਾਊ, ਗਹਿਣੇ ਆਦਿ ਨਾ ਪਹਿਨੇ ਸਗੋਂ ਸਦਾ ਹੀ ਸਾਦੀ ਪੁਸ਼ਾਕ, ਸਾਦਗੀ ਵਾਲਾ ਉੱਚਾ-ਸੁੱਚਾ ਜੀਵਨ ਬਤੀਤ ਕੀਤਾ। ਇਹ ਦਾੜ੍ਹਾ ਪ੍ਰਕਾਸ਼ ਰੱਖਦੇ ਸਨ ਅਤੇ ਦਸਵੰਧ ਵੀ ਕੱਢਦੇ ਸਨ। ਜ਼ਿੰਦਗੀ ਭਰ ਕਦੇ ਸ਼ਰਾਬ ਨਹੀਂ ਪੀਤੀ ਅਤੇ ਨਸ਼ਿਆਂ ਦਾ ਸਖ਼ਤ ਵਿਰੋਧ ਕੀਤਾ। ਸੰਨ 1906 ਤੋਂ 1908 ਤੱਕ ਉਹ ਗਵਰਨਰ ਜਨਰਲ ਦੀ ਲੈਜਿਸਲੇਟਿਵ ਕੌਂਸਲ ਦੇ ਮੈਂਬਰ ਰਹੇ। ਉਨਾਂ ਨੇ 'ਅਨੰਦ ਮੈਰਿਜ ਬਿੱਲ' ਤਿਆਰ ਕਰਵਾ ਕੇ ਸਿੱਖ ਰੀਤੀ ਅਨੁਸਾਰ ਕੀਤੇ ਜਾਣ ਵਾਲੇ ਅਨੰਦ ਕਾਰਜ ਨੂੰ ਕਾਨੂੰਨੀ ਪ੍ਰਵਾਨਗੀ ਦਿਵਾਈ ਜੋ ਪਿੱਛੋਂ ਐਕਟ ਬਣ ਗਿਆ। ਉਹ ਦੇਸ਼ ਭਗਤਾਂ ਅਤੇ ਕ੍ਰਾਂਤੀਕਾਰੀਆਂ ਦੀ ਮਦਦ ਕਰਨ ਲਈ ਸਦਾ ਤਿਆਰ ਰਹਿੰਦੇ ਸਨ। ਇਨਾਂ ਦੇ ਦਿਲ ਵਿਚ ਦੇਸ਼ ਦੀ ਅਜ਼ਾਦੀ ਲਈ ਤੜਫ਼ ਸੀ। ਕੌਂਸਲ ਦੇ ਮੈਂਬਰ ਹੁੰਦਿਆਂ ਇਨਾਂ ਨੇ ਸਰਕਾਰੀ ਨੁਮਾਇੰਦਿਆਂ ਦੀ ਹਮਾਇਤ ਕਰਨ ਦੀ ਥਾਂ ਨੈਸ਼ਨਲਿਸਟਾਂ ਜਿਵੇਂ ਜੀ.ਕੇ. ਗੋਖਲੇ, ਪੰਡਿਤ ਮਦਨ ਮੋਹਨ ਮਾਲਵੀਆ ਅਤੇ ਆਰ. ਬੀ. ਘੋਸ਼ ਆਦਿ ਦਾ ਸਾਥ ਦਿੱਤਾ, ਜਿਸ ਕਰਕੇ ਇਹ ਬਰਤਾਨਵੀ ਸਰਕਾਰ ਦੀਆਂ ਅੱਖਾਂ ਵਿਚ ਰੜਕਣ ਲੱਗੇ। ਸੰਨ 1910 ਵਿਚ ਉਨਾਂ ਨੇ ਯੂਰਪ ਦੀ ਯਾਤਰਾ ਕੀਤੀ। ਇਨਾਂ ਦੇ ਵਿਦੇਸ਼ ਹੁੰਦਿਆਂ ਹੀ ਮਹਾਰਾਜਾ ਹੀਰਾ ਸਿੰਘ ਦਾ ਦਿਹਾਂਤ ਹੋ ਗਿਆ। ਪਿਤਾ ਦੇ ਚਲਾਣੇ ਮਗਰੋਂ 1912 ਈ: ਵਿਚ ਰਾਜ ਗੱਦੀ ਸੰਭਾਲਣ ਸਮੇਂ ਇਨਾਂ ਨੇ ਸਿੱਖ ਰੀਤੀ ਨੂੰ ਅਪਣਾਇਆ। ਉਸ ਸਮੇਂ ਰਿਵਾਜ ਬਣ ਗਿਆ ਸੀ ਕਿ ਤਾਜਪੋਸ਼ੀ ਦੀ ਰਸਮ ਕਿਸੇ ਅੰਗਰੇਜ਼ ਅਧਿਕਾਰੀ ਹੱਥੋਂ ਕਰਵਾਈ ਜਾਵੇ। ਮਹਾਰਾਜੇ ਦੀ ਅੰਗਰੇਜ਼ਾਂ ਪ੍ਰਤੀ ਬੇਰੁਖ਼ੀ ਅਤੇ ਨਿਰਾਦਰ ਦੇਖ ਕੇ ਸਰਕਾਰ ਇਨਾਂ ਨੂੰ ਬਾਗੀ ਸਮਝਣ ਲੱਗ ਪਈ। ਸੰਨ 1914-15 ਦੇ ਗ਼ਦਰੀ ਦੇਸ਼ ਭਗਤਾਂ ਨਾਲ ਹਮਦਰਦੀ ਰੱਖਣ ਦੀਆਂ ਖ਼ਬਰਾਂ ਵੀ ਸਰਕਾਰ ਕੋਲ ਪੁੱਜੀਆਂ ਸਨ। ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ 5 ਅਪ੍ਰੈਲ, 1921 ਨੂੰ ਸ਼੍ਰੋਮਣੀ ਕਮੇਟੀ ਵਲੋਂ ਸਿੱਖ ਸੰਗਤਾਂ ਨੂੰ ਕਾਲੇ ਦਸਤਾਰੇ ਜਾਂ ਦੁਪੱਟੇ ਸਜਾ ਕੇ ਸੋਗ ਅਤੇ ਰੋਸ ਜਤਾਉਣ ਦੀ ਥਾਂ-ਥਾਂ 'ਤੇ ਦੀਵਾਨ ਸਜਾਉਣ ਦੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਕਰਨ ਦੀ ਅਪੀਲ ਕੀਤੀ ਗਈ। ਸਿੱਖ ਮਹਾਰਾਜਿਆਂ ਵਿਚੋਂ ਸਿਰਫ਼ ਮਹਾਰਾਜਾ ਰਿਪੁਦਮਨ ਸਿੰਘ ਹੀ ਸਨ, ਜਿਨਾਂ ਨੇ ਆਪ ਕਾਲੀ ਦਸਤਾਰ ਸਜਾ ਕੇ ਇਹ ਫ਼ੁਰਮਾਨ ਜਾਰੀ ਕੀਤਾ। 'ਰਿਆਸਤ ਵਿਚ 5 ਅਪ੍ਰੈਲ, 1921 ਨੂੰ, ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਮਾਤਮ ਦਿਨ ਮਨਾਇਆ ਜਾਏ, ਇਸ ਦਿਨ ਸਾਰੇ ਦਫ਼ਤਰ ਬੰਦ ਰਹਿਣ। ਤੋਪ ਦਾ ਚੱਲਣਾ ਅਤੇ ਘੜਿਆਲ ਦਾ ਵੱਜਣਾ ਬੰਦ ਰਹੇ।'

ਸਰਕਾਰ ਮਹਾਰਾਜੇ ਦੇ ਵਿਰੁੱਧ ਹੋ ਗਈ। ਉਹ ਵਾਰ ਕਰਨ ਲਈ ਕੋਈ ਮੌਕਾ ਤਲਾਸ਼ ਰਹੀ ਸੀ। ਨਾਭੇ ਅਤੇ ਪਟਿਆਲਾ ਦੇ ਮਹਾਰਾਜੇ ਇਕੋ ਖਾਨਦਾਨ ਵਿਚੋਂ ਸਨ ਅਤੇ ਸਿੱਖ ਪੰਥ ਦਾ ਅੰਗ ਸਨ। ਇਨਾਂ ਦਾ ਕੋਈ ਝਗੜਾ ਹੋ ਗਿਆ ਤਾਂ ਸਰਕਾਰ ਨੇ ਮਹਾਰਾਜਾ ਰਿਪੁਦਮਨ ਸਿੰਘ ਖਿਲਾਫ਼ ਫ਼ੈਸਲਾ ਸੁਣਾ ਦਿੱਤਾ। ਫਿਰ 9 ਜੁਲਾਈ, 1923 ਈ. ਨੂੰ ਮਹਾਰਾਜੇ ਤੋਂ ਰਾਜ-ਭਾਗ ਖੋਹ ਕੇ ਜਲਾਵਤਨ ਕਰ ਦਿੱਤਾ ਗਿਆ। ਰਿਆਸਤ ਨਾਭਾ ਦਾ ਪ੍ਰਬੰਧ ਇਕ ਅੰਗਰੇਜ਼ ਪ੍ਰਬੰਧਕ ਨੂੰ ਸੌਂਪ ਦਿੱਤਾ ਗਿਆ। ਸਰਕਾਰ ਦੀ ਇਸ ਮਾੜੀ ਕਰਤੂਤ ਨਾਲ ਸਿੱਖ ਪੰਥ ਵਿਚ ਭਾਰੀ ਰੋਹ ਫੈਲ ਗਿਆ। ਜੈਤੋ ਦਾ ਮੋਰਚਾ ਲੱਗ ਗਿਆ ਅਤੇ ਮਹਾਰਾਜੇ ਦੀ ਭਲਾਈ ਲਈ ਘਰ ਪਾਠ ਹੋਏ, ਅਰਦਾਸੇ ਸੋਧੇ ਗਏ। ਜੈਤੋ ਵਿਖੇ ਹੋ ਰਹੇ ਸ੍ਰੀ ਅਖੰਡ ਪਾਠ ਸਾਹਿਬ ਨੂੰ ਖੰਡਿਤ ਕਰ ਦਿੱਤਾ ਗਿਆ। ਸਰਕਾਰ ਨੇ 27 ਅਗਸਤ, 1923 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਗ੍ਰੰਥੀ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ।



ਫਿਰ 14 ਸਤੰਬਰ ਨੂੰ ਸ੍ਰੀ ਗੁਰਦੁਆਰਾ ਗੰਗਸਰ ਸਾਹਿਬ ਹੁੰਦੇ ਸ੍ਰੀ ਅਖੰਡ ਪਾਠ ਸਾਹਿਬ ਨੂੰ ਖੰਡਿਤ ਕੀਤਾ ਗਿਆ। ਅਕਾਲੀ ਲਹਿਰ ਦਾ ਸਭ ਤੋਂ ਵੱਡਾ ਜੈਤੋ ਦਾ ਮੋਰਚਾ ਇਸੇ ਅਵੱਗਿਆ ਕਾਰਨ ਲੱਗਿਆ ਸੀ।

ਮਹਾਰਾਜਾ ਰਿਪੁਦਮਨ ਸਿੰਘ ਪੰਜ ਸਾਲ ਦੇਹਰਾਦੂਨ ਰਹੇ। ਉਥੋਂ ਉਹ ਹਜ਼ੂਰ ਸਾਹਿਬ ਦੀ ਯਾਤਰਾ 'ਤੇ ਗਏ ਅਤੇ ਦੁਬਾਰਾ ਅੰਮ੍ਰਿਤਪਾਨ ਕਰਕੇ ਆਪਣਾ ਨਾਂਅ ਗੁਰਚਰਨ ਸਿੰਘ ਰੱਖ ਲਿਆ। ਉਹ ਆਪਣੇ ਦਸਵੰਧ ਦੀ ਰਕਮ ਸ੍ਰੀ ਹਜ਼ੂਰ ਸਾਹਿਬ ਭੇਜਦੇ ਰਹੇ। ਸਰਕਾਰ ਨੇ ਬਹਾਨਾ ਬਣਾਇਆ ਕਿ ਸਰਕਾਰੀ ਆਗਿਆ ਤੋਂ ਬਿਨਾਂ ਬਾਹਰ ਜਾਣ ਕਾਰਨ ਉਨਾਂ ਨੂੰ 1929 ਈ: ਵਿਚ ਮਦਰਾਸ ਦੇ ਇਕ ਪਹਾੜੀ ਇਲਾਕੇ ਕੋਡਾਈਕਨਾਲ ਵਿਚ ਭੇਜ ਦਿੱਤਾ ਗਿਆ ਤਾਂ ਕਿ ਪੰਜਾਬ ਅਤੇ ਦਿੱਲੀ ਦੇ ਕੌਮੀ ਆਗੂਆਂ ਨਾਲ ਉਨਾਂ ਦਾ ਸੰਪਰਕ ਨਾ ਹੋ ਸਕੇ। ਇਥੇ ਹੀ ਬੱਸ ਨਹੀਂ, ਉਨਾਂ ਤੋਂ ਮਹਾਰਾਜਾ ਪਦ ਖੋਹ ਲਿਆ ਗਿਆ ਅਤੇ ਗੁਜ਼ਾਰੇ ਦੀ ਰਕਮ ਤਿੰਨ ਲੱਖ ਰੁਪਏ ਸਾਲਾਨਾ ਤੋਂ ਘਟਾ ਕੇ ਇਕ ਲੱਖ ਵੀਹ ਹਜ਼ਾਰ ਕਰ ਦਿੱਤੀ ਗਈ। ਸਰਕਾਰ ਨੇ ਏਨੀ ਕਮੀਨਗੀ ਦਿਖਾਈ ਕਿ ਮਹਾਰਾਜੇ ਨੂੰ ਉਨਾਂ ਦੇ ਪਰਿਵਾਰ ਤੋਂ ਵੀ ਵੱਖ ਕਰ ਦਿੱਤਾ ਗਿਆ। ਉਹ ਚਾਹੁੰਦੇ ਸਨ ਕਿ ਉਨਾਂ ਦਾ ਬੇਟਾ ਟਿੱਕਾ ਪ੍ਰਤਾਪ ਸਿੰਘ ਸਿੱਖੀ ਵਾਤਾਵਰਨ ਵਿਚ ਪਲੇ ਅਤੇ ਸਿੱਖਿਆ ਲਵੇ। ਸਰਕਾਰ ਨੇ ਟਿੱਕੇ ਅਤੇ ਉਸ ਦੀ ਮਾਤਾ ਨੂੰ ਪਹਿਲਾਂ ਦੇਹਰਾਦੂਨ ਰੱਖ ਲਿਆ ਅਤੇ ਫਿਰ ਇੰਗਲੈਂਡ ਭੇਜ ਕੇ ਸਿੱਖੀ ਤੋਂ ਦੂਰ ਕਰ ਦਿੱਤਾ। ਆਪਣੇ ਵਤਨ, ਪਰਿਵਾਰ ਅਤੇ ਪੰਥ ਤੋਂ ਵਿਛੋੜ ਕੇ ਮਹਾਰਾਜੇ ਨੂੰ ਸਰੀਰਕ, ਭਾਵੁਕ ਅਤੇ ਮਾਨਸਿਕ ਕਸ਼ਟ ਦਿੱਤੇ ਗਏ ਪਰ ਉਨਾਂ ਦੀ ਅਣਖ ਅਤੇ ਜਾਹੋ-ਜਲਾਲ ਕਾਇਮ ਰਿਹਾ। ਮਹਾਰਾਜਾ ਪਟਿਆਲਾ ਨੇ ਉਨਾਂ ਨੂੰ ਚਿੱਠੀ ਭੇਜ ਕੇ ਕਿਹਾ ਕਿ ਜੇ ਤੁਸੀਂ ਚਾਹੋ ਤਾਂ ਮੈਂ ਹਾਲੇ ਵੀ ਤੁਹਾਨੂੰ ਨਾਭੇ ਦੀ ਗੱਦੀ 'ਤੇ ਬਿਠਾ ਸਕਦਾ ਹਾਂ। ਅਣਖੀ ਮਹਾਰਾਜੇ ਨੇ ਇਨਕਾਰ ਕਰ ਦਿੱਤਾ। ਮਦਰਾਸ ਦੇ ਇਕ ਆਗੂ ਨੇ ਚਾਹਿਆ ਕਿ ਵਾਇਸਰਾਏ ਨਾਲ ਸੰਪਰਕ ਪੈਦਾ ਕਰਕੇ ਮਹਾਰਾਜੇ ਨੂੰ ਵਾਪਸ ਗੱਦੀ ਦਿਵਾਈ ਜਾਵੇ। ਉਸ ਦੇ ਜ਼ੋਰ ਦੇਣ 'ਤੇ ਆਪ ਦਿੱਲੀ ਆਏ। ਅਗਲੇ ਦਿਨ ਇਕ ਅਖ਼ਬਾਰ ਨੇ ਖ਼ਬਰ ਛਾਪ ਦਿੱਤੀ ਕਿ ਮਹਾਰਾਜਾ ਵਾਇਸਰਾਏ ਤੋਂ ਮੁਆਫ਼ੀ ਮੰਗਣ ਲਈ ਦਿੱਲੀ ਆਏ ਹਨ। ਮਹਾਰਾਜੇ ਨੇ ਉਸੇ ਸਮੇਂ ਪ੍ਰੈੱਸ ਕਾਨਫ਼ਰੰਸ ਬੁਲਾਈ ਅਤੇ ਬਿਆਨ ਦਿੱਤਾ ਕਿ ਮੈਂ ਕੋਈ ਮੁਆਫ਼ੀ ਨਹੀਂ ਮੰਗਣ ਆਇਆ। ਇਸ ਬਿਆਨ ਤੋਂ ਵਾਇਸਰਾਏ ਸਖ਼ਤ ਨਾਰਾਜ਼ ਹੋ ਗਿਆ ਅਤੇ ਮਹਾਰਾਜੇ ਦੀਆਂ ਮੁਸ਼ਕਿਲਾਂ ਵਧਾ ਦਿੱਤੀਆਂ। ਉਨਾਂ ਦੇ ਦਿਲਾਂ ਵਿਚ ਅੰਗਰੇਜ਼ਾਂ ਦੀ ਗੁਲਾਮੀ ਪ੍ਰਤੀ ਨਫ਼ਰਤ ਅਤੇ ਦੇਸ਼ ਦੀ ਆਜ਼ਾਦੀ ਲਈ ਡੂੰਘੀ ਤੜਪ ਸੀ। ਦਿਲ ਦੀਆਂ ਦਿਲ ਵਿਚ ਹੀ ਰਹਿ ਗਈਆਂ ਅਤੇ ਦੇਸ਼ ਆਜ਼ਾਦ ਹੋਣ ਤੋਂ ਚਾਰ ਸਾਲ ਪਹਿਲਾਂ ਹੀ ਮਹਾਰਾਜਾ 1943 ਈ: ਵਿਚ ਕੋਡਾਈਕਨਾਲ ਵਿਚ ਅਕਾਲ ਚਲਾਣਾ ਕਰ ਗਿਆ। ਇਸ ਵਤਨਪ੍ਰਸਤ, ਦੇਸ਼ ਭਗਤ, ਗੁਰਸਿੱਖ, ਹਠੀ ਅਤੇ ਅਣਖੀਲੇ ਮਹਾਰਾਜੇ ਨੇ ਇਤਿਹਾਸ ਵਿਚ ਆਪਣਾ ਨਾਂ ਅਮਰ ਕਰ ਲਿਆ।

# ਗੁਰਦੁਆਰਾ, ਧਰਮ ਅਤੇ ਸਮਾਜ ਉਸਾਰੀ ਕੇਂਦਰ



**ਪ੍ਰਮਿੰਦਰ ਸਿੰਘ ਪ੍ਰਵਾਨਾ**
510-415-9377

ਗੁਰਦੁਆਰਾ ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ, ਸੰਗਤ ਗੁਰਬਾਣੀ, ਪਾਠ ਕਥਾ, ਕੀਰਤਨ, ਇਤਿਹਾਸ ਅਤੇ ਢਾਡੀ ਵਾਰਾਂ ਸਰਵਣ ਕਰਕੇ, ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦੀ ਹੈ। ਸ਼ਰਧਾ ਭਾਵਨਾ ਨਾਲ ਲੰਗਰਾਂ ਦੀ ਸੇਵਾ ਅਤੇ ਪ੍ਰਬੰਧ ਕੀਤੇ ਜਾਂਦੇ ਹਨ। ਪਹਿਲੀ ਪਾਤਿਸ਼ਾਹੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਗੁਰੂ-ਕਾਲ ਵਿਚ ਜਿੱਥੇ ਵੀ ਸਿੱਖ ਵਸਦੇ ਸਨ, ਘਰਾਂ ਵਿਚ ਇਕੱਠੇ ਹੋ ਕੇ ਗੁਰਬਾਣੀ ਸਰਵਣ ਕਰਦੇ, ਵਿਚਾਰਾਂ ਕਰਦੇ, ਜਦੋਂ ਸੰਗਤ ਦੀ ਗਿਣਤੀ ਵਧਣ ਲੱਗੀ ਤਾਂ ਧਰਮਸ਼ਾਲਾਵਾਂ ਬਣਾ ਲਈਆਂ। ਇਹ ਬਾਹਰੋਂ ਆਈ ਸੰਗਤ ਦੀ ਸੇਵਾ ਅਤੇ ਠਾਹਰ ਹੁੰਦੀਆਂ ਸਨ। ਇਸ ਤਰਾਂ ਧਾਰਮਿਕ ਕੇਂਦਰ ਹੋਂਦ ਵਿਚ ਆਉਂਦੇ ਗਏ, ਅਜਿਹਾ ਪਹਿਲਾ ਵੱਡਾ ਕੇਂਦਰ ਕਰਤਾਰਪੁਰ ਸਾਹਿਬ (ਪਾਕਿਸਤਾਨ) ਸੀ। ਜਿੱਥੇ ਜਿੱਥੇ ਵੀ ਗੁਰੂ ਸਾਹਿਬ ਠਹਿਰਦੇ ਰਹੇ, ਪ੍ਰਚਾਰ ਕਰਦੇ ਰਹੇ, ਉੱਥੇ ਵੱਡੀਆਂ ਧਰਮਸ਼ਾਲਾਵਾਂ ਬਣਦੀਆਂ ਗਈਆਂ। ਇਨਾਂ ਵਿਚੋਂ ਪ੍ਰਮੁੱਖ ਸਨ : ਖਡੂਰ ਸਾਹਿਬ, ਗੋਇੰਦਵਾਲ, ਚੱਕ ਗੁਰੂ (ਅੰਮ੍ਰਿਤਸਰ) ਤਰਨ ਤਾਰਨ, ਕਰਤਾਰਪੁਰ, ਚੱਕ ਨਾਨਕੀ (ਅਨੰਦਪੁਰ ਸਾਹਿਬ), ਪਾਉਂਟਾ ਸਾਹਿਬ, ਅੱਗੇ ਜਾ ਕੇ ਜਿਵੇਂ ਜਿਵੇਂ ਸੰਗਤ ਵਧਦੀ ਗਈ ਹੋਰ ਧਰਮਸ਼ਾਲਾਵਾਂ ਹੋਂਦ ਵਿਚ ਆਉਂਦੀਆਂ ਗਈਆਂ। ਜਿਵੇਂ ਭਾਈ ਕਲਿਆਣ (ਮਹਲਾ ਦਿਲਵਾਲੀ ਸਿਘਾਂ ਦਿੱਲੀ), ਭਾਈ ਦਗੋ (ਧਰਮਤਾਨ ਜੀਂਦ), ਢਾਕਾ, ਪਟਨਾ, ਕਸ਼ਮੀਰ ਦੀਆਂ ਧਰਮਸ਼ਾਲਾਵਾਂ ਹਨ।

ਅਠਾਰਵੀਂ ਸਦੀ ਦੇ ਅੰਤ ਤੱਕ ਗੁਰੂ ਸਾਹਿਬਾਨ ਦੀ ਯਾਦ ਵਿਚ ਬਣੇ ਥੜਿਆਂ ਤੇ ਬਣਨ ਵਾਲੀਆਂ ਇਮਾਰਤਾਂ ਨੂੰ ਗੁਰਦੁਆਰਾ ਆਖਣਾ ਆਰੰਭ ਹੋਇਆ। ਗੁਰਦੁਆਰੇ ਦੇ ਰੂਪ ਵਿਚ ਬਣਨ ਵਾਲੀ ਪਹਿਲੀ ਇਮਾਰਤ ਦਰਬਾਰ ਸਾਹਿਬ ਅੰਮਿਤਸਰ ਹੀ ਸੀ। ਭਾਵੇਂ ਨਨਕਾਣਾ ਸਾਹਿਬ ਦੀ ਵੀ ਮਾਨਤਾ ਸੀ। ਇਸ ਤੋਂ ਅੱਗੇ ਤਰਨ ਤਾਰਨ, ਅਕਾਲ ਤਖ਼ਤ ਸਾਹਿਬ, ਕੀਰਤਪੁਰ ਸਾਹਿਬ, ਅਨੰਦਪੁਰ ਸਾਹਿਬ, ਨਨਕਾਣਾ ਸਾਹਿਬ ਗੁਰਦੁਆਰੇ ਸਥਾਪਤ ਹੋਏ। ਨਨਕਾਣਾ ਸਾਹਿਬ 19ਵੀਂ ਸਦੀ ਵਿਚ ਸਥਾਪਤ ਹੋਇਆ ਸੀ। ਦਿੱਲੀ ਵਿਚ ਵੀ ਗੁਰਦੁਆਰੇ ਅਠਾਰਵੀਂ ਸਦੀ ਦੇ ਅੰਤ ਵਿਚ ਬਣੇ ਹਨ। ਅਜੋਕੇ ਸਮੇਂ ਵਿਚ ਦੇਸ਼ ਵਿਦੇਸ਼ ਵਿਚ ਸਿੱਖ ਜਾ ਵਸੇ ਹਨ। ਗੁਰਦੁਆਰੇ ਬਣਦੇ ਜਾ ਰਹੇ ਹਨ। ਗੁਰੂ ਸਾਹਿਬਾਨ ਨਾਲ ਸਬੰਧਤ ਹਰ ਮੁਕਾਮ 'ਤੇ ਗੁਰਦੁਆਰੇ ਬਣੇ ਹਨ।

ਗੁਰਦੁਆਰਾ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ। ਗੁਰੂ ਤੇ ਦੁਆਰ/ਦਰਵਾਜਾ/ਦਰ-ਘਰ ਅਰਥਾਤ ਗੁਰੂ ਦਾ ਘਰ। ਜਿਸ ਤੋਂ ਅਸੀਂ ਵਾਹਿਗੁਰੂ ਜੀ ਦੇ ਦਰਸ਼ਨ ਕਰਨ ਦੀ ਤਿਆਰੀ ਕਰਦੇ ਹਾਂ। ਗੁਰਦੁਆਰਾ ਸਿੱਖ ਪੰਥ ਦੀ ਸੋਧ ਦਾ ਧੁਰਾ ਹੈ। ਇਹ ਸਿਰਫ਼ ਧਾਰਮਿਕ ਕੇਂਦਰ ਹੀ ਨਹੀਂ, ਸਗੋਂ ਇਹ ਰੂਹਾਨੀ, ਭਾਈਚਾਰਕ, ਵਿਦਿਅਕ, ਵਿਵਹਾਰਿਕ ਅਤੇ ਸਮਾਜ ਉਸਾਰੀ ਕੇਂਦਰ ਵੀ ਹੈ। ਅਸੂਲ ਅਨੁਸਾਰ ਹਰ ਗੁਰਦੁਆਰਾ ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ, ਉਥੇ ਲੰਗਰ ਅਤੇ ਸ਼ਰਧਾਲੂਆਂ ਦੀ ਠਹਿਰ ਹੋਣਾ ਲਾਜ਼ਮੀ ਹੈ। ਸਾਡੇ ਲੰਗਰਾਂ ਦੀ ਪ੍ਰਥਾ ਭਾਵੇਂ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸਮੇਂ ਤੋਂ ਪ੍ਰਚਲਿਤ ਸੀ, ਗੁਰੂ ਅੰਗਦ ਦੇਵ ਸਾਹਿਬ ਜੀ ਨੇ ਧਰਮ ਪ੍ਰਚਾਰ ਦੇ ਨਾਲ ਨਾਲ ਲੰਗਰਾਂ ਨੂੰ ਵੀ ਤੋਰਿਆ। ਫਿਰ ਗੁਰੂ ਅਮਰਦਾਸ ਸਾਹਿਬ ਜੀ ਦਾ ਆਦੇਸ਼ ਸੀ ਕਿ ਪਹਿਲਾਂ ਇਕੋ ਪੰਗਤ ਵਿਚ ਬੈਠ ਕੇ ਲੰਗਰ ਛਕਿਆ ਜਾਵੇ। ਫਿਰ ਗੁਰ-ਦਰਬਾਰ ਦੇ ਦਰਸ਼ਨ ਕੀਤੇ ਜਾਣ। ਜਿਸ ਨਾਲ ਉਚ-ਨੀਚ ਦਾ ਭੇਦ ਭਾਵ ਦੂਰ ਹੋਇਆ। ਇਥੋਂ ਤੱਕ ਕਿ ਮੁਗਲ ਬਾਦਸ਼ਾਹ ਅਕਬਰ ਨੇ ਵੀ ਪੰਗਤ ਵਿਚ ਬੈਠ ਕੇ ਲੰਗਰ ਛਕਿਆ। ਗੁਰਦੁਆਰਾ ਦੇ ਪ੍ਰਬੰਧ ਨੂੰ ਵੇਖਕੇ ਪ੍ਰਸੰਨ ਹੋਇਆ। ਗੁਰੂ ਸਾਹਿਬ ਜੀ ਦੀ ਉਸਤਤਿ ਕੀਤੀ। 'ਝੂਲਤੇ ਨਿਸ਼ਾਨ ਰਹੇ ਗੁਰੂ ਮਹਾਰਾਜ ਕੇ' ਸਿੱਖਾਂ ਨੂੰ ਇਹ ਬੜਾ ਸ਼ੌਕ ਹੁੰਦਾ ਹੈ ਕਿ ਉਹ ਜਿੱਥੇ ਵੀ ਜਾ ਕੇ ਵਸਦੇ ਹਨ, ਸਭ ਤੋਂ ਪਹਿਲੀ ਕੋਸ਼ਿਸ਼ ਇਹ ਕਰਦੇ ਹਨ ਕਿ ਆਪਣੀ ਰਿਹਾਇਸ਼ ਤੇ ਆਪਣਾ ਮਕਾਨ ਹੋਵੇ। ਇਹ ਹੀ ਨਹੀਂ ਸਗੋਂ ਗੁਰੂ ਦਾ ਅਸਥਾਨ ਜ਼ਰੂਰ ਬਣਾਉਂਦੇ ਹਨ। ਇਸ ਲਈ ਜਿੱਥੇ ਵੀ ਸਿੱਖਾਂ ਦੀ ਅਬਾਦੀ ਹੁੰਦੀ ਹੈ, ਉਸ ਅਬਾਦੀ ਵਿਚ ਗੁਰਦੁਆਰਾ ਸਾਹਿਬ ਜੀ ਦੇ ਨਿਸ਼ਾਨ ਝੂਲਦੇ ਮਿਲਦੇ ਹਨ। ਵਿਦੇਸ਼ਾਂ ਵਿਚ ਵੀ ਜਿੱਥੇ ਸਿੱਖ ਜਾ ਵਸੇ ਹਨ, ਉਥੇ ਨਿਸ਼ਾਨ ਸਾਹਿਬ ਜੀ ਦੇ ਦਰਸ਼ਨ ਹੁੰਦੇ ਹਨ।

ਸਿੱਖਾਂ ਦੀ ਅਬਾਦੀ ਭਾਵੇਂ ਜ਼ਿਆਦਾਤਰ ਪੰਜਾਬ ਖਿੱਤੇ ਵਿਚ ਹੀ ਹੈ, ਪਰ ਕਈ ਪ੍ਰਮੁੱਖ ਦੇਸ਼ਾਂ ਵਿਚ ਸਿੱਖ ਜਾ ਵਸੇ ਹਨ ਜਿਵੇਂ, ਇੰਗਲੈਂਡ, ਅਮਰੀਕਾ, ਕੈਨੇਡਾ, ਮਲੇਸ਼ੀਆ, ਕੀਨੀਆ, ਸਿੰਘਾਪੁਰ, ਥਾਈਲੈਂਡ, ਆਸਟ੍ਰੇਲੀਆ, ਨਿਊਜ਼ੀਲੈਂਡ, ਹਾਲੈਂਡ, ਹਾਂਗਕਾਂਗ, ਜਰਮਨੀ, ਨਾਰਵੇ, ਬੈਲਜੀਅਮ ਆਦਿ। ਵਿਦੇਸ਼ਾਂ ਵਿਚ ਮਾਂ ਬੋਲੀ ਗੁਰਮੁਖੀ ਦੀ ਉੱਨਤੀ ਲਈ ਪੰਜਾਬੀ ਧਰਮ ਇਤਿਹਾਸ ਅਤੇ ਵਿਰਸਾ ਆਦਿ ਖੇਤਰਾਂ ਵਿਚ ਭਾਈਚਾਰੇ ਵਲੋਂ ਯਤਨ ਕੀਤੇ ਜਾ ਰਹੇ ਹਨ। ਹਰ ਕੋਈ ਆਪਣੀ ਯਥਾ ਸ਼ਕਤੀ ਅਨੁਸਾਰ ਯੋਗਦਾਨ ਪਾ ਰਿਹਾ ਹੈ। ਗੁਰਦੁਆਰਾ ਵਿਚ ਗੁਰਮਤਿ, ਇਤਿਹਾਸ, ਕੀਰਤਨ, ਕਵਿਤਾ ਪਾਠ, ਬੀਰਰਸ ਵਾਰਾਂ ਅਤੇ ਗਤਕਾ ਆਦਿ ਦੇ ਅਭਿਆਸ ਦਾ ਉਚੇਚਾ ਪ੍ਰਬੰਧ ਹੁੰਦਾ ਹੈ। ਜਿਸ ਰਾਹੀਂ ਬੱਚਿਆਂ ਨੂੰ ਆਪਣੇ ਗੌਰਵਮਈ ਧਾਰਮਿਕ ਵਿਰਸੇ ਨਾਲ ਜੋੜਿਆ ਜਾ ਰਿਹਾ ਹੈ।

**ਵਿਸਥਾਰਪੂਰਵਕ ਲੇਖ**

ਇਸ ਤਰਾਂ ਸਿੱਖ ਧਰਮ ਨੇ ਸੰਸਾਰ ਦੇ ਪ੍ਰਮੁੱਖ ਧਰਮਾਂ ਵਿਚ ਆਪਣੀ ਥਾਂ ਬਣਾ ਲਈ ਹੈ। ਪਰ ਅਜੋਕੇ ਸਮੇਂ ਵਿਚ ਫਿਰ ਵੀ ਆਪਣੀ ਸ਼ਨਾਖਤ ਦੀ ਰੱਖਿਆ ਲਈ ਬਚਾਓ ਦੇ ਯਤਨ ਕਰਨੇ ਪੈ ਰਹੇ ਹਨ। ਉਨਾਂ ਤੇ ਨਸਲੀ ਹਮਲੇ ਹੋ ਰਹੇ ਹਨ, ਗੁਰਦੁਆਰੇ ਵਿਚ ਵੀ ਆ ਕੇ ਦੂਸਰੀ ਨਸਲ ਦੇ ਸਿਰਫਿਰੇ ਅਨਸਰ ਆ ਕੇ ਸਿੱਖਾਂ ਨੂੰ ਮਾਰ ਜਾਂਦੇ ਹਨ। ਕਾਰੋਬਾਰਾਂ ਅਤੇ ਸੈਰਗਾਹਾਂ ਤੇ ਵੀ ਸਿੱਖ ਮਾਰੇ ਜਾਂਦੇ ਹਨ। ਇਸ ਸਮੇਂ ਅਜਿਹੇ ਪ੍ਰਚਾਰ ਦੀ ਲੋੜ ਹੈ ਕਿ ਦੂਸਰੇ ਧਰਮਾਂ ਅਤੇ ਨਸਲਾਂ ਦੇ ਲੋਕਾਂ ਨੂੰ ਵਿਸ਼ਵਾਸ ਵਿਚ ਲੈ ਕੇ ਸਾਂਝੀ ਗੱਲਬਾਤ ਕੀਤੀ ਜਾਵੇ ਅਤੇ ਸਦਭਾਵਨਾ ਪੈਦਾ ਕੀਤੀ ਜਾਵੇ। ਆਪਣੇ ਗੌਰਵਮਈ ਵਿਰਸੇ, ਇਤਿਹਾਸ ਦੀ ਜਾਣਕਾਰੀ ਦੂਸਰੇ ਭਾਈਚਾਰੇ ਤੱਕ ਪਹੁੰਚਾਉਣੀ ਚਾਹੀਦੀ ਹੈ। ਅੰਦਰੂਨੀ ਧਰਮ ਵਿਸ਼ਵਾਸ ਦਾ ਪ੍ਰਚਾਰ ਅਤੇ ਪਾਸਾਰ ਹੋਵੇ। ਸਮਾਜਿਕ ਮਾਧਿਅਮਾਂ ਰਾਹੀਂ ਧਰਮ ਪ੍ਰਚਾਰ ਆਪਣੀ ਸਵੈ ਰੱਖਿਆ ਲਈ ਕੀਤਾ ਜਾਵੇ।

ਗੁਰਦੁਆਰਾ ਗਿਆਨ ਦਾ ਕੇਂਦਰ ਹੈ। ਧਰਮ ਅਤੇ ਸਮਾਜ ਦੀ ਉਸਾਰੀ ਦਾ ਕੇਂਦਰ ਹੈ। ਗੁਰਬਾਣੀ ਦਾ ਚਾਨਣ ਸਾਨੂੰ ਜੀਵਨ ਜਾਚ ਦੀ ਸੋਝੀ ਬਖ਼ਸ਼ਦਾ ਹੈ। ਇਹੀ ਗਿਆਨ ਸਾਨੂੰ ਗੁਰਦੁਆਰੇ ਨਾਲ ਜੋੜਦਾ ਹੈ। ਸੰਗਤ ਅਤੇ ਪੰਗਤ ਵਿਚ ਆਪਸੀ ਸਦਭਾਵਨਾ ਪੈਦਾ ਹੁੰਦੀ ਹੈ। ਕੌਮ ਉੱਨਤੀ ਕਰਦੀ ਹੈ। ਬੱਚਿਆਂ ਨੂੰ ਆਪਣਾ ਵਿਰਸਾ ਅਗਾਂਹ ਤੋਰਨ ਦੀ ਪ੍ਰੇਰਣਾ ਮਿਲਦੀ ਹੈ। ਮਨੁੱਖਾ ਜੀਵਨ ਸੰਵਾਰਨ ਦੀ ਸਮਝ ਆਉਂਦੀ ਹੈ।

ਅੰਤਿਕਾ : ਉਹੀ ਹਿਰਦਾ ਪਵਿੱਤਰ ਹੁੰਦਾ ਹੈ ਜਿਹੜਾ ਉਸ ਪ੍ਰਮਾਤਮਾ ਨੂੰ ਚੰਗਾ ਲਗਣ ਪੈਂਦਾ ਹੈ। ਜੇਕਰ ਮਨੁੱਖ ਦਾ ਹਿਰਦਾ ਅੰਦਰੋਂ ਵਿਕਾਰਾਂ ਨਾਲ ਬਹੁਤ ਗੰਦਾ ਹੋਇਆ ਪਿਆ ਹੈ ਤਾਂ ਬਾਹਰੋਂ ਸਰੀਰ ਨੂੰ ਤੀਰਥ ਆਦਿਕ ਦੇ ਇਸ਼ਨਾਨ ਕਰਵਾਇਆ ਹਿਰਦਾ ਅੰਦਰੋਂ ਸ਼ੁੱਧ ਨਹੀਂ ਹੋ ਸਕਦਾ। ਜੇਕਰ ਗੁਰੂ ਦੇ ਦਰ ਤੇ ਆਪਾ ਭਾਵ ਦੂਰ ਕਰਕੇ ਸਵਾਲੀ ਬਣੀਏ ਤਾਂ ਹਿਰਦੇ ਨੂੰ ਪਵਿੱਤਰ ਕਰਨ ਦੀ ਅਕਲ ਮਿਲਦੀ ਹੈ। ਗੁਰੂ ਦੇ ਦਰ ਤੇ ਰਹਿ ਕੇ ਵੀ ਵਿਕਾਰਾਂ ਦੀ ਮੈਲ ਧੋਤਿਆਂ, ਹਿਰਦਾ ਪਵਿੱਤਰ ਹੁੰਦਾ ਹੈ। ਜੇਕਰ ਗੁਰੂ ਦੇ ਦਰ ਤੇ ਟਿਕੀਏ ਤਾਂ ਪ੍ਰਮਾਤਮਾ ਆਪ ਹੀ ਇਹ ਵਿਚਾਰਨ ਦੀ ਸਮਝ ਬਖ਼ਸ਼ਦਾ ਹੈ। ਕਿ ਅਸੀਂ ਚੰਗੇ ਹਾਂ ਜਾਂ ਮੰਦੇ। ਜੇ ਇਸ ਮਨੁੱਖਾ ਜੀਵਨ ਸਮੇਂ ਗੁਰੂ ਦਾ ਆਸਰਾ ਨਹੀਂ ਲਿਆ ਤਾਂ ਕੋਈ ਜੀਵ ਇਹ ਲਾ ਸਮਝ ਲਵੇ ਕਿ ਇਥੋਂ ਖਾਲੀ ਹੱਥ ਜਾ ਕੇ ਪ੍ਰਲੋਕ ਵਿਚ ਜੀਵਨ ਪਵਿੱਤਰ ਕਰਨ ਦੀ ਸੁਝ ਮਿਲੇਗੀ। ਇਹ ਇਕ ਕੁਦਰਤੀ ਨਿਯਮ ਹੈ ਕਿ ਇੱਥੇ ਮਨੁੱਖ ਜਿਹੋ ਜਿਹੇ ਕਰਮ ਕਰਦਾ ਹੈ, ਉਹੋ ਜਿਹਾ ਬਣ ਜਾਂਦਾ ਹੈ। ਜੇਕਰ ਮਨੁੱਖ ਗੁਰੂ ਦੇ ਦਰ ਤੇ ਡਿਗਦਾ ਹੈ, ਉਸ ਨੂੰ ਆਤਮਿਕ ਜੀਵਨ ਦੇ ਵਾਲਾ ਆਪਣਾ ਨਾਮ ਆਪ ਬਖ਼ਸ਼ਦਾ ਹੈ। ਜਿਸ ਮਨੁੱਖ ਨੂੰ ਇਹ ਦਾਤ ਮਿਲਦੀ ਹੈ, ਉਹ ਆਪਣਾ ਮਨੁੱਖਾ ਜਨਮ ਸੁਚੱਜਾ ਬਦਾ ਕੇ ਇੱਜਤ ਖੱਟ ਕੇ ਇਥੋਂ ਜਾਂਦਾ ਹੈ। ਉਹ ਆਪਣੀ ਸ਼ੋਭਾ ਦਾ ਵਾਜਾ ਇੱਥੇ ਵਜਾ ਜਾਂਦਾ ਹੈ। ਕੋਈ ਇਕ ਮਨੁੱਖ ਕੀ ਤਿੰਨਾਂ ਹੀ ਲੋਕਾਂ ਵਿਚ ਪ੍ਰਮਾਤਮਾ ਉਸ ਦੀ ਸ਼ੋਭਾ ਖਿਲਾਰਦਾ ਹੈ। ਹੇ ਨਾਨਕ, ਉਹ ਮਨੁੱਖ ਆਪ ਸਦਾ ਪ੍ਰਸੰਨ ਚਿੱਤ ਰਹਿੰਦਾ ਹੈ ਤੇ ਆਪਣੀਆਂ ਸਾਰੀਆਂ ਕੁੱਲਾਂ ਨੂੰ ਵੀ ਤਾਰ ਲੈਂਦਾ ਹੈ। ਸ਼ੋਭਾ ਦਿਵਾਉਂਦਾ ਹੈ।-ਅੰਗ 730

# ਆਦਿ ਗ੍ਰੰਥ ਸਾਹਿਬ ਜੀ ਦਾ ਸੰਕਲਨ'ਤੇ ਵਿਸ਼ੇਸ਼ 1 ਸਤੰਬਰ 1604 ਈ.



ਪ੍ਰੋ. ਗਗਨਦੀਪ ਕੌਰ ਧਾਲੀਵਾਲ

ਆਦਿ ਗ੍ਰੰਥ ਸਾਹਿਬ ਦਾ ਸੰਕਲਨ ਪੰਜਵੇਂ ਗੁਰੂ,ਸ੍ਰੀ ਗੁਰੂ ਅਰਜਨ ਦੇਵ ਜੀ ਨੇ 1604 ਈ. ਨੂੰ ਕੀਤਾ। ਗੁਰੂ ਅਰਜਨ ਦੇਵ ਜੀ ਦਾ ਸਭ ਤੋਂ ਮਹਾਨ ਕੰਮ ਆਦਿ ਗ੍ਰੰਥ ਸਾਹਿਬ ਜੀ ਦਾ ਸੰਕਲਨ ਕਰਨਾ ਸੀ। ਆਦਿ ਗ੍ਰੰਥ ਸਾਹਿਬ ਜੀ ਨੂੰ ਸਿੱਖ ਧਰਮ ਦਾ ਸਰਵਉੱਚ, ਪ੍ਰਮਾਣਿਕ ਅਤੇ ਪਵਿੱਤਰ ਗ੍ਰੰਥ ਦਾ ਸਨਮਾਨ ਪ੍ਰਾਪਤ ਹੈ। ਇਸ ਵਿੱਚ ਪਹਿਲੇ ਪੰਜ ਗੁਰੂ ਸਾਹਿਬਾਂ ਅਤੇ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਰਜ ਹੈ। ਇਸ ਤੋਂ ਇਲਾਵਾ ਇਸ ਵਿੱਚ ਬਹੁਤ ਸਾਰੇ ਹਿੰਦੂ ਭਗਤਾਂ, ਸੂਫੀ ਸੰਤਾਂ ਅਤੇ ਭੱਟਾਂ ਆਦਿ ਦੀ ਬਾਣੀ ਵੀ ਸ਼ਾਮਲ ਕੀਤੀ ਗਈ ਹੈ। ਆਦਿ ਗ੍ਰੰਥ ਸਾਹਿਬ ਜਾਂ ਗੁਰੂ ਗ੍ਰੰਥ ਸਾਹਿਬ ਦੇ ਡੂੰਘੇ ਅਧਿਐਨ ਤੋਂ ਅਸੀਂ ਉਸ ਸਮੇਂ ਦੀ ਰਾਜਸੀ, ਧਾਰਮਿਕ, ਸਮਾਜਿਕ ਅਤੇ ਆਰਥਿਕ ਜੀਵਨ ਬਾਰੇ ਬੜੀ ਬਹੁਮੁੱਲੀ ਜਾਣਕਾਰੀ ਪ੍ਰਾਪਤ ਕਰਦੇ ਹਾਂ। ਸਿੱਖਾਂ ਨੂੰ ਸ਼ੁੱਧ, ਸੰਪੂਰਨ, ਪ੍ਰਮਾਣਿਕ ਬਾਣੀ ਦਾ ਗਿਆਨ ਕਰਵਾਉਣ ਲਈ ਗੁਰੂ ਜੀ ਨੇ ਇਸ ਗ੍ਰੰਥ ਸਾਹਿਬ ਦੇ ਸੰਕਲਨ ਦੀ ਲੋੜ ਮਹਿਸੂਸ ਕੀਤੀ।ਗੁਰੂ ਜੀ ਨੇ ਆਪ ਗੁਰੂ ਅਮਰਦਾਸ ਜੀ ਦੇ ਸਪੁੱਤਰ ਬਾਬਾ ਮੋਹਨ ਜੀ ਕੋਲੋਂ ਗੋਇੰਦਵਾਲ ਸਾਹਿਬ ਜਾ ਕੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਪ੍ਰਾਪਤ ਕੀਤੀ।ਬਾਕੀ ਹੋਰ ਗੁਰੂ ਸਾਹਿਬਾਨਾਂ ਦੀ ਬਾਣੀ ਨੂੰ ਇਕੱਠਾ ਕੀਤਾ ਸੂਫ਼ੀ ਸੰਤਾਂ, ਭਗਤਾਂ ਦੀ ਬਾਣੀ ਵੀ ਇਕੱਠੀ ਕੀਤੀ।ਇਸ ਤਰਾਂ ਇਹ ਅਨੋਖਾ ਸੰਪਾਦਿਤ ਗ੍ਰੰਥ ਹੈ ਜਿਸ ਦੇ ਤੁੱਲ ਸਾਰੇ ਹਿੰਦ-ਉਪ-ਮਹਾਂਦੀਪ ਵਿੱਚ ਹੋਰ ਕੋਈ ਗ੍ਰੰਥ ਨਹੀਂ ਹੈ। ਸਮੇਂ, ਸਥਾਨ ਅਤੇ ਮੁੱਲਵੰਤਾ ਪੱਖੋਂ ਇਹ ਲਾਸਾਨੀ ਹੈ।ਆਦਿ ਗ੍ਰੰਥ ਸਾਹਿਬ ਦੇ ਸੰਕਲਨ ਦੀ ਲੋੜ ਕਈ ਕਾਰਨਾਂ ਕਰਕੇ ਪਈ- ਪਹਿਲਾ, ਸਿੱਖਾਂ ਦੀ ਰਹਿਨੁਮਾਈ ਦੇ ਲਈ ਇੱਕ ਪਵਿੱਤਰ ਧਾਰਮਿਕ ਗ੍ਰੰਥ ਦੀ ਲੋੜ ਸੀ। ਦੂਸਰਾ, ਗੁਰੂ ਅਰਜਨ ਦੇਵ ਜੀ ਦੇ ਭਰਾ ਪ੍ਰਿਥੀਆ ਨੇ ਆਪਣੀਆਂ ਰਚਨਾਵਾਂ ਨੂੰ ਗੁਰੂ ਸਾਹਿਬਾਨ ਦੀ ਬਾਣੀ ਕਹਿ ਕੇ ਪ੍ਰਚਲਿਤ ਕਰਨ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ ਸੀ। ਗੁਰੂ ਅਰਜਨ ਦੇਵ ਜੀ ਗੁਰੂ ਸਾਹਿਬਾਨ ਦੀ ਬਾਣੀ ਸ਼ੁੱਧ ਰੂਪ ਵਿੱਚ ਅੰਕਿਤ ਕਰਨਾ ਚਾਹੁੰਦੇ ਸਨ। ਤੀਸਰਾ, ਗੁਰੂ ਅਮਰਦਾਸ ਜੀ ਨੇ ਵੀ ਸਿੱਖਾਂ ਨੂੰ ਗੁਰੂ ਸਾਹਿਬਾਨ ਸੱਚੀ ਬਾਣੀ ਪੜਨ ਲਈ ਆਦੇਸ਼ ਦਿੱਤਾ ਸੀ। ਆਦਿ ਗ੍ਰੰਥ ਸਾਹਿਬ ਜੀ' ਇੱਕ ਵਿਸ਼ਾਲ ਗ੍ਰੰਥ ਹੈ। ਇਸ ਵਿੱਚ ਯੋਗਦਾਨ ਦੇਣ ਵਾਲਿਆਂ ਦਾ ਵੇਰਵਾ ਹੇਠ ਲਿਖਿਆ ਹੈ- ਸਿੱਖ ਗੁਰੂ-'ਆਦਿ ਗ੍ਰੰਥ ਸਾਹਿਬ ਜੀ' ਵਿੱਚ ਗੁਰੂ ਨਾਨਕ ਦੇਵ ਜੀ ਦੇ 976, ਗੁਰੂ ਅੰਗਦ ਦੇਵ ਜੀ ਦੇ 62, ਗੁਰੂ ਅਮਰਦਾਸ ਜੀ ਦੇ 907, ਗੁਰੂ ਰਾਮਦਾਸ ਜੀ ਦੇ 679 ਅਤੇ ਗੁਰੂ ਅਰਜਨ ਦੇਵ ਜੀ ਦੇ 2216 ਸ਼ਬਦ ਅੰਕਿਤ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਇਸ ਵਿੱਚ ਗੁਰੂ ਤੇਗ਼ ਬਹਾਦਰ ਜੀ ਦੇ 116 ਸ਼ਬਦ ਅਤੇ ਸ਼ਲੋਕ (59 ਸ਼ਬਦ ਅਤੇ 57 ਸ਼ਲੋਕ) ਸ਼ਾਮਲ ਕੀਤੇ ਗਏ ਸਨ। ਇਨਾਂ ਤੋਂ ਇਲਾਵਾ ਆਦਿ ਗ੍ਰੰਥ ਸਾਹਿਬ ਜੀ' ਵਿੱਚ 15 ਹਿੰਦੂ ਭਗਤਾਂ ਤੇ ਸੂਫ਼ੀ ਸੰਤਾਂ ਦੀ ਬਾਣੀ ਅੰਕਿਤ ਕੀਤੀ ਗਈ ਹੈ। ਪ੍ਰਮੁੱਖ ਭਗਤਾਂ ਤੇ ਸੰਤਾਂ ਦੇ ਨਾਂ ਇਹ ਹਨ - ਕਬੀਰ ਜੀ, ਫ਼ਰੀਦ ਜੀ, ਨਾਮਦੇਵ ਜੀ, ਗੁਰੂ ਰਵਿਦਾਸ ਜੀ, ਧੰਨਾ ਜੀ, ਰਾਮਾਨੰਦ ਜੀ ਅਤੇ ਜੈਦੇਵ ਜੀ। ਇਨਾਂ ਵਿੱਚੋਂ ਭਗਤ ਕਬੀਰ ਜੀ ਦੇ ਸਭ ਤੋਂ ਜ਼ਿਆਦਾ 541 ਸ਼ਬਦ ਹਨ। ਭੱਟ- 'ਆਦਿ ਗ੍ਰੰਥ ਸਾਹਿਬ ਜੀ' ਵਿੱਚ 11 ਭੱਟਾਂ ਦੇ 123 ਸਵੱਯੇ ਵੀ ਅੰਕਿਤ ਕੀਤੇ ਗਏ ਹਨ। ਕੁਝ ਪ੍ਰਮੁੱਖ ਭੱਟਾਂ ਦੇ ਨਾਂ ਇਹ ਹਨ- ਕਲਸਹਾਰ ਜੀ, ਨਲ ਜੀ, ਬਓਲ ਜੀ, ਭਿਖਾ ਜੀ ਤੇ ਹਰਬੰਸ ਜੀ। ਮਰਦਾਨਾ, ਸੱਤਾ ਅਤੇ ਬਲਵੰਡ ਗਵੱਈਆ ਆਦਿ ਦੀਆਂ ਰਚਨਾਵਾਂ ਸ਼ਾਮਿਲ ਕੀਤੀਆਂ ਗਈਆਂ ਹਨ। ਭਗਤਾਂ ਦੀਆਂ ਰਚਨਾਵਾਂ ਹਿੰਦੀ, ਸੰਸਕ੍ਰਿਤ, ਮਰਾਠੀ, ਫ਼ਾਰਸੀ ਆਦਿ ਸ਼ਬਦਾਂ ਦੇ ਪ੍ਰਯੋਗ ਨੂੰ ਜਿਉਂ ਦਾ ਤਿਉਂ ਰੱਖਿਆ ਗਿਆ ਹੈ। ਆਦਿ ਗ੍ਰੰਥ ਸਾਹਿਬ ਜੀ ਦੇ 1430 ਪੰਨੇ ਹਨ। ਇਨਾਂ ਵਿੱਚੋਂ 1154 ਪੰਨੇ ਮੁੱਖ ਭਾਗ ਨੂੰ ਦਿੱਤੇ ਗਏ ਹਨ। ਇਸਨੂੰ 31 ਰਾਗਾਂ ਵੰਡਿਆ ਗਿਆ ਹੈ।ਰਾਗਾਂ ਦੇ ਬਾਅਦ ਭੱਟਾਂ ਦੇ ਸਵੈਯੇ ਹਨ। ਬਾਬਾ ਬੁੱਢਾ ਜੀ ਨੂੰ ਪਹਿਲਾ ਮੁੱਖ ਗ੍ਰੰਥੀ ਥਾਪਿਆ ਗਿਆ। ਆਦਿ ਗ੍ਰੰਥ ਸਾਹਿਬ ਜੀ' ਦਾ ਬਹੁਤ ਮਹੱਤਵ ਹੈ।ਆਦਿ ਗ੍ਰੰਥ ਸਾਹਿਬ ਜੀ' ਨੇ ਮਨੁੱਖੀ ਜੀਵਨ ਦੇ ਹਰੇਕ ਪੱਖ ਵਿੱਚ ਅਗਵਾਈ ਦੇਣ ਵਾਲੇ ਸੁਨਹਿਰੀ ਸਿਧਾਂਤ ਦਿੱਤੇ ਹਨ। ਇਸ ਦੀ ਬਾਣੀ ਪ੍ਰਮਾਤਮਾ ਦੀ ਏਕਤਾ ਅਤੇ ਆਪਸੀ ਭਾਈਚਾਰੇ ਦਾ ਸੰਦੇਸ਼ ਦਿੰਦੀ ਹੈ। ਆਦਿ ਗ੍ਰੰਥ ਸਾਹਿਬ ਜੀ ਦਾ ਆਰੰਭ ਗੁਰੂ ਨਾਨਕ ਦੇਵ ਜੀ ਦੀ ਰਚਨਾ ਜਪੁਜੀ ਸਾਹਿਬ ਨਾਲ ਹੁੰਦਾ ਹੈ। ਇਸ ਵਿੱਚ ਕੁੱਲ 38 ਪੌੜੀਆਂ ਹਨ।ਜਪੁਜੀ ਸਾਹਿਬ ਦੇ ਆਰੰਭ ਵਿੱਚ ਮੂਲ ਮੰਤਰ ਹੈ ਜਪੁਜੀ ਸਾਹਿਬ ਪਿੱਛੋਂ ਸੋਦਰ ਰਹਿਰਾਸ ਨੂੰ ਸਥਾਨ ਪ੍ਰਾਪਤ ਹਠ। ਸੋਦਰ ਦਾ ਅਰਥ ਹੈ ਦੁਆਰ। ਸੋਦਰ ਰਹਿਰਾਸ ਤੋਂ ਪਿੱਛੋਂ ਪੁਰਖ ਤੋਂ ਭਾਵ ਸਰਵ ਸ਼ਕਤੀਮਾਨ। ਸੋਦਰ ਰਹਿਰਾਸ ਤੋਂ ਬਾਅਦ ਕੀਰਤਨ ਸੋਹਿਲਾ ਦਾ ਸਥਾਨ ਹੈ। ਕੀਰਤਨ ਸੋਹਿਲਾ ਤੋਂ ਬਾਅਦ ਆਦਿ ਗ੍ਰੰਥ ਸਾਹਿਬ ਦਾ ਮੁੱਖ ਭਾਗ ਆਰੰਭ ਹੁੰਦਾ ਹੈ। ਆਦਿ ਗ੍ਰੰਥ ਸਾਹਿਬ ਮੁੰਦਾਵਣੀ ਦੇ ਦੋ ਸਲੋਕਾਂ ਨਾਲ ਸਮਾਪਤ ਹੁੰਦਾ ਹੈ। ਅੰਤ ਵਿੱਚ ਰਾਗਮਾਲਾ ਦੇ ਸਿਰਲੇਖ ਹੇਠ ਇੱਕ ਅੰਤਿਕਾ ਦਿੱਤੀ ਗਈ ਹੈ। ਅਧਿਕਤਰ ਸ਼ਬਦਾਂ ਦੀ ਰਚਨਾ ਸੰਤ ਭਾਸ਼ਾ ਵਿੱਚ ਹੀ ਹੋਈ।ਸਾਹਿਤ ਅਤੇ ਇਤਿਹਾਸ ਲਈ ਆਦਿ ਗ੍ਰੰਥ ਸਾਹਿਬ ਨੂੰ ਇੱਕ ਬਹੁਮੁੱਲੀ ਰਚਨਾ ਮੰਨਿਆ ਜਾਦਾ ਹੈ।

# ਧਰਮੀ ਬਣੋ ਕੱਟੜਪੰਥੀ ਨਹੀਂ,ਧਰਮ ਨੂੰ ਤਾਕਤ ਬਣਾਉ ਕਮਜੋਰੀ ਨਹੀਂ



ਗਗਨਦੀਪ ਸਿੰਘ ਸਰਾਂ

ਜਦੋਂ ਵੀ ਸਿਆਸਤ ਅਤੇ ਧਰਮ ਨੇ ਇੱਕ ਦੂਜੇ ਨੂੰ ਆਪਣੇ ਹਿੱਤਾਂ ਲਈ ਵਰਤਣ ਦੀ ਕੋਸ਼ਿਸ਼ ਕੀਤੀ ਹੈ ਓਦੋਂ ਤੋਂ ਹੀ ਪੰਜਾਬ ਦਾ ਮਹੌਲ ਅਸ਼ਾਂਤ ਹੋਇਆ ਹੈ।ਅਕਿਹ ਤੇ ਅਸਿਹ ਮਾਰਾਂ ਦੀ ਪੀੜ ਸਹਿਣ ਤੋਂ ਬਾਅਦ ਸ਼ਾਂਤ ਹੋਏ ਪੰਜਾਬ ਨੂੰ ਅਸ਼ਾਤ ਕਰਨ ਲਈ ਪਿਛਲੇ ਕਈ ਸਾਲਾਂ ਤੋਂ ਜੀਅ ਤੋੜ ਯਤਨ ਕੀਤੇ ਜਾ ਰਹੇ ਹਨ।ਪਿਛਲੇ ਕਈ ਸਾਲਾਂ ਤੋਂ ਸਾਨੂੰ ਧਰਮਾਂ ਦੇ ਨਾਂ 'ਤੇ ਵੰਡਣ ਦੀ ਕੋਸਿਸ ਕੀਤੀ ਗਈ ਤੇ ਇਹ ਕੰਮ ਕਰ ਰਹੇ ਹਨ ਧਰਮ ਦੇ ਠੇਕੇਦਾਰ ਅਤੇ ਸਿਆਸੀ ਲੋਕ ਜਿਹੜੇ ਆਪਣੇ ਮੁਫਾਦਾਂ ਲਈ ਧਰਮਾਂ ਦੇ ਨਾਂ 'ਤੇ ਝਗੜੇ ਕਰਵਾ ਰਹੇ ਹਨ।ਮੈਂ ਇੱਥੇ ਸਮੁੱਚੇ ਧਰਮਾਂ ਦੀ ਗੱਲ ਕਰ ਰਿਹਾ ਹਾਂ।ਹਾਲਾਤ ਇੱਥੋਂ ਤੱਕ ਗਰਕ ਚੁੱਕੇ ਹਨ ਕਿ ਆਪਣਾ ਧਰਮ ਸ਼੍ਰੇਸ਼ਟ ਦਿਖਾਉਣ ਲਈ ਅਸੀਂ ਕਿਸੇ ਦੀਆਂ ਜਿੰਦਗੀਆਂ ਨਾਲ ਖੇਡਣ ਤੋਂ ਨਹੀਂ ਕਤਰਾਉਂਦੇ ਤੇ ਕਿਸੇ ਦੀ ਪੱਤ ਰੋਲਣ ਲੱਗਿਆਂ ਸਾਨੂੰ ਭੋਰਾ ਭੈਅ ਜਾਂ ਸ਼ਰਮ ਨਹੀਂ ਆਉਂਦੀ।ਸਾਨੂੰ ਮਜਬੀ ਜਨੂੰਨ ਵਿੱਚ ਲੋਕਾਂ ਦੀਆਂ ਜਿੰਦਗੀਆਂ ਮੌਤ ਦੇ ਹਵਾਲੇ ਕਰ ਮਨੁੱਖਤਾ ਦਾ ਘਾਣ ਕਰ ਆਪਣੇ ਆਪ ਨੂੰ ਇਨਸਾਨੀਅਤ ਦੇ ਰਾਖੇ ਜਾਂ ਧਰਮੀ ਅਖਵਾਉਣ ਵਿੱਚ ਮਾਣ ਮਹਿਸੂਸ ਹੁੰਦਾ ਹੈ।ਕੀ ਇਹ ਧਰਮ ਹੈ? ਧਰਮ ਸਿਰਫ਼ ਇੱਕ ਹੈ ਉਹ ਹੈ ਇਨਸਾਨੀਅਤ।ਜਿੰਨੇ ਧਰਮਾਂ ਦੇ ਗੁਰੂ, ਪੀਰ ਪੈਗੰਬਰ,ਰਿਸ਼ੀ ਮੁਨੀ ਹੋਏ ਹਨ ਸਾਰਿਆਂ ਨੇ ਮਨੁੱਖਤਾ ਦੀ ਸੇਵਾ ਦਾ ਉਪਦੇਸ਼ ਦਿੱਤਾ,ਜਾਤ-ਪਾਤ,ਧਰਮਾਂ ਦੇ ਨਾਂਵਾਂ 'ਤੇ ਪਈਆਂ ਵੰਡੀਆਂ ਨੂੰ ਖਤਮ ਕਰ" ਮਾਨਸ ਕੀ ਜਾਤ ਸਭੈ ਏਕ ਪਹਿਚਾਣਬੋ ॥ " ਦਾ ਉਪਦੇਸ਼ ਦਿੱਤਾ ਪਰ ਅਫਸੋਸ ਅੱਜ ਅਸੀਂ ਰੱਬ ਦੇ ਪੁੱਤਰ ਕਹਾਉਣ ਵਾਲੇ ਉਸ ਰੱਬ ਦੇ ਨਾਂ 'ਤੇ ਹੀ ਲੜ ਰਹੇ ਹਾਂ।ਆਪਣੀ ਸੋਝੀ ਦੀ ਵਰਤੋਂ ਕਰ ਇਹ ਸਮਝਣ ਦਾ ਯਤਨ ਕਰੋ ਕਿ ਆਏ ਦਿਨ ਸਾਡੀ ਧਰਤੀ 'ਤੇ ਹੋ ਰਹੀਆਂ ਬੇਅਦਬੀਆਂ (ਧੰਨ ਸ੍ਰੀ ਗੁਰੂ ਗੰਥ ਸਾਹਿਬ,ਪਵਿੱਤਰ ਬਾਈਬਲ,ਪਵਿੱਤਰ ਗੀਤਾ,ਪਵਿੱਤਰ ਕੁਰਾਨ ਸਰੀਫ,ਮੰਦਰਾਂ ਤੇ ਚਰਚਾਂ ਵਿਚ ਮੂਰਤੀਆਂ ਦੀ ਭੰਨਤੋੜ )ਪਿੱਛੇ ਕਿਸਦਾ ਹੱਥ ਹੋ ਸਕਦਾ?ਇਸ ਬਲਦੀ ਅੱਗ ਵਿੱਚ ਜੋ ਸਾਨੂੰ ਧਕੇਲ ਰਹੇ ਹਨ ਕੀ ਉਹ ਵੀ ਸਾਡੇ ਨਾਲ ਇਸ ਅੱਗ ਵਿੱਚ ਪੈਰ ਰੱਖ ਰਹੇ ਹਨ? ਅੰਨ੍ਹੀ ਸ਼ਰਧਾ ਅਤੇ ਬੇਸਮਝੀ ਦੇ ਕਾਰਨ ਮਨੁੱਖਤਾ ਦਾ ਘਾਣ ਕਰਨਾ ਬੰਦ ਕਰੋ, ਜੋ ਬੇਅਦਬੀ ਕਰ ਰਹੇ ਨੇ ਤੇ ਜੋ ਕਰਵਾ ਰਹੇ ਉਹਨਾਂ ਦੀ ਮਾਨਸਿਕਤਾ ਸਮਾਜਿਕ ਨਹੀਂ ਹੈ ,ਉਹ ਸਮਾਜ ਵਿੱਚ ਘੁਲ-ਮਿਲ ਤਾਂ ਰਹੇ ਨੇ ਪਰ ਇਸ ਸਮਾਜ ਦਾ ਅੰਗ ਅਖਵਾਉਣ ਦੇ ਲਾਇਕ ਨਹੀ ਹਨ।ਉਹਨਾਂ ਨੂੰ ਕਿਸੇ ਰੱਬ,ਗੋਡ,ਪੈਗੰਬਰ ਜਾਂ ਕਿਸੇ ਮੰਦਰ ਨਾਲ ਕੋਈ ਮਤਲਬ ਨਹੀਂ ਹੈ,ਉਹਨਾਂ ਦਾ ਮੰਤਵ ਸਾਫ ਹੈ ਧਾਰਮਿਕ ਤੇ ਕੌਮੀ ਫੁੱਟ ਪਵਾ ਕੇ ਸਾਡੇ ਉੱਤੇ ਰਾਜ ਕਰਨਾ।ਇਹ ਨੀਤੀ ਬਹੁਤ ਪੁਰਾਤਨ ਹੈ।ਸਾਡਾ ਪੁਰਾਤਨ ਤੋਂ ਪੁਰਾਤਨ ਇਤਿਹਾਸ ਫਰੋਲ ਲਵੋ ਤਾਂ ਸਬੂਤ ਸਪੱਸਟ ਹੀ ਮਿਲ ਜਾਣਗੇ ਕਿ ਕਿਵੇਂ ਬਾਹਰੋਂ ਆ ਕੇ ਸਾਡੇ 'ਤੇ ਸਾਲਾਂ ਦਰ ਸਾਲ ਰਾਜ ਕਿਸ ਨੀਤੀ ਦੁਆਰਾ ਕੀਤਾ ਗਿਆ ਸੀ।ਵੈਸੇ ਇਹ ਗੱਲ ਕਹਿਣ ਤੋਂ ਮੈਂ ਸੰਕੋਚ ਨਹੀਂ ਕਰਾਂਗਾ ਕਿ ਧਰਮ ਚਾਹੇ ਕਿਸੇ ਵੀ ਕੌਮ ਦਾ ਹੋਵੇ,ਉਹ ਧਰਮ ਤਾਂ ਹੀ ਧਰਮ ਅਖਵਾਉਂਦਾ ਹੈ ਜੇ ਉਸ ਵਿੱਚ ਧਾਰਮਿਕ ਕੱਟੜਤਾ ਦੀ ਥਾਂ 'ਤੇ ਇਨਸਾਨੀਅਤ ਤੇ ਨੈਤਿਕਤਾ ਦੇ ਗੁਣ ਭਰਪੂਰਨ ਹੋਣ ਪਰ ਹੁਣ ਤਾਂ ਕਿਸੇ ਵੀ ਕੌਮ ਦੀ ਕਮਜ਼ੋਰੀ ਉਸਦਾ ਧਰਮ ਹੀ ਬਣਦਾ ਜਾ ਰਿਹਾ ਹੈ ਕਿਉਂਕਿ ਇਹ ਗੱਲ ਸਾਫ ਹੋ ਚੁੱਕੀ ਹੈ ਕਿ ਜੇਕਰ ਕਿਸੇ ਵੀ ਕੌਮ ਨੂੰ ਬਦਨਾਮ ਜਾਂ ਭੜਕਾਉਣਾ ਹੋਵੇ ਤਾਂ ਉਸਦੇ ਸਿੱਧਾ ਧਰਮ 'ਤੇ ਵਾਰ ਕਰੋ ਤਾਂ ਉਹ ਕੌਮ ਸ਼ਾਂਤੀ ਦਾ ਰਸਤਾ ਛੱਡ ਕੇ ਅਸ਼ਾਤੀ ਦਾ ਰਸਤਾ ਅਪਣਾਏਗੀ।ਮਿਸਾਲ ਦੇ ਤੌਰ 'ਤੇ ਸੌਦਾ ਸਾਧ ਬਨਾਮ ਸਿੱਖ,ਫਿਰ ਪਟਿਆਲੇ ਹਿੰਦੂ ਬਨਾਮ ਸਿੱਖ ਅਤੇ ਅਜੋਕੇ ਸਮੇਂ ਇਸਾਈ ਬਨਾਮ ਸਿੱਖ ਦਾ ਝਗੜਾ ਧਾਰਮਿਕ ਸੋਚ ਤੋਂ ਪਰੇ ਸ਼ੈਤਾਨੀ ਦਿਮਾਗ ਦੀ ਕਾਢ ਹੈ ਕਿਉਂਕਿ ਹਰ ਧਰਮ ਇਨਸਾਨੀਅਤ ਦਾ ਪੈਗਾਮ ਦਿੰਦਾ ਹੈ,ਜ਼ੁਲਮ ਦੇ ਵਿਰੁੱਧ ਅਵਾਜ਼ ਉਠਾਉਣ ਲਈ ਕਹਿੰਦਾ ਹੈ ਪਰ ਕਦੇ ਇਹ ਨਹੀਂ ਕਹਿੰਦਾ ਕਿ ਤੁਸੀਂ ਆਪ ਹੀ ਜੁਲਮ ਦਾ ਰੂਪ ਅਖ਼ਤਿਆਰ ਕਰ ਲਉ।ਧਰਮ ਸਿਰਫ਼ ਇਨਸਾਨੀਅਤ ਹੈ,ਇਸਤੋਂ ਵੱਡਾ ਕੋਈ ਹੋਰ ਧਰਮ ਨਹੀਂ! ਇਸ ਲਈ ਧਰਮ ਨੂੰ ਤਾਕਤ ਬਣਾਉ ਨਾ ਕੇ ਕਮਜੋਰੀ ਤਾਂ ਜੋ ਕੋਈ ਬਾਹਰੀ ਤਾਕਤਾਂ ਆਪਣੀਆਂ ਕੋਝੀਆਂ ਚਾਲਾਂ ਨਾਲ ਤੁਹਾਡੀ ਭਾਈਚਾਰਕ ਸਾਂਝ ਨੂੰ ਤੋੜ ਨਾ ਸਕਣ ਅਤੇ ਸ਼ਾਤ ਪੰਜਾਬ ਦੀਆਂ ਫਿਜ਼ਾਵਾਂ ਅੰਦਰ ਕੱਟੜਵਾਦ ਦਾ ਜ਼ਹਿਰ ਨਾਂ ਫੈਲਾ ਸਕਣ।ਆਉ ਸਾਰੇ ਜੁਗੋ-ਜੁੱਗ ਅਟੱਲ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਸਾਰੇ ਮਨੁੱਖਾਂ ਵਿਚ ਉਸ ਇੱਕ ਅਕਾਲ ਪੁਰਖੁ ਦੀ ਜੋਤਿ ਬਿਰਾਜਮਾਨ ਹੈ ਅਤੇ ਇੱਕ ਰੱਬੀ ਜੋਤਿ ਤੋਂ ਪ੍ਰਕਾਸ਼ਿਤ ਹੋਣ ਦੇ ਨਾਤੇ ਸਾਰੇ ਮਨੁੱਖ ਬਰਾਬਰ ਹਨ ਦੇ ਫਲਸਫੇ ਨੂੰ ਸਮਝੀਏ ਅਤੇ ਆਪਣੇ ਜੀਵਨ ਵਿੱਚ ਇਸਨੂੰ ਅਪਣਾਈਏ।ਸਭ ਧਰਮਾਂ ਦਾ ਸਤਿਕਾਰ ਕਰੀਏ।




# ਅਮਰੀਕਾ ਤੋਂ ਸ੍ਰੀਲੰਕਾ ਤੱਕ ਰੋਟੀ ਮਹਿੰਗੀ ਹੋਈ

## ਦੁਨੀਆਂ ਭਰ ਵਿੱਚ ਖਾਣ-ਪੀਣ ਦੀਆਂ ਚੀਜ਼ਾਂ ਮਹਿੰਗੀਆਂ ਦੀ ਕਮੀ ਹੋਣ ਕਾਰਣ ਹਾਹਾਕਾਰ

ਕਣਕ ਅਤੇ ਸਬਜ਼ੀਆਂ ਦੇ ਤੇਲ ਦੀਆਂ ਕੀਮਤਾਂ ਮਾੜੀ ਫ਼ਸਲ ਅਤੇ ਮਹਾਂਮਾਰੀ ਤੋਂ ਬਾਅਦ ਵਧਦੀ ਮੰਗ ਕਾਰਨ ਵਿਸ਼ਵ ਭਰ ਵਿੱਚ ਵਧੀਆਂ ਹਨ। ਇਸ ਤੋਂ ਬਾਅਦ ਰੂਸ ਦੇ ਯੂਕਰੇਨ ਉੱਪਰ ਹਮਲੇ ਨਾਲ ਸਥਿਤੀ ਵਿਗੜ ਹੋਰ ਗਈ। ਪਿਛਲੇ ਇੱਕ ਸਾਲ ਤੋਂ ਅਮਰੀਕਾ ਦੇ ਲੋਕਾਂ ਨੂੰ ਜ਼ਰੂਰੀ ਖਾਣ-ਪੀਣ ਦੀਆਂ ਵਸਤੂਆਂ ਇਕੱਠੀਆਂ ਕਰਨ ਵਿੱਚ ਮੁਸ਼ਕਲ ਆ ਰਹੀ ਹੈ। ਲੰਘੀ ਜੁਲਾਈ ਵਿੱਚ ਸਾਲਾਨਾ ਖ਼ੁਰਾਕ ਮਹਿੰਗਾਈ ਦਰ 10.9% ਹੋ ਗਈ ਹੈ, ਜੋ ਕਿ 1979 ਤੋਂ ਬਾਅਦ ਸਭ ਤੋਂ ਵੱਧ ਹੈ। ਪਿਛਲੇ ਇੱਕ ਸਾਲ ਵਿੱਚ ਤੇਲ ਦੀਆਂ ਕੀਮਤਾਂ ਵੀ 60% ਵਧੀਆਂ ਹਨ। ਅਮਰੀਕਾ ਦੇ ਲੋਕ ਆਪਣੀ ਕਮਾਈ ਦਾ 7.1% ਖਾਣ-ਪੀਣ 'ਤੇ ਖਰਚ ਕਰਦੇ ਹਨ।

ਸ੍ਰੀਲੰਕਾ ਦੀ ਸਰਕਾਰ ਤੋਂ ਲੈ ਕੇ ਆਰਥਿਕਤਾ ਤੱਕ ਭਾਰੀ ਸੰਕਟ ਚੱਲ ਰਿਹਾ ਹੈ। ਸ੍ਰੀਲੰਕਾ ਵਿੱਚ ਇਨੀਂ ਦਿਨੀਂ ਦਵਾਈਆਂ, ਈਂਧਣ ਅਤੇ ਖ਼ੁਰਾਕੀ ਵਸਤੂਆਂ ਸਮੇਤ ਹਰ ਚੀਜ਼ ਦੀ ਕਮੀ ਹੈ। ਚੰਗੀਆਂ ਨੌਕਰੀਆਂ ਵਾਲੇ ਲੋਕ ਵੀ ਸਾਧਾਰਨ ਚੀਜ਼ਾਂ ਖਰੀਦਣ ਲਈ ਸੰਘਰਸ਼ ਕਰ ਰਹੇ ਹਨ। ਹੁਣ ਲੋਕ ਆਪਣੇ ਭਵਿੱਖ ਬਾਰੇ ਚਿੰਤਤ ਹਨ। ਉਹ ਡਰਦੇ ਹਨ ਕਿ ਕਿਤੇ ਭੁੱਖਮਰੀ ਨਾ ਫੈਲ ਜਾਵੇ। ਸ੍ਰੀਲੰਕਾ ਦਾ ਹਾਲ, 45 ਰੁਪਏ ਦਾ ਆਂਡਾ, 1200 ਰੁਪਏ ਦਾ ਚਿਕਨ, 250 ਰੁਪਏ ਕਿਲੋ ਆਲੂ। ਲੰਘੇ ਜੂਨ ਵਿੱਚ, ਸ੍ਰੀਲੰਕਾ ਵਿੱਚ ਸਾਲਾਨਾ ਖ਼ੁਰਾਕ ਮਹਿੰਗਾਈ ਦਰ 76.8% ਵਧੀ ਹੈ।

ਸ੍ਰੀਲੰਕਾ ਵਾਸੀ ਆਪਣੀ ਆਮਦਨ ਦਾ 29.6% ਖਾਣ-ਪੀਣ 'ਤੇ ਖਰਚ ਕਰਦੇ ਹਨ। ਕਟਹਲ ਹੁਣ ਸ੍ਰੀਲੰਕਾ





ਵਾਸੀਆਂ ਲਈ ਇੱਕ ਮਸ਼ਹੂਰ ਪਕਵਾਨ ਬਣ ਗਿਆ ਹੈ ਤੇ ਬਾਜ਼ਾਰ ਵਿੱਚ ਵਿਕ ਰਿਹਾ ਹੈ। ਕੁਝ ਲੋਕ ਕਟਹਲ ਦੇ ਬੀਜਾਂ ਨੂੰ ਪੀਸ ਕੇ ਰੋਟੀਆਂ ਲਈ ਆਟਾ ਬਣਾ ਰਹੇ ਹਨ। ਕੁਝ ਸਾਲ ਪਹਿਲਾਂ, ਦੁਨੀਆ ਭਰ ਦੇ ਵੱਡੇ ਰੈਸਟੋਰੈਂਟਾਂ ਵਿੱਚ ਕਟਹਲ ਮੀਟ ਦੇ ਬਦਲ ਵਜੋਂ ਉੱਭਰਿਆ ਸੀ।

ਨਾਈਜੀਰੀਆ ਵਿਚ ਪਿਛਲੇ ਇੱਕ ਸਾਲ ਵਿੱਚ ਕਣਕ ਦੇ ਆਟੇ ਦੀ ਕੀਮਤ ਵਿੱਚ 200 ਫੀਸਦੀ ਤੋਂ ਵੱਧ ਦਾ ਵਾਧਾ ਹੋਇਆ ਹੈ, ਚੀਨੀ ਦੀ ਕੀਮਤ ਵੀ 150% ਤੋਂ ਵੱਧ ਗਈ ਹੈ ਅਤੇ ਆਂਡੇ ਦੀ ਕੀਮਤ ਵਿੱਚ 120% ਦਾ ਵਾਧਾ ਹੋਇਆ ਹੈ।ਨਾਈਜੀਰੀਆ ਵਿੱਚ ਬੇਕਿੰਗ ਵਿੱਚ ਵਰਤੀ ਜਾਂਦੀ ਜ਼ਿਆਦਾਤਰ ਸਮੱਗਰੀ ਆਯਾਤ ਕੀਤੀ ਜਾਂਦੀ ਹੈ ਪਰ ਨਾਈਜੀਰੀਆ ਵਿੱਚ ਬਰੈੱਡ ਦੀ ਵਿਕਰੀ ਕੀਮਤ ਯੂਰਪ ਦੇ ਮੁਕਾਬਲੇ ਬਹੁਤ ਘੱਟ ਹੈ। ਪਿਛਲੀ ਜੁਲਾਈ ਵਿੱਚ, ਨਾਈਜੀਰੀਆ ਵਿੱਚ ਸਾਲਾਨਾ ਖ਼ੁਰਾਕ ਮਹਿੰਗਾਈ ਦਰ 22% ਤੱਕ ਪਹੁੰਚ ਗਈ ਹੈ। ਨਾਈਜੀਰੀਆ ਵਾਸੀ ਆਪਣੀ ਆਮਦਨ ਦਾ 59.1% ਖਾਣ-ਪੀਣ 'ਤੇ ਖਰਚ ਕਰਦੇ ਹਨ

ਨਾਈਜੀਰੀਆ ਨੂੰ ਬਿਜਲੀ ਦੀ ਭਾਰੀ ਕਮੀ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। ਅਜਿਹੇ ਵਿੱਚ ਜ਼ਿਆਦਾਤਰ ਕਾਰੋਬਾਰੀਆਂ ਨੂੰ ਆਪਣਾ ਕਾਰੋਬਾਰ ਚਲਾਉਣ ਲਈ ਨਿੱਜੀ ਡੀਜ਼ਲ ਜਨਰੇਟਰਾਂ ਦੀ ਵਰਤੋਂ ਕਰਨੀ ਪੈਂਦੀ ਹੈ। ਈਂਧਨ ਦੀਆਂ ਕੀਮਤਾਂ ਵਿੱਚ ਵੀ 30% ਵਾਧਾ ਹੋਇਆ ਹੈ। ਹਾਲਾਂਕਿ ਨਾਈਜੀਰੀਆ ਇੱਕ ਤੇਲ ਨਾਲ ਭਰਪੂਰ ਦੇਸ਼ ਹੈ, ਇਸ ਵਿੱਚ ਕੁਝ ਤੇਲ ਰਿਫਾਇਨਿੰਗ ਸਟੇਸ਼ਨ ਹਨ ਪਰ ਇਸ ਨੂੰ ਆਪਣੀ ਖਪਤ ਦਾ ਲਗਭਗ ਸਾਰਾ ਡੀਜ਼ਲ ਬਾਹਰੋਂ ਮੰਗਾਉਣਾ ਪੈਂਦਾ ਹੈ। ਨਾਈਜੀਰੀਅਨ ਬਹੁਤ ਗਰੀਬ ਹਨ। ਕਾਰੋਬਾਰ ਬੰਦ ਹੋ ਰਹੇ ਹਨ ਅਤੇ ਤਨਖਾਹਾਂ ਨਹੀਂ ਵਧ ਰਹੀਆਂ ਹਨ।

ਪਿਛਲੀ ਜੁਲਾਈ ਵਿੱਚ, ਜਾਰਡਨ ਵਿੱਚ ਸਾਲਾਨਾ ਖ਼ੁਰਾਕ ਮਹਿੰਗਾਈ ਦਰ 4.1% ਤੱਕ ਪਹੁੰਚ ਗਈ ਸੀ।ਜਾਰਡਨ ਦੇ ਲੋਕ ਆਪਣੀ ਆਮਦਨ ਦਾ 26.9% ਖਾਣ-ਪੀਣ 'ਤੇ ਖਰਚ ਕਰਦੇ ਹਨ। ਗਲੋਬਲ ਕਾਰਕਾਂ ਕਾਰਨ ਇਥੇ ਈਂਧਨ ਅਤੇ ਅਨਾਜ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਹੈ। ਇਨਾਂ ਵਿੱਚ ਸਵਾਈਨ ਫਲੂ, ਦੱਖਣੀ ਅਮਰੀਕਾ ਵਿੱਚ ਸੋਕਾ ਅਤੇ ਯੂਕਰੇਨ ਵਿੱਚ ਯੁੱਧ ਤੋਂ ਬਾਅਦ ਆਪਣੀ ਸੂਰ ਦੀ ਅਬਾਦੀ ਵਧਾਉਣ ਦੀ ਚੀਨ ਦੀ ਯੋਜਨਾ ਸ਼ਾਮਲ ਹੈ। ਜਾਰਡਨ ਸਰਕਾਰ ਨੇ ਚਿਕਨ ਦੀਆਂ ਕੀਮਤਾਂ 'ਤੇ ਰੋਕ ਲਗਾਉਣ ਲਈ ਸੀਲਿੰਗ ਕੀਮਤ ਦੀ ਤਜਵੀਜ਼ ਕੀਤੀ ਸੀ। ਇਸ 'ਤੇ ਚਿਕਨ ਫਾਰਮ ਮਾਲਕ ਵੀ ਤਿਆਰ ਹੋ ਗਏ। ਫਿਰ ਮਈ ਵਿੱਚ ਉਨਾਂ ਨੂੰ ਕੀਮਤਾਂ ਵਧਾਉਣ ਲਈ ਮਜਬੂਰ ਕੀਤਾ ਗਿਆ, ਜਿਸ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਬਾਈਕਾਟ ਸ਼ੁਰੂ ਹੋ ਗਿਆ। ਵੱਡੇ ਵਪਾਰੀ ਜੋ ਕਿਸਾਨ ਨੂੰ ਲੋੜੀਂਦੀ ਹਰ ਚੀਜ਼ ਦੀ ਕੀਮਤ ਵਧਾ ਦਿੰਦੇ ਹਨ, ਉਨਾਂ 'ਤੇ ਕੋਈ ਅਸਰ ਨਹੀਂ ਪਿਆ।

# ਸਰਕਾਰੀ ਧੱਕਾ, ਲਗਾਤਾਰ, ਸ਼ਰੇਆਮ...!

**ਅਸ਼ੋਕ ਸੋਨੀ, ਕਾਲਮਨਵੀਸ**
**ਮੋ. 9872705078**

ਸੱਤਾ ਧਿਰ ਤੇ ਅਫ਼ਸਰਸ਼ਾਹੀ ਦਾ ਨਾਪਾਕ ਗਠਜੋੜ, ਬੇਰਹਿਮੀ ਤੇ ਬੇਦਰਦੀ ਨਾਲ, ਕਾਬਲ ਲੋਕਾਂ ਦਾ ਭਵਿੱਖ ਬਰਬਾਦ ਕਰਨ ਲਈ ਸਰਕਾਰੀ ਚਾਲਾਂ ਵਰਤਦਾ ਏ। ਬੀਤੇ ਦਿਨ ਵਾਇਰਲ ਹੋਈ ਇਕ ਮਹਿਲਾ ਅਧਿਆਪਕਾ ਦੀ ਭਾਵੁਕ ਵੀਡੀਓ, ਜਿਸ 'ਚ ਲੁਧਿਆਣਾ ਦੀ ਇਹ ਬੇਹੱਦ ਪੜ੍ਹੀ-ਲਿਖੀ ਹੋਣਹਾਰ ਅਧਿਆਪਕਾ, ਪਰਮਿੰਦਰ ਕੌਰ ਸੀ, ਜੋ ਸੰਗਰੂਰ ਦੇ ਸਸਸਸ ਕਪਿਆਲ 'ਚ ਸਮਾਜਿਕ ਸਿੱਖਿਆ ਦੀ ਅਧਿਆਪਕਾ ਹੈ। ਪਰਮਿੰਦਰ ਦਾ ਤੇ ਇਸਦੇ ਨਾਲਦੇ ਹੋਰ 124 ਅਧਿਆਪਕਾਂ ਦਾ ਬਸ ਇੰਨਾ ਕੁ ਕਸੂਰ ਏ ਕਿ ਇਹ ਬੇਕਸੂਰ ਨੇ। ਜਦੋਂ ਪਰਮਿੰਦਰ ਦਾ ਸੰਨ 2012 'ਚ ਸਿੱਖਿਆ ਵਿਭਾਗ ਦੀਆਂ 3442 ਪੋਸਟਾਂ 'ਚ ਨੰਬਰ ਆਇਆ ਤਾਂ ਉਸਨੇ ਐਸ ਐਸ ਏ ਅਧੀਨ 'ਠੇਕੇ ਵਾਲੀ' ਲੋਕਲ ਨੌਕਰੀ ਤੋਂ ਅਸਤੀਫ਼ਾ ਦੇ ਕੇ ਖ਼ੁਸ਼ੀ-ਖ਼ੁਸ਼ੀ ਸੰਗਰੂਰ ਜ਼ਿਲੇ 'ਚ ਜਾ ਕੇ ਨੌਕਰੀ ਜੁਆਇਨ ਕਰ ਲਈ ਤੇ ਫੇਰ ਬਦਲੀ ਨਾ ਹੋਣ ਕਾਰਨ, ਪੂਰੇ ਪਰਿਵਾਰ ਨੂੰ ਵੀ ਉੱਥੇ ਸ਼ਿਫਟ ਹੋਣਾ ਪਿਆ, ਹੁਣ ਉਸਨੇ ਜੋ ਠੇਕੇ ਆਲੀ ਨੌਕਰੀ ਛੱਡੀ ਸੀ, ਉਹ ਤਾਂ ਅੱਜ ਪੱਕੇ ਹੋ ਗਏ, ਪਰ ਇਹਨੇ ਜਿਸ ਪੱਕੀ ਨੌਕਰੀ ਲਈ ਘਰ ਛੱਡਿਆ, ਉਹ ਅੱਜ ਵੀ ਪੱਕੀ ਨਾ ਹੋ ਸਕੀ, ਦਰਅਸਲ ਪੰਜਾਬ ਵਿਚ ਸੰਨ 2009 'ਚ ਸਿੱਖਿਆ ਵਿਭਾਗ 'ਚ ਨਾਨ ਟੀਚਿੰਗ, ਮਾਸਟਰ ਤੇ ਲੈਕਚਰਰ ਕੈਡਰ ਦੀਆਂ 7654 ਦਾ ਇਸ਼ਤਿਹਾਰ ਆਇਆ ਸੀ, ਜੋ 2011 'ਚ ਭਰਤੀ ਹੋ ਗਏ ਸਨ ਤੇ ਫੇਰ 2012 'ਚ ਇਸੇ ਤਰਾਂ 3442 ਅਧਿਆਪਕ ਸਿੱਖਿਆ ਵਿਭਾਗ 'ਚ ਭਰਤੀ ਹੋਏ। ਇਨਾਂ ਕੁਲ 110 96 ਅਸਾਮੀਆਂ ਲਈ ਤਿੰਨ ਸਾਲ ਬੇਸਿਕ ਪੇ (10300 ਰੁਪਏ) ਤੇ ਫੇਰ ਪੱਕੇ ਦੀ ਸ਼ਰਤ ਸੀ, ਤੇ ਲਗਭਗ ਸਾਰੇ ਅਧਿਆਪਕ ਪੱਕੇ ਵੀ ਹੋ ਗਏ। ਪਰ ਲਗਭਗ 124 ਅਧਿਆਪਕਾਂ ਨੂੰ ਸਰਕਾਰਾਂ ਨੇ ਕਿਵੇਂ ਰੁਲਣ ਲਈ ਛੱਡ ਦਿੱਤਾ ਏ, ਤੁਸੀਂ ਜਾਣ ਕੇ ਹੈਰਾਨ ਹੋ ਜਾਵੋਗੇ।

ਦਰਅਸਲ 7654 'ਚੋਂ ਤਕਰੀਬਨ 75 ਤੇ 3442 'ਚੋਂ ਲਗਭਗ 50 ਅਧਿਆਪਕਾਂ ਨੂੰ, ਇਸ ਲਈ ਰੈਗੂਲਰ ਨੀਂ ਕੀਤਾ ਗਿਆ ਕਿਉਂਕਿ ਇੰਨਾਂ ਨੇ ਉੱਚ ਸਿੱਖਿਆ, ਪੰਜਾਬ ਤੋਂ ਬਾਹਰ ਦੀਆਂ ਉਹਨਾਂ ਯੂਨੀਵਰਸਿਟੀਆਂ ਤੋਂ ਹਾਸਲ ਕੀਤੀ ਸੀ, ਜਿੰਨਾਂ ਬਾਰੇ ਯੂਜੀਸੀ ਨੇ 27/06/2013 ਨੂੰ ਯੂਨੀਵਰਸਿਟੀ ਕੈਂਪਸ ਤੋਂ ਬਾਹਰ ਦੇ ਪ੍ਰੀਖਿਆ ਕੇਂਦਰਾਂ ਵਾਲਾ ਮਾਨਤਾ ਰੱਦ ਕਰਨ ਦਾ ਪੱਤਰ ਜਾਰੀ ਕਰ ਦਿੱਤਾ ਸੀ। ਇਹਨਾਂ ਅਧਿਆਪਕਾਂ ਨੇ ਮਜਬੂਰੀਵੱਸ, ਉੱਚ ਯੋਗਤਾ ਇਨਾਂ ਬਾਹਰ ਦੀਆਂ ਸਰਕਾਰੀ ਮਾਨਤਾ ਪ੍ਰਾਪਤ ਯੂਨੀਵਰਸਿਟੀਆਂ ਤੋਂ ਹਾਸਲ ਕਰ ਲਈ ਸੀ, ਜਦਕਿ ਇੰਨਾਂ ਚੋਂ ਜਿਆਦਾਤਰ ਕੋਰਸ ਇੱਥੇ ਹੁੰਦੇ ਹੀ ਨਹੀਂ ਸਨ। ਹੁਣ ਇਨਾਂ ਦੋਵੇਂ ਭਰਤੀਆਂ ਤੇ ਇਹ **ODL (OPEN DISTANCE LEARNING)** ਨਿਯਮ ਕਿਸੇ ਵੀ ਤਰਾਂ ਨਾਲ ਲਾਗੂ ਨੀਂ ਹੋ ਸਕਦਾ ਸੀ, ਕਿਉਂਕਿ ਇਹ ਭਰਤੀਆਂ ਪਹਿਲਾਂ ਹੀ ਨੇਪਰੇ ਚੜ ਚੁੱਕੀਆਂ ਸਨ ਤੇ ਇਸ਼ਤਿਹਾਰ 'ਚ ਵੀ ਇਹ ਸ਼ਰਤ ਨਹੀਂ ਸੀ। ਇਸ ਸੰਬੰਧੀ ਪਿਛਲੇ ਸੱਤ ਸਾਲਾਂ ਤੋਂ ਇਨਾਂ ਅਧਿਆਪਕਾਂ ਨੇ ਕੋਈ ਅਫਸਰਸ਼ਾਹ, ਕੋਈ ਮੰਤਰੀ ਨੀਂ ਛੱਡਿਆ ਪਰ ਕਿਸੇ ਨੇ ਬਾਂਹ ਨਾ ਫੜੀ ਤਾਂ ਇਹ ਅਧਿਆਪਕ 2018 'ਚ ਆਪਣੇ ਜਾਇਜ ਹੱਕ ਲਈ ਹਾਈਕੋਰਟ ਪਹੁੰਚੇ ਤੇ 2019

'ਚ ਕੋਰਟ ਨੇ ਇਨਾਂ ਦੇ ਹੱਕ 'ਚ ਫੈਸਲਾ ਵੀ ਦੇ ਦਿੱਤਾ ਪਰ ਪਿਛਲੀ 'ਲੋਕਹਿਤੈਸ਼ੀ' ਸਰਕਾਰ ਨੇ ਆਪਣੇ ਖਾਸਮ-ਖਾਸ ਅਫ਼ਸਰਸ਼ਾਹੀ ਦੀ ਸਲਾਹ ਤੇ, ਸਿਰਫ ਇੰਨਾਂ ਅਧਿਆਪਕਾਂ ਨੂੰ ਰੁਲਾਉਣ ਲਈ, 2019 'ਚ ਡਬਲ ਬੈਂਚ ਕੋਲ ਇਸ ਫੈਸਲੇ ਖਿਲਾਫ ਅਪੀਲ ਕਰ ਦਿੱਤੀ। ਹੁਣ ਆਪਣੇ ਦੇਸ਼ 'ਚ ਕੋਰਟ-ਕਚਹਿਰੀਆਂ 'ਚ ਨਿਆਂ ਲਈ, ਕਿੰਨਾ ਸਮਾਂ ਰੁਲਣਾ ਪੈਂਦਾ ਏ, ਆਪਾਂ ਸਾਰੇ



ਜਾਣੂ ਹਾਂ।

ਆਰਥਿਕ ਪੱਖੋਂ ਇਹ ਪੀੜ ਜਿੰਨੀ ਜਿਆਦਾ ਏ, ਮਾਨਸਿਕ ਪੱਖੋਂ ਉਸਤੋਂ ਵੀ ਵੱਧ ਡੂੰਘੀ ਏ, ਇਸੇ ਕਰਕੇ ਡਿਪ੍ਰੈਸ਼ਨ 'ਚ ਅੱਜ ਤੋਂ ਤਿੰਨ ਕੁ ਸਾਲ ਪਹਿਲਾਂ ਪਿੰਡ ਭੁੱਲਰ, ਮੁਕਤਸਰ ਦੇ ਅਧਿਆਪਕ ਹਰਜਿੰਦਰ ਸਿੰਘ ਨੂੰ ਇਸੇ ਸੰਬੰਧ 'ਚ ਚੰਡੀਗੜ ਤੋਂ ਆਉਂਦੇ ਨੂੰ ਮੋਟਰਸਾਈਕਲ ਤੇ ਹੀ ਹਾਰਟ ਅਟੈਕ ਹੋ ਗਿਆ ਸੀ ਤੇ ਅਗਲੇ ਦਿਨ ਉਸਦੀ ਮ੍ਰਿਤਕ ਦੇਹ ਸੜਕ ਤੇ ਮਿਲੀ ਸੀ, ਹੁਣ ਅਧਿਆਪਕ ਯੂਨੀਅਨਾਂ ਦੇ ਯਤਨਾਂ ਸਦਕਾ ਉਸਦੀ ਘਰਦੀ ਨੂੰ ਉਹੀ 'ਪੱਕੀ' ਸਰਕਾਰੀ ਨੌਕਰੀ ਨਸੀਬ ਹੋਈ ਏ ਜਿਸ ਲਈ ਸੰਘਰਸ਼ ਕਰਦਾ ਬਰਜਿੰਦਰਾ ਕਾਲਜ ਦਾ ਸਾਬਕਾ ਲੈਕਚਰਾਰ ਹਰਜਿੰਦਰ ਸਿੰਘ ਹਮੇਸ਼ਾ ਲਈ ਤੁਰ ਗਿਆ, ਇਨਾਂ 'ਚੋਂ ਦੋ ਅਧਿਆਪਕ ਡਿਪ੍ਰੈਸ਼ਨ 'ਚ ਆਕੇ ਨੌਕਰੀ ਹੀ ਛੱਡ ਗਏ, ਇਕ ਅਧਿਆਪਕਾ ਦਾ ਤਲਾਕ ਹੋ ਗਿਆ ਏ, ਕਿੰਨੇ ਹੀ ਅਧਿਆਪਕ ਕਰਜ਼ੇ ਤੇ ਲੋਨ ਦੀਆਂ ਕਿਸ਼ਤਾਂ 'ਚ ਡੁੱਬੇ ਪਏ ਨੇ ਤੇ ਕਈ ਅਧਿਆਪਕ ਸਰੀਰਕ ਜਾਂ ਮਾਨਸਿਕ ਰੂਪ 'ਚ ਬੀਮਾਰ ਹੋ ਕੇ, ਥੱਬਾ-ਥੱਬਾ ਦਵਾਈਆਂ ਦਾ ਚੁੱਕੀ ਫਿਰਦੇ, ਸਰਕਾਰਾਂ ਨੂੰ ਕੋਸ ਰਹੇ ਨੇ। ਜੇ ਇਨਾਂ ਅਧਿਆਪਕਾਂ ਦੀ ਕਾਬਲੀਅਤ ਦੀ ਗੱਲ ਕਰੀਏ ਤਾਂ ਅਰਜੁਨ ਸਿੰਘ ਹਿਸਟਰੀ ਲੈਕਚਰਾਰ ਪਠਾਨਕੋਟ ਜਿਸਦਾ ਰਮਸਾ ਪ੍ਰਿੰਸੀਪਲ 'ਚ ਪੂਰੇ ਪੰਜਾਬ 'ਚੋਂ ਅੱਠਵਾਂ ਰੈਂਕ ਸੀ ਪਰ ਉਸਨੇ ਪ੍ਰਿੰਸੀਪਲ ਦੀ ਨੌਕਰੀ ਛੱਡੀ ਕਿਉਂਕਿ ਉਦੋਂ ਉਹ ਪੋਸਟ ਵਿਭਾਗੀ ਨਹੀਂ ਸੀ, ਫਾਜ਼ਿਲਕਾ ਦਾ ਮਸ਼ਹੂਰ ਜਿਓਗ੍ਰਾਫੀ ਲੈਕਚਰਾਰ 'ਬਲਜਿੰਦਰ ਗਰੇਵਾਲ', ਅਕੈਡਮੀਆਂ ਆਲੇ ਜਿਹਦੇ ਮਗਰ-ਮਗਰ ਤੁਰੇ ਫਿਰਦੇ ਨੇ, ਸਸਸਸ ਬੋਹਾ ਦਾ ਬੇਹੱਦ ਮਿਹਨਤੀ ਸਾਇੰਸ ਅਧਿਆਪਕ ਮੁਕੇਸ਼ ਕੱਕੜ, ਜੋ ਦੋ ਵਾਰੀ ਪੰਜਾਬ ਪੱਧਰ ਤੇ ਸਾਇੰਸ ਐਕਜੀਬਿਸ਼ਨ ਜੇਤੂ ਏ, ਲੁਧਿਆਣੇ ਦਾ ਅੰਗਰੇਜ਼ੀ ਅਧਿਆਪਕ ਪ੍ਰਭਜੋਤ ਸਿੰਘ ਜੋ ਸਿੱਖਿਆ ਵਿਭਾਗ ਦੀ ਸਟੇਟ ਟੀਮ 'ਚ ਅੰਗਰੇਜ਼ੀ ਵਿਸ਼ੇ ਦਾ ਵਿਸ਼ੇਸ਼ ਮੈਂਬਰ ਹੈ, ਯਾਦਵਿੰਦਰ ਕੌਰ ਹਿਸਟਰੀ ਲੈਕਚਰਾਰ ਅੰਮ੍ਰਿਤਸਰ ਤੇ ਲਖਵਿੰਦਰ ਸਿੰਘ ਲੈਕਚਰਾਰ ਬਠਿੰਡਾ ਤੋਂ ਜੋ ਆਪਣੇ ਵਿਸ਼ੇ ਦੇ ਵਿਸ਼ੇਸ਼ ਮਾਹਿਰ ਨੇ, ਬੁਢਲਾਡੇ ਦਾ ਐਸ ਐਲ ਏ ਰਿਸ਼ੀਪਾਲ ਜੋ ਆਪਣੀ ਡਿਊਟੀ ਦੇ ਨਾਲ-ਨਾਲ ਖਾਸ ਢੰਗ ਨਾਲ ਕਾਮਰਸ ਤੇ ਹਿਸਾਬ ਦੀ ਪੜਾਈ ਕਰਵਾਉਣ ਲਈ ਮਸ਼ਹੂਰ ਹੈ, ਬਰਨਾਲੇ ਤੋਂ ਤਜਿੰਦਰ ਕੌਰ, ਮਲੇਰਕੋਟਲੇ ਤੋਂ ਜਤਿੰਦਰ ਸਿੰਘ, ਸਾਇੰਸ ਦੇ ਖੇਤਰ ਵਿਚ ਮਾਹਿਰ ਰਮਨਦੀਪ ਸਿੰਘ ਫਿਜ਼ਿਕਸ ਲੈਕਚਰਾਰ ਬਟਾਲਾ, ਜਲਾਲਾਬਾਦ ਤੋਂ ਮੈਥ ਮਾਹਿਰ ਸੁਨੀਲ ਥਿੰਦ, ਮੈਂ ਕਿਸ-ਕਿਸ ਦਾ ਨਾਂ ਲਿਖਾ, ਇਹ ਸਾਰੇ 125 ਹੀ ਆਪਣੇ-ਆਪ 'ਚ ਹੀਰੇ ਨੇ, ਜਿਨਾਂ ਇੰਨੇ ਲੰਮੇ ਸਰਕਾਰੀ ਤਸ਼ੱਦਦ ਤੋਂ ਬਾਅਦ ਵੀ ਆਪਣੇ ਫਰਜ਼ ਨੂੰ ਪ੍ਰਮੁੱਖ ਰੱਖਿਆ ਹੋਇਆ ਏ।

ਭਗਵੰਤ ਮਾਨ ਜੀ, ਤੁਸੀਂ ਵੀ ਇਕ ਅਧਿਆਪਕ ਦੇ ਘਰ ਹੀ ਜਨਮ ਲਿਆ ਏ, ਤੁਹਾਨੂੰ ਤਾਂ ਸਭ ਪਤਾ ਏ ਕਿ ਜੇਕਰ ਅਧਿਆਪਕ ਨੂੰ ਯੋਗ ਤਨਖਾਹ ਹੀ ਨੀਂ ਮਿਲੇਗੀ ਤਾਂ ਉਹ ਘਰ ਕਿਵੇਂ ਚਲਾਏਗਾ, ਕੀ ਇਕ ਕਾਬਲ ਅਧਿਆਪਕ ਜੋ ਆਪ ਇਸ ਤਰਾਂ ਨਾਲ ਪ੍ਰੇਸ਼ਾਨ ਹੋਵੇਗਾ, ਅਗਲੀ ਪੀੜੀ ਦੇ ਉਜੱਲ ਭਵਿੱਖ ਨਿਰਮਾਣ 'ਚ ਆਪਣਾ ਪੂਰਾ ਯੋਗਦਾਨ ਦੇ ਸਕੇਗਾ? ਹੁਣ ਬੀਤੇ ਕੱਲ ਜਦੋਂ ਡੀਟੀਐਫ ਅਧਿਆਪਕ ਜੱਥੇਬੰਦੀ ਨੇ ਪੰਜਾਬ ਦੇ ਮੌਜੂਦਾ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਕੋਲ ਫੇਰ ਪਹੁੰਚ ਕੀਤੀ ਤਾਂ ਮੰਤਰੀ ਸਾਬ ਨੇ ਸੁਪਰੀਮ ਕੋਰਟ ਦੇ ਆਡਰ ਆਖਦਿਆਂ ਫੇਰ ਨਾਂਹਪੱਖੀ ਜਵਾਬ ਦਿੱਤਾ ਹੈ, ਜਦਕਿ ਉਸ ਆਦੇਸ਼ ਦਾ ਇਸ ਨਾਲ ਕੋਈ ਸੰਬੰਧ ਨਹੀਂ ਹੈ। ਭਗਵੰਤ ਮਾਨ ਜੀ, ਪੂਰੇ ਪੰਜਾਬ ਦੇ ਅਧਿਆਪਕ ਵਰਗ ਨੂੰ ਤੁਹਾਡੇ ਤੋਂ ਬਹੁਤ ਆਸਾਂ-ਉਮੀਦਾਂ ਨੇ, ਪਹਿਲੀਆਂ ਸਰਕਾਰਾਂ ਨੇ ਤਾਂ 'ਅੰਨੀ ਕੁੱਤੀ, ਜਲੇਬੀਆਂ ਦੀ ਰਾਖੀ' ਆਲੀ ਜੋ ਕੀਤੀ, ਉਹ ਕੀਤੀ ਪਰ ਤੁਸੀਂ ਤਾਂ ਇਨਕਲਾਬ ਦਾ ਨਾਹਰਾ ਲਾ ਕੇ, ਭਗਤ ਸਿੰਘ ਦੇ ਸੁਪਨਿਆਂ ਦਾ ਪੰਜਾਬ ਬਣਾਉਣ ਦਾ ਅਹਿਦ ਕੀਤਾ ਸੀ, ਫੇਰ ਕਿਉਂ ਕਿਰਤ ਦੀ ਸਰਕਾਰੀ ਲੁੱਟ ਅੱਜ ਵੀ ਜਾਰੀ ਏ? ਤੁਸੀਂ ਕਲਾਕਾਰ ਰਹੇ ਹੋ, ਸੁਹਿਰਦ ਇਨਸਾਨ ਹੋ, ਇਨਾਂ ਦੇ ਦਰਦ ਨੂੰ ਸਮਝੋ, ਸ਼ਰੇਆਮ ਸਰਕਾਰੀ ਧੱਕੇਸ਼ਾਹੀ ਦਾ ਅੰਤ ਕਰਦੇ ਹੋਏ, ਇਨਾਂ ਅਧਿਆਪਕਾਂ ਨੂੰ ਤੁਰੰਤ ਬਣਦੇ ਹੱਕ ਪ੍ਰਦਾਨ ਕਰੋ ਤਾਂ ਜੋ ਇਹ ਉੱਚ ਸਿੱਖਿਅਤ ਕਾਬਲ ਅਧਿਆਪਕ ਸਮਾਜ 'ਚ ਬਿਨਾਂ ਦਬਾਅ ਤੋਂ ਜੀਅ ਤਾਂ ਸਕਣ।

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਭਾਗ-3

# ਅਜਨਬੀ...



ਲੇਖਕ : ਆਲਬੇਅਰ ਕਾਮੂ



ਅਨੁਵਾਦ : ਮਹਿੰਦਰ ਬੇਦੀ, ਜੈਤੋ

ਕੁੱਲ ਮਿਲਾ ਕੇ, ਇਹ ਤਾਂ ਨਹੀਂ ਕਹਾਂਗਾ ਕਿ ਉਹ ਸਾਰੇ ਮਹੀਨੇ ਰੀਂਘ-ਰੀਂਘ ਕੇ ਈ ਬੀਤੇ। ਹਾਂ, ਏਨਾ ਜ਼ਰੂਰ ਏ ਕਿ ਪਹਿਲੀਆਂ ਗਰਮੀਆਂ ਦੇ ਬੀਤਣ ਦਾ ਗਿਆਨ ਹੁੰਦਿਆਂ ਨਾ ਹੁੰਦਿਆਂ, ਦੂਜੀਆਂ ਗਰਮੀਆਂ ਆ ਗਈਆਂ ਸਨ। ਤੇ ਮੈਨੂੰ ਇਹ ਵੀ ਲੱਗਣ ਲੱਗਾ ਸੀ ਕਿ ਗਰਮੀਆਂ ਦੇ ਦਿਨ ਸ਼ੁਰੂ ਹੁੰਦਿਆਂ ਈ ਮੇਰੀ ਕਿਸਮਤ, ਸ਼ਰਤੀਆ, ਕੋਈ ਨਾ ਕੋਈ ਗੁਲ ਖਿਲਾਵੇਗੀ। ਮੇਰੇ ਮੁਕੱਦਮੇ ਦੀ ਤਾਰੀਖ਼ ਅਸਾਈਜ਼ ਅਦਾਲਤ ਦੇ ਆਖ਼ਰੀ ਸੈਸ਼ਨ ਵਿਚ ਪਈ ਸੀ। ਇਸ ਸੈਸ਼ਨ ਨੇ ਜੂਨ ਵਿਚ ਈ ਕਿਸੇ ਸਮੇਂ ਖ਼ਤਮ ਹੋਣਾ ਸੀ।

ਮੁਕੱਦਮੇ ਦੀ ਸੁਣਵਾਈ ਵਾਲੇ ਦਿਨ ਡੱਟਵੀਂ ਧੁੱਪ ਨਿਕਲੀ ਸੀ। ਵਕੀਲ ਸਾਹਬ ਨੇ ਦੱਸਿਆ ਸੀ ਕਿ ਮੁਕੱਦਮਾ ਦੋ-ਤਿੰਨ ਦਿਨ ਤੋਂ ਵੱਧ ਨਹੀਂ ਲਏਗਾ। ਬੋਲੇ, 'ਸੁਣਦੇ ਓ, ਅਦਾਲਤ ਜਲਦੀ ਤੋਂ ਜਲਦੀ ਤੁਹਾਡੇ ਮੁਕੱਦਮੇ ਨੂੰ ਨਿਪਟਾਏਗੀ ਕਿਉਂਕਿ ਇਸ ਸੈਸ਼ਨ ਦੀ ਸੂਚੀ ਵਿਚ ਇਹ ਸਭ ਤੋਂ ਮਹੱਤਵਪੂਰਨ ਮੁਕੱਦਮਿਆਂ ਵਿਚ ਨਹੀਂ ਏਂ। ਤੁਹਾਡੇ ਬਾਅਦ ਈ ਪਿਤਰ-ਹੱਤਿਆ ਦਾ ਇਕ ਮੁਕੱਦਮਾ ਸ਼ੁਰੂ ਹੋ ਰਿਹਾ ਏ-ਅਸਲੀ ਵਕਤ ਅਦਾਲਤ ਨੂੰ ਉਸ ਵਿਚ ਲਗੇਗਾ।'

ਸਵੇਰੇ ਸਾਢੇ ਸੱਤ ਵਜੇ ਮੈਨੂੰ ਲੈਣ ਵਾਲੇ ਆ ਗਏ ਤੇ ਕੈਦੀਆਂ ਵਾਲੀ ਗੱਡੀ ਵਿਚ ਬਿਠਾਲ ਕੇ ਅਦਾਲਤ ਲੈ ਗਏ। ਦੋ ਸਿਪਾਹੀ ਮੈਨੂੰ ਦੋਵੇਂ ਪਸਿਓਂ ਫੜ ਕੇ ਇਕ ਛੋਟੇ-ਜਿਹੇ ਕਮਰੇ ਵਿਚ ਲਿਆਏ। ਕਮਰੇ ਵਿਚ ਗੰਧਲਾ-ਜਿਹਾ ਹਨੇਰਾ ਸੀ। ਅਸੀਂ ਲੋਕ ਇਕ ਦਰਵਾਜ਼ੇ ਕੋਲ ਜਾ ਬੈਠੇ। ਦਰਵਾਜ਼ੇ ਪਿੱਛੋਂ ਬੋਲਣ ਦੀਆਂ ਆਵਾਜ਼ਾਂ, ਕਾਵਾਂ-ਰੌਲੀ ਤੇ ਫਰਸ਼ ਉੱਤੇ ਕੁਰਸੀਆਂ ਦੇ ਘਸੀਟੇ ਜਾਣ ਦੀਆਂ ਆਵਾਜ਼ਾਂ ਆ ਰਹੀਆਂ ਸਨ। ਇਕ-ਦੂਜੀ ਵਿਚ ਗਡਮਡ ਹੋਈਆਂ ਇਨਾਂ ਆਵਾਜ਼ਾਂ ਦਾ ਸ਼ੋਰ, ਮੈਨੂੰ ਕਿਸੇ ਕਸਬੇ ਦੇ ਜਲਸੇ ਦਾ ਚੇਤਾ ਦਿਵਾਅ ਰਿਹਾ ਸੀ। ਇੰਜ ਲੱਗਦਾ ਸੀ-ਜਲਸੇ ਵਿਚ ਸੰਗੀਤ ਦਾ ਪ੍ਰੋਗਰਾਮ ਮੁੱਕ ਚੁੱਕਿਆ ਏ ਤੇ ਹੁਣ ਹਾਲ ਵਿਚ ਨਾਚ ਦੇ ਲਈ ਫਰਸ਼ ਖਾਲੀ ਕੀਤਾ ਜਾ ਰਿਹਾ ਏ।

ਇਕ ਸਿਪਾਹੀ ਨੇ ਦੱਸਿਆ ਕਿ ਅਜੇ ਤੀਕ ਜੱਜ ਸਾਹਬ ਨਹੀਂ ਆਏ। ਉਸਨੇ ਮੈਨੂੰ ਇਕ ਸਿਗਰਟ ਪੀਣ ਨੂੰ ਦਿੱਤੀ ਤਾਂ ਮੈਂ ਇਨਕਾਰ ਕਰ ਦਿੱਤਾ। ਕੁਝ ਚਿਰ ਬਾਅਦ ਉਸਨੇ ਪੁੱਛਿਆ ਕਿ ਮੈਂ ਘਬਰਾ ਤਾਂ ਨਹੀਂ ਰਿਹਾ। ਮੈਂ ਬੋਲਿਆ, 'ਨਈਂ...ਉਲਟਾ ਮੈਨੂੰ ਤਾਂ ਉਤਸੁਕਤਾ ਹੋ ਰਹੀ ਏ ਇਕ ਮੁਕੱਦਮਾ ਸੁਣਨ ਨੂੰ ਮਿਲੇਗਾ। ਮੈਂ ਕਦੀ ਦੇਖਿਆ ਵੀ ਨਈਂ ਏਂ।'

'ਹਾਂ, ਹੋ ਸਕਦਾ ਏ।' ਦੂਜੇ ਸਿਪਾਹੀ ਨੇ ਕਿਹਾ, 'ਪਰ ਇਕ-ਦੋ ਘੰਟਿਆਂ ਵਿਚ ਈ ਜੀਅ ਭਰ ਜਾਵੇਗਾ।'

ਟਿਰਰ-ਟਿਰਰ-ਟਿਰਰ ਥੋੜੀ ਦੇਰ ਬਾਅਦ ਕਮਰੇ ਵਿਚ ਬਿਜਲੀ ਦੀ ਘੰਟੀ ਵੱਜੀ। ਸਿਪਾਹੀ ਨੇ ਮੇਰੀਆਂ ਹੱਥਕੜੀਆਂ ਲਾਹੀਆਂ, ਦਰਵਾਜ਼ਾ ਖੋਲ੍ਹਿਆ ਤੇ ਕੈਦੀਆਂ ਵਾਲੇ ਕਟਹਿਰੇ ਵੱਲ ਲੈ ਤੁਰਿਆ।

ਕਚਹਿਰੀ ਵਿਚ ਚੋਖੀ ਭੀੜ ਸੀ। ਦਰਵਾਜ਼ਿਆਂ ਦੀਆਂ ਹਵਾ-ਰੋਸ਼ਨੀ ਵਾਲੀਆਂ ਪੱਟੀਆਂ ਝੁਕੀਆਂ ਹੋਈਆਂ ਸਨ, ਪਰ ਰੋਸ਼ਨੀ ਵਿਰਲਾਂ ਵਿਚੋਂ ਛਣ-ਛਣ ਕੇ ਅੰਦਰ ਆ ਰਹੀ ਸੀ। ਹਵਾ ਵਿਚ ਹੁੰਮਸ ਸੀ। ਖਿੜਕੀਆਂ ਬੰਦ ਸਨ। ਮੈਂ ਬੈਠ ਗਿਆ ਤਾਂ ਸਿਪਾਹੀ ਮੇਰੀ ਕੁਰਸੀ ਦੇ ਦੋਵੇਂ ਪਾਸੇ ਤਣ ਕੇ ਖੜੇ ਹੋ ਗਏ।

ਹੁਣ ਜਾ ਕੇ ਮੈਂ ਦੇਖਿਆ ਕਿ ਐਨ ਮੇਰੇ ਸਾਹਮਣੇ ਇਕ ਕਤਾਰ ਵਿਚ ਬੈਠੇ ਕੁਝ ਚਿਹਰੇ ਮੈਨੂੰ ਘੂਰ-ਘੂਰ ਕੇ ਦੇਖ ਰਹੇ ਨੇ। ਅੰਦਾਜ਼ਾ ਲਾਇਆ, ਜੂਰੀ ਏ। ਪਰ ਪਤਾ ਨਹੀਂ ਕਿਉਂ, ਮੈਂ ਅਲੱਗ-ਅਲੱਗ ਬੈਠੇ ਵਿਅਕਤੀਆਂ ਦੇ ਰੂਪ ਵਿਚ ਉਨਾਂ ਨੂੰ ਨਹੀਂ ਦੇਖਿਆ। ਟਰਾਮ ਵਿਚ ਚੜਦਿਆਂ ਈ ਕਿਸੇ ਨੂੰ ਲੱਗੇ ਕਿ ਸਾਹਮਣੇ ਵਾਲੀ ਸੀਟ 'ਤੇ ਬੈਠੇ ਲੋਕ ਉਸਦੇ ਪਹਿਰਾਵੇ ਵਿਚ ਕੁਝ ਮਨੋਰੰਜਨ ਤੇ ਮਜ਼ਾਕੀਆ ਲੱਭਣ ਦੀ ਉਮੀਦ ਨਾਲ ਲਗਾਤਾਰ ਉਸ ਵੱਲ ਦੇਖਦੇ ਪਏ ਨੇ, ਤਾਂ ਉਸ ਸਮੇਂ ਉਸਨੂੰ ਜਿਵੇਂ ਮਹਿਸੂਸ ਹੁੰਦਾ ਏ, ਓਵੇਂ ਈ ਮੈਨੂੰ ਲੱਗ ਰਿਹਾ ਸੀ। ਮੈਂ ਜਾਣਦਾ ਹਾਂ, ਉਪਮਾ ਨਿਹਾਇਤ ਬੇਤੁਕੀ ਏ ਕਿਉਂਕਿ ਇਹ ਲੋਕ ਕਿਸੇ ਮਜ਼ਾਕੀਆ ਗੱਲ ਦੀ ਨਹੀਂ, ਅਪਰਾਧੀ ਮਨੋਬਿਰਤੀ ਦੇ ਲੱਛਣਾ ਦੀ ਖੋਜ ਵਿਚ ਮੇਰੇ ਵੱਲ ਦੇਖ ਰਹੇ ਸਨ। ਚਲੋ ਖ਼ੈਰ, ਫਰਕ ਬਹੁਤਾ ਨਹੀਂ ਸੀ। ਘੱਟੋਘੱਟ ਮੈਨੂੰ ਤਾਂ ਇੰਜ



ਈ ਲੱਗਿਆ।

ਭੀੜ ਤੇ ਹਵਾ ਦੀ ਘੁਟਨ ਕਾਰਨ ਮੈਨੂੰ ਚੱਕਰ-ਜਿਹੇ ਆਉਣ ਲੱਗੇ। ਕਚਹਿਰੀ ਦੇ ਕਮਰੇ ਵਿਚ ਨਿਗਾਹਾਂ ਘੁਮਾਈਆਂ ਤਾਂ ਇਕ ਵੀ ਪਛਾਣਿਆਂ ਚਿਹਰਾ ਨਾ ਦਿਸਿਆ। ਪਹਿਲਾਂ ਤਾਂ ਇਹੋ ਵਿਸ਼ਵਾਸ ਨਹੀਂ ਸੀ ਹੋਇਆ ਕਿ ਏਨੇ ਸਾਰੇ ਲੋਕ ਮੇਰੇ ਲਈ ਈ ਇਕੱਠੇ ਹੋਏ ਨੇ। ਸਾਧਾਰਨ ਤੌਰ 'ਤੇ ਕਦੀ ਕਿਸੇ ਨੇ ਮੇਰੇ ਵੱਲ ਉਚੇਚ ਧਿਆਨ ਨਹੀਂ ਸੀ ਦਿੱਤਾ, ਹੁਣ ਇੰਜ ਰਾਤੋ-ਰਾਤ ਸਭ ਦੀ ਦਿਲਚਸਪੀ ਦਾ ਕੇਂਦਰ ਬਣ ਜਾਣਾ ਕਿੰਨਾ ਅਜਬ-ਅਜੀਬ ਲੱਗਦਾ ਸੀ। 'ਬੜੀ ਭੀੜ ਏ।' ਮੈਂ ਆਪਣੇ ਖੱਬੇ ਪਾਸੇ ਵਾਲੇ ਸਿਪਾਹੀ ਨੂੰ ਕਿਹਾ ਤਾਂ ਉਸਨੇ ਦੱਸਿਆ ਕਿ 'ਇਹ ਸਭ ਅਖ਼ਬਾਰਾਂ ਵਾਲਿਆਂ ਦੀ ਕਾਰਸਤਾਨੀ ਏ।' ਜੂਰੀਆਂ ਦੇ ਬੈਠਣ ਵਾਲੀ ਜਗਾ ਦੇ ਐਨ ਹੇਠਾਂ ਬੈਠੇ ਕੁਝ ਲੋਕਾਂ ਵੱਲ ਇਸ਼ਾਰਾ ਕਰਕੇ ਉਹ ਬੋਲਿਆ, 'ਉਹ ਬੈਠੇ ਤਾਂ ਹੈਨ।' 'ਕੌਣ?' ਮੈਂ ਪੁੱਛਿਆ। ਉਸਨੇ ਕਿਹਾ, 'ਪੱਤਰਕਾਰ ਭਾਈ।' ਫੇਰ ਉਸਨੇ ਦੱਸਿਆ ਕਿ ਉਹਨਾਂ ਵਿਚ ਉਸਦਾ ਇਕ ਪੁਰਾਣਾ ਦੋਸਤ ਵੀ ਬੈਠਾ ਏ।

ਕੁਝ ਚਿਰ ਬਾਅਦ ਈ ਉਸਦੇ ਦੱਸੇ ਹੋਏ ਆਦਮੀ ਨੇ ਸਾਡੇ ਵੱਲ ਦੇਖਿਆ ਤੇ ਚਬੂਤਰੇ 'ਤੇ ਆ ਕੇ ਸਿਪਾਹੀ ਨਾਲ ਬੜੇ ਤਪਾਕ ਨਾਲ ਹੱਥ ਮਿਲਾਇਆ। ਪੱਤਰਕਾਰ ਪੱਕੀ ਉਮਰ ਦਾ ਆਦਮੀ ਸੀ ਤੇ ਸ਼ਕਲ ਤੋਂ ਗੰਭੀਰ ਲੱਗਦਾ ਸੀ, ਪਰ ਵਿਹਾਰ ਉਸਦਾ ਬੜਾ ਨਿੱਘਾ ਸੀ। ਉਦੋਂ ਈ ਮੈਂ ਦੇਖਿਆ ਕਿ ਕਮਰੇ ਵਿਚ ਬੈਠੇ ਸਾਰੇ ਆਦਮੀ ਇਕ ਦੂਜੇ ਨੂੰ ਨਮਸਤੇ ਕਰ ਰਹੇ ਨੇ, ਗੱਲਬਾਤ ਕਰ ਰਹੇ ਨੇ, ਵੱਖ ਵੱਖ ਦਲਾਂ ਵਿਚ ਵੰਡੇ ਹੋਏ ਨੇ। ਸੱਚ ਪੁੱਛੋਂ ਤਾਂ ਉਨਾਂ ਦਾ ਸਾਰਾ ਤੌਰ ਤਰੀਕਾ, ਅਦਾਲਤ ਦਾ ਕੰਮ, ਕਲੱਬ ਵਰਗਾ ਵਧੇਰੇ ਲੱਗ ਰਿਹਾ ਸੀ, ਜਿੱਥੇ ਹਰ ਆਦਮੀ ਆਪਣੀ ਹੈਸੀਅਤ ਤੇ ਦਿਲਚਸਪੀ ਅਨੁਸਾਰ ਬੇਤਕਲੁਫ਼ ਤੇ ਬੇਫ਼ਿਕਰ ਮਹਿਸੂਸ ਕਰਨ ਲੱਗਦਾ ਏ। ਬਿਨਾਂ ਸ਼ੱਕ, ਇਹੀ ਕਾਰਨ ਹੋਵੇਗਾ ਕਿ ਮੈਂ ਆਪਣੇ-ਆਪ ਨੂੰ ਦਾਲ ਵਿਚ ਕੋੜਕੂ ਜਾਂ ਬਿਨਬੁਲਾਵੇ, ਜਬਰਦਸਤੀ ਵੜ ਆਏ, ਮਹਿਮਾਨ ਵਾਂਗ ਮਹਿਸੂਸ ਕਰਨ ਲੱਗਾ ਸੀ।

ਖ਼ੈਰ, ਪੱਤਰਕਾਰ ਨੇ ਬੜਾ ਹੱਸ-ਹੱਸ ਮੇਰੇ ਨਾਲ ਗੱਲਾਂ ਕੀਤੀਆਂ। ਕਿਹਾ, 'ਉਮੀਦ ਏ ਸਭ ਕੁਝ ਠੀਕ-ਠਾਕ ਹੋ ਜਾਵੇਗਾ।' ਮੈਂ ਉਸਦਾ ਧੰਨਵਾਦ ਕੀਤਾ ਤਾਂ ਮੁਸਕਰਾ ਕੇ ਕਹਿਣ ਲੱਗਾ, 'ਅਸੀਂ ਜਾਣਦੇ ਆਂ...ਅਸੀਂ ਤੁਹਾਡੇ ਬਾਰੇ 'ਚ ਲਗਾਤਾਰ ਕੋਈ ਨਾ ਕੋਈ ਲੇਖ ਜਾਂ ਖ਼ਬਰ ਛਾਪਦੇ ਰਹੇ ਆਂ। ਗਰਮੀਆਂ ਦੇ ਦਿਨਾਂ 'ਚ ਉਂਜ ਈ ਹਮੇਸ਼ਾ ਸਮੱਗਰੀ ਦਾ ਰੋਣਾ ਰਹਿੰਦਾ ਏ-ਸੋ ਆਪਣੇ ਤੌਰ 'ਤੇ ਤੁਹਾਡੇ ਬਾਅਦ ਵਾਲੇ ਮੁਕੱਦਮੇ ਨੂੰ ਛੱਡ ਕੇ ਖ਼ਬਰਾਂ ਦੀ ਬੜੀ ਤੰਗੀ ਸੀ। ਇਸ ਦੂਜੇ ਮੁਕੱਦਮੇ ਬਾਰੇ ਤਾਂ ਸੁਣ ਈ ਲਿਆ ਹੋਵੇਗਾ...ਪਿਤਰ-ਹੱਤਿਆ ਦਾ ਮਾਮਲਾ ਏ...।'

ਉਸਨੇ ਪੱਤਰਕਾਰਾਂ ਵਾਲੀ ਮੇਜ਼ ਦੁਆਲੇ ਬੈਠੇ ਇਕ ਮਧਰੇ, ਕਾਲੀ ਐਨਕ ਵਾਲੇ, ਗੋਲ-ਮਟੋਲ ਆਦਮੀ ਨੂੰ (ਜਿਸਨੂੰ ਦੇਖ ਕੇ ਖ਼ੂਬ ਪਲੇ ਹੋਏ ਨਿਓਲੇ ਦੀ ਯਾਦ ਆਉਂਦੀ ਸੀ) ਦਿਖਾ ਕੇ ਕਿਹਾ, 'ਉਹ ਸਾਹਬ ਪੈਰਿਸ ਦੇ ਇਕ ਦੈਨਿਕ ਦੇ ਵਿਸ਼ੇਸ਼ ਪੱਤਰਕਾਰ ਨੇ। ਖਾਸ ਤੌਰ 'ਤੇ ਤੁਹਾਡੇ ਲਈ ਤਾਂ ਨਈਂ ਆਏ ਇਹ, ਪਰ ਅਖ਼ਬਾਰ ਵਾਲਿਆਂ ਨੇ ਇਹਨਾਂ ਨੂੰ ਕਿਹਾ ਏ ਕਿ ਤਹਾਡਾ ਮੁਕੱਦਮਾ ਵੀ ਦੇਖ ਲੈਣ, ਉਂਜ ਇਹ ਪਿਤਰ-ਹੱਤਿਆ ਵਾਲੇ ਮੁਕੱਦਮੇ ਲਈ ਭੇਜੇ ਗਏ ਨੇ।'

ਗੱਲ ਜ਼ਬਾਨ ਦੀ ਨੋਕ 'ਤੇ ਆ ਕੇ ਰੁਕ ਗਈ ਕਿ 'ਉਨਾਂ ਦੀ ਬੜੀ ਮਿਹਰਬਾਨੀ ਏ।' ਪਰ ਉਦੋਂ ਈ ਖ਼ਿਆਲ ਆਇਆ, ਗੱਲ ਬੇਹੂਦੀ ਲੱਗੇਗੀ। ਬੜੀ ਅਪਣੱਤ ਨਾਲ ਹੱਥ ਮਿਲਾ ਕੇ ਉਹ ਸਾਡੇ ਕੋਲੋਂ ਚਲਾ ਗਿਆ। ਇਸ ਪਿੱਛੋਂ ਥੋੜੀ ਦੇਰ ਕੁਝ ਨਹੀਂ ਹੋਇਆ।

ਉਦੋਂ ਈ, ਚੋਗਾ ਚੜਾਈ, ਆਪਣੇ ਕੁਝ ਸਾਥੀਆਂ ਨਾਲ ਹਫੜਾ-ਦਫੜੀ ਜਿਹੀ ਵਿਚ ਵਕੀਲ ਸਾਹਬ ਨੇ ਪ੍ਰਵੇਸ਼ ਕੀਤਾ। ਪੱਤਰਕਾਰਾਂ ਵਾਲੀ ਮੇਜ਼ ਕੋਲ ਜਾ ਕੇ ਉਨਾਂ, ਉਨਾਂ ਨਾਲ ਹੱਥ ਮਿਲਾਏ। ਉਪਰੋਂ ਬੜੇ ਬੇਝਿਜਕ ਤੇ ਬੇਫ਼ਿਕਰ-ਜਿਹੇ ਦਿਸ ਰਹੇ ਇਹ ਲੋਕ, ਹੱਸਣ ਤੇ ਗੱਪਾਂ ਮਾਰਨ ਲੱਗੇ। 'ਕਿਰਰ-ਕਿਰਰ!' ਉਦੋਂ ਈ ਇਕ ਤਿੱਖੀ ਘੰਟੀ ਵੱਜੀ ਤੇ ਸਾਰੇ ਦੇ ਸਾਰੇ ਆਪੋ-ਆਪਣੀ ਜਗਾ 'ਤੇ ਜਾ ਬੈਠੇ। ਵਕੀਲ ਸਾਹਬ ਨੇ ਮੇਰੇ ਕੋਲ ਆ ਕੇ ਹੱਥ ਮਿਲਾਇਆ ਤੇ ਸਮਝਾਇਆ ਕਿ 'ਜਿੱਥੋਂ ਤਕ ਹੋ ਸਕੇ ਜਵਾਬ ਘੱਟ ਤੋਂ ਘੱਟ ਸ਼ਬਦਾਂ ਵਿਚ ਦੇਣਾ। ਆਪਣੇ ਵੱਲੋਂ ਕੁਝ ਨਾ ਦੱਸਣ ਲੱਗ ਪੈਣਾ। ਮੇਰੇ 'ਤੇ ਭਰੋਸਾ ਰੱਖੋਗੇ ਤਾਂ ਬੇੜਾ ਪਾਰ ਹੋ ਜਾਵੇਗਾ।'

ਸੱਜੇ ਪਾਸੇ ਕੁਰਸੀ ਖਿਸਕਣ ਦੀ ਆਵਾਜ਼ ਹੋਈ ਤੇ ਬਿਨਾਂ ਕਮਾਨੀਆਂ ਵਾਲੀ ਐਨਕ ਲਾਈ, ਇਕ ਲੰਮਾ-ਪਤਲੂ ਜਿਹਾ ਆਦਮੀ ਆਪਣੇ ਲਾਲ ਚੋਗੇ ਦੀਆਂ ਤੈਹਾਂ ਤੇ ਵੱਟ ਠੀਕ ਕਰਦਾ ਹੋਇਆ ਕੁਰਸੀ 'ਤੇ ਆ ਬੈਠਾ। ਮੈਂ ਸਮਝ ਗਿਆ ਕਿ ਸਰਕਾਰੀ ਵਕੀਲ ਏ। ਅਦਾਲਤ ਦੇ ਪੇਸ਼ਕਾਰ ਨੇ ਐਲਾਨ ਕੀਤਾ ਕਿ 'ਮਾਣਯੋਗ ਜੱਜ ਸਾਹਬ ਪਧਾਰ ਰਹੇ ਨੇ।' ਤੇ ਐਨ ਉਸੇ ਵੇਲੇ ਉਤਾਂਹ ਦੋ ਵੱਡੇ-ਵੱਡੇ ਪੱਖੇ ਭਣਨ-ਭਣਨ ਕਰਕੇ ਚੱਲ ਪਏ। ਤਿੰਨ ਜੱਜਾਂ ਨੇ ਬਗਲੀਂ ਥੈਲੇ ਮਾਰੀ ਅਦਾਲਤ ਦੇ ਕਮਰੇ ਵਿਚ ਪ੍ਰਵੇਸ਼ ਕੀਤਾ-ਦੋਹ ਦੇ ਕਾਲੇ ਕੱਪੜੇ ਪਾਏ ਸਨ ਤੇ ਇਕ ਦੇ ਲਾਲ-ਸੁਰਖ। ਤਿੰਨੇ ਫੁਰਤੀ ਨਾਲ ਤੁਰਦੇ ਹੋਏ ਫਰਸ਼ ਤੋਂ ਕਈ ਫੁੱਟ ਉੱਚੀ ਬਣੀ 'ਬੈਂਚ' ਕੋਲ ਜਾ ਪਹੁੰਚੇ। ਸੁਰਖ ਕੱਪੜਿਆਂ ਵਾਲਾ ਵਿਚਕਾਰ, ਉੱਚੀ ਪਿੱਠ ਵਾਲੀ ਕੁਰਸੀ ਉੱਤੇ ਬੈਠ ਗਿਆ। ਉਸਨੇ ਆਪਣੀ ਸਰਕਾਰੀ ਟੋਪੀ ਲਾਹ ਕੇ ਮੇਜ਼ ਉੱਤੇ ਰੱਖੀ ਤੇ ਗੰਜੀ ਟਿੰਡ ਉੱਤੇ ਰੁਮਾਲ ਫੇਰ ਕੇ ਉੱਚੀ ਆਵਾਜ਼ ਵਿਚ ਦੱਸਿਆ ਕਿ ਹੁਣ ਮੁਕੱਦਮੇ ਦੀ ਸੁਣਵਾਈ ਸ਼ੁਰੂ ਹੁੰਦੀ ਏ।

ਪੱਤਰਕਾਰਾਂ ਨੇ ਆਪੋ-ਆਪਣੇ ਫਾਊਂਟੇਨਪੈੱਨ ਖੋਲ ਲਏ। ਇਕ ਸਿਰੇ ਤੋਂ ਸਭ ਦੇ ਚਿਹਰਿਆਂ ਉੱਤੇ ਹਲਕੀ-ਜਿਹੀ ਵਿਅੰਗਭਰੀ ਉਦਾਸੀਨਤਾ ਦਾ ਭਾਵ ਸੀ। ਹਾਂ, ਭੂਰੇ ਫਲਾਲੈਨ ਦੇ ਸੂਟ ਤੇ ਨੀਲੀ ਟਾਈ ਵਾਲਾ ਇਕ ਪੱਤਰਕਾਰ ਉਨਾਂ ਵਿਚ ਅਜਿਹਾ ਸੀ ਜਿਹੜਾ ਕਲਮ ਮੇਜ਼ ਉੱਤੇ ਰੱਖੀ, ਬਿਨਾਂ ਅੱਖਾਂ ਝਪਕਾਏ, ਮੈਨੂੰ ਘੂਰੀ ਜਾ ਰਿਹਾ ਸੀ। ਸ਼ਕਲ ਤੋਂ ਆਪਣੇ ਬਾਕੀ ਸਾਰੇ ਸਾਥੀਆਂ ਨਾਲੋਂ ਘੱਟ ਉਮਰ ਦਾ ਲੱਗਦਾ ਸੀ। ਚਿਹਰਾ ਸਿੱਧਾ-ਸਾਦਾ, ਆਮ-ਜਿਹਾ...ਪਰ ਇਸ ਸਮੇਂ ਰਤਾ ਕਠੋਰ। ਜਿਸ ਚੀਜ਼ ਨੇ ਮੈਨੂੰ ਕੀਲ ਲਿਆ, ਉਹ ਸੀ ਉਸਦੀਆਂ ਅੱਖਾਂ-ਉਦਾਸ, ਪੀਲੀਆਂ ਨਿਰਮਲ ਅੱਖਾਂ ਮੇਰੇ 'ਤੇ ਜ਼ਰੂਰ ਟਿਕੀਆਂ ਹੋਈਆਂ ਸਨ, ਪਰ ਉਨਾਂ ਵਿਚ ਕਿਸੇ ਵਿਸ਼ੇਸ਼ ਭਾਵ ਦੀ ਬਿੜਕ ਨਹੀਂ ਸੀ। ਪਲ ਕੁ ਲਈ ਇਕ ਬੜੀ ਅਦਭੁਤ-ਜਿਹੀ ਗੱਲ ਮਨ ਵਿਚ ਆਈ, ਜਿਵੇਂ ਉਹ ਅੱਖਾਂ ਮੇਰੀਆਂ ਆਪਣੀਆਂ ਅੱਖਾਂ ਈ ਨੇ ਤੇ ਮੈਂ ਖ਼ੁਦ ਆਪਣੇ-ਆਪ ਨੂੰ ਤੋਲ-ਘੋਖ ਰਿਹਾ ਹਾਂ। ਇਕ ਤਾਂ ਉਂਜ ਈ ਅਦਾਲਤੀ ਕਾਰਵਾਈ ਤੋਂ ਕੋਰਾ, ਤੇ ਦੂਜਾ, ਇਹ ਭਾਵ ਵੀ ਇਕ ਕਾਰਨ ਸੀ ਕਿ ਸ਼ੁਰੂ ਵਿਚ ਜੋ ਕੁਝ ਹੁੰਦਾ ਰਿਹਾ ਸੀ, ਠੀਕ-ਠੀਕ ਮੇਰੀ ਸਮਝ ਵਿਚ ਨਹੀਂ ਸੀ ਆਇਆ, ਕਿ ਕਿੰਜ ਜੂਰੀਆਂ ਨੇ ਆਪਸ ਵਿਚ ਆਪਣਾ-ਆਪਣਾ ਕੰਮ ਤੇ ਜ਼ਿੰਮੇਵਾਰੀ ਵੰਡੀ। ਕਿੰਜ ਪ੍ਰਧਾਨ ਜੱਜ ਨੇ, ਸਰਕਾਰੀ ਵਕੀਲ ਯਾਨੀ ਜੂਰੀਆਂ ਦੇ ਪ੍ਰਤੀਨਿਧ ਤੇ ਮੇਰੇ ਵਕੀਲ ਸਾਹਬ ਤੋਂ ਦੁਨੀਆਂ ਭਰ ਦੇ ਸਵਾਲ ਪੁੱਛੇ (ਜਦੋਂ-ਜਦੋਂ ਮੇਰੇ ਵਕੀਲ ਸਾਹਬ ਬੋਲਦੇ, ਸਾਰੇ ਦੇ ਸਾਰੇ ਸਿਰ ਜੂਰੀਆਂ ਦੇ ਜੱਜਾਂ ਵੱਲ ਭੌਂ ਜਾਂਦੇ)। ਕਿੰਜ ਇਕੋ ਸਾਹ ਵਿਚ ਦੋਸ਼-ਫਰਦ ਪੜੀ ਗਈ (ਵਿਚ-ਵਿਚ ਮੈਂ ਕੁਝ ਜਾਣਕਾਰ ਸਥਾਨਾ ਤੇ ਵਿਅਕਤੀਆਂ ਦੇ ਨਾਂ ਜ਼ਰੂਰ ਸੁਣੇ)। ਕਿੰਜ ਇਸ ਪਿੱਛੋਂ ਮੇਰੇ ਵਕੀਲ ਸਾਹਬ ਨੂੰ ਕੁਝ ਸਵਾਲ ਹੋਰ ਪੁੱਛੇ ਗਏ-ਇਨਾਂ ਸਾਰਿਆਂ ਵਿਚੋਂ ਮੈਂ ਕੁਝ ਸੁਣੇ, ਕੁਝ ਸਮਝੇ, ਬਹੁਤਿਆਂ ਨੂੰ ਸਮਝ ਨਾ ਸਕਿਆ।

ਇਸ ਪਿੱਛੋਂ ਜਦੋਂ ਜੱਜ ਸਾਹਬ ਨੇ ਫਰਮਾਇਆ ਕਿ ਹੁਣ ਅਦਾਲਤ ਗਵਾਹਾਂ ਦੀ ਸੂਚੀ ਪੜ ਕੇ ਸੁਣਾਵੇਗੀ। ਪੇਸ਼ਕਾਰ ਨੇ ਨਾਂ ਪੜੇ। ਉਨਾਂ ਵਿਚੋਂ ਕੁਝ ਨਾਂ ਸੁਣ ਕੇ ਮੈਂ ਚਕਰਾ ਗਿਆ। ਅਜੇ ਤੀਕ ਸਾਹਮਣੀ ਭੀੜ ਮੇਰੇ ਲਈ ਚਿਹਰਿਆਂ ਦੇ ਧੁੰਦਲੇ-ਧੁੰਦਲੇ ਧੱਬਿਆਂ ਨਾਲੋਂ ਵੱਧ ਨਹੀਂ ਸੀ। ਪਰ ਦੇਖਿਆ ਕਿ ਹੁਣ ਇਕ-ਇਕ ਕਰਕੇ ਉਸੇ ਭੀੜ 'ਚ ਈ ਰੇਮੰਡ, ਮੈਸਨ, ਸਲਾਮਾਨੋ, ਆਸ਼ਰਮ ਦਾ ਚੌਕੀਦਾਰ, ਬੁੱਢਾ ਪੀਰੇ ਤੇ ਮੇਰੀ, ਸਾਰੇ ਉੱਠ ਉੱਠ ਖੜੇ ਹੋਣ ਲੱਗੇ। ਇਨਾਂ ਸਾਰਿਆਂ ਦੇ ਪਿੱਛੇ-ਪਿੱਛੇ, ਇਕ ਪਾਸੇ ਵਾਲੇ ਦਰਵਾਜ਼ੇ 'ਚੋਂ ਬਾਹਰ ਜਾਂਦਿਆਂ ਹੋਇਆਂ ਮੇਰੀ ਨੇ ਆਪਣਾ ਕੰਬਦਾ ਹੋਇਆ, ਨਿਰਜਿੰਦ ਜਿਹਾ ਹੱਥ ਬੜੀ ਹੌਲੀ-ਜਿਹੀ ਮੇਰੇ ਵੱਲ ਹਿਲਾਇਆ। ਸੁਣਿਆਂ, ਆਖ਼ਰੀ ਨਾਂ ਸੇਲੇਸਤੇ ਦਾ ਬੋਲਿਆ ਜਾ ਰਿਹਾ ਏ-ਤਾਂ ਅੰਤਾਂ ਦੀ ਹੈਰਾਨੀ ਹੋਈ ਕਿ ਇਨਾਂ ਵਿਚੋਂ ਕੋਈ ਵੀ ਪਹਿਲਾਂ ਮੈਨੂੰ ਨਹੀਂ ਸੀ ਦਿਸਿਆ। ਸੇਲੇਸਤੇ ਉੱਠਿਆ ਤਾਂ ਉਸਦੇ ਨਾਲ ਬੈਠੀ ਉਹੀ ਵਚਿੱਤਰ ਮਧਰੀ ਔਰਤ ਨਜ਼ਰ ਆਈ ਜਿਸਨੇ ਰੇਸਤਰਾਂ ਵਿਚ ਮੇਰੀ ਮੇਜ਼ 'ਤੇ ਬੈਠ ਕੇ ਖਾਣਾ ਖਾਧਾ ਸੀ। ਉਹੀ ਮਰਦਾਨਾ ਕੋਟ ਤੇ ਚੁਸਤ, ਦ੍ਰਿੜ ਫ਼ੈਸਲਾ ਲਊ ਅੰਦਾਜ਼। ਦੇਖਿਆ, ਉਸਦੀਆਂ ਨਿਗਾਹਾਂ ਮੇਰੇ ਉੱਤੇ ਈ ਜੰਮੀਆਂ ਹੋਈਆਂ ਸਨ। ਪਰ ਉਸਦੇ ਤੌਰ-ਤਰੀਕੇ ਉੱਤੇ ਸੋਚਣ, ਹੈਰਾਨ ਹੋਣ, ਦਾ ਸਮਾਂ ਨਾ ਮਿਲਿਆ। ਜੱਜ ਸਾਹਬ ਫੇਰ ਬੋਲਣ ਲੱਗੇ- ਉਨਾਂ ਨੇ ਦੱਸਿਆ ਕਿ ਹੁਣ ਮੁਕੱਦਮੇ ਦੀ ਅਸਲੀ ਕਾਰਵਾਈ ਸ਼ੁਰੂ ਹੋਵੇਗੀ। ਕਿਹਾ, ਸ਼ਾਇਦ ਇਹ ਦੱਸਣ ਦੀ ਉਨਾਂ ਨੂੰ ਲੋੜ ਨਹੀਂ ਏ ਕਿ ਉਹ ਚਾਹੁੰਦੇ ਨੇ, ਜਨਤਾ ਆਪਣੇ ਅੱਛੇ-ਬੁਰੇ, ਕਿਸੇ ਕਿਸਮ ਦੇ ਭਾਵਾਂ ਦਾ ਪ੍ਰਦਰਸ਼ਨ ਨਾ ਕਰੇ। ਜੱਜ ਤਾਂ ਸਿਰਫ਼ ਸਾਰੀ ਕਾਰਵਾਈ ਦੀ ਦੇਖ-ਰੇਖ ਕਰਨ ਲਈ ਨੇ-ਇਕ ਤਰਾਂ ਨਾਲ ਕਹੀਏ ਵਿਚੋਲੀਏ ਨੇ। ਇਸ ਮੁਕੱਦਮੇ ਦੇ ਪ੍ਰਤੀ ਉਹਨਾਂ ਦਾ ਰੁਖ਼ ਨਿਹਾਇਤ ਈ ਨਿਰਪੱਖ ਰਹੇਗਾ। ਜੋ ਵੀ ਫੈਸਲਾ ਸ਼੍ਰੀਮਾਨ ਜੂਰੀ ਦੇਣਗੇ, ਉਸਨੂੰ ਈ ਉਹ ਨਿਆਂ ਦੇ ਨਜ਼ਰੀਏ ਨਾਲ ਜਨਤਾ ਦੇ ਸਾਹਵੇਂ ਰੱਖ ਦੇਣਗੇ। ਉਨਾਂ ਨੇ ਇੱਛਾ ਪ੍ਰਗਟ ਕੀਤੀ ਕਿ ਅੰਤ ਵਿਚ ਲੋਕ ਬਿਨਾਂ ਕਿਸੇ ਕਿਸਮ ਦਾ ਕਤਈ ਸ਼ੋਰ-ਸ਼ਰਾਬਾ ਕੀਤੇ, ਸ਼ਾਂਤਮਈ ਢੰਗ ਨਾਲ, ਬਾਹਰ ਜਾਣਗੇ।

ਦਿਨ ਦੀ ਤਪਸ਼ ਵੱਧਦੀ ਗਈ। ਜਨਤਾ ਵਿਚੋਂ ਕੁਝ ਅਖ਼ਬਾਰਾਂ ਨਾਲ ਹਵਾ ਝੱਲ ਰਹੇ ਸਨ। ਕਾਗਜ਼ਾਂ ਦੇ ਮੁੜਨ ਦੀ ਖੜਖੜਾਹਟ ਤਾਂ ਸਾਰਾ ਸਮਾਂ ਹੁੰਦੀ ਈ ਰਹੀ। ਪ੍ਰਧਾਨ ਜੱਜ ਦਾ ਇਸ਼ਾਰਾ ਸਮਝ ਕੇ ਪੇਸ਼ਕਾਰ ਮੁੰਜ ਦੇ ਬੁਣੇ ਤਿੰਨ ਪੱਖੇ ਲੈ ਆਇਆ। ਤਿੰਨੇ ਜੱਜ ਤੁਰੰਤ ਉਨਾਂ ਨਾਲ ਹਵਾ ਲੈਣ ਲੱਗੇ।

ਝੱਟ, ਮੇਰੇ ਨਾਲ ਸਵਾਲ-ਜਵਾਬ ਸ਼ੁਰੂ ਹੋ ਗਏ। ਜੱਜ ਸਾਹਬ ਨੇ ਨਾ ਸਿਰਫ਼ ਸ਼ਾਂਤ ਭਾਵ ਨਾਲ, ਬਲਕਿ ਮੈਨੂੰ ਲੱਗਿਆ ਬੜੀ ਅਪਣੱਤ ਦਿਖਾਉਂਦਿਆਂ ਹੋਇਆਂ, ਸਵਾਲ ਪੁੱਛੇ। ਗਿਆਰਵੀਂ ਵਾਰ ਮੈਥੋਂ ਫੇਰ ਉਹੀ ਨਾਂ-ਪਤਾ, ਵਲਦੀਅਤ ਪੁੱਛੀ ਗਈ।

ਬਾਕੀ ਸਫ਼ਾ 30 'ਤੇ

SRI GURU GRANTH SAHIB WORLD UNIVERSITY
FATEHGARH SAHIB , PUNJAB

Certificate Course in
DIGITAL MARKETING

- Eligibility : Graduation or Diploma from a recognized University or College
- Mentors are industry expert from USA and India.
- 100% Placement assistance for high growth tech jess.
- 100% fee waiver / scholarship from Sikh Education Council and Startup Farms IT Limited
- Support and mentorship for projects and case siudy solutions.
- Training experience certificate by Startup Farms It Ltd.
- Total Seats : 50
- Course Duration : 6 Months
- Selection criteria : Interview



EXPERTS FROM USA & INDIA

Admission Helpline
70096-48231, 62805-38113
Visit Us : www.sggswu.edu.in | Email us : admission@sggswu.edu.in

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ



28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# ਕਿਸਾਨ-ਮਜ਼ਦੂਰ ਖ਼ੁਦਕੁਸ਼ੀਆਂ



**ਸੰਜੀਵ ਸਿੰਘ ਸੈਣੀ,**
**ਮੋ. 7888966168**

ਖ਼ੁਦਕੁਸ਼ੀਆਂ ਦਾ ਰੁਝਾਨ ਦਿਨੋ-ਦਿਨ ਵੱਧ ਰਿਹਾ ਹੈ। ਕੋਈ ਦਿਨ ਹੀ ਅਜਿਹਾ ਹੋਣਾ ਜਿਸ ਦਿਨ ਅਖ਼ਬਾਰ ਵਿੱਚ ਖ਼ਬਰ ਨਾ ਛਾਪੀ ਗਈ ਹੋਵੇ ਕਿ ਫਲਾਣੇ ਜ਼ਿਲੇ ਜਾਂ ਕਸਬੇ ਦੇ ਕਿਸਾਨ ਨੇ ਖ਼ੁਦਕੁਸ਼ੀ ਨਾ ਕੀਤੀ ਹੋਵੇ। ਕਈ ਵਾਰ ਅਜਿਹਾ ਹੁੰਦਾ ਹੈ ਕਿ ਇੱਕ ਦਿਨ ਵਿੱਚ 5 ਜਾਂ 6 ਕਿਸਾਨ ਖ਼ੁਦਕੁਸ਼ੀ ਕਰ ਲੈਂਦੇ ਹਨ। ਕਿਸੇ ਨੇ ਫਾਹਾ ਲੈ ਲਿਆ ਜਾਂ ਕਿਸੇ ਨੇ ਸਲਫਾਸ ਪੀ ਲਈ ਜਾਂ ਕਿਸੇ ਨੇ ਨਹਿਰ ਵਿਚ ਛਾਲ ਮਾਰ ਦਿੱਤੀ। ਕੁੱਝ ਸਮਾਂ ਪਹਿਲਾਂ ਤਾਂ ਅਜਿਹੀ ਖਬਰ ਵੀ ਪੜਨ ਨੂੰ ਮਿਲੀ ਕਿ ਕਰਜ਼ੇ ਤੋਂ ਪ੍ਰੇਸ਼ਾਨ ਕਿਸਾਨ ਨੇ ਪਰਿਵਾਰ ਸਮੇਤ ਨਹਿਰ ਵਿੱਚ ਛਾਲ ਮਾਰ ਦਿੱਤੀ। ਜਿਨਾਂ ਕੋਲ ਦੋ ਜਾਂ ਚਾਰ ਏਕੜ ਜ਼ਮੀਨ ਹੈ, ਅਜਿਹੇ ਕਿਸਾਨ ਜ਼ਿੰਦਗੀ ਜਿਉਣ ਦੀ ਬਜਾਏ ਮੌਤ ਨੂੰ ਤਰਜੀਹ ਦੇ ਰਹੇ ਹਨ। ਕਿਉਂਕਿ ਕਰਜ਼ੇ ਦੀ ਪੰਡ ਇੰਨੀ ਭਾਰੀ ਹੋ ਚੁੱਕੀ ਹੈ ਕਿ ਉਹ ਉਸ ਨੂੰ ਲਾਹ ਨਹੀਂ ਸਕਦੇ। ਕਰਜ਼ਾ ਚੁੱਕਣ ਲਈ ਕਿਸਾਨਾਂ ਨੇ ਆਪਣੀ ਜ਼ਮੀਨ ਬੈਂਕ ਜਾਂ ਸ਼ਾਹੂਕਾਰਾਂ ਕੋਲ ਗਹਿਣੇ ਰੱਖ ਦਿੱਤੀ ਹੈ। ਕਿਉਂਕਿ ਕਿਸਾਨ ਨੂੰ ਉਮੀਦ ਹੁੰਦੀ ਹੈ ਕਿ ਜੇ ਫ਼ਸਲ ਵਧੀਆ ਹੋ ਜਾਏਗੀ ਤਾਂ ਸ਼ਾਹੂਕਾਰ, ਬੈਂਕਾਂ ਦਾ ਕਰਜ਼ਾ ਅਸਾਨੀ ਨਾਲ ਲੱਥ ਜਾਵੇਗਾ। ਬੱਚਿਆਂ ਦੀ ਪੜਾਈ ਲਈ ਕਰਜ਼ ਚੱਕ ਕੇ ਕਿਸਾਨ ਸੋਚਦਾ ਹੈ ਕਿ ਕੱਲ ਨੂੰ ਉਨਾਂ ਦਾ ਬੱਚਾ ਵਧੀਆ ਭਵਿੱਖ ਬਣੇਗਾ। ਬੁਢਾਪੇ ਵੇਲੇ ਉਨਾਂ ਦੀ ਸੇਵਾ ਕਰੇਗਾ।ਇਸ ਵਾਰ ਪਹਿਲਾਂ ਤਾਂ ਕਣਕ ਦਾ ਝਾੜ ਘੱਟ ਨਿਕਲਿਆ ਸੀ। ਉਸ ਵੇਲੇ ਵੀ ਕਾਫ਼ੀ ਕਿਸਾਨਾਂ ਨੇ ਖੁਦਕੁਸ਼ੀ ਕੀਤੀ ਸੀ । ਫ਼ਿਰ ਨਰਮੇ ਨੂੰ ਗੁਲਾਬੀ ਸੁੰਡੀ ਨੇ ਖ਼ਤਮ ਕਰ ਦਿੱਤਾ। ਸਮੇਂ ਸਿਰ ਸਰਕਾਰੀ ਸਹਾਇਤਾ ਨਾ ਮਿਲਣ ਕਰਕੇ ਕਈ ਕਿਸਾਨਾਂ ਨੇ ਜ਼ਿੰਦਗੀ ਦੀ ਬਜਾਇ ਮੌਤ ਨੂੰ ਗਲੇ ਲਗਾ ਲਿਆ। ਹੁਣ ਹੜਾਂ ਨੇ ਹਜ਼ਾਰਾਂ ਏਕੜ ਰਕਬਾ ਦੀ ਫਸਲ ਨੂੰ ਆਪਣੀ ਚਪੇਟ ਵਿੱਚ ਲੈ ਲਿਆ। ਫਿਰ ਹੁਣ ਇਹ ਨਾਮੁਰਾਦ ਬਿਮਾਰੀ ਨੇ ਪਤਾ ਨੀ ਕਿੰਨੇ ਹੀ ਪਸ਼ੂਆਂ ਦੀ ਜਾਨ ਲੈ ਲਈ। ਇਥੋਂ ਤੱਕ ਕਿ ਪਸ਼ੂਆਂ ਨੂੰ ਦਫ਼ਨਾਉਣ ਵੇਲੇ ਵੀ ਕਿਸਾਨਾਂ ਨੂੰ ਬਹੁਤ ਜ਼ਿਆਦਾ ਮੁਸ਼ਕਲਾਂ ਆ ਰਹੀਆਂ ਹਨ। ਇਕ ਰਿਪੋਰਟ ਮੁਤਾਬਕ 2000 ਤੋਂ 2017 ਤੱਕ 10 ਹਜ਼ਾਰ ਤੋਂ ਵੱਧ ਕਿਸਾਨ ਮਜ਼ਦੂਰਾਂ ਨੇ ਖੁਦਕੁਸ਼ੀ ਕੀਤੀ ਹੈ। 2017 ਵਿੱਚ ਸੱਤਾ ਵਿੱਚ ਆਉਣ ਤੋਂ ਪਹਿਲਾਂ ਕਾਂਗਰਸ ਸਰਕਾਰ ਨੇ ਕਿਸਾਨਾਂ ਨਾਲ ਵਾਅਦਾ ਕੀਤਾ ਸੀ ਕਿ ਤੁਹਾਡਾ ਸਾਰਾ ਕਰਜ਼ ਮਾਫ ਕਰ ਦਿੱਤਾ ਜਾਵੇਗਾ। ਕਰਜ਼ੇ ਦੀ ਪੰਡ ਇੰਨੀ ਭਾਰੀ ਹੋ ਚੁੱਕੀ ਹੈ ਕਿ ਕਿਸਾਨ ਨੂੰ ਕੁੱਝ ਵੀ ਨਹੀਂ ਦਿਸ ਰਿਹਾ। ਮਹਿੰਗੇ ਔਜ਼ਾਰ, ਖੇਤੀ ਨਾਲ ਸਬੰਧਤ ਧੰਦੇ ਛੋਟੇ ਕਿਸਾਨਾਂ ਲਈ ਬਹੁਤ ਜ਼ਿਆਦਾ ਮੁਸੀਬਤ ਹੈ। ਮੁਸੀਬਤਾਂ ਦਾ ਸਾਹਮਣਾ ਨਾ ਕਰਨ ਕਰਕੇ ਉਹ ਖੁਦਕੁਸ਼ੀ ਦੇ ਰਾਹ ਪੈ ਰਿਹਾ ਹੈ। ਆਰਥਿਕ ਤੰਗੀ ਕਰਕੇ ਖੇਤ ਕਿਸਾਨ ਖੁਦਕੁਸ਼ੀ ਕਰ ਰਿਹਾ ਹੈ। ਕਿਸਾਨ ਪੁੱਤਾਂ ਵਾਂਗ ਆਪਣੀ ਫਸਲ ਨੂੰ ਪਾਲਦਾ ਹੈ। ਜਦੋਂ ਵਢਾਈ ਦਾ ਸਮਾਂ ਆ ਜਾਂਦਾ ਹੈ ਤਾਂ ਕਈ ਵਾਰ ਮੌਸਮ ਵੀ ਬੇਇਮਾਨ ਹੋ ਜਾਂਦਾ ਹੈ। ਆਪਣੇ ਧੀ ਪੁੱਤ ਦੇ ਵਿਆਹ ਲਈ ਸ਼ਾਹੂਕਾਰਾਂ ਤੋਂ ਕਿਸਾਨ ਕਰਜ਼ਾ ਚੁੱਕਦਾ ਹੈ। ਉਸ ਨੂੰ ਉਮੀਦ ਹੁੰਦੀ ਹੈ ਕਿ ਜਦੋਂ ਫਸਲ ਵਧੀਆ ਹੋ ਜਾਵੇਗੀ ਤਾਂ ਉਹ ਕਰਜ਼ਾ ਲਾ ਦੇਵੇਗਾ। ਪਰ ਸਮਾਂ ਤਾਂ ਬਹੁਤ ਹੀ ਬਲਵਾਨ ਹੁੰਦਾ ਹੈ। ਹੁਣ ਤਾਂ ਛੋਟੇ ਕਿਸਾਨ ਵੀ ਕਰਜ਼ਾ ਚੁੱਕ ਕੇ ਆਪਣੇ ਧੀ-ਪੁੱਤ ਨੂੰ ਵਿਦੇਸ਼ ਭੇਜ ਰਿਹਾ ਹੈ। ਸਮੇਂ ਸਿਰ ਕਰਜਾ ਨਾ ਚੁਕਾਉਣ ਦੀ ਹਾਲਤ ਵਿਚ ਕਿਸਾਨ ਖੁਦਕੁਸ਼ੀਆਂ ਕਰ ਰਿਹਾ ਹੈ। ਇਹ ਵੀ ਕਿਸਾਨ ਖੁਦਕੁਸ਼ੀ ਦਾ ਬਹੁਤ ਵੱਡਾ ਕਾਰਨ ਹੈ।ਹਾਲ ਹੀ ਵਿੱਚ ਖ਼ਬਰ ਪੜੀ ਕਿ ਮਾਨਸਾ ਜ਼ਿਲੇ ਦੇ ਤਿੰਨ ਕਿਸਾਨਾਂ ਨੇ ਕਰਜ਼ੇ ਤੋਂ ਪ੍ਰੇਸ਼ਾਨ ਆ ਕੇ ਮੌਤ ਨੂੰ ਗਲੇ ਲਗਾ ਲਿਆ। ਚੇਤੇ ਕਰਵਾ ਦੇਈਏ ਕਿ ਜਦੋਂ ਚੋਣਾਂ ਦਾ ਸੀਜ਼ਨ ਹੁੰਦਾ ਹੈ ਤਾਂ ਹਰ ਪਾਰਟੀ ਕਿਸਾਨ ਮਜ਼ਦੂਰਾਂ ਨੂੰ ਕਰਜਾ ਮੁਆਫ਼ੀ ਲਈ ਪਤਾ ਨਹੀਂ ਕਿੰਨੇ ਕੁ ਵਾਅਦੇ ਕਰਦੀ ਹੈ। ਪਾਰਟੀਆਂ ਬਹੁਤ ਵੱਡੇ-ਵੱਡੇ ਦਾਅਵੇ ਕਰਦੀਆਂ ਹਨ। ਜਦੋਂ ਸੱਤਾ ਵਿੱਚ ਆ ਜਾਂਦੀ ਹੈ ਤਾਂ ਉਨਾਂ ਨੂੰ ਕਿਸਾਨਾਂ ਨਾਲ ਕੀਤਾ ਵਾਅਦਾ ਭੁੱਲ ਜਾਂਦਾ ਹੈ। ਕੇਂਦਰ ਤੇ ਸੂਬਾ ਸਰਕਾਰਾਂ ਨੂੰ ਕਿਸਾਨਾਂ ਦੀ ਕਰਜ਼ਾ ਮੁਆਫੀ ਲਈ ਠੋਸ ਨੀਤੀ ਉਲੀਕਣੀ ਚਾਹੀਦੀ ਹੈ। ਛੋਟੇ ਕਿਸਾਨਾਂ ਦੀ ਸਰਕਾਰ ਨੂੰ ਸਾਰ ਲੈਣੀ ਚਾਹੀਦੀ ਹੈ। ਹਾਲਾਂਕਿ ਕੇਂਦਰ ਸਰਕਾਰ ਵੱਲੋਂ 5 ਏਕੜ ਤੋਂ ਘੱਟ ਕਿਸਾਨਾਂ ਨੂੰ ਸਾਲ ਵਿੱਚ ਛੇ ਹਜ਼ਾਰ ਰੁਪਏ ਕਿਸ਼ਤ ਦਿੱਤੀ ਜਾਂਦੀ ਹੈ। ਕੇਂਦਰ ਸਰਕਾਰ ਨੂੰ ਇਸ ਵਿਚ ਹੋਰ ਵਾਧਾ ਕਰਨਾ ਚਾਹੀਦਾ ਹੈ। ਮਹਿੰਗਾਈ ਵੀ ਅਹਿਮ ਮੁੱਦਾ ਹੈ। ਡੀਜ਼ਲ ਦੇ ਰੇਟ ਵੀ ਅਸਮਾਨ ਛੂਹ ਰਹੇ ਹਨ। ਇੰਨੀ ਮਹਿੰਗਾਈ ਵਿਚ ਪਰਿਵਾਰ ਦਾ ਗੁਜ਼ਾਰਾ ਕਰਨਾ ਮੁਸ਼ਕਿਲ ਹੋ ਚੁੱਕਿਆ ਹੈ। ਛੋਟੇ ਜ਼ਿੰਮੀਦਾਰ ਦਾ ਪਤਾ ਨਹੀਂ ਕਿਸ ਤਰਾਂ ਆਪਣੇ ਪਰਿਵਾਰ ਦਾ ਗੁਜ਼ਾਰਾ ਕਰ ਰਹੇ ਹੋਣਗੇ। ਦਵਾਈਆਂ, ਰਸਾਇਣਕ ਖਾਦਾਂ ਵੀ ਬਹੁਤ ਮਹਿੰਗੀਆਂ ਹਨ। ਖੇਤੀ ਔਜਾਰ ਦਿਨ-ਪ੍ਰਤੀ-ਦਿਨ ਮਹਿੰਗੇ ਹੁੰਦੇ ਜਾ ਰਹੇ ਹਨ । ਛੋਟੇ ਕਿਸਾਨਾਂ ਲਈ ਖੇਤੀ ਧੰਦਾ ਬਹੁਤ ਹੀ ਜ਼ਿਆਦਾ ਮੁਸ਼ਕਿਲ ਹੋ ਗਿਆ ਹੈ। ਸੂਬਾ ਸਰਕਾਰਾਂ ਨੂੰ ਛੋਟੇ ਜ਼ਿਮੀਂਦਾਰਾਂ ਦੀ ਬਾਂਹ ਫੜਨੀ ਚਾਹੀਦੀ ਹੈ। ਜੋ ਉਹ ਇਸ ਮੁਸ਼ਕਿਲ ਤੋਂ ਕੁਝ ਨਿਜਾਤ ਪਾ ਸਕਣ। ਕੇਂਦਰ ਸਰਕਾਰ ਨੂੰ ਸੂਬਾ ਸਰਕਾਰਾਂ ਨਾਲ ਤਾਲਮੇਲ ਕਰਕੇ ਅਜਿਹੇ ਛੋਟੇ ਕਿਸਾਨਾਂ ਜਿਨਾਂ 'ਤੇ ਕਰਜ਼ੇ ਦੀ ਪੰਡ ਬਹੁਤ ਭਾਰੀ ਹੋ ਚੁੱਕੀ ਹੈ, ਉਨਾਂ ਲਈ ਰਾਹਤ ਪੈਕੇਜ ਘੋਸ਼ਿਤ ਕਰਨੇ ਚਾਹੀਦੇ ਹਨ।

# ਬਚਪਨ ਤੋਂ ਖੋਹੀ ਜਾ ਰਹੀ ਮਾਂ-ਬੋਲੀ

**ਡਾ. ਹਰਜੀਤ ਕੌਰ**

ਇੱਕ ਦਿਨ ਮੈਂ ਆਪਣੀਆਂ ਦੋਨੋਂ ਬੇਟੀਆਂ ਨੂੰ ਉਨਾਂ ਦੇ ਨਾਨਕੇ ਪਿੰਡ ਤੋਂ ਲੈ ਕੇ ਵਾਪਸ ਆ ਰਹੀ ਸਾਂ। ਰਸਤੇ ਵਿੱਚ ਖੇਤਾਂ ਕੋਲੋਂ ਲੰਘੇ ਤਾਂ ਛੋਟੀ ਬੇਟੀ ਨੇ ਉਤਸੁਕਤਾ ਨਾਲ ਛਾਲ ਮਾਰਦਿਆਂ ਕਿਹਾ, 'ਮੰਮਾ, ਦੇਖੋ ਕਿੰਨਾ ਵੱਡਾ ਚੁੰਡੀ ਵਾਲਾ ਬਊ।' ਫਿਰ ਉਸ ਨੇ ਖੇਤ ਵਿੱਚ ਲੱਗੇ ਇੱਕ ਕੁੱਪ ਵੱਲ ਇਸ਼ਾਰਾ ਕਰਦਿਆਂ ਮੇਰੇ ਵੱਲ ਦੇਖਿਆ ਅਤੇ ਉਸ ਦੀਆਂ ਅੱਖਾਂ ਵਿੱਚ ਬਹੁਤ ਹੈਰਾਨੀ ਅਤੇ ਡਰ ਸੀ। ਮੈਂ ਸਮਝ ਗਈ ਕਿ ਕੁੱਪ ਦੀ ਬਣਤਰ ਅਤੇ ਆਕਾਰ ਦੇ ਕਾਰਨ ਮੇਰੀ ਬੇਟੀ ਨੂੰ ਉਹ ਟੈਲੀਵਿਜ਼ਨ ਦੇ ਕਾਰਟੂਨਾਂ ਵਿੱਚ ਆਉਣ ਵਾਲੇ ਭੂਤ ਦੀ ਤਰਾਂ ਲੱਗ ਰਿਹਾ ਹੈ। ਦਰਅਸਲ ਅੱਜ-ਕੱਲ ਬਹੁਤ ਸਾਰੇ ਮਾਪੇ ਖ਼ੁਦ ਹੀ ਆਪਣੇ ਬੱਚਿਆਂ ਨੂੰ ਵੱਖ-ਵੱਖ ਚੀਜ਼ਾਂ ਦੇ ਨਾਮ ਪੰਜਾਬੀ ਵਿੱਚ ਦੱਸਣ ਤੋਂ ਗੁਰੇਜ਼ ਕਰਦੇ ਹਨ। ਜੇ ਮੇਰੀ ਬਜਾਏ ਕਿਸੇ ਸ਼ਹਿਰੀ ਮਾਂ ਦੇ ਬੱਚੇ ਨੇ ਕੁੱਪ ਬਾਰੇ ਪੁੱਛਿਆ ਹੁੰਦਾ ਤਾਂ ਸ਼ਾਇਦ ਉਸ ਬੱਚੇ ਨੂੰ ਕਦੇ ਵੀ ਕੁੱਪ ਸ਼ਬਦ ਨਾ ਸਿਖਾਇਆ ਜਾਂਦਾ।

ਮੈਂ ਖ਼ੁਦ ਨੂੰ ਖ਼ੁਸ਼ਕਿਸਮਤ ਸਮਝਦੀ ਹਾਂ ਕਿ ਮੇਰਾ ਜਨਮ ਪਿੰਡ ਵਿੱਚ ਹੋਇਆ ਅਤੇ ਮੇਰੀ ਜ਼ਿੰਦਗੀ ਦਾ ਵੱਡਾ ਅਰਸਾ ਪਿੰਡ ਵਿੱਚ ਗੁਜ਼ਰਿਆ। ਪਿੰਡਾਂ ਦੀ 1990ਵਿਆਂ ਦੀ ਜ਼ਿੰਦਗੀ ਅੱਜ-ਕੱਲ ਪਿੰਡਾਂ ਦੀ ਜ਼ਿੰਦਗੀ ਤੋਂ ਬਹੁਤ ਅਲੱਗ ਸੀ। ਜ਼ਿਆਦਾਤਰ ਬੱਚੇ ਸਰਕਾਰੀ ਸਕੂਲਾਂ ਵਿੱਚ ਪੰਜਾਬੀ ਮਾਧਿਅਮ ਵਿੱਚ ਪੜਦੇ। ਮੈਂ ਵੀ ਦਸਵੀਂ ਤੱਕ ਦੀ ਸਿੱਖਿਆ ਪਿੰਡਾਂ ਦੇ ਸਕੂਲਾਂ ਵਿੱਚ ਹੀ ਪ੍ਰਾਪਤ ਕੀਤੀ ਅਤੇ ਅਗਲੇਰੀ ਪੜਾਈ ਲਈ ਸ਼ਹਿਰ ਦੇ ਸਕੂਲ ਵਿੱਚ ਦਾਖ਼ਲਾ ਲਿਆ। ਮੇਰੀਆਂ ਜ਼ਿਆਦਾਤਰ ਹਮਜਮਾਤਣਾਂ ਸ਼ਹਿਰੀ ਸਨ। ਮੈਂ ਪਹਿਲੀ ਵਾਰ ਕਿਸੇ ਵੱਡੇ ਅੰਗਰੇਜ਼ੀ ਮਾਧਿਅਮ ਸਕੂਲ ਵਿੱਚ ਪੜਨ ਦੀ ਘਬਰਾਹਟ ਕਾਰਨ ਕਿਸੇ ਨਾਲ ਜ਼ਿਆਦਾ ਗੱਲਬਾਤ ਨਹੀਂ ਕਰਦੀ ਸਾਂ ਪਰ ਜੇ ਮੈਂ ਕਦੇ ਕਿਸੇ ਨਾਲ ਗੱਲ ਕਰਦੀ ਤਾਂ ਮੇਰੀਆਂ ਸ਼ਹਿਰੀ ਜਮਾਤਣਾਂ ਨੂੰ ਮੇਰੇ ਕਈ ਪੰਜਾਬੀ ਸ਼ਬਦਾਂ ਦੀ ਸਮਝ ਨਾ ਲੱਗਦੀ। ਉਦੋਂ ਮੈਨੂੰ ਅਹਿਸਾਸ ਹੋਇਆ ਕਿ ਪਿੰਡਾਂ ਵਾਲਿਆਂ ਦੀ ਰੋਜ਼ਾਨਾ ਜ਼ਿੰਦਗੀ ਵਿੱਚ ਵਰਤੇ ਜਾਣ ਵਾਲੇ ਅਨੇਕਾਂ ਸ਼ਬਦ ਸ਼ਹਿਰਾਂ ਵਾਲਿਆਂ ਲਈ ਪਹੇਲੀ ਹੀ ਹਨ। ਸ਼ਬਦ ਹੀ ਨਹੀਂ, ਉਹ ਤਾਂ ਬਹੁਤ ਸਾਰੀਆਂ ਰੋਜ਼ਮਰਾ ਦੀਆਂ ਪ੍ਰਕਿਰਿਆਵਾਂ, ਚੀਜ਼ਾਂ, ਭਾਂਡਿਆਂ ਦੇ ਨਾਵਾਂ ਤੋਂ ਵੀ ਅਣਜਾਣ ਸਨ। ਉਨਾਂ ਨੂੰ ਕਈ ਰਿਸ਼ਤਿਆਂ ਦੇ ਨਾਂ ਵੀ ਨਹੀਂ ਪਤਾ ਸਨ। ਇਸ ਸਥਿਤੀ ਵਿੱਚ ਉਹ ਮੇਰੇ ਵਰਤੇ ਸ਼ਬਦਾਂ ਨੂੰ ਨਾ ਸਮਝ ਸਕਣ ਕਾਰਨ ਕਦੇ ਮੇਰੇ 'ਤੇ ਹੱਸਦੀਆਂ ਅਤੇ ਕਦੇ ਮੇਰੀ ਭਾਸ਼ਾ ਨੂੰ ਪੇਂਡੂ ਕਹਿ ਕੇ ਮਜ਼ਾਕ ਉਡਾਉਂਦੀਆਂ।

ਕਾਲਜ ਵਿੱਚ ਦਾਖ਼ਲਾ ਲਿਆ ਤਾਂ ਹੋਰ ਵੀ ਜ਼ਿਆਦਾ ਸ਼ਹਿਰੀ ਪਿਛੋਕੜ ਅਤੇ ਪੰਜਾਬੀ ਘੱਟ ਸਮਝਣ ਵਾਲੇ ਵਿਦਿਆਰਥੀ ਮੇਰੀ ਜਮਾਤ ਵਿੱਚ ਆ ਗਏ। ਹੌਲੀ-ਹੌਲੀ ਮੇਰਾ ਵਿਸ਼ਵਾਸ ਹੋਰ ਪੱਕਾ ਹੋ ਗਿਆ ਕਿ ਪੰਜਾਬ ਵਿੱਚ ਪੰਜਾਬੀ ਬੋਲਣ ਨੂੰ ਬੁਰਾ ਅਤੇ ਪਛੜਿਆ ਹੋਣ ਦਾ ਪ੍ਰਤੀਕ ਹੀ ਮੰਨਿਆ ਜਾਂਦਾ ਹੈ।

ਅਜੋਕੇ ਸਮੇਂ ਵਿੱਚ ਭਾਸ਼ਾ ਵਿੱਚ ਹੀ ਬਦਲਾਅ ਨਹੀਂ ਆਇਆ, ਸਾਡੀ ਜੀਵਨ ਸ਼ੈਲੀ ਵੀ ਬਹੁਤ ਬਦਲ ਗਈ ਹੈ। ਜਦੋਂ ਮੈਂ ਤੇ ਮੇਰੀਆਂ ਵੱਡੀਆਂ ਭੈਣਾਂ ਪੜਦੀਆਂ ਸਨ ਤਾਂ ਅਸੀਂ ਮਾਤਾ ਦੇ ਨਾਲ ਗਰਮੀਆਂ ਦੀਆਂ ਛੁੱਟੀਆਂ ਵਿੱਚ ਕੜਕਦੀ ਧੁੱਪੇ ਖੇਤਾਂ 'ਚ ਮੂੰਗੀ ਤੋੜਨ ਜਾਂਦੇ। ਅੱਜ-ਕੱਲ ਦੀਆਂ ਲੜਕੀਆਂ ਧੁੱਪ ਨਾਲ ਰੰਗ ਕਾਲਾ ਹੋਣ ਦੇ ਡਰੋਂ ਬਾਹਰ ਹੀ ਨਹੀਂ ਨਿਕਲਦੀਆਂ। ਅਸੀਂ ਗਰਮੀਆਂ ਵਿੱਚ ਪਾਥੀਆਂ ਦਾ ਗੁਹਾਰਾ ਲਗਾਉਂਦੇ। ਆਂਢ-ਗੁਆਂਢ ਦੀਆਂ ਔਰਤਾਂ ਵਿੱਚ ਪੂਰਾ ਮੁਕਾਬਲਾ ਹੁੰਦਾ ਸੀ ਕਿ ਕੌਣ ਸਭ ਤੋਂ ਪਹਿਲਾਂ ਗੁਹਾਰਾ ਲਗਾਏਗੀ ਅਤੇ ਕਿਸ ਦਾ ਗੁਹਾਰਾ ਵੱਡਾ ਤੇ ਸਾਫ ਲਿੱਪਿਆ ਹੋਵੇਗਾ। ਅੱਤ ਦੀ ਗਰਮੀ ਹੁੰਦੀ ਪਰ ਫੇਰ ਵੀ ਅਸੀਂ ਬੇਸਬਰੀ ਨਾਲ ਚਾਹ ਦੇ ਸਮੇਂ ਦਾ ਇੰਤਜ਼ਾਰ ਕਰਦੇ ਅਤੇ ਲਿੱਬੜੇ ਹੱਥਾਂ ਨਾਲ ਹੀ ਚਾਹ ਪੀ ਵੀ ਲੈਂਦੇ। ਹੁਣ ਇਹ ਸਭ ਗੱਲਾਂ ਪਿੰਡਾਂ ਦੀ ਜੀਵਨ-ਸ਼ੈਲੀ ਵਿੱਚੋਂ ਖ਼ਤਮ ਹੁੰਦੀਆਂ ਜਾ ਰਹੀਆਂ ਹਨ।

**ਹੱਡ ਬੀਤੀ**

ਮੈਂ ਅਤੇ ਮੇਰੇ ਪਤੀ ਆਪਣੀਆਂ ਨੌਕਰੀਆਂ ਕਰ ਕੇ ਮਾਤਾ-ਪਿਤਾ ਤੋਂ ਦੂਰ ਰਹਿ ਰਹੇ ਹਾਂ। ਸਾਡੀ ਗੈਰ-ਮੌਜੂਦਗੀ ਵਿੱਚ ਬੱਚਿਆਂ ਨੂੰ ਸਾਂਭ-ਸੰਭਾਲ ਲਈ ਉਨਾਂ ਦੀ ਨਾਨੀ ਦੇ ਘਰ ਛੱਡਦੇ ਹਾਂ ਜੋ ਪਿੰਡ ਵਿੱਚ ਹਨ। ਇਸ ਸਦਕਾ ਮੇਰੇ ਦੋਨੋਂ ਬੱਚਿਆਂ ਦੇ ਬਚਪਨ ਵਿੱਚ ਵੀ ਪਿੰਡ ਦੀ ਬੜੀ ਅਹਿਮ ਭੂਮਿਕਾ ਰਹੀ ਹੈ। ਮੇਰੇ ਬੱਚਿਆਂ ਨੇ ਪੇਂਡੂ ਅਤੇ ਆਮ ਪਰਿਵਾਰ ਵਿੱਚ ਹੋਣ ਵਾਲੀਆਂ ਸਾਰੀਆਂ ਪ੍ਰਕਿਰਿਆਵਾਂ ਨੂੰ ਨੇੜੇ ਤੋਂ ਵੇਖਿਆ ਅਤੇ ਅਨੁਭਵ ਵੀ ਕੀਤਾ ਹੈ। ਉਨਾਂ ਲਈ ਮੱਝਾਂ, ਗਾਵਾਂ, ਪੱਠੇ ਲਿਆਉਣੇ, ਟਰੈਕਟਰ-ਟਰਾਲੀ, ਗੱਡਾ, ਧਾਰਾਂ ਚੋਣੀਆਂ, ਖੁਰਲੀ, ਕੱਟਾ-ਕੱਟੀ, ਵੱਛਾ-ਵੱਛੀ, ਪਤੀਲਾ, ਪੀੜੀ, ਭਰਿੰਡਾਂ ਕੋਈ ਨਵੇਂ ਜਾਂ ਅਣਜਾਣ ਸ਼ਬਦ ਨਹੀਂ, ਵਰਨਾ ਅੱਜ ਕੱਲ ਦੇ ਬੱਚਿਆਂ ਨੂੰ ਭਰਿੰਡ ਨਹੀਂ 'ਵਾਸਪ' ਹੀ ਪਤਾ ਹੈ।

ਇਹ ਨੁਕਸਾਨ ਪੰਜਾਬੀ ਅਤੇ ਪੰਜਾਬੀ ਮਾਤ-ਭਾਸ਼ਾ ਦੋਨਾਂ ਦਾ ਹੋ ਰਿਹਾ ਹੈ। ਸਕੂਲਾਂ ਵਿੱਚ ਵੀ ਪੰਜਾਬੀ ਬੋਲਣ 'ਤੇ ਜੁਰਮਾਨਾ ਹੋਣ ਲੱਗਾ ਹੈ। ਬੱਚੇ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਦੀ ਖਿਚੜੀ ਭਾਸ਼ਾ ਬੋਲਣ ਲੱਗੇ ਹਨ। ਜ਼ਿਆਦਾਤਰ ਲੋਕ ਇਸ ਲਈ ਕੇਵਲ ਸਕੂਲਾਂ ਵਿੱਚ ਹੋ ਰਹੀ ਸਖ਼ਤੀ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ ਪਰ ਇਸ ਵਿੱਚ ਮਾਪਿਆਂ ਦਾ ਵੀ ਪੂਰਾ ਕਸੂਰ ਹੈ। ਜਦੋਂ ਪਰਿਵਾਰ ਵਿੱਚ ਕੋਈ ਬੱਚਾ ਬੋਲਣਾ ਸਿੱਖਣਾ ਸ਼ੁਰੂ ਕਰਦਾ ਹੈ ਤਾਂ ਜ਼ਿਆਦਾਤਰ ਮਾਪੇ ਬੱਚੇ ਨੂੰ ਪੰਜਾਬੀ ਦੀ ਬਜਾਏ ਅੰਗਰੇਜ਼ੀ ਸ਼ਬਦ ਸਿਖਾਉਣੇ ਸ਼ੁਰੂ ਕਰ ਦਿੰਦੇ ਹਨ। ਉਹ ਬੱਚੇ ਨੂੰ ਕਾਂ ਦੱਸਣ ਦੀ ਬਜਾਏ 'ਕਰੋਅ' ਦੱਸਣਾ ਬਿਹਤਰ ਸਮਝਦੇ ਹਨ। ਸਮਾਜ ਵਿੱਚ ਵਧਦੀ ਮੁਕਾਬਲੇਬਾਜ਼ੀ ਨੇ ਬੱਚਿਆਂ ਤੋਂ ਨਾ ਕੇਵਲ ਉਨਾਂ ਦਾ ਬਚਪਨ ਖੋਹ ਲਿਆ ਹੈ, ਬਲਕਿ ਉਨਾਂ ਦੀ ਮਾਤ-ਭਾਸ਼ਾ ਵੀ ਖੋਹ ਲਈ ਹੈ। ਦੂਜੀਆਂ ਭਾਸ਼ਾਵਾਂ ਸਿੱਖਣਾ ਕੋਈ ਮਾੜੀ ਗੱਲ ਨਹੀਂ ਪਰ ਆਪਣੀ ਮਾਤ-ਭਾਸ਼ਾ ਨੂੰ ਵਿਸਾਰਨਾ ਗ਼ਲਤ ਹੈ।

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੇਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us



## 1. ਤੇਰੇ-ਮੇਰੇ ਅੱਖਰ

ਤੇਰੇ ਅੱਖਰ ਤੇ ਮੇਰੇ ਅੱਖਰ,
ਸਭ ਮਿਲ ਕੇ ਖੁਸ਼ੀ ਮਨਾਵਣ ਅੱਖਰ,
ਚਲ ਸਾਂਝਾ ਦਾ ਗੀਤ ਇੱਕ ਗਾਈਏ,
ਸਭ ਦੇ ਦਿਲਾਂ ਨੂੰ ਮਹਿਕਾਈਏ,
ਰੋਣਾ-ਧੋਣਾ ਛੱਡ ਕੇ ਆਪਾਂ,
ਮਿਲਵਰਤਣ ਦੀ ਬਾਤ ਕੋਈ ਪਾਈਏ,
ਆਸਾਂ ਵਾਲੇ ਬੂਟੇ ਲਾ ਕੇ,
ਫੁੱਲਵਾੜੀ ਇੱਕ ਮਿਲ ਮਹਿਕਾਈਏ,
ਚੰਗੇ- ਚੰਗੇ ਅੱਖਰ ਲਿਖ ਕੇ,
ਮਾਣ ਪੰਜਾਬੀ ਬੋਲੀ ਦਾ ਹੋਰ ਵਧਾਈਏ,
ਮਾੜਾ- ਮੰਦਾ ਤੇ ਬੁਰਾ ਬੋਲਣਾ,
ਛੱਡੀਏ ਕਿਸੇ ਨੂੰ ਵੀ ਕੋਸਣਾ ,
ਆਪਣੇ ਅੰਦਰ ਭਰ ਗੁਣ ਖਜ਼ਾਨਾ,
ਆਤਮਾ ਉੱਚੀ-ਸੁੱਚੀ ਕਰੀਏ,
ਗਾਲ੍ਹਾਂ ਤੋਂ ਗੁਰੇਜ਼ ਹੈ ਕਰਨਾ,
ਚੰਗੇ ਸ਼ਬਦਾਂ ਦਾ ਸਤਿਕਾਰ ਹੈ ਕਰਨਾ,
ਗ਼ਲਤੀ ਹੋਵੇ ਤਾਂ ਝੱਟ ਮੁਆਫ਼ੀ ਮੰਗੋ,
ਚੰਗੇ ਕੰਮ ਤੋਂ ਕਦੀਂ ਨਾ ਸੰਗੋ,
ਮਦਦ ਕਰੇ, ਤਾਂ ਧੰਨਵਾਦ ਕਰੀਏ,
ਸਲੀਕਾ ਮਨ-ਤਨ ਦੇ ਵਿੱਚ ਭਰੀਏ,
ਮਾੜੇ ਲੋਕਾਂ ਤੇ ਮਾੜੀ ਬੋਲੀ ਤੋਂ,
ਇੱਕ ਕਦਮ ਪਿੱਛੇ ਹੱਟ ਜਾਈਏ,
ਆਉ ! ਆਪਾਂ ਮਿਲ ਕੇ ਸਾਰੇ,
ਇੱਕ-ਇੱਕ ਕਦਮ ਅੱਗੇ ਵਧਾਈਏ,
ਆਪਣੀ ਬੋਲੀ ਨੂੰ ਸੋਹਣਾ ਬੋਲ ਕੇ,
ਮਾਣ-ਤਾਣ ਜੱਗ 'ਤੇ ਵਧਾਈਏ,
ਪੰਜਾਬੀ ਦੇ ਵਿੱਚ ਰਚੇ 'ਗ੍ਰੰਥ' ਨੂੰ,
ਸਮਝ ਕੇ ਜੀਵਨ ਅੱਗੇ ਚਲਾਈਏ।

**ਪਰਵੀਨ ਕੌਰ ਸਿੱਧੂ**

## 2. ਫੱਕਰ ਬੰਦੇ

ਫੱਕਰ ਹੀ ਮਿਜਾਜ ਰੱਖੇ।
ਠੁਕਰਾ ਦਿੰਦੇ ਏ ਬਾਦਸ਼ਾਹੀਆਂ ਨੂੰ,
ਨਾ ਤੱਖਤ ਰੱਖੇ, ਨਾ ਸਿਰ ਤੇ ਤਾਜ ਰੱਖੇ।
ਜਿਸਨੇ ਚੁੰਝ ਦਿੱਤੀ ਉਹ ਆਪੇ ਦੇਊ ਦਾਣੇ,
ਦਰ-ਦਰ ਨਹੀ,ਬਸ ਇੱਕੋ ਹੀ ਦਰ ਫਰਿਆਦ ਰੱਖੇ।
ਪਸੰਦ ਨਹੀਂ ਬਹੁਤਾ ਸ਼ੋਰ-ਸ਼ਰਾਬਾ,
ਮਿੱਠੀ ਧੁਨ ਵਾਲੀ ਕੋਲ ਰਬਾਬ ਰੱਖੇ।
ਖਾਲੀ ਝੋਲੀਆਂ ਭਰ ਕੇ ਤੋਰਦਾ ਏ,
ਕਿਸੇ ਗੱਲ ਦਾ ਕੋਈ ਨਾ ਹਿਸਾਬ ਰੱਖੇ।

**ਲਿਖਤੁਮ ਸੰਦੀਪ ਸਿੰਘ**

## 3. ਮੇਰਾ ਰੱਬ

ਇਕ ਦਿਨ ਮੈਂ ਤੇ ਮੇਰੀ ਵੱਡੀ ਭੈਣ ਬੈਠੇ ਸਾਂ
ਓਹਨਾਂ ਇਕ ਸਵਾਲ ਕੀਤਾ
ਕੀ ਤੇਰਾ ਰੱਬ ਵਿੱਚ ਵਿਸ਼ਵਾਸ ਹੈ ?
ਕੀ ਉਸਦਾ ਵਜੂਦ ਇਸ ਧਰਤੀ ਤੇ ਹੈ ?
ਥੋੜੀ ਦੂਰ ਸਾਡੇ ਮਾਂ ਜੀ ਬੈਠੇ ਸੀ
ਓਹ ਸਾਡੇ ਲਈ ਖਾਣਾ ਬਣਾਉਂਦੇ ਪਏ ਸੀ
ਮੇਰੀ ਨਿਗਾਹ ਮਾਂ ਜੀ ਵੱਲ ਗਈ
ਤੇ ਭੈਣ ਨੇ ਮੇਰੀ ਨਿਗਾਹ ਨੂੰ ਫ਼ਾਲੋ ਕੀਤਾ
ਫਿਰ ਜਦੋਂ ਅਸੀ ਇਕ ਦੂਜੇ ਵੱਲ ਫੇਰ ਵੇਖਿਆ
ਤੇ ਅਸੀ ਮੁਸਕਰਾ ਪਏ ਤੇ ਭੈਣ ਜੀ ਕਹਿਣ
ਹਾਂ ਰੱਬ ਹੈ ਆਪਣੇ ਨੇੜੇ ਹੀ ਬੈਠਾ
ਤੇ ਮੈ ਹੱਸ ਕੇ ਹਾਮੀ ਭਰਤੀ ਤੇ ਕਿਹਾ
ਸੋਹਣਾ ਵੀ ਬਹੁਤ ਹੈ।

**ਈਸ਼ਵਰ ਦਿਓਲ (ਭੱਟੋਂ)**

## 4. ਖ਼ਾਮੋਸ਼ੀ ਤਿਤਲੀਆਂ ਦੀ, ਜਾਂ ਭੌਰਿਆਂ ਦੀ ਗੁੰਜਾਰ ਸੁਣੇ।

ਵਿਚਾਰਾ ਫੁੱਲ ਹੈ ਆਖਿਰ, ਕੀ ਕੀ ਬਾਰ ਬਾਰ ਸੁਣੇ।
ਕੜਕ ਬਿਜਲੀਆਂ ਦੀ, ਨਾ ਮੋਰਾਂ ਦੀ ਰੁਣਝੁਣ ਸੁਣੇ
ਰੁਦਨ ਤਿੜਕੇ ਖ਼ਾਬ ਦਾ, ਪਰ, ਸੀਨੇ ਦੇ ਵਿਚਕਾਰ ਸੁਣੇ।
ਮਹਿਕ ਛੋਹ ਜਾਂਦੀ ਕੋਈ, ਸਹਿਜ ਹੀ ਅੰਬਰ ਨੂੰ ਜਦ
ਆਵਾਜ਼ ਕੋਈ ਸੂਖ਼ਮ ਜਿਹੀ, ਦਿਲ ਦੇ ਅੰਦਰ-ਵਾਰ ਸੁਣੇ।
ਚਾਹਤ ਪੌਣਾਂ ਦੀ ਹੈ ਕਿ, ਫ਼ਿਜ਼ਾਵਾਂ ਨੂੰ ਕੋਈ ਸੁਰ ਮਿਲੇ
ਟਾਹਣੀਆਂ ਤੇ ਪੱਤਿਆਂ 'ਚੋਂ, ਰਬਾਬ ਸੁਣੇ, ਸਿਤਾਰ ਸੁਣੇ।
ਰਿਹਾ ਜੋਗੀਆਂ ਦੀ ਭਾਲ਼ ਵਿੱਚ, ਸੁਣਨ ਲਈ ਧੁਨ ਬੀਨ ਦੀ
ਮਿਲੀਆਂ ਨੇ, ਪਰ ਵਰਮੀਆਂ, ਤੇ ਨਾਗਾਂ ਦੀ ਫ਼ੁੰਕਾਰ ਸੁਣੇ।
ਹਰ ਜ਼ੱਰੇ ਕਾਇਨਾਤ ਦੇ 'ਚ, ਭੇਤ ਅਸੰਖਾਂ ਨੇ ਲੁਕੇ
ਕਿਸੇ ਰੁਮਕੇ ਪੌਣ ਦੇ 'ਚੋਂ, ਕੋਈ ਤਾਂ ਇਜ਼ਹਾਰ ਸੁਣੇ।

**ਮਨਜੀਤ ਪਾਲ ਸਿੰਘ**
**ਮੋ. 9646713135**

## 5. ਮਾਫੀਨਾਮਾ

ਕੈਦ ਹਾਂ ਮੈਂ ਅਣਦਿਸਦੀ ਜੇਲ ਅੰਦਰ
ਪਰ ਮੈਂ ਮੁਕਤ ਹੋਣਾ ਚਾਹੁੰਦਾ ਹਾਂ
ਇਸ ਕੈਦ 'ਚੋਂ ਜੋ ਮੈਂ ਆਪ ਚੁਣੀ ਹੈ।
ਮੈਂ ਰੋਜ਼ ਤਿਲ ਤਿਲ ਮਰ ਰਿਹਾ ਹਾਂ
ਮੇਰੀ ਤੰਦ ਤੰਦ ਉਲਝ ਚੁੱਕੀ ਹੈ
ਹੁਣ ਮੈਂ ਰਿਹਾਈ ਚਾਹੁੰਦਾ ਹਾਂ ।
ਮੈਂ ਉਸਦੀ ਜ਼ਿੰਦਗੀ 'ਚ ਝਾਕਿਆ
ਮੈਂ ਉਸਦੀਆਂ ਸਧਰਾਂ ਦਾ ਕਾਤਿਲ ਹਾਂ।
ਮੇਰਾ ਰੋਮ ਰੋਮ ਸੜ ਰਿਹਾ ਹੈ
ਜਿਵੇਂ ਸਿਵੇ 'ਤੇ ਪਈ ਕੋਈ ਦੇਹ ਸੜ ਰਹੀ ਹੋਵੇ।
ਛਟਪਟਾਉਂਦੀ ਹੈ ਇਸ ਕੈਦ ਵਿਚ ਮੇਰੀ ਜਾਨ,
ਮੁਕਤੀ ਦੀ ਆਸ ਵਿੱਚ ਮੈਂ ਮਾਫੀਨਾਮਾ ਲਿਖਿਆ,
ਉਹ ਪਵਿੱਤਰ ਰੂਹ ਮੈਨੂੰ ਜ਼ਰੂਰ ਆਜ਼ਾਦ ਕਰੇਗੀ ।

**ਦੀਪ ਸਰਾਂ**

## 6. ਰੰਗ ਕਾਟ

ਲਾਹ ਦੇਣੇ ਮੈਂ ਰੰਗ ਉਹ ਸਾਰੇ
ਜਿਹੜੇ ਐਵੇਂ ਮਨ ਤੇ ਚਾੜ੍ਹੇ
ਝੂਠੀ ਵਾਟ ਮੁਕਾ ਆਈ ਆਂ
ਰੰਗ ਕਾਟ ਮੈਂ ਲੈ ਆਈ ਆਂ।
ਕੱਪੜੇ ਦਾ ਰੰਗ ਹੋ ਜਾਏ ਫਿੱਕਾ
ਲਹਿ ਜਾਵੇ ਇਹ ਵੈਰੀ ਟਿੱਕਾ
ਰੋਜ਼ ਦਾ ਰਾਟ ਮੁਕਾ ਆਈ ਆਂ
ਰੰਗ ਕਾਟ ਮੈਂ ਲੈ ਆਈ ਆਂ।
ਗਹਿਰੇ ਰੰਗ ਜੋ ਭਰਮਾਂ ਵਾਲੇ
ਬੁਰੇ ਰੰਗ ਜੋ ਕਰਮਾਂ ਵਾਲੇ
ਸਾਰੇ ਘਾਟ 'ਚ ਨਾ ਆਈ ਆਂ
ਰੰਗ ਕਾਟ ਮੈਂ ਲੈ ਆਈ ਆਂ।
ਲੀਰਾਂ ਵਰਗੇ ਤਨ ਦੇ ਉੱਤੇ
ਬੜੇ ਵਿਕਾਰ ਪਏ ਸੀ ਸੁੱਤੇ
ਰੂਪ ਦੀ ਲਾਟ ਬੁਝਾ ਆਈ ਆਂ
ਰੰਗ ਕਾਟ ਮੈਂ ਲੈ ਆਈ ਆਂ।

**ਰੂਪ ਕੌਰ ਖਾਲਸਾ**

## 7. ਚੁੱਪ

ਬਹੁਤ ਕੁਝ
ਆਲੇ-ਦੁਆਲੇ ਵਾਪਰਦੈ
ਫੇਰ ਵੀ ਚੁੱਪ ਰਹਿੰਦਾ ਹਾਂ
ਅਕਸਰ ਸੋਚਾਂ
ਕਾਸ਼...ਬੇਜਾਨ
ਜਾਂ ਬੇਜ਼ੁਬਾਨ ਹੁੰਦਾ
ਮਨ 'ਤੇ ਬੋਝ
ਮਹਿਸੂਸ ਨਾ ਹੁੰਦਾ
ਖੜਾ ਰਹਿੰਦਾ ਚੁੱਪ-ਚਾਪ
ਰੁੱਖਾਂ ਤੇ ਇਮਾਰਤਾਂ ਵਾਂਗ
ਮੌਕੇ ਦਾ ਗਵਾਹ ਬਣਿਆ
ਪਰ ਕਿਸੇ ਕਚਹਿਰੀ 'ਚ
ਗਵਾਹੀ ਦੇਣ ਤੋਂ ਮੁਕਤ
ਹੁਣ ਚੁੱਪ ਮੇਰੀ
ਬਹੁਤ ਬੇਚੈਨ ਕਰੇ
ਦੱਬਦਾ ਜਾ ਰਿਹਾਂ
ਅਸਹਿ ਬੋਝ ਹੇਠ
ਅਕਿਹ ਪੀੜ ਨੂੰ
ਅੰਦਰੋਂ-ਅੰਦਰੀ ਜਰਦਾ
ਨਿੱਤ ਰਹਾਂ ਮਰਦਾ
ਪਤਾ ਨਹੀਂ
ਕੋਈ ਸੁਆਲ
ਕਿਉਂ ਨਹੀਂ ਕਰਦਾ
ਖੁਦ ਨਾਲ ਵੀ ਕਿਉਂ
ਚੁੱਪ ਹੋ ਗਿਆ ਹਾਂ।

**ਰਣਦੀਪ ਸਿੰਘ ਆਹਲੂਵਾਲੀਆ**

## 8. ਮੇਰੇ ਖਿਆਲੋਂ ਸੁਰ ਚੁਣੋ

ਮੇਰੇ ਖਿਆਲੋਂ ਸੁਰ ਚੁਣੋ
ਇਕ ਗੀਤ ਦਾ ਮੁਖੜਾ ਬੁਣੋ
ਉਹਦੀ ਹਰ ਸਤਰ ਦੇ ਵਾਸਤੇ
ਮਨਾਂ ਦੀ ਪੀੜ ਹੀ ਪੁਣੋ....ਮੇਰੇ ਖਿਆਲੋ....
ਜਿੰਦਾਂ 'ਚੋਂ ਲੈ ਉਦਾਸੀਆਂ
ਪੌਣਾਂ ਫਿਰਨ ਹਿਰਾਸੀਆਂ
ਇਸ ਦੁਖਦੀ ਦੁਖਦੀ ਪੌਣ ਦੇ
ਸਾਹਾਂ ਦੀਆਂ ਹਾਵਾਂ ਪੁਣੋ...ਮੇਰੇ ਖਿਆਲੋ....
ਅਸਾਂ ਬੀਜ ਪਾਏ ਸਾਹਾਂ ਦੇ
ਉੱਗੇ ਬਿਰਖ ਗਲ-ਫਾਹਾਂ ਦੇ
ਐਸੇ ਅਜੀਬ ਦੌਰ ਵਿੱਚ
ਮਿੱਟੀ ਦਾ ਹੁਣ ਰੁਦਨ ਸੁਣੋ...ਮੇਰੇ ਖਿਆਲੋ.....
ਸਾਡੇ ਵੇਲਿਆਂ ਨੂੰ ਡੰਗਦੇ
ਪਰਛਾਵਿਆਂ ਦੇ ਰੰਗ ਦੇ
ਰੁੱਤਾਂ ਨੂੰ ਲੱਗੇ ਰੋਗ ਲਈ
ਕਿਸੇ ਟੂਣੇ ਦੇ ਅੱਖਰ ਖੁਣੋ...ਮੇਰੇ ਖਿਆਲੋ....
ਨਫ਼ਰਤਾਂ ਦੇ ਰਾਗ ਵਿੱਚ
ਪੀੜਾਂ ਦੇ ਸੰਘਣੇ ਬਾਗ ਵਿੱਚ
ਖਿੱਲਰ ਕੇ ਗੁੰਮੀ ਜ਼ਿੰਦਗੀ ਦਾ
ਤਾਣਾ ਬਾਣਾ ਫਿਰ ਬੁਣੋ..
ਮੇਰੇ ਖਿਆਲੋਂ ਸੁਰ ਚੁਣੋ
ਇਕ ਗੀਤ ਦਾ ਮੁੱਖੜਾ ਚੁਣੋ
ਉਹਦੀ ਹਰ ਸਤਰ ਦੇ ਵਾਸਤੇ
ਮਨਾ ਦੀ ਪੀੜ ਹੀ ਪੁਣੋ।

**ਅਰਤਿੰਦਰ ਸੰਧੂ**

## 9. ਰੱਬ ਜੀ !

ਕਿੰਨਾ ਸਹਿਜ ਹੁੰਦਾ
ਇਹ ਕਹਿਣਾ ਕਿ
ਮੈਂ ਤੈਨੂੰ ਪਿਆਰ ਕਰਦਾ !
ਕਿੰਨਾ ਔਖਾ
ਇਹ ਕਹਿਣਾ ਕਿ
ਮੈਂ ਜਿੱਤਕੇ ਰਹਾਂਗਾ !
ਪਾਣੀ ਤੇ ਪਿਆਰ
ਪਿਆਰ ਤੇ ਹਵਾ
ਕਿੰਨੇ ਉਤਸੁਕ
ਤੇਰੇ ਪੈਰਾਂ ਕੋਲ਼
ਵਹਿਣ ਲਈ
ਮੈਂ ਤੇਰੇ
ਪੈਰਾਂ ਕੋਲ਼ ਬੈਠਾ ਹਾਂ
ਮੇਰਿਆ ਰੱਬਾ ਤੂੰ
ਜ਼ਰਾ ਝੁਕ ਕੇ ਤਾਂ ਵੇਖ।

**ਪਰਮਿੰਦਰ ਸੋਢੀ**

## 10. ਲਿਖਿਆ ਏ ਮੋੜ ਲਵੋ

ਉੱਜਲੀ ਬਹਾਰ ਨੂੰ
ਭੱਠ ਦਾ ਵਪਾਰ
ਦਰੋਂ ਮੋੜ ਨਾ ਪਿਆਰ ਨੂੰ
ਪੈਲੀਆਂ ਦੇ ਪੰਛੀ
ਤੇਰਾ ਪੁੱਛਦੇ ਟਿਕਾਣਾ ਵੇ
ਮਿਟੇ ਨਾ ਪੰਜਾਬ
ਜੁੱਗਾਂ ਜੁੱਗਾਂ ਤੋਂ ਸਿਆਣਾ ਵੇ
ਮੋੜ ਕੇ ਲਿਆਵੇ ਕਿਹੜਾ
ਹੰਝੂਆਂ ਦੀ ਧਾੜ ਨੂੰ
ਬੱਚੜੇ ਭੁਲਾਕੇ ਕੂੰਜਾਂ
ਉਡੀਆਂ ਪਹਾੜ ਨੂੰ
ਕੌਣ ਬੁਰਾ ਆਖੇ
ਰੋਜ਼ੀ ਰੋਟੀ ਪਰਵਾਸ ਨੂੰ
ਚਾਂਦਨੀ ਦਾ ਬੂਰ ਪਵੇ
ਚੋਬਰਾਂ ਦੀ ਆਸ ਨੂੰ।

**ਪ੍ਰੋ. ਕੁਲਵੰਤ ਸਿੰਘ ਗਰੇਵਾਲ**

## 11. ਕਾਲੀ ਨਦੀ ਦੀ ਵਿਥਿਆ

**ਸਵਾਲ**

ਜਾਹ ਨੀ ਨਦੀਏ ਕਾਲੀਏ, ਤੂੰ ਏਂ ਬੜੀ ਕਰੂਪ।
ਸਾਰੇ ਲੰਘਣ ਥੁੱਕ ਕੇ, ਕੈਸਾ ਤੇਰਾ ਰੂਪ।
ਆਉਂਦੀ ਤੇਰੇ ਜਿਸਮ ਚੋਂ, ਬਦਬੂ ਗੰਦੀ ਢੇਰ।
ਨੱਕ ਢੱਕ ਕੇ ਲੰਘਣਾ, ਪੈਂਦੇ ਦੇਰ ਸਵੇਰ।
ਨਾ ਤੇਰੇ ਵਿੱਚ ਵੱਸਦੇ, ਕਿਓਂ ਸੋਹਣੇ ਜਲ ਜੀਵ।
ਨਾ ਜਲ ਪੰਛੀ ਉੱਡਦੇ, ਤੇਰੇ ਦਿਸਣ ਕਰੀਬ।
ਪਾਣੀ ਪੀ ਨਾ ਸੱਕਦੇ, ਪੰਛੀ, ਪਸ਼ੂ, ਮਨੁੱਖ।
ਤੇਰੇ ਕੰਢੇ ਉੱਗਿਆ, ਦਿਸੇ ਨਾ ਹਰਿਆ ਰੁੱਖ।
ਤੇਰੀ ਗੋਦੀ ਵਿੱਚ ਨਾ,ਖੇਡਣ ਬਾਲ ਗੋਪਾਲ।
ਨਾ ਕੋਈ ਨਾਵੇ ਆਣਕੇ, ਤੇਰੇ ਪਾਣੀ ਨਾਲ।
ਤੇਰਾ ਪਾਣੀ ਮਾਰਦਾ, ਹਰ ਦਮ ਰਹੇ ਸੜਾਂਦ।
ਕਾਲੀ ਕੋਝੀ ਕਰਮਹੀਣ, ਭੂਤਾਂ ਦਿਸੇ ਭਰਾਂਦ।
ਸਾਰੇ ਤੈਨੂੰ ਆਖਦੇ, ਏਸੇ ਲਈ ਅਛੂਤ।
ਤੇਰਾ ਜੀਵਨ ਜੱਗ ਤੇ, ਗਿਆ ਸਮਝ ਲੈ ਊਤ।

**ਜਵਾਬ**

ਸੁਣ ਵੇ ਕਵੀਆ ਬੈਠ ਕੇ, ਹੁਣ ਤੂੰ ਮੇਰਾ ਹਾਲ।
ਬਿਨ ਸੋਚੇ ਨਾ ਕਦੇ ਵੀ, ਕਰੀਏ ਖੜੇ ਸਵਾਲ।
ਹੌਲੀ-ਹੌਲੀ ਮਰ ਰਹੀ, ਮੈਂ ਸਦਮੇ ਜਿਸ ਨਾਲ।
ਕੀ ਤੂੰ ਇਹ ਨਹੀ ਜਾਣਦਾ, ਕਿਸ ਦੀ ਚਾਲ ਕੁਚਾਲ ?
ਮੇਰੇ ਤੇ ਵੀ ਕਦੇ ਸੀ, ਜੋਬਨ ਹੁਸਨ ਅਨੂਪ।
ਕਰ ਕਰ ਨਖਰੇ ਸੌ ਤੁਰਾਂ, ਡੁੱਲ ਡੁੱਲ ਪੈਂਦਾ ਰੂਪ।
ਹੁੰਦਾ ਮੇਰਾ ਕਦੇ ਸੀ, ਕੁੰਗੂ ਵਰਗਾ ਨੀਰ।
ਰਹਿਣ ਰੌਣਕਾਂ ਲੱਗੀਆਂ, ਹਰ ਦਮ ਮੇਰੇ ਤੀਰ।
ਆਵਣ ਟੋਲੇ ਬੰਨ ਕੇ, ਨਾਰਾਂ ਮੇਰੇ ਕੋਲ।
ਮੇਰੇ ਪਾਣੀ ਵਿੱਚ ਉਹ, ਡਾਢੇ ਕਰਨ ਕਲੋਲ।
ਢਾਕਾਂ ਉੱਤੇ ਘੜੇ ਲਾ, ਤੁਰਨ ਮਰੋੜੇ ਮਾਰ।
ਮੇਰੀ ਰੀਸੇ ਕਰਦੀਆਂ, ਉਹ ਵੀ ਟਸ਼ਨ ਹਜ਼ਾਰ।
ਮੈਥੋਂ ਨਖ਼ਰੇ ਸਿੱਖ ਕੇ, ਨੱਢੀਆਂ ਹੋਣ ਜਵਾਨ।
ਤਰ ਤਰ ਗੱਭਰੂ ਛਾਤੀਆਂ, ਵਾਲਾ ਜੋਰ ਵਖਾਣ।
ਆਉਂਦੇ ਮੇਰੇ ਕੋਲ਼ ਸਨ, ਬੰਨ ਬੰਨ ਟੋਲੇ, ਬਾਲ।
ਖੁਸ਼ੀ ਮਨਾਵਣ ਰੱਜ ਕੇ, ਖੇਡਣ ਮੇਰੇ ਨਾਲ।
ਕੰਢੇ ਉਤੇ ਬੈਠ ਕੇ, ਬੁੱਢੇ ਦੇਣ ਅਸੀਸ।
ਵੇਲਾਉ ਲੰਘਿਆ ਯਾਦ ਕਰ, ਦਿਲ 'ਚੋਂ ਉੱਠੇ ਚੀਸ।
ਪਸ਼ੂ, ਪਰਿੰਦੇ ਜਗਤ ਦੇ, ਆਉਣ ਫਿਜ਼ਾਵਾਂ ਚੀਰ।
ਸ਼ੁਕਰ ਮਨਾਵਣ ਰੱਬ ਦਾ, ਪੀ ਕੇ ਠੰਡਾ ਨੀਰ।
ਹੋ ਕੇ ਜਾਂਦੇ ਤ੍ਰਿਪਤ ਸਭ, ਨਾ ਕੋਈ ਮੁੜੇ ਨਿਰਾਸ਼।
ਸਾਰੇ ਮੇਰੇ ਆਪਣੇ, ਮੈਂ ਸਭਨਾ ਦੀ ਖਾਸ਼।
ਮੇਰੇ ਕੰਢੇ ਉੱਗਦੇ, ਹਰੇ ਸੁਹਾਣੇ ਰੁੱਖ।
ਪੰਛੀ ਗਾਉਂਦੇ ਗੁਟਕਦੇ, ਤੱਕ-ਤੱਕ ਲਹਿੰਦੀ ਭੁੱਖ।
ਐਪਰ ਇਹ ਮਨੁੱਖ ਹੈ, ਕਦਰਹੀਣ ਬੁੱਧਹੀਣ।
ਮੈਥੋਂ ਮੇਰਾ ਰੂਪ ਉਹ, ਲੀਤਾ ਜਿਸ ਨੇ ਛੀਣ।
ਮੇਰਾ ਨਿਰਮਲ ਨੀਰ ਲੈ, ਵਿੱਚ ਕੈਮੀਕਲ ਘੋਲ਼।
ਵਾਪਸ ਗੰਦਾ ਕਰ ਕੇ, ਭੇਜੇ ਮੇਰੇ ਕੋਲ਼।
ਕੂੜਾ ਕਰਕਟ ਸ਼ਹਿਰ ਦਾ, ਫੈਕਟਰੀਆਂ ਦਾ ਗੰਦ।
ਮੇਰੇ ਅੰਦਰ ਸੁੱਟ ਕੇ, ਸਾਹ ਕਰ ਦਿੱਤੇ ਬੰਦ।
ਗੰਦੇ ਨਾਲੇ ਕੱਢ ਕੇ, ਮੂਰਖ ਲੋਕ ਗਵਾਰ।
ਦੇਂਦੇ ਸੁੱਟ ਲਿਆ ਕੇ, ਅੰਦਰ ਮੇਰੀ ਧਾਰ।
ਮੈਨੂੰ ਕੋਹੜੀ ਕਰ ਕੇ, ਹੇ ਬਦਬਖ਼ਤ ਮਨੁੱਖ।
ਦੱਸੀਂ ਆਪਣੀ ਜਾਨ ਦੀ, ਲੋਚੇਂ ਕਿੱਦਾਂ ਸੁੱਖ ?
ਮੇਰਾ ਪਾਣੀ ਧਰਤ ਵਿੱਚ, ਐਸਾ ਜਾਂਦਾ ਜੀਰ।
ਹੋਇਆ ਦੂਸ਼ਿਤ ਵੇਖ ਲੈ, ਧਰਤ ਹੇਠਲਾ ਨੀਰ।
ਕੈਂਸਰ, ਕਾਲ਼ੇ ਪੀਲੀਏ, ਘਰ ਘਰ ਪਾਏ ਸੋਗ।
ਖੁਦ ਹੀ ਪਿਆ ਖਰੀਦਦਾ, ਮਾਨਵ ਮਾਰੂ ਰੋਗ।
ਮੂਰਖ ਇਹ ਨਹੀ ਸੋਚਦਾ, ਜੀਵਨ ਪਾਣੀ ਨਾਲ।
ਬਿਨ ਪਾਣੀ ਦੇ ਧਰਤ ਤੇ, ਜੀਣਾ ਹੋਏ ਮੁਹਾਲ।
'ਪਹਿਲਾ ਪਾਣੀ ਜੀਓ ਹੈ', ਗੁਰੂਆਂ ਦਾ ਫੁਰਮਾਨ।
ਕੇਵਲ ਮੱਥਾ ਟੇਕਦਾ, ਪਰ ਨਾ ਲਵੇ ਗਿਆਨ।
ਦੁਸ਼ਮਣ ਪਾਣੀ ਦੀ ਜੋ, ਮਹਿੰਗੀ ਵਿਕੇ ਸ਼ਰਾਬ।
ਨਰਕ ਬਣਾ ਕੇ ਜਿੰਦਗੀ, ਲਵੇਂ ਸੁਰਗ ਦੇ ਖਾਬ ?
ਪਹਿਲਾਂ ਗੁੜ ਤੇ ਨੀਰ ਨੂੰ, ਅੰਮ੍ਰਿਤ ਤੋਂ ਕਰ ਜ਼ਹਿਰ।
ਅੱਗੋਂ ਮੇਰੇ ਨਾਲ ਇਹ, ਕਿਵੇਂ ਕਮਾਉਂਦਾ ਕਹਿਰ।
ਹੌਜ਼ ਜ਼ਹਿਰੀਲੇ ਲਾਹਣ ਦੇ, ਮੇਰੇ ਅੰਦਰ ਰੋੜ੍ਹ।
ਖੁਦ ਵੀ ਰੋਗ ਖਰੀਦਦਾ, ਮੈਨੂੰ ਦੇਵੇ ਕੋਹੜ।
ਪਾਣੀ ਖੋਹ ਕੇ ਕੁਦਰਤੀ, ਦਇਆ ਵਖਾਵੇ ਕੀਰ।
ਵੇਖੋ ਖਾਤਰ ਪੰਛੀਆਂ, ਧਰਦਾ ਫਿਰਦਾ ਨੀਰ।
ਹਟਿਆ ਨਾ ਜੇ ਆਪਣੀ, ਜੜ੍ਹੀਂ ਦੇਵਣੋਂ ਤੇਲ।
ਛੇਤੀ ਜਾਣਾ ਮੁੱਕ ਹੈ, ਇਹ ਜੀਵਨ ਦਾ ਖੇਲ।
ਮੈਨੂੰ ਮਿਹਣੇ ਮਾਰ ਨਾ, ਮਾਰ ਨਜ਼ਰ ਗਿਰੇਬਾਨ।
ਮਿੱਟੀ ਹੋ ਰਹੀ ਅੰਦਰੋਂ, ਤੇਰੀ ਝੂਠੀ ਸ਼ਾਨ।
ਚਾਹੁੰਨੈ ਨਸਲਾਂ ਅਗਲੀਆਂ, ਚੰਗਾ ਜੀਵਨ ਜੀਣ।
ਰੋਗਾਂ ਸੋਗਾਂ ਤੋਂ ਬਚਣ, ਸੁਥਰਾ ਪਾਣੀ ਪੀਣ।
ਤਾਂ ਫਿਰ ਸੁੱਤਾ ਜਾਗ ਕੇ, ਬੰਦਿਆ ਹੋਸ਼ ਸੰਭਾਲ।
ਰੋਕ ਸੱਕੇਂ ਤਾਂ ਰੋਕ ਲੈ, ਆਉਂਦਾ ਕਹਿਰੀ ਕਾਲ।
ਬੈਠੈਂ ਜਿਹੜੇ ਟਹਿਣ ਤੇ, ਓਸੇ ਨੂੰ ਨਾ ਟੁੱਕ।
ਮੇਰੀ ਕਾਇਆ ਕਲਪ ਦੀ, ਕਸਮ ਬਾਜਵਾ ਚੁੱਕ।

**ਲਖਵਿੰਦਰ ਸਿੰਘ ਬਾਜਵਾ**



# ਕਾਵਿ ਸੰਸਾਰ

# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS

NO CREDIT - NO PROBLEM
BEST CUSTOMER SERVICE




FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035

# ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਕਰਾਮਾਤ ਦਾ ਖਜ਼ਾਨਾ



ਡਾ. ਸਰਬਜਿੰਦਰ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਅਤਿ-ਆਧੁਨਿਕ ਤਰੀਕੇ ਨਾਲ ਉਸਾਰਿਆ ਪੰਜਾਬੀ ਯੂਨੀਵਰਸਿਟੀ ਦਾ ਇਕ ਨਿਵੇਕਲਾ ਭਵਨ ਤੇ ਯੂਨੀਵਰਸਿਟੀ ਦੀ ਸ਼ਾਨ । ਅੱਜ ਲਗਭਗ ਇਕ ਸਾਲ ਬਾਅਦ ਇਸਦੇ ਬਾਹਰ ਖਲੋ ਇਸ ਨੂੰ ਨਤਮਸਤਕ ਹੋਇਆ ਹਾਂ।

ਇਕ ਸਾਲ ਪਹਿਲਾਂ ਇਸ ਭਵਨ 'ਚ ਸ਼ਾਨਾ-ਮੱਤਾ ਸਮਾਂ ਬਤੀਤ ਕਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲ ਚਾਲੇ ਪਾਏ ਸਨ। ਇਸ ਭਵਨ 'ਚ ਸਥਾਪਤ ਵਿਭਾਗ ਚੋਂ ਹੀ ਮੈਂ ਉਚ-ਵਿਦਿਆ ਗ੍ਰਹਿਣ ਕੀਤੀ ਤੇ ਫਿਰ ਇਸੇ ਪਾਕ ਭਵਨ ਦੀ ਨਿਗਾਹਬਾਨੀ ਵਿੱਚ ਉਚ ਰੁਤਬਿਆਂ ਤੱਕ ਪਹੁੰਚਿਆਂ ਹਾਂ। ਮਾਣ-ਮੱਤੇ ਤਰੀਕੇ ਨਾਲ ਪਾਤਸ਼ਾਹ ਹਜ਼ੂਰ ਬਾਬਾ ਗੁਰੂ ਨਾਨਕ ਦੇਵ ਜੀ ਨੇ ਹੀ ਸੇਵਾ ਨਿਭਾਉਣ ਦੀ ਕੁਲ ਸ਼ਕਤੀਆਂ ਬਖਸ਼ੀਆਂ ਸੀ।

ਬਹੁਤ ਦੇਰ ਤੋਂ ਮੇਰੀ ਇਹ ਪ੍ਰਬਲ ਇਛਾ ਸੀ ਕਿ ਇਸ ਭਵਨ ਦੇ 'ਇਤਿਹਾਸਕ ਪਿਛੋਕੜ ਤੇ ਵਰਤਮਾਨ ਪ੍ਰਸੰਗਿਕਤਾ' ਬਾਰੇ ਕੁਝ ਗੱਲਾਂ ਸਾਂਝੀਆਂ ਕਰਾਂ ਤਾਂ ਜੋ ਉਹ ਰਹੱਸ ਹੀ ਨਾ ਬਣੀਆਂ ਰਹਿ ਜਾਣ ਅਤੇ ਜਿਨਾਂ ਨੇ ਇਸ ਭਵਨ ਦੀ ਉਸਾਰੀ ਵਿੱਚ ਅਹਿਮ ਭੂਮਿਕਾ ਨਿਭਾਈ, ਉਹ ਸ਼ਖਸੀਅਤਾਂ ਇਤਿਹਾਸ ਦੇ ਪੰਨਿਆਂ ਵਿਚ ਲੁਪਤ ਹੀ ਨਾ ਰਹਿ ਜਾਣ । ਸੋਚ ਵਿਚਾਰ ਤੋਂ ਬਾਅਦ ਮਨ ਇਹ ਬਣਾਇਆ ਕਿ ਇਸਦੇ ਵਰਤਮਾਨ ਨੂੰ ਪਾਸੇ ਕਰ ਇਸ ਭਵਨ ਦੇ ਤਾਮੀਰ ਹੋਣ ਦੇ ਇਤਿਹਾਸਕ ਪ੍ਰਸੰਗ ਨੂੰ ਹੀ ਕੇਵਲ ਤੁਹਾਡੇ ਨਾਲ ਸਾਂਝਾ ਕਰਾਂ।

ਅਜੇ ਕੱਲ ਦੀ ਗੱਲ ਲਗਦੀ ਹੈ ਕਿ ਯੂਨੀਵਰਸਿਟੀ ਦੇ ਡਾ. ਜਸਪਾਲ ਸਿੰਘ ਵਾਈਸ ਚਾਂਸਲਰ ਸਨ ਤੇ ਮੈਂ ਪ੍ਰੋਫੈਸਰ ਬਣ ਚੁੱਕਾ ਸੀ । ਇਕ ਦਿਨ ਪਤਾ ਨਹੀਂ ਮੇਰੇ ਮਨ ਵਿੱਚ ਕਿਹੋ ਜਿਹੀ ਪ੍ਰਬਲ ਇੱਛਾ ਪੈਦਾ ਹੋਈ ਕਿ ਮੈਂ ਵਾਈਸ ਚਾਂਸਲਰ ਦੇ ਦਫਤਰ ਜਾ ਪਹੁੰਚਿਆ। ਖੁਸ਼ਕਿਸਮਤੀ ਨਾਲ ਉਹ ਇਕੱਲੇ ਈ ਮਿਲ ਗਏ। ਜਾਂਦਿਆਂ ਇਕ ਸਵਾਲ ਖੜਾ ਕੀਤਾ, ਉਹ ਸਵਾਲ ਅੱਜ ਵੀ ਮੈਨੂੰ ਕੱਲ ਵਾਂਗ ਯਾਦ ਹੈ 'ਸਵਾਲ ਸੀ, ਡਾ. ਸਾਹਿਬ ਸਿੱਖਾਂ ਦੇ ਸਮਕਾਲ ਵਿਚ ਗੁਰੂ ਕੌਣ ਹਨ'।

ਮੇਰੇ ਸਵਾਲ ਤੋਂ ਉਹ ਥੋੜਾ ਜਿਹਾ ਹੈਰਾਨ ਤੇ ਹੋਏ ਪਰ ਮਜ਼ਾਕੀਆ ਸੁਰ 'ਚ ਬੋਲੇ ਘੱਟੋ-ਘੱਟ ਤੂੰ ਤੇ ਹੈਂ, ਨਹੀਂ ਓ! ਮੈਂ ਕਿਹਾ ਡਾ. ਸਾਹਿਬ ਮੈਂ ਬਹੁਤ ਗੰਭੀਰ ਹਾਂ, ਉਤਰ ਦਿਓ। ਉਨਾਂ ਮੇਰੇ ਚਿਹਰੇ 'ਤੇ ਸਵਾਲੀਆ ਨਜ਼ਰ ਸੁੱਟੀ ਤੇ ਬੋਲੇ 'ਇਸ ਸਵਾਲ ਦਾ ਜਵਾਬ ਤੇ ਤੇਰੇ ਕੋਲੋਂ ਲੋਕਾਂ ਪੁੱਛਣ ਆਉਣਾ ਕਾਕਾ ਜੀ, ਕਿਉਂਕਿ ਉਸ ਪਾਕ ਗੁਰੂ ਦੇ ਨਾਮ 'ਤੇ ਸਥਾਪਤ ਵਿਭਾਗ ਦੇ ਮੁਖੀ ਵਜੋਂ ਤੂੰ ਆਸੀਨ ਹੈ। ਮੈਨੂੰ ਲਗਦਾ ਹੈ ਈਸ਼ੂ ਕੁਝ ਹੋਰ ਹਨ ਤੇਰੇ, ਸਿੱਧੀ ਇਕ ਟੁਕ ਗੱਲ ਕਰ ਮਝੈਲਾਂ ਦੀ ਭਾਸ਼ਾ 'ਚ। ਹਾਂ ਤੇਰੇ ਸਵਾਲ ਦਾ ਉਤਰ ਵੀ ਦੇ ਦਿਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ

**ਕਲਮਾਂ ਦੇ ਜਜ਼ਬਾਤ**

ਕੁਲ ਸਿੱਖ ਕੌਮ ਦੇ 'ਸ਼ਬਦ ਗੁਰੂ' ਹਨ, ਤੈਨੂੰ ਕੋਈ ਸ਼ੱਕ ਹੈ। ਮੇਰਾ ਅਗਲਾ ਸਵਾਲ ਸੀ, ਸਰ, ਕੀ ਉਨਾਂ ਸਿੱਖਾਂ 'ਚ ਆਪਾਂ ਵੀ ਸ਼ਾਮਲ ਹਾਂ ਭਲਾ। ਥੋੜਾ ਨਾਰਾਜ਼ਗੀ ਦਿਖਾ ਬੋਲੇ, ਕਿਹੋ ਜਿਹੇ ਸਵਾਲ ਕਰ ਰਿਹੈਂ ਤੂੰ ਯਾਰ । ਇਹ ਕੁੱਲ ਕਾਇਨਾਤ ਜੋ ਦਿਸਦੀ ਹੈ ਨ ਤੈਨੂੰ ਤੇ ਮੈਨੂੰ ਇਸ ਸਭ ਦਾ ਉਹ ਈ ਗੁਰੂ ਤੇ ਪਰਵਦਗਾਰ ਹੈ, ਫਿਰ ਭਲਾ ਮੇਰਾ ਤੇ ਤੇਰੇ ਦਾ ਸਵਾਲ ਈ ਕਿਥੋਂ ਪੈਦਾ ਹੋਇਆ।

ਮੈਂ ਇਕ ਹੋਰ ਸਵਾਲ ਖੜਾ ਕੀਤਾ, ਸਰ ਕੀ ਤੁਹਾਨੂੰ ਵੀ ਵਿਸ਼ਵਾਸ ਹੈ ਕਿ 'ਪੰਜਾਬ ਜਿਊਂਦਾ ਗੁਰਾਂ ਦੇ ਨਾਮ ਤੇ'। ਉਤਰ ਆਇਆ, ਇਸ ਤੋਂ ਵੀ ਅਗਾਂਹ ਕੇਵਲ ਪੰਜਾਬ ਈ ਨਹੀਂ ਪੂਰਾ ਦ੍ਰਿਸ਼ਟ ਅਦ੍ਰਿਸ਼ਟ ਸੰਸਾਰ ਗੁਰਾਂ ਦੇ ਨਾਮ ਤੇ ਜਿਊਂ ਰਿਹਾ । ਹਰ ਛਿਣ ਹਰ ਪਲ । ਮੇਰਾ ਪ੍ਰਸ਼ਨ ਫਿਰ ਉਠਿਆ ਜੇ ਇਹ ਸੱਚ ਹੈ ਤਾਂ ਫਿਰ 'ਪੰਜਾਬੀ ਯੂਨੀਵਰਸਿਟੀ ਵਿਚ ਜਦ ਕੁੱਲ ਭਵਨ ਹਨ ਤਾਂ ਗੁਰੂ ਗ੍ਰੰਥ ਸਾਹਿਬ ਭਵਨ ਕਿਉਂ ਨਹੀਂ'।

ਵਾਈਸ ਚਾਂਸਲਰ ਖਿੜ-ਖੜਾ ਕੇ ਹੱਸ ਪਏ, ਔਛਾ ਇਹ ਗੱਲ ਸੀ, ਥੋੜਾ ਸੋਚਿਆ ਮੱਥੇ ਨੂੰ ਦੋ ਤਿੰਨ ਵਾਰ ਕਠੋਰ ਬੋਲੇ 'ਚੱਲ ਫਿਰ ਮਿਲਾ ਹੱਥ, ਪੰਜਾਹ ਲੱਖ ਦਾ ਪ੍ਰਬੰਧ ਮੇਰਾ ਪੰਜਾਹ ਦਾ ਤੇਰਾ, ਬੋਲ ਮਨਜ਼ੂਰ ਈ। ਮੈਂ ਉਠਿਆ ਤੇ ਕਿਹਾ ਮਨਜ਼ੂਰ ਹੈ, ਬਸ ਇਕ ਮਹੀਨੇ ਦੀ ਡਿਊਟੀ ਛੁੱਟੀ, ਬੋਲੇ ਦਿੱਤੀ। ਮੈਂ ਹੱਥ ਜੋੜੇ ਬਾਹਰ ਵੱਲ ਮੁੜਿਆ, ਅਵਾਜ ਦਿਤੀ ਰੁਕ ਜ਼ਰਾ। ਜੱਫੀ ਪਾਈ ਤੇ ਕਿਹਾ ਸ਼ੁਭ ਇਛਾਵਾਂ ।

ਬਹੁਤ ਵੱਡਾ ਵਾਅਦਾ ਕਰ ਆਇਆ ਸਾਂ, ਕੀ ਪੂਰਾ ਕਰ ਸਕਾਂਗਾ? ਇਸ ਪ੍ਰਸ਼ਨ ਨਾਲ ਰਾਤ ਉਸਲਵੱਟਿਆ 'ਚ



ਕੱਟੀ। ਤਸੱਲੀ ਆਪਣੇ ਵਿਸ਼ਵਾਸ 'ਤੇ ਸੀ ਆਪਣੇ ਬਾਬੇ ਪਾਤਸ਼ਾਹ ਨਾਨਕ ਗੁਰੂ 'ਤੇ ਸੀ, ਟਿਕਟ ਲਈ ਪਹਿਲਾ ਟੂਰ ਯੂਰਪ ਦਾ ਵਿਊਂਤਿਆ ਜਿਥੇ ਮੇਰੇ ਯਾਰ ਬਾਹਾਂ ਅੱਡੀ ਉਡੀਕ ਰਹੇ ਸਨ। ਦੂਸਰਾ ਅਮਰੀਕਾ-ਕੈਨੇਡਾ ਜਾਣਾ ਸੀ ਜਿੱਥੇ ਡਾਂ ਜਸਬੀਰ ਮਾਨ ਤੇ ਜਸਜੀਤ, ਨਾਂਹ ਕਰ ਈ ਨਹੀਂ ਸਕਦੇ ਸਨ । ਤੀਸਰਾ ਸਿੰਗਾਪੁਰ ਹੁੰਦਾ ਹੋਇਆ, ਮਲੇਸ਼ੀਆ ਤੋਂ ਸਿਧਾ ਆਸਟ੍ਰੇਲੀਆ ਜਿਥੇ ਬਾਬੇ ਨਾਨਕ ਜੀਆਂ ਦਾ ਪੁਤਰ ਡਾ. ਸੰਤੋਖ ਸਿੰਘ ਮੈਲਬੋਰਨ ਵਾਲਾ ਆ ਜਾ ਆ ਜਾ ਦੀ ਰੱਟ ਲਾ ਰਿਹਾ ਸੀ।

ਝੋਲਾ ਬੰਨ ਲਿਆ, ਤਿਆਰ ਸੀ ਹੁਣ ਵਾਹਿਗੁਰੂ ਕਾ ਖਾਲਸਾ। ਜਾਣ ਤੋਂ ਕੁਝ ਕੁ ਘੰਟੇ ਪਹਿਲਾਂ ਅਚਾਨਕ ਫੋਨ ਦੀ ਘੰਟੀ ਵੱਜੀ, ਇਕ ਵਾਰ ਨਹੀਂ ਦੋ ਵਾਰ ਤਿੰਨ ਵਾਰ। ਫੋਨ ਚੁਕਣਾ ਈ ਪਿਆ ਅੱਗਿਓਂ ਅਵਾਜ ਆਈ ਸਰਬ ਵਾ ਦਨਿਆਲ ਵਾਲਾ। ਥੋੜਾ ਹੈਰਾਨ ਹੋਣਾ ਸੁਭਾਵਿਕ ਸੀ ਕਿਉਂਕਿ ਇਹ ਨਾਮ ਤੇ ਪਤਾ ਮੈਂ ਬਹੁਤ ਪਹਿਲਾਂ ਮਾਝੇ ਦੇਸ਼ ਛੱਡ ਆਇਆ ਸਾਂ। ਜੀ ਬੋਲ ਰਿਹਾ, ਤੁਸੀਂ ਕੌਣ ਅੱਗਿਓਂ ਹੱਸ ਕੇ ਮੇਰਾ ਤੀਹ ਵਰੇ ਪਹਿਲਾਂ ਦਾ ਆੜੀ ਚਹਿਕਿਆ, ਓਏ ਕਿੱਥੇ ਲੁਕ ਗਿਆ ਸੈਂ, ਲੱਭ ਲੱਭ ਥੱਕ ਗਿਆਂ ਓ ਤੈਨੂੰ ਭਾਊ । ਓਏ ਪੰਜਾਬ ਦੀ ਸਾਰੀ ਸਰਕਾਰ ਚਲਾ ਰਿਹਾ ਹਾਂ, ਯਾਰਾਂ ਤੇ ਤੇਰੇ ਕੋਲੋਂ ਆਕੜਖੋਰਾ ਚਵਾਨੀ ਦਾ ਫੋਨ ਨ ਸਰਿਆ। ਹੈਰਾਨੀ ਸੁਭਾਵਿਕ ਸੀ, ਬਿਊਰੋਕਰੇਸੀ ਦੀ ਅਸਮਾਨ ਵੱਲ ਵੇਖ ਗੱਲ ਕਰਨ ਦੀ ਆਦਤ ਦਾ ਪਤਾ ਹੋਣ ਕਰਕੇ ਜਾਣਦੇ ਹੋਏ ਵੀ ਮੈਂ ਆਪਣੇ ਇਸ ਪਰਮ ਮਿਤਰ ਨੂੰ ਹੈਲੋ ਕਰਨ ਦਾ ਵੀ ਵਿਚਾਰ, ਸੁਪਨੇ ਵਿੱਚ ਵੀ ਕਦੇ ਆਪਣੇ ਜਿਹਨ ਵਿੱਚ ਆਉਣ ਨਹੀਂ ਸੀ ਦਿੱਤਾ। ਸਿਰਫ ਇਸ ਡਰ ਨਾਲ ਕੇ ਜੇ ਉਸਨੇ ਪਹਿਚਾਨਣ ਤੋਂ ਈ ਇਨਕਾਰ ਕਰ ਦਿਤਾ ਤੇ ਫਿਰ ਆਪਣੇ ਸਵੈਮਾਣ ਦਾ ਕੀ ਕਰਾਂਗਾ।

ਮਿੱਤਰ ਬੋਲ ਰਿਹਾ ਸੀ ਅੱਜ ਈ ਮਿਲਣਾ, ਹਰ ਹਾਲਤ 'ਚ । ਹੁਕਮ ਜਾਰੀ ਕਰ ਦਿਤਾ, ਸਰਕਾਰ ਦੀ ਗੱਡੀ ਯੂਨੀਵਰਸਿਟੀ ਪਹੁੰਚ ਰਹੀ ਹੈ, ਕੋਈ ਆਨਾਕਾਨੀ ਨਹੀਂ, ਬਸ ਤੁਰ ਆ ਪੈਰੀਂ ਜੁਤੀ ਨਹੀਂ ਪਾਉਣੀ ਸੁਣਿਆ ਈ। ਮੈਂ ਕਿਹਾ ਤੇਰੇ ਬੋਲਾਂ ਤੇ ਮੋਹ ਨੇ ਰੂਹ ਤਰੋਤਾਜ਼ਾ ਕਰ ਦਿਤੀ ਓ ਭਾਊ, ਪਰ ਮੇਰੀ ਇਕ ਸਮੱਸਿਆ ਮੈਂ ਵਿਦੇਸ਼ ਜਾਣਾ ਅੱਜ ਸ਼ਾਮ ਨੂੰ, ਟਿਕਟ ਬੁਕ ਹੈ। ਉਹ ਥੋੜਾ ਉਦਾਸ ਹੋਇਆ ਤੇ ਬੋਲਿਆ ਕੋਈ ਜਰੂਰੀ ਕੰਮ, ਮੇਰਾ ਉਤਰ ਸੀ ਹਾਂ ਬਹੁਤ। ਬੋਲਿਆ ਪੁਛ ਸਕਦਾ ਹਾਂ, ਮੈਂ ਹੱਸਿਆ ਤੇ ਸਾਰਾ ਕਿਸਾ ਸੁਣਾ ਮਾਰਿਆ। ਉਸ ਨੇ ਹੱਥ ਤੇ ਹੱਥ ਮਾਰਿਆ ਤੇ ਕਿਹਾ ਬਸ ਇਹ ਕੰਮ ਸੀ ਕੇਵਲ। ਮੈਂ ਕਿਹਾ ਯਾਰ ਤੂੰ ਇਸਨੂੰ ਨਿੱਕਾ ਸਮਝਦਾ ਐਨਾ ਵੱਡਾ ਵਾਅਦਾ ਪੂਰਾ ਕਰਨ ਦਾ ਸ਼ੰਕਾ ਵਾਰ ਵਾਰ ਤੰਗ ਕਰ ਰਿਹਾ, ਤੂੰ ਕਹਿ ਰਿਹਾ ਕਿ ਬਸ ਇਹੀ। ਅੱਗੋ ਤੋਂ ਉਤਰ ਆਇਆ ਟਿਕਟ ਨਾਲ ਲੈ ਆ ਤੇ ਮਿਲਾਂਗਾ ਠੀਕ ਲੰਚ 'ਤੇ। ਭੋਜਨ ਇਕੱਠੇ ਤੇਰੇ ਆਣ ਦੀ ਖੁਸ਼ੀ 'ਚ ਹੁਣ ਪਹੁੰਚਣਾ ਮਜਬੂਰੀ ਹੋ ਗਈ ਸੀ।

ਤੀਹ ਸਾਲ ਬਾਅਦ ਮੁਲਾਕਾਤ ਤੇ ਪਾਏ ਗਏ ਜੱਫਿਆਂ ਤੇ ਸ਼ਿਕਵਿਆਂ ਦੀ ਗੱਲ ਈ ਵੱਖਰੀ ਸੀ । ਉਹ ਬੋਲਿਆ ਟਿਕਟ ਫੜਾ ਜਰਾ। ਆਪਣੇ ਸੈਕਟਰੀ ਨੂੰ ਬੈਲ ਮਾਰੀ, ਹੁਕਮ ਕੀਤਾ ਤੁਰੰਤ ਕੈਂਸਲ ਕਰਵਾ। ਮੇਰੀ ਕੌਣ ਸੁਣਦਾ ਸੀ ਫਿਰ, ਵਿਸਥਾਰ 'ਚ ਸਾਰੀ ਗੱਲ ਸੁਣੀ ਤੇ ਬੋਲਿਆ ਬਾਕੀ ਗੱਲਾਂ ਹੁੰਦੀਆਂ ਰਹਿਣਗੀਆਂ। ਕੱਲ ਮੇਰੇ ਟੇਬਲ ਤੇ ਪਰਪੋਜ਼ਲ ਵਾਈਸ ਚਾਂਸਲਰ ਦੀ ਪ੍ਰਵਾਨਗੀ ਨਾਲ ਲੈ ਕੇ ਪਹੁੰਚ ਜਾਈਂ। ਭੱਜ ਜਾ ਕਿਤੇ ਨਹੀਂ ਜਾਣਾ ਹੁਣ ਕੱਲ ਨੂੰ ਵੀ ਲੰਚ ਤੇ ਇਕੱਠੇ ।

ਵਾਪਸ ਆ ਰਿਹਾ ਸ਼ੰਕਿਆ ਤੇ ਜਗਿਆਸਾ ਦੀ ਉਥਲ ਪੁਥਲ 'ਚ ਉਲਝਿਆ ਪਿਆ ਸੀ । ਵਾਈਸ ਚਾਂਸਲਰ ਨੂੰ ਦੱਸਿਆ ਤਾਂ ਉਹ ਉਚੀ ਉਚੀ ਹੱਸਿਆ ਤੇ ਬੋਲਿਆ 'ਓ ਜਾਹ ਓਏ ਮਝੈਲੋ ਮਾਰ ਦੇ ਜੋ ਗੱਲਾਂ, ਸਰਕਾਰ ਪੰਜੀ ਨਹੀਂ ਦਿੰਦੀ ਇਹ ਕਰੋੜਾਂ ਭਾਲਦਾ' ਜਾਹ ਜਾ ਕੇ ਨਿਆਣਿਆਂ ਨੂੰ ਪੜਾ । ਮੈਂ ਕਿਹਾ ਸਰ ਜੀ, ਪਾਧਾਂ ਰਾਹ ਨ ਦੱਸੂ ਤੇ ਘਰ ਨੂੰ ਵੀ ਨ ਆਉਣ ਦੇਊ। ਤੁਸੀਂ ਆਹ ਪਰਪੋਜ਼ਲ ਤੇ ਸਾਈਨ ਕਰੋ। ਮਝੈਲ ਕਈ ਵਾਰ ਇੱਕੀ ਤੋਂ ਇਕੱਤੀ ਪਾ ਦਿੰਦੇ ਹੁੰਦੇ ਜੇ ਤੇ ਮੇਰੇ ਤੋਂ ਵੱਧ ਭਲਾ ਕੌਣ ਜਾਣਦਾ ਇਸ ਗੱਲ ਨੂੰ। ਉਹ ਫਿਰ ਹੱਸੇ ਪਰ ਕਾਗਜ ਫੜ ਸਾਈਨ ਕਰ ਦਿੱਤੇ। ਸਵੇਰੇ ਮੈਂ ਰਾਜਧਾਨੀ 'ਚ ਸੀ, ਦਫਤਰ ਪਹੁੰਚਿਆ ਸਾਰਾ ਅਮਲਾ ਫੈਲਾ ਮੇਰੀ ਉਡੀਕ ਵਿਚ ਸੀ, ਜਿਵੇਂ ਹੋਰ ਕੋਈ ਉਨਾਂ ਨੂੰ ਕੰਮ ਈ ਨ ਹੋਵੇ, ਕਾਗਜ ਮੇਰੇ ਕੋਲੋਂ ਫੜੇ ਤੇ ਮੈਨੂੰ ਗੈਸਟ ਹਾਊਸ ਛੱਡ ਕਿਹਾ ਅਰਾਮ ਕਰੋ ਜੀ, ਦੁਪਹਿਰ ਨੂੰ ਲੰਚ ਤੇ ਸਰ ਮਿਲਣਗੇ।

ਕਦੇ ਖੁਸ਼ ਹੁੰਦਾ ਕਦੇ ਆਪਣੇ ਆਪ ਨੂੰ ਕੋਸਦਾ ਕਿ ਕਾਹਨੂੰ ਤੇ ਕਿਥੇ ਫਸ ਗਿਆ, ਪਰ ਓਧਰ ਮੇਰੀ ਫਾਈਲ ਨਾਲ ਜੋ ਹੋ ਰਿਹਾ ਸੀ ਉਹ ਨ ਅੱਜ ਤੱਕ ਕਦੇ ਹੋਇਆ ਸੀ ਤੇ ਨੇ ਹੀ ਅਗਲੇ ਕਿਸੇ ਸਮਕਾਲ 'ਚ ਹੋਣਾ ਸੀ । ਫਾਈਲ ਇਕ ਘੰਟੇ 'ਚ ਸਾਰੀਆਂ ਤਕਨੀਕੀ ਫਾਲਮੈਲਟੀਜ ਨੂੰ ਪਾਰ ਕਰ, ਸੀ ਐਮ ਦੇ ਟੇਬਲ 'ਤੇ ਸੀ। ਠੀਕ ਇਕ ਵਜੇ ਕਰੋੜਾਂ ਦਾ ਚੈਕ ਮੇਰੇ ਕੋਲ ਸੀ । ਸਰਕਾਰ ਨੇ ਨੱਕੋ ਈ ਰੋੜ ਦਿਤੇ ਸਨ ਤੇ ਦੁਪਹਿਰ ਦੇ ਸਮੇਂ ਚੈਕ ਤੇ ਮੁਹੱਬਤੀ ਲੰਚ ਦੋਵੇਂ ਮੇਰੇ ਸਾਹਮਣੇ ਸਨ, ਪਰ ਪੈਸੇ ਵੇਖ ਰੋਟੀ ਲੰਘਦੀ ਕਿਸਨੂੰ ਸੀ। ਪਿਆਰੇ ਦੋਸਤ ਨੂੰ ਮੇਰੇ ਅੰਦਰ ਬਾਗੀਆਂ ਪਾ ਰਹੀ ਖੁਸ਼ੀ ਦਾ ਅਹਿਸਾਸ ਹੋ ਗਿਆ ਸੀ, ਬੋਲਿਆ ਭੱਜ ਜਾ ਮਾਰਦਾ ਛਾਲਾਂ, ਪਰ ਨੀਂਹ ਪੱਥਰ ਰੱਖਣ ਵੇਲੇ ਭੁੱਲ ਨ ਜਾਵੀਂ। ਮੈਂ ਲਾਇਆ ਜੱਫਾ ਘੁਟਕੇ ਤੇ ਘੁੰਮਾ ਦਿਤਾ ਚਾਰ ਚੁਫੇਰੇ। ਸਰਦਾਰ ਹੱਸਿਆ ਤੇ ਬੋਲਿਆ ਮਾਰੇਂਗਾ ਮੈਨੂੰ। ਕਾਰ ਭਜਾਈ ਤੇ ਯੂਨੀਵਰਸਿਟੀ ਦੇ ਗੇਟ ਤੇ ਦਿਲ ਕਰੇ ਹਰੇਕ ਨੂੰ ਰੋਕ ਰੋਕ ਦੱਸਾਂ ਕਿ ਭਲਿਓ ਆਹ ਹੁੰਦੀਆਂ ਜੇ ਕਰਾਮਾਤਾਂ।

# ਪੁਆੜਿਆਂ ਵਿਚ ਫਸੀ 'ਵਿਦਿਆ ਵੀਚਾਰੀ'



ਡਾ. ਬਲਕਾਰ ਸਿੰਘ ਪ੍ਰੋਫੈਸਰ



**ਹਰਫ਼ਾਂ ਦੇ ਨੂਰ**

ਬੇਅਦਬੀਆਂ ਦੀ ਧੁਰੀ ਦੁਆਲੇ ਘੁੰਮਦੀ ਪੰਜਾਬ ਦੀ ਸਿਆਸਤ ਜਿਵੇਂ ਬੱਚੇ-ਵਿਗਾੜੂ ਅਤੇ ਸੰਸਥਾਵਾਂ ਢਾਹੂ ਹੁੰਦੀ ਜਾ ਰਹੀ ਹੈ, ਉਸ ਨੂੰ ਸੱਪ ਦੀ ਵਰਮੀ ਨਾਲ ਤਸ਼ਬੀਹ ਦਿੱਤੀ ਜਾ ਸਕਦੀ ਹੈ। ਕਹਾਵਤ ਏਹੀ ਸੁਣਦੇ ਆਏ ਹਾਂ ਕਿ ਸੱਪ ਦੀ ਵਰਮੀ ਵਿਚੋਂ ਓਹੀ ਬੱਚਾ ਬਚਦਾ ਹੈ ਜਿਹੜਾ ਬੁੜਕ ਕੇ ਬਾਹਰ ਡਿੱਗ ਪੈਂਦਾ ਹੈ ਕਿਉਂਕਿ ਅੰਦਰਲਿਆਂ ਨੂੰ ਤਾਂ ਮਾਂ ਆਪ ਹੀ ਖਾ ਜਾਂਦੀ ਹੈ । ਪਿੰਡਾਂ ਵਿਚ ਵਸਦੇ ਪੰਜਾਬ ਨਾਲ ਵੀ ਕੁਝ ਏਹੋ ਜਿਹਾ ਹੀ ਵਾਪਰ ਗਿਆ ਹੈ ਕਿਉਂਕਿ ਕਿਸੇ ਵੀ ਰੰਗ ਦੀ ਪੰਜਾਬੀ ਸਿਆਸਤ ਨੇ ਇਹ ਨਹੀਂ ਵਿਉਂਤਿਆ ਵੀਚਾਰਿਆ ਕਿ ਸ਼ਹਿਰਾਂ ਵੱਲ ਹਿਜਰਤ ਕਰ ਰਹੇ ਪੰਜਾਬ ਦੇ ਪਿੰਡਾਂ ਨੂੰ ਕਿਵੇਂ ਸੰਭਾਲਣਾ ਹੈ? ਨਤੀਜਨ ਜੋ ਪਿੰਡ ਵਿਚੋਂ ਨਹੀਂ ਨਿਕਲਿਆ, ਉਸ ਨੂੰ ਪਿੰਡ ਨੇ ਆਪ ਹੀ ਕਾਸੇ ਜੋਗਾ ਨਹੀਂ ਛੱਡਿਆ? ਇਸ ਦਾ ਇਕ ਪ੍ਰਗਟਾਵਾ ਸੰਸਥਾਵਾਂ ਵਿਚ ਸ਼ਿਕਾਇਤੀ ਖਿੜਕੀਆਂ (ਯੂਨੀਅਨਨਿਜ਼ਮ) ਦਾ ਖੁਲ ਜਾਣਾ ਹੈ। ਇਸ ਦਾ ਸੇਕ ਪਹਿਲਾਂ ਹੀ ਤਪੀ ਹੋਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੱਕ ਲਾਇਬ੍ਰੇਰੀ ਦੇ ਹਵਾਲੇ ਨਾਲ ਪਹੁੰਚ ਗਿਆ ਹੈ। ਆਪਣੇ ਆਪਣੇ ਸੱਚ ਯੂਨੀਵਰਸਿਟੀ ਵਿਚ ਇਸ ਭਾਂਤ ਗੁੱਥਮਗੁੱਥਾ ਹਨ ਕਿ ਸਮੱਸਿਆ ਦੀ ਜੜ ਤੱਕ ਪਹੁੰਚਣਾ ਮੁਸ਼ਕਿਲ ਹੋਇਆ ਪਿਆ ਹੈ। ਯੂਨੀਵਰਸਿਟੀ ਦੇ ਵਿੱਤੀ ਸੰਕਟ ਬਾਰੇ ਸਰਕਾਰ ਦੀ ਚੁੱਪ ਨੇ ਸਥਿਤੀ ਇਹ ਪੈਦਾ ਕਰ ਦਿੱਤੀ ਹੈ ਕਿ ਕਰਦਾ ਕੋਈ ਹੋਰ ਹੈ ਅਤੇ ਭਰਨਾ ਕਿਸੇ ਹੋਰ ਨੂੰ ਪੈ ਰਿਹਾ ਹੈ। ਜਿੰਨੇ ਮੂੰਹ ਓਨੀਆਂ ਗੱਲਾਂ ਦਾ ਜਵਾਬ ਕੌਣ ਦੇ ਸਕਦਾ ਹੈ ? ਕੋਈ ਨਹੀਂ ਸੋਚਦਾ ਕਿ ਲਾਇਬ੍ਰੇਰੀ ਨੇ ਤਾਂ ਲਾਇਬ੍ਰੇਰੀ ਵਾਂਗ ਹੀ ਚੱਲਣਾ ਹੈ ਕਿਉਂਕਿ ਲਾਇਬ੍ਰੇਰੀ ਨੂੰ ਧਾਰਮਿਕ ਸੰਸਥਾ ਵਾਂਗ ਤਾਂ ਨਹੀਂ ਚਲਾਇਆ ਜਾ ਸਕਦਾ। ਲਾਇਬ੍ਰੇਰੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਸਾਂਭ ਸੰਭਾਲ ਲਈ ਲੋੜੀਂਦੇ ਅਦਬ ਦੀ ਪਾਲਣਾ ਕੀਤੀ ਜਾ ਰਹੀ ਹੈ। ਕਿਤਾਬਾਂ ਨੂੰ ਰੱਦੀ ਹੋਣ ਤੋਂ ਬਚਾਉਣ ਦਾ ਤਰੀਕਾ ਕਿਤਾਬਾਂ ਦੀ ਡਿਜੀਟਾਈਜ਼ੇਸ਼ਨ ਹੈ। ਇਸ ਵਾਸਤੇ ਲੋੜੀਂਦੇ ਖਰਚੇ ਦਾ ਪ੍ਰਬੰਧ ਕੀਤੇ ਜਾਣ ਬਾਰੇ ਸੋਚਣ ਦੀ ਥਾਂ ਜੇ ਬੇਅਦਬੀ ਦੀ ਸਿਆਸਤ ਕਰਾਂਗੇ ਤਾਂ ਆਪੂੰ ਪੈਦਾ ਕੀਤੇ ਸੰਕਟ ਵਿਚ ਘਿਰਦੇ ਜਾਵਾਂਗੇ। ਸੰਕਟ ਪੈਦਾ ਕਰਨ ਵਿਚ ਸਹਾਈ ਹੋਵਾਂਗੇ ਤਾਂ ਨਤੀਜੇ ਸਾਰਿਆਂ ਨੂੰ ਭੁਗਤਣੇ ਪੈਣਗੇ। ਜਿਸ ਕਿਸਮ ਦੇ ਸੰਘਰਸ਼ ਵਿਚੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਇਸ ਵੇਲੇ ਲੰਘਣਾ ਪੈ ਰਿਹਾ ਹੈ, ਉਸ ਵਿਚੋਂ ਸਿਰ ਜੋੜਕੇ ਹੀ ਪਾਰ ਲੰਘਿਆ ਜਾ ਸਕਦਾ ਹੈ। ਇਕ ਦੂਜੇ ਦੀਆਂ ਮਜਬੂਰੀਆਂ ਦੀ ਸਿਆਸਤ ਰਾਹੀਂ ਵਿਅਕਤੀਗਤ ਲਾਹੇ ਲੈਣ ਦੇ ਸੁਭਾ ਨੂੰ ਤਿਆਗੇ ਬਿਨਾ ਯੂਨੀਵਰਸਿਟੀ ਨੂੰ ਪੈਰਾਂ ਸਿਰ ਨਹੀਂ ਕੀਤਾ ਜਾ ਸਕਦਾ। ਦਰਪੇਸ਼ ਸੰਕਟ ਬਾਰੇ ਸਾਂਝੀ ਸਮਝ ਕੀ ਹੋਵੇ, ਇਸ ਬਾਰੇ ਚਰਚਾ ਕਰਾਂਗੇ ਤਾਂ ਅਕਾਦਮਿਕ ਸੰਕਟ ਵਿਚੋਂ ਨਿਕਲਣ ਦਾ ਅਕਾਦਮਿਕ ਹੱਲ ਸਾਹਮਣੇ ਲਿਆਂਦਾ ਜਾ ਸਕਦਾ ਹੈ। ਇਸ ਵਿਚ ਯੋਗਦਾਨ ਪਾਉਣ ਵਾਸਤੇ ਇਸ ਯੂਨੀਵਰਸਿਟੀ ਦੀ ਰਿਟਾਇਰਡ ਟੇਲੈਂਟ ਨੂੰ ਸਾਹਮਣੇ ਆਉਣਾ ਚਾਹੀਦਾ ਹੈ।




## ਪਾਠਕਾਂ ਦਾ ਨਜ਼ਰੀਆ

### ਸੂਬੇ ਨੂੰ ਹਨੇਰੇ ਵੱਲ ਧੱਕ ਰਿਹਾ ਹੈ ਮੁ.ਫਤਖੋਰੀ ਦਾ 'ਸਿਆਸੀ ਭੂਤ'

ਪੰਜਾਬ ਸੰਤਾਪ ਦੀ ਸਮਾਪਤੀ ਤੋਂ ਬਾਅਦ 1997 ਦੀ ਵਿਧਾਨ ਸਭਾ ਚੋਣ ਦੌਰਾਨ ਕੀਤੇ ਵਾਅਦੇ ਨੂੰ ਪੂਰ ਚਾੜਦਿਆਂ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਵਲੋਂ ਕਿਸਾਨੀ ਨੂੰ ਹੁਲਾਰਾ ਦੇਣ ਲਈ ਖੇਤੀ ਮੋਟਰਾਂ ਦੇ ਬਿੱਲਾਂ ਦੀ ਕੀਤੀ ਮੁਆਫ਼ੀ ਦੇ ਚਲਦਿਆਂ ਪੰਜਾਬ ਅੰਦਰ ਮੁੜ ਕੇ ਜਿਸ ਵੀ ਸਰਕਾਰ ਦੀ ਸਥਾਪਤੀ ਦਾ ਰਾਹ ਪੱਧਰਾ ਹੋਇਆ, ਉਹ ਸਿਰਫ ਤੇ ਸਿਰਫ ਮੁਫ਼ਤਖੋਰੀ ਦੇ 'ਸਿਆਸੀ ਭੂਤ' ਦੀ ਬਦੌਲਤ ਪ੍ਰਵਾਨ ਚੜਿਆ। ਗੱਲ ਭਾਵੇਂ ਅਕਾਲੀ-ਭਾਜਪਾ ਸਰਕਾਰ ਦੀ ਹੋਵੇ ਜਾਂ ਕਾਂਗਰਸ ਦੇ ਕੈਪਟਨ ਅਮਰਿੰਦਰ ਸਿੰਘ ਦੇ ਰਾਜਕਾਲ ਦੀ, ਜਿਨਾਂ ਨੂੰ ਲਗਭਗ 32 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਵਿਰਾਸਤ ਵਿਚ ਮਿਲਿਆ, ਉਨਾਂ ਨੇ ਵੀ ਪਿੱਛੇ ਮੁੜ ਕੇ ਵੇਖਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਧੜਾਧੜ ਮੁਫ਼ਤਖੋਰੀ ਦੇ ਕੀਤੇ ਜਾ ਰਹੇ ਇਹ ਫ਼ੈਸਲੇ ਪੰਜਾਬ ਨੂੰ ਉਸ ਹਨੇਰੇ ਖੂਹ ਵੱਲ ਧੱਕ ਦੇਣਗੇ, ਜਿਥੋਂ ਵਾਪਸ ਪਰਤਣਾ ਮੁਸ਼ਕਿਲ ਹੋ ਜਾਵੇਗਾ। ਜਿਸ ਸਮੇਂ ਪੰਜਾਬ ਦੇ ਸਿਰ ਮਹਿਜ਼ 15 ਹਜ਼ਾਰ ਕਰੋੜ ਰੁਪਏ ਦੇ ਲਗਭਗ ਦਾ ਕਰਜ਼ਾ ਸੀ ਅਤੇ ਜਿਸ ਵਿਚੋਂ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਦੀ ਕੇਂਦਰੀ ਸਰਕਾਰ ਵਲੋਂ 8500 ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕਰ ਦਿੱਤਾ ਗਿਆ ਸੀ। ਉਸ ਤੋਂ ਬਾਅਦ ਸਮੇਂ-ਸਮੇਂ 'ਤੇ ਬਣੀਆਂ ਸਰਕਾਰਾਂ ਨੇ ਤਾਂ 'ਰੜਕਾਂ' ਕੱਢ ਦਿੱਤੀਆਂ। ਉਸ ਸਮੇਂ ਤੋਂ ਪੰਜਾਬ ਅੰਦਰ ਮੁਫ਼ਤ ਸਹੂਲਤਾਂ ਦਾ ਸ਼ੁਰੂ ਹੋਇਆ ਦੌਰ ਅੱਜ 2 ਲੱਖ 82 ਹਜ਼ਾਰ ਕਰੋੜ ਤੱਕ ਪਹੁੰਚਣ ਦੇ ਬਾਵਜੂਦ ਜ਼ੋਰਾਂ-ਸ਼ੋਰਾਂ ਨਾਲ ਜਾਰੀ ਹੈ। ਇਕ ਰਿਪੋਰਟ ਅਨੁਸਾਰ ਜੇਕਰ ਸਾਡੀਆਂ ਸਰਕਾਰਾਂ 'ਮੁਫ਼ਤਖੋਰੀ ਦੇ ਅਲਜਬਰੇ' ਵਿਚ ਇਸੇ ਤਰਾਂ ਉਲਝੀਆਂ ਰਹੀਆਂ ਤਾਂ 2025 ਦੇ ਵਰੇ ਤੱਕ ਇਹ ਕਰਜ਼ਾ ਪੌਣੇ 4 ਲੱਖ ਕਰੋੜ ਤੱਕ ਪਹੁੰਚ ਸਕਦਾ ਹੈ। ਸਿਤਮ ਭਰੀ ਗੱਲ ਇਹ ਹੈ ਕਿ ਪੰਜਾਬ ਸਰਕਾਰ ਦੇ ਕੁੱਲ ਮਾਲੀਏ ਦੀ ਇਕੱਠੀ ਹੋਣ ਵਾਲੀ ਰਕਮ ਵਿਚੋਂ ਵੱਡਾ ਹਿੱਸਾ ਵਿਆਜ ਵਿਚ ਜਾ ਰਿਹਾ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਕੋਈ ਵੀ ਸਿਆਸੀ ਧਿਰ ਮੁਫ਼ਤ ਸਹੂਲਤਾਂ ਦੇ ਮਾਮਲੇ ਵਿਚ ਪਿੱਛੇ ਨਹੀਂ ਰਹਿਣਾ ਚਾਹੁੰਦੀ। ਸ਼੍ਰੋਮਣੀ ਅਕਾਲੀ ਦਲ, ਭਾਜਪਾ, ਬਸਪਾ ਅਤੇ ਕਾਂਗਰਸ ਤੋਂ ਬਾਅਦ ਆਮ ਆਦਮੀ ਪਾਰਟੀ ਨੇ ਵੀ ਮੁਫ਼ਤਖੋਰੀ ਦੀਆਂ ਛਹਿਬਰਾਂ ਲਗਾਉਂਦਿਆਂ ਪੰਜਾਬ ਦੇ ਹੋ ਰਹੇ 'ਝੱਗਾ ਚੌੜ' ਨੂੰ ਵਾਚਣ ਦਾ ਯਤਨ ਹੀ ਨਹੀਂ ਕੀਤਾ ਸਗੋਂ ਦਲੀਲਾਂ ਸਹਿਤ ਮੁਫ਼ਤਖੋਰੀ ਨੂੰ ਸਹੀ ਠਹਿਰਾ ਕੇ ਆਪਣੀ 'ਚੌਧਰ ਦੇ ਪਾਵਿਆਂ' ਨੂੰ ਪੱਕੇ ਕਰਨ ਦਾ ਯਤਨ ਕੀਤਾ। ਹੁਣ ਪੰਜਾਬ ਸਰਕਾਰ ਵਲੋਂ ਬਿਜਲੀ ਬਿੱਲਾਂ ਦੀ ਮੁਆਫ਼ੀ ਨੂੰ ਲੈ ਕੇ ਪਾਏ 'ਝਮੇਲੇ' ਨੂੰ ਜੇਕਰ ਤੱਥਾਂ ਸਹਿਤ ਖੰਘਾਲੀਏ ਤਾਂ ਇਕ ਗੱਲ ਚਿੱਟੇ ਦਿਨ ਵਾਂਗ ਸਾਫ਼ ਹੈ ਕਿ ਪੰਜਾਬ ਅੰਦਰ ਸਾਲ ਭਰ ਦੌਰਾਨ ਬਿਜਲੀ ਦੇ 6 ਬਿਜਲੀ ਬਿੱਲ ਆਉਂਦੇ ਹਨ ਜਿਨਾਂ ਵਿਚੋਂ ਲਗਪਗ ਸਰਦ ਰੁੱਤ ਦੇ 3 ਬਿੱਲ ਘੱਟ ਆਉਂਦੇ ਹਨ। ਹੁਣ ਪੰਜਾਬ ਸਰਕਾਰ ਦੇ 600 ਯੂਨਿਟ ਦੀ ਮੁਆਫ਼ੀ ਦੇ ਤਾਜ਼ਾ ਫ਼ੈਸਲੇ ਅਨੁਸਾਰ ਸਰਦ ਰੁੱਤ ਦੇ 3 ਬਿੱਲ ਬਿਲਕੁਲ ਹੀ ਖ਼ਤਮ ਹੋ ਜਾਣਗੇ ਤੇ ਪਾਵਰਕਾਮ ਦੇ ਖਾਤੇ ਵਿਚ ਕਾਣੀ ਕੌਡੀ ਵੀ ਨਹੀਂ ਜਾਵੇਗੀ ਅਤੇ ਪਾਵਰਕਾਮ ਕਿਸ ਆਸਰੇ ਆਪਣੇ ਖਰਚਿਆਂ ਨੂੰ ਪੂਰਾ ਕਰ ਸਕੇਗਾ। ਇਸ ਤੋਂ ਬਾਅਦ ਅਗਲੇ ਸਮੇਂ ਨੂੰ ਹੋਣ ਵਾਲੀਆਂ ਹੋਰ ਮੁਆਫ਼ੀ ਦੀਆਂ ਸਕੀਮਾਂ 'ਤੇ ਜੇਕਰ ਧਿਆਨ ਮਾਰੀਏ ਤਾਂ ਹਰ ਔਰਤ ਦੇ ਖਾਤੇ ਵਿਚ ਪੈਣ ਵਾਲਾ ਪ੍ਰਤੀ ਮਹੀਨਾ 1 ਹਜ਼ਾਰ ਰੁਪਿਆ, ਸਿੱਖਿਆ ਮੁਫ਼ਤ, ਸਿਹਤ ਸਹੂਲਤਾਂ ਮੁਫ਼ਤ, ਕਣਕ ਮੁਫ਼ਤ ਆਦਿ ਵੱਖਰੇ ਵਿਸ਼ੇ ਹਨ। ਪਤਾ ਨਹੀਂ ਕਿਉਂ ਸਾਡੀਆਂ ਸਿਆਸੀ ਧਿਰਾਂ ਦਾ 'ਗੇਅਰ' ਮੁਫ਼ਤਖੋਰੀ 'ਤੇ ਆ ਕੇ ਅਟਕ ਜਾਂਦਾ ਹੈ। ਕਿਉਂ ਨਹੀਂ ਅਸੀਂ ਰੁਜ਼ਗਾਰ ਦੇ ਵਸੀਲੇ ਪੈਦਾ ਕਰਦੇ, ਜਿਸ ਨਾਲ ਪੰਜਾਬ ਦਾ ਹਰ ਬਸ਼ਿੰਦਾ ਆਪਣੇ ਪਰਿਵਾਰਾਂ ਲਈ ਰੋਜ਼ੀ-ਰੋਟੀ ਦਾ ਪ੍ਰਬੰਧ ਕਰ ਸਕੇ। ਆਖਿਰ ਲੋੜਵੰਦਾਂ ਨੂੰ ਸਕੀਮਾਂ ਦੇ ਨਾਂਅ ਹੇਠ ਚੋਣਾਂ ਸਮੇਂ ਨਿਕਲਦਾ ਮੁਫ਼ਤਖੋਰੀ ਦਾ ਇਹ 'ਸਿਆਸੀ ਭੂਤ' ਨਸ਼ੇ, ਬੇਰੁਜ਼ਗਾਰੀ, ਸਿਹਤ ਸਹੂਲਤਾਂ ਦੀ ਘਾਟ ਨਾਲ ਜੂਝ ਰਹੇ ਪੰਜਾਬ ਨੂੰ ਕਿਸ ਪਾਸੇ ਵੱਲ ਲੈ ਕੇ ਜਾਵੇਗਾ, ਕਹਿਣ ਦੀ ਲੋੜ ਨਹੀਂ ਅਤੇ ਇਸ ਸਾਰੇ ਵਰਤਾਰੇ ਲਈ ਪੈਸਾ ਕਿੱਥੋਂ ਆਵੇਗਾ, ਇਹ ਵੀ ਕਿਸੇ ਸਿਆਸੀ ਧਿਰ ਜਾਂ ਸਰਕਾਰ ਦੇ ਏਜੰਡੇ 'ਤੇ ਨਹੀਂ। ਸਰਕਾਰ ਭਾਵੇਂ ਆਪਣੇ ਵਸੀਲਿਆਂ ਤੋਂ ਹੋਣ ਵਾਲੀ ਆਮਦਨੀ ਦੇ ਜ਼ਰੀਏ ਲੋੜਵੰਦਾਂ ਤੱਕ ਸਕੀਮਾਂ ਨੂੰ ਪਹੁੰਚਦਾ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਹੀ ਹੈ ਪਰ ਸਵਾਲ ਇਹ ਵੀ ਮੂੰਹ ਅੱਡੀ ਖੜਾ ਹੈ ਕਿ ਜੇਕਰ ਆਮਦਨ ਦੇ ਬਰਾਬਰ ਖਰਚਾ ਇਸੇ ਤਰਾਂ ਵਧਦਾ ਰਿਹਾ ਤਾਂ ਪੰਜਾਬ ਦੇ 'ਜੰਮੇ ਜਾਇਆਂ' ਨੂੰ ਮੰਦਹਾਲੀ ਦੇ ਡੂੰਘੇ ਸਮੁੰਦਰ ਅੰਦਰ ਗੋਤੇ ਖਾਣ ਤੋਂ ਕੋਈ ਰੋਕ ਨਹੀਂ ਸਕੇਗਾ। ਲੋਕਾਂ ਅੰਦਰ ਇਕ ਚਰਚਾ ਵੱਡੇ ਪੱਧਰ 'ਤੇ ਪਣਪ ਰਹੀ ਹੈ ਕਿ ਬਿਲਕੁਲ ਮੁਫ਼ਤ ਦੀ ਬਜਾਏ ਜੇਕਰ ਕਿਸੇ ਵੀ ਚੀਜ਼ ਦੇ ਰੇਟ ਘਟਾ ਦਿੱਤੇ ਜਾਣ ਤਾਂ ਹਾਲਾਤ ਸਾਜ਼ਗਾਰ ਰਹਿਣਗੇ। ਚੰਗਾ ਹੋਵੇ ਜੇਕਰ ਮੁਫ਼ਤਖੋਰੀ ਦੀ ਥਾਂ ਰੁਜ਼ਗਾਰ ਪੈਦਾ ਕਰਨ 'ਤੇ ਜ਼ੋਰ ਦੇਵੇ।

**ਮਨਜਿੰਦਰ ਸਿੰਘ**



# ਭਗਵੇਂ ਫਾਸ਼ੀਵਾਦ ਦਾ ਪਰਦਾਫਾਸ਼ ਕਰਨ ਵਾਲੀ ਰਾਣਾ ਅਯੂਬ ਦੀ ਕਿਤਾਬ ਗੁਜਰਾਤ ਫ਼ਾਇਲ

## ਇੱਕ ਨਿਧੜਕ ਤੇ ਦਲੇਰ ਪੱਤਰਕਾਰੀ ਦੀ ਮਿਸਾਲ ਹੈ ਇਹ ਪੁਸਤਕ

**ਕੁਲਦੀਪ ਬਠਿੰਡਾ**

ਅਜੋਕੇ ਭਾਰਤ ਵਿੱਚ ਜਦ ਅਖੌਤੀ ਪੱਤਰਕਾਰੀ ਦਾ ਵੱਡਾ ਹਿੱਸਾ ਸੱਤਾ ਦੇ ਗਲਿਆਰਿਆਂ ਵਿੱਚ ਖੇਡ ਰਿਹਾ ਹੋਵੇ, ਜਦ ਸਰਕਾਰ ਭਗਤੀ ਹੀ 'ਸਿਰਮੌਰ ਪੱਤਰਕਾਰੀ' ਦਾ ਇੱਕੋ-ਇੱਕ ਪੈਮਾਨਾ ਬਣ ਗਿਆ ਹੋਵੇ ਅਤੇ ਇਸਦੇ ਦੂਜੇ ਪਾਸੇ ਸਰਕਾਰ ਦੀਆਂ ਲੋਕ-ਵਿਰੋਧੀ ਨੀਤੀਆਂ ਤੇ ਕਾਰਿਆਂ ਦੀ ਅਲੋਚਨਾ ਕਰਨ ਵਾਲ਼ੇ ਪੱਤਰਕਾਰਾਂ ਨੂੰ ਦੇਸ਼ਧ੍ਰੋਹੀ ਹੋਣ ਦੇ ਸਰਟੀਫਿਕੇਟ ਵੰਡੇ ਜਾ ਰਹੇ ਹੋਣ। ਜਦ ਸਰਕਾਰ ਪੱਖੀ ਜਾਂ ਵਿਰੋਧੀ ਹੋਣਾ ਦੇਸ਼-ਭਗਤੀ ਦਾ ਸਰਵਉੱਚ ਪੈਮਾਨਾ ਬਣ ਗਿਆ ਹੋਵੇ। ਜਦ ਹਰ ਪਾਸੇ ਜ਼ਬਰ, ਜ਼ੁਲਮ, ਅਨਿਆਂ ਦਾ ਬੋਲਬਾਲਾ ਹੋਵੇ; ਗ਼ਰੀਬਾਂ, ਮਜ਼ਦੂਰਾਂ, ਕਿਰਤੀਆਂ ਸਮੇਤ ਦਲਿਤਾਂ, ਧਾਰਮਿਕ ਤੇ ਕੌਮੀ ਘੱਟ-ਗਿਣਤੀਆਂ 'ਤੇ ਜ਼ਬਰ ਦਾ ਕੁਹਾੜਾ ਵਾਹਿਆ ਜਾ ਰਿਹਾ ਹੋਵੇ; ਲੋਕਾਂ ਦੇ ਹੱਕਾਂ ਨੂੰ ਕੁਚਲਿਆ ਜਾ ਰਿਹਾ ਹੋਵੇ, ਲੋਕਾਂ ਦੇ ਹੱਕਾਂ ਦੀ ਗੱਲ ਕਰਨ ਵਾਲ਼ੇ ਬੁੱਧੀਜੀਵੀਆਂ-ਜਮਹੂਰੀ ਕਾਰਕੁੰਨਾਂ ਨੂੰ ਜੇਲਾਂ ਵਿੱਚ ਸੁੱਟਿਆ ਜਾ ਰਿਹਾ ਹੋਵੇ ਅਤੇ ਸਮਾਜ ਦੇ ਅਖੌਤੀ ਚੌਥੇ ਥੰਮ 'ਮੀਡੀਆ' ਵਿੱਚੋਂ ਅਜਿਹਾ ਬਿਰਤਾਂਤ ਪੂਰੀ ਤਰਾਂ ਨਾ ਸਿਰਫ ਗ਼ੈਰ-ਹਾਜ਼ਰ ਹੋਵੇ ਸਗੋਂ ਇਸ ਤੋਂ ਉਲਟ ਸਰਕਾਰ ਦੀ ਵੱਧ ਤੋਂ ਵੱਧ ਚਾਪਲੂਸੀ ਕਰਨ ਲਈ ਮੁਕਾਬਲਾ ਚੱਲ ਰਿਹਾ ਹੋਵੇ ਤਾਂ ਅਜਿਹੇ ਹਨੇਰੇ ਸਮਿਆਂ ਵਿੱਚ ਪੱਤਰਕਾਰੀ ਦੇ ਖੇਤਰ ਵਿੱਚ ਸੱਚ ਅਤੇ ਨਿਆਂ ਦਾ ਝੰਡਾ ਬੁਲੰਦ ਕਰਨਾ ਬੰਦ ਹਨੇਰੀ ਗਲ਼ੀ ਵਿੱਚੋਂ ਆ ਰਹੀਆਂ ਚਾਨਣ ਦੀਆਂ ਰਿਸ਼ਮਾਂ ਵਾਂਗ ਲੱਗਦਾ ਹੈ। ਅਜਿਹੀ ਹੀ ਮਿਸਾਲ ਸਾਨੂੰ ਪੱਤਰਕਾਰ ਰਾਣਾ ਅਯੂਬ ਦੀ ਸਖ਼ਤ ਮਿਹਨਤ ਕਰਕੇ ਲਿਖੀ ਕਿਤਾਬ 'ਗੁਜਰਾਤ ਫਾਇਲਾਂ' ਪੜਨ ਵਿੱਚ ਦਿਸਦੀ ਹੈ। 2002 'ਚ ਗੁਜਰਾਤ ਵਿੱਚ ਮੁਸਲਮਾਨਾਂ ਦੇ ਕਤਲੇਆਮ ਅਤੇ ਉਸ ਤੋਂ ਬਾਅਦ ਗੁਜਰਾਤ ਵਿੱਚ ਹੋਏ ਝੂਠੇ ਪੁਲਿਸ ਮੁਕਾਬਲਿਆਂ ਤੇ ਸਿਆਸੀ ਕਤਲਾਂ ਦੇ ਅਸਲ ਕਾਰਨਾਂ 'ਤੇ ਤੱਥਾਂ ਨੂੰ ਲੋਕਾਂ ਸਾਹਮਣੇ ਲਿਆਉਣ ਦੇ ਉਦੇਸ਼ ਤਹਿਤ 8 ਮਹੀਨੇ ਕੀਤੇ ਸਟਿੰਗ ਅਪ੍ਰੇਸ਼ਨ ਦਾ ਨਤੀਜਾ ਇਹ ਕਿਤਾਬ ਹੈ। ਇਹ ਕਿਤਾਬ 2002-2007 ਸਮੇਂ ਦੀ ਗੁਜਰਾਤ ਸਿਆਸਤ ਦੇ ਉਹਨਾਂ ਪੱਖਾਂ ਜਾਂ ਸੱਚਾਈਆਂ ਨੂੰ ਸਾਹਮਣੇ ਲਿਆਉਂਦੀ ਹੈ ਜਿਨਾਂ ਨੂੰ ਸਮੇਂ ਦੀ ਹਕੂਮਤ ਤੇ ਉਹਦੀ ਮਸ਼ਨੀਰੀ ਵੱਲ਼ੋਂ ਖੁਰਦ-ਬੁਰਦ ਕਰਨ ਜਾਂ ਦਬਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ।

ਰਾਣਾ ਅਯੂਬ ਨੇ 2002 ਦੇ ਗੁਜਰਾਤ ਕਤਲੇਆਮ, ਝੂਠੇ ਪੁਲਿਸ ਮੁਕਾਬਲਿਆਂ ਤੇ ਸਿਆਸੀ ਕਤਲਾਂ ਬਾਬਤ ਤੱਥਾਂ ਨੂੰ ਦਬਾਉਣ ਦੀ ਸਾਜਿਸ਼ ਨੂੰ ਬੇਨਕਾਬ ਕਰਨ ਤੇ ਸੱਚਾਈ ਸਾਹਮਣੇ ਲਿਆਉਣ ਦੇ ਮਕਸਦ ਤਹਿਤ 2010-2011 ਵਿੱਚ ਇਹ ਸਟਿੰਗ ਕੀਤਾ। ਇਨਾਂ ਕਾਰਿਆਂ ਵਿੱਚ ਉਸ ਸਮੇਂ ਦੀ ਗੁਜਰਾਤ ਦੀ ਮੋਦੀ ਸਰਕਾਰ ਦਾ ਹੱਥ ਹੋਣਾ ਸੀ, ਜਿਸ ਬਾਰੇ ਹੁਣ ਕਾਫੀ ਗੱਲਾਂ ਸਾਫ਼ ਹੋ ਚੁੱਕੀਆਂ ਹਨ। ਪਰ ਵੇਲ਼ੇ ਦੀ ਮੋਦੀ ਸਰਕਾਰ ਨੇ ਮੌਕੇ ਦੇ ਅਫਸਰਾਂ ਨੂੰ ਦਬਾਉਣ, ਲਾਲਚ ਦੇਣ ਜਾਂ ਉਨਾਂ ਦੀ ਇਨਾਂ ਕਾਰਿਆਂ 'ਚ ਭਾਈਵਾਲੀ ਕਰਕੇ ਇਹ ਤੱਥ ਦਬਾਅ ਦਿੱਤੇ ਅਤੇ 2014 ਵਿੱਚ ਕੇਂਦਰ ਦੀ ਸੱਤਾ ਵਿੱਚ ਆਉਣ ਤੋਂ ਬਾਅਦ ਤਾਂ ਇੱਕ-ਇੱਕ ਕਰਕੇ ਸਾਰੇ ਦੋਸ਼ੀ ਬਰੀ ਵੀ ਕਰਵਾ ਲਏ। ਇਸਦੇ ਤਹਿਤ ਅਮਿਤ ਸ਼ਾਹ ਸਮੇਤ ਬਾਬੂ ਬਜਰੰਗੀ ਵਰਗੇ ਸੰਘ ਦੇ ਗੁੰਡਿਆਂ ਨੂੰ, ਜਿਨਾਂ ਨੇ ਸਟਿੰਗ ਅਪ੍ਰੇਸ਼ਨਾਂ ਵਿੱਚ ਮੁਸਲਿਮ ਗਰਭਵਤੀ ਔਰਤਾਂ ਦੇ ਢਿੱਡ ਚੀਰ ਕੇ ਉਨਾਂ ਦੇ ਬੱਚੇ ਤਲਵਾਰਾਂ 'ਤੇ ਚੜਾਉਣ ਬਾਬਤ ਸਟਿੰਗ ਅਪ੍ਰੇਸ਼ਨਾਂ ਵਿੱਚ ਬਿਆਨ ਦਿੱਤੇ ਸਨ, ਰਿਹਾਅ ਕਰਵਾ ਲਿਆ ਗਿਆ। ਇਸ ਤੋਂ ਬਾਅਦ ਨਾ ਸਿਰਫ ਇਨਾਂ ਕਾਰਿਆਂ ਵਿੱਚ ਸ਼ਾਮਲ ਨੌਕਰਸ਼ਾਹ ਰਿਹਾਅ ਹੋਏ ਸਗੋਂ ਉਨਾਂ ਨੂੰ ਤਰੱਕੀਆਂ ਦੇ ਕੇ ਉੱਚੇ ਅਹੁਦਿਆਂ ਨਾਲ਼ ਨਿਵਾਜਿਆ ਗਿਆ।

ਹਥਲੀ ਕਿਤਾਬ ਅਜਿਹੇ ਹੀ ਸਟਿੰਗ ਅਪ੍ਰੇਸ਼ਨਾਂ ਦੀ ਜਾਣਕਾਰੀ ਹੈ ਜੋ ਰਾਣਾ ਅਯੂਬ ਨੇ ਆਪਣੀ ਪਛਾਣ ਬਦਲ ਕੇ ਓਸ ਸਮੇਂ ਦੀ ਮੋਦੀ ਸਰਕਾਰ ਵਿੱਚ ਰਹੇ ਆਹਲਾ ਅਫਸਰਾਂ, ਸਿਆਸਤਦਾਨਾਂ ਤੇ ਨੌਕਰਸ਼ਾਹਾਂ ਆਦਿ ਦੇ ਕੀਤੇ। ਜਿਨਾਂ ਨੇ ਸਮੇਂ-ਸਮੇਂ 'ਤੇ ਬਣੀਆਂ ਤੱਥ-ਖੋਜ ਕਮੇਟੀਆਂ ਅਤੇ ਕਮਿਸ਼ਨਾਂ ਅੱਗੇ ਚੁੱਪੀ ਸਾਧ ਲਈ ਸੀ। ਪਰ ਰਾਣਾ ਅਯੂਬ ਅਜਿਹੇ ਖੁੰਢ ਨੌਕਰਸ਼ਾਹਾਂ ਤੇ ਸਿਆਸਤਦਾਨਾਂ ਤੋਂ ਸੱਚ ਕਹਾਉਣ ਵਿੱਚ ਕਾਮਯਾਬ ਰਹੀ। ਉਹ ਲਿਖਦੀ ਹੈ, 'ਮੇਰੇ ਕਿੱਤੇ ਦੇ ਸਾਥੀ ਅਸ਼ੀਸ਼ ਖੇਤਾਨ ਨੇ ਜੋ ਕੱਚਾ ਚਿੱਠਾ ਨੰਗਾ ਕੀਤਾ ਸੀ ਉਹਨਾਂ ਵਿੱਚ ਕੰਬਣੀ ਛੇੜਣ ਵਾਲ਼ੇ ਖੁਲਾਸੇ ਕੀਤੇ ਗਏ ਸਨ, ਜਿਸ ਵਿੱਚ ਬਾਬੂ ਬਜਰੰਗੀ ਵਰਗਿਆਂ ਤੇ ਹੋਰ ਸਥਾਨਕ ਭਾਜਪਾ ਆਗੂਆਂ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂਆਂ ਨੇ ਜਦੋਂ 2002 ਕਤਲੋਗ਼ਾਰਤ ਦੇ ਬੇਰਹਿਮ ਵੇਰਵੇ ਹੁੱਬ-ਹੁੱਬ ਕੇ ਦੱਸੇ ਤਾਂ ਉਸਨੇ ਸਟਿੰਗ ਕਰ ਲਏ ਸਨ। ਮੇਰਾ ਵਾਹ ਐਸੇ ਫਸਾਦੀਆਂ ਨਾਲ਼ ਨਹੀਂ ਸੀ ਜਿਨਾਂ ਦੀ ਹਊਮੇ ਨੂੰ ਥੋੜੇ ਜਿਹੇ ਪੱਠੇ ਪਾਉਣ 'ਤੇ ਹੀ ਉਹ ਆਪਣੀ ਬਹਾਦਰੀ ਦੇ ਕਿੱਸੇ ਸੁਣਾ ਦਿੰਦੇ ਹਨ। ਮੇਰਾ ਵਾਹ ਹੰਢੇ-ਵਰਤੇ ਸੀਨੀਅਰ ਆਈ.ਪੀ.ਐੱਸ. ਅਫਸਰਾਂ ਨਾਲ਼ ਪੈ ਰਿਹਾ ਸੀ ਜਿਨਾਂ ਵਿੱਚੋਂ ਬਹੁਤ ਸਾਰਿਆਂ ਨੇ ਰਾਅ ਤੇ ਆਈ.ਬੀ. ਵਿੱਚ ਕਾਮਯਾਬੀ ਨਾਲ਼ ਕੰਮ ਕੀਤਾ ਹੋਇਆ ਸੀ।'



ਰਾਣਾ ਅਯੂਬ ਨੇ ਇਸ ਕੰਮ ਲਈ ਆਪਣੀ ਅਸਲ ਪਛਾਣ ਛੁਪਾ ਲੈਣਾ ਜ਼ਰੂਰੀ ਸਮਝਿਆ ਅਤੇ ਉਸਨੇ ਆਪਣਾ ਨਾਂ ਬਦਲਕੇ ਮੈਥਿਲੀ ਤਿਆਗੀ ਰੱਖ ਲਿਆ ਅਤੇ ਖੁਦ ਨੂੰ ਅਮੈਰਿਕਨ ਫਿਲਮ ਇੰਸਟੀਚਿਊਟ ਕਾਨਜ਼ਰਵੇਟਰੀ ਦੀ ਇੱਕ ਅਜ਼ਾਦ ਫਿਲਮਕਾਰ ਦੇ ਤੌਰ 'ਤੇ ਪੇਸ਼ ਕੀਤਾ। ਇਸ ਫਰਜ਼ੀ ਭੇਸ ਤਹਿਤ ਉਹ 2010 'ਚ ਗੁਜਰਾਤ ਗਈ ਅਤੇ 2002 ਦੇ ਕਤਲੇਆਮ, ਸਿਆਸੀ ਕਤਲਾਂ ਤੇ ਝੂਠੇ ਪੁਲਿਸ ਮੁਕਾਬਲਿਆਂ ਦੀ ਰਿਪੋਰਟਿੰਗ ਕਰਨੀ ਸ਼ੁਰੂ ਕੀਤੀ ਜੋ 2002-2007 ਦੌਰਾਨ ਗੁਜਰਾਤ ਵਿੱਚ ਮੋਦੀ ਦੀ ਹਕੂਮਤ ਦੌਰਾਨ ਹੋਏ ਸਨ। ਇਹਨਾਂ ਵਾਰਦਾਤਾਂ ਪਿੱਛੇ ਭਾਜਪਾ, ਵਿਸ਼ਵ ਹਿੰਦੂ ਪ੍ਰੀਸ਼ਦ ਦੀ ਸ਼ਾਜਿਸ਼ ਬਾਰੇ ਕਿਸੇ ਨੂੰ ਸ਼ੱਕ ਨਹੀਂ ਸੀ ਪਰ ਮੋਦੀ ਹਕੂਮਤ ਨੇ ਇਨਾਂ ਸਬੰਧੀ ਤੱਥ ਖੁਰਦ-ਬੁਰਦ ਕਰਨ ਅਤੇ ਗਵਾਹਾਂ ਨੂੰ ਪਲਟਾਉਣ ਕਰਕੇ ਤੱਥਾਂ ਦੀ ਘਾਟ ਸੀ ਜਾਂ ਕਚਹਿਰੀਆਂ ਵਿੱਚ ਇਨਾਂ ਦੀ ਸਟੀਕਤਾ ਸ਼ੱਕੀ ਸਿੱਧ ਕਰਕੇ ਅਮਿਤ ਸ਼ਾਹ ਸਮੇਤ ਇਨਾਂ ਦੇ ਸਾਰੇ ਨੌਕਰਸ਼ਾਹ ਤੇ ਸਿਆਸਤਦਾਨ ਮਾਮੂਲੀ ਸਜ਼ਾਵਾਂ ਭੁਗਤ ਕੇ ਜਾਂ ਬੇਦੋਸ਼ ਹੋ ਕੇ ਬਰੀ ਹੋ ਗਏ।

2002 ਵਿਚ ਗੁਜਰਾਤ ਵਿੱਚ ਮੁਸਲਮਾਨਾਂ ਦਾ ਕਤਲੇਆਮ, ਸੋਹਰਾਬੂਦੀਨ-ਪ੍ਰੋਹਿਤ ਝੂਠਾ ਮੁਕਾਬਲਾ, ਇਸ਼ਰਤ ਜਹਾਂ ਫਰਜ਼ੀ ਮੁਕਾਬਲਾ, ਅਤੇ ਹਰੇਨ ਪਾਂਡਿਆ ਕਤਲ ਕੇਸ ਆਦਿ ਬਾਬਤ ਜਾਣਕਾਰੀਆਂ ਇਸ ਕਿਤਾਬ ਦੀ ਵਿਸ਼ਾ ਸਮੱਗਰੀ ਹਨ। ਇਨਾਂ ਕਾਂਡਾਂ ਸਬੰਧੀ ਰਾਣਾ ਅਯੂਬ ਨੇ ਦਹਿਸ਼ਤਗਰਦੀ ਵਿਰੋਧੀ ਜਥੇਬੰਦੀ ਦੇ ਮੁਖੀ ਜੀ.ਐੱਲ. ਸਿੰਘਲ, 2002 'ਚ ਆਈ.ਜੀ. ਰਾਜਕੋਟ ਰਾਜਨ ਪ੍ਰਿਯਾਦਰਸ਼ੀ, ਗੁਜਰਾਤ ਪੁਲਿਸ ਦੀ ਅਧਿਕਾਰੀ ਊਸ਼ਾ ਰਾਡਾ, ਗ੍ਰਹਿ ਸਕੱਤਰ ਅਸ਼ੋਕ ਨਰਾਇਣ, ਗੁਜਰਾਤ ਇੰਟੈਲੀਜੈਂਸ ਦਾ ਮੁਖੀ ਜੀ.ਸੀ. ਰੈਗਰ, ਅਹਿਮਦਾਬਾਦ ਦਾ ਸਾਬਕਾ ਪੁਲਿਸ ਕਮਿਸ਼ਨਰ ਪੀ.ਸੀ. ਪਾਂਡੇ, ਪੁਲਿਸ ਦਾ ਡਾਇਰੈਕਟਰ ਜਨਰਲ ਚਕਰਵਰਤੀ, ਅਹਿਮਦਾਬਾਦ ਤੋਂ ਐਮ.ਐੱਲ.ਏ ਰਹਿ ਚੁੱਕੀ ਮਾਇਆ ਕੋਡਨਾਨੀ, ਗੁਜਰਾਤ ਦੀ ਪਹਿਲੀ ਔਰਤ ਆਈ.ਪੀ.ਐੱਸ. ਗੀਤਾ ਜੌਹਰੀ ਆਦਿ ਨਾਲ਼ ਮਿਲਣੀ ਦੌਰਾਨ ਕੀਤੇ ਉਨਾਂ ਦੇ ਸਟਿੰਗ ਦੇ ਖੁਲਾਸੇ ਸਾਹਮਣੇ ਰੱਖੇ ਹਨ।

ਇਨਾਂ ਮਿਲਣੀਆਂ ਵਿਚੋਂ ਬਹੁਤ ਸਾਰੇ ਤੱਥ ਬਾਹਰ ਆਉਂਦੇ ਹਨ। ਉਂਝ ਤਾਂ 167 ਕੁ ਸਫਿਆਂ ਦੀ ਇਹ ਪੂਰੀ ਕਿਤਾਬ ਹੀ ਬਹੁਤ ਜਾਣਕਾਰੀ ਭਰਪੂਰ ਹੈ। ਇਸਦਾ ਪੰਜਾਬੀ ਵਿੱਚ ਬਹੁਤ ਹੀ ਵਧੀਆ ਤੇ ਮਿਆਰੀ ਅਨੁਵਾਦ ਸਾਥੀ ਬੂਟਾ ਸਿੰਘ ਨੇ ਕੀਤਾ ਹੈ। ਆਉ ਕੁਝ ਤੱਥ 'ਤੇ ਉਦਾਹਰਨਾਂ ਦੇਖਦੇ ਹਾਂ।

2004 ਵਿਚ ਗੁਜਰਾਤ ਪੁਲਿਸ ਨੇ ਚਾਰ ਵਿਅਕਤੀਆਂ ਦਾ ਇਹ ਕਹਿ ਕੇ ਝੂਠਾ ਮੁਕਾਬਲਾ ਬਣਾ ਦਿੱਤਾ ਸੀ ਕਿ ਇਹ ਲਸ਼ਕਰ-ਏ-ਤਾਇਬਾ ਦੇ ਬੰਦੇ ਸਨ ਜੋ ਮੁੱਖ-ਮੰਤਰੀ ਨਰਿੰਦਰ ਮੋਦੀ ਨੂੰ ਮਾਰਨਾ ਚਾਹੁੰਦੇ ਸਨ। ਇਹਨਾਂ ਚਾਰ ਵਿਅਕਤੀਆਂ ਵਿੱਚੋਂ ਇੱਕ 19 ਸਾਲਾ ਕੁੜੀ ਇਸ਼ਰਤ ਜਹਾਂ ਸ਼ਾਮਲ ਸੀ। ਭਾਵੇਂ 2008 ਵਿੱਚ ਗੁਜਰਾਤ ਹਾਈ ਕੋਰਟ ਨੇ ਫੈਸਲਾ ਦਿੱਤ ਸੀ ਕਿ 'ਇਸ਼ਰਤ ਜਹਾਂ ਦਾ ਮੁਕਾਬਲਾ ਫਰਜ਼ੀ ਸੀ'। ਇਸਦੀ ਪੁਸ਼ਟੀ ਰਾਣਾ ਅਯੂਬ ਦੀ ਜੀ.ਐੱਲ ਸਿੰਘਲ ਨਾਲ਼ ਮਿਲ਼ਣੀ ਤੋਂ ਵੀ ਹੁੰਦੀ ਹੈ ਜੋ ਇਸ ਫਰਜ਼ੀ ਮੁਕਾਬਲੇ ਵਿੱਚ ਸ਼ਾਮਲ ਸੀ। ਭਾਵੇਂ ਉਹ ਇਸਨੂੰ 'ਜੋ ਅਸੀਂ ਕੀਤਾ ਸਿਸਟਮ ਲਈ ਕੀਤਾ' ਕਹਿ ਕੇ ਆਪਣੇ ਵੱਲੋਂ ਪੱਲਾ ਝਾੜ ਲੈਂਦਾ ਹੈ ਅਤੇ 'ਸੱਤਾ ਵੱਲ਼ੋਂ ਉਸਨੂੰ ਵਰਤ ਕੇ ਸੁੱਟੇ ਜਾਣ ਦੀ ਨੀਤੀ' ਦੀ ਗੱਲ ਕਰਦਾ ਹੈ। ਪਰ ਨਾਲ਼ ਹੀ ਉਹ ਦਸ ਹੋਰ ਫਰਜੀ ਮੁਕਾਬਲੇ ਆਪਣੇ ਵੱਲੋਂ ਕੀਤੇ ਹੋਣ ਦੀ ਗੱਲ ਕਰਦਾ ਹੈ। ਇਸ ਗੱਲਬਾਤ ਤੋਂ ਬਾਅਦ ਭਾਵੇਂ ਰਾਣਾ ਅਯੂਬ ਵੀ ਕੁਝ ਸਮੇਂ ਲਈ 'ਇਨਾਂ ਆਹਲਾ ਅਫਸਰਾਂ ਨੂੰ ਘਿਣਾਉਣੇ ਤਰੀਕੇ ਨਾਲ਼ ਇਸਤੇਮਾਲ ਕਰਕੇ ਸੁੱਟ ਦੇਣ' ਦਾ ਨੋਟਿਸ ਲਏ ਬਿਨਾਂ ਨਾ ਰਹਿ ਸਕੀ। ਪਰ ਅਸਲ ਵਿੱਚ ਇਹ ਚੋਰਾਂ-ਠੱਗਾਂ ਦਾ ਪੁਲਿਸ-ਸਿਆਸੀ ਗਿਰੋਹ ਹੁੰਦਾ ਹੈ ਜੋ ਪਹਿਲਾਂ ਹਿੱਸੇਪੱਤੀਆਂ ਜਾਂ ਆਪਣੀਆਂ ਗਿਣਤੀਆਂ ਮਿਣਤੀਆਂ ਵਿੱਚੋਂ ਹਰ ਪੁੱਠੇ ਸਿੱਧੇ ਕੰਮ ਵਿੱਚ ਹਿੱਸੇਦਾਰ ਹੁੰਦਾ ਹੈ ਪਰ ਜਦ ਫਸ ਜਾਣ ਤਾਂ ਗੱਲ ਮਾੜੇ 'ਤੇ ਆਉਣੀ ਹੁੰਦੀ ਹੈ। ਇਹੀ ਕੁੱਝ 2008 ਤੋਂ ਬਾਅਦ ਗੁਜਰਾਤ ਵਿੱਚ ਹੋਇਆ। ਹਰੇਨ ਪਾਂਡਿਆ ਕਤਲ, ਇਸ਼ਰਤ ਜਹਾਂ ਮੁਕਾਬਲੇ ਦੇ ਦੋਸ਼ਾਂ ਤਹਿਤ ਅਮਿਤ ਸ਼ਾਹ ਸਮੇਤ ਕਈ ਆਹਲਾ ਅਫਸਰਾਂ ਨੂੰ ਜੇਲ ਹੋਈ। ਜਿਸ ਵਿੱਚ ਅਮਿਤ ਸ਼ਾਹ ਆਪ ਭਾਵੇਂ ਪਹਿਲਾਂ ਬਾਹਰ ਆ ਗਿਆ ਤੇ ਕੁਝ ਅਫ਼ਸਰਾਂ ਨੇ ਜੇਲ ਕੱਟੀ ਪਰ 2014 ਵਿਚ ਕੇਂਦਰ ਵਿੱਚ ਬੀਜੇਪੀ ਦੀ ਸਰਕਾਰ ਬਣਦੇ ਹੀ ਇਨਾਂ ਨੌਕਰਸ਼ਾਹਾਂ ਸਮੇਤ ਬਾਬੂ ਬਜਰੰਗੀ ਵਰਗੇ ਵੀ ਰਿਹਾਅ ਹੋ ਗਏ।




ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਕਿਵੇਂ ਸਿਆਸਤਦਾਨ ਆਪਣਾ ਲੁੱਟ ਤੰਤਰ ਚਲਾਉਣ ਲਈ ਆਪਣੀ ਜੀ ਹਜ਼ੂਰੀ ਕਰਨ ਵਾਲ਼ੇ ਅਫਸਰਾਂ ਨੂੰ ਨੇੜੇ ਰੱਖਦੇ ਹਨ ਅਤੇ ਜੋ ਇਸ 'ਚ ਹਿੱਸੇਦਾਰ ਨਹੀਂ ਬਣਦੇ ਉਨਾਂ ਦੀਆਂ ਪ੍ਰਮੋਸ਼ਨਾਂ ਰੋਕਣਾ, ਉਨਾਂ ਨੂੰ ਇਨਾਂ ਦੇ ਹਿਸਾਬ ਦੇ 'ਚੰਗੇ ਵਿਭਾਗ' ਨਾ ਦੇਣਾ ਆਦਿ ਵਾਪਰਦਾ ਹੈ। ਜਿਵੇਂ ਕਿਤਾਬ ਵਿੱਚ ਰਾਜਨ ਪ੍ਰਿਯਦਰਸ਼ੀ ਨਾਲ਼ ਗੱਲਬਾਤ ਤੋਂ ਪਤਾ ਲੱਗਦਾ ਹੈ। ਯਾਨੀ ਸਾਰੀ ਨੌਕਰਸ਼ਾਹੀ ਹੀ ਉਸ ਸਮੇਂ ਸਿਆਸਤ ਦੇ ਹੱਥਾਂ ਵਿਚ ਨਹੀਂ ਖੇਡ ਰਹੀ ਸੀ ਸਗੋਂ ਰਾਜਨ ਵਰਗੇ ਕੁੱਝ ਅਫਸਰ ਸਨ ਜੋ ਇਨਾਂ ਕਾਲ਼ੇ ਕਾਰਨਾਮਿਆਂ ਵਿੱਚ ਸਰਕਾਰ ਦੇ ਸੰਗੀ ਨਹੀਂ ਬਣਨਾ ਚਾਹੁੰਦੇ ਸਨ। ਪਰ ਜਾਂਚ ਕਮਿਸ਼ਨਾਂ ਅੱਗੇ ਇਨਾਂ ਦਾ ਚੁੱਪੀ ਸਾਧਣਾ, ਇਨਾਂ ਦੀ ਅਸਿੱਧੀ ਹਿੱਸੇਦਾਰੀ ਨੂੰ ਸਿੱਧ ਕਰਦਾ ਹੈ। ਭਾਵੇਂ ਕੁੱਝ ਅਫਸਰਾਂ ਨੇ ਗੁਜਰਾਤ ਵਿੱਚ ਮੁਸਲਮਾਨਾਂ ਦੇ ਕਤਲੇਆਮ ਦੌਰਾਨ ਕਈ ਜਾਨਾਂ ਵੀ ਬਚਾਈਆਂ ਸਨ।

ਇਸ਼ਰਤ ਜਹਾਂ ਮਾਮਲੇ ਵਿੱਚ ਇਨਾਂ ਗੱਲਾਂਬਾਤਾਂ ਤੋਂ ਪਤਾ ਲੱਗਦਾ ਹੈ ਕਿ ਉਸਦੇ ਫਰਜ਼ੀ ਮੁਕਾਬਲੇ ਤੋਂ ਪਹਿਲਾਂ ਉਨਾਂ ਨੂੰ ਹਿਰਾਸਤ ਵਿੱਚ ਰੱਖਿਆ ਗਿਆ ਸੀ ਤੇ ਉਨਾਂ ਦਾ ਕਤਲ ਕੀਤਾ ਗਿਆ ਸੀ, ਕੋਈ ਮੁਕਾਬਲਾ ਨਹੀਂ ਹੋਇਆ ਸੀ। ਰਾਜਨ ਪ੍ਰਿਯਦਰਸ਼ੀ ਨੇ ਰਾਣਾ ਨੂੰ ਦੱਸਿਆ ਕਿ 'ਉਹ ਕੋਈ ਦਹਿਸ਼ਤਗਰਦ ਨਹੀਂ ਸਨ'। ਕਿਤਾਬ ਦੇ ਪੰਨਾ ਨੰਬਰ 73 'ਤੇ ਰਾਣਾ ਲਿਖਦੀ ਹੈ, 'ਗੁਜਰਾਤ ਕਾਡਰ ਦੇ 1988 ਬੈਚ ਦੇ ਆਈ.ਪੀ.ਐੱਸ. ਅਫਸਰ ਦੇ ਬਿਆਨ ਅਨੁਸਾਰ, ਸੰਜੀਵ ਭੱਟ ਉਦੋਂ ਉਸ ਮੀਟਿੰਗ ਵਿੱਚ ਸ਼ਾਮਲ ਸੀ ਜੋ ਗੁਜਰਾਤ ਦੇ ਮੁੱਖ ਮੰਤਰੀ ਮੋਦੀ ਨੇ ਸੱਦੀ ਸੀ। ਸ਼੍ਰੀਮਾਨ ਮੋਦੀ ਨੇ ਆਹਲਾ ਪੁਲਿਸ ਅਧਿਕਾਰੀਆਂ ਨੂੰ ਕਿਹਾ ਸੀ ਕਿ 'ਹਿੰਦੂਆਂ ਨੂੰ ਘੱਟਗਿਣਤੀ ਭਾਈਚਾਰੇ ਖਿਲਾਫ ਆਪਣਾ ਗੁੱਸਾ ਕੱਢ ਲੈਣ ਦਿਓ।' ਅਜਿਹੀ ਪਲਾਨਿੰਗ ਤੋਂ 2002 ਦੇ ਮੁਸਲਮਾਨਾਂ ਦੇ ਕਤਲੇਆਮਾਂ ਦੀ ਸੱਚਾਈ ਦਾ ਪਤਾ ਲੱਗਦਾ ਹੈ ਕਿ ਕਿਵੇਂ ਇਨਾਂ ਬਰਬਰ ਕਤਲੇਆਮ ਵਿੱਚ ਮੋਦੀ ਸਰਕਾਰ ਸਿੱਧੀ ਸ਼ਾਮਲ ਸੀ।

ਅਸ਼ੋਕ ਨਰਾਇਣ ਨਾਲ਼ ਹੋਈ ਗੱਲ ਤੋਂ ਪਤਾ ਲੱਗਦਾ ਹੈ ਕਿ ਜਿਨਾਂ ਕੁਝ ਸਰਕਾਰੀ ਅਧਿਕਾਰੀਆਂ ਨੇ ਸਰਕਾਰ ਦਾ ਸਾਥ ਦੇਣ ਦੀ ਚੋਣ ਕੀਤੀ ਉਨਾਂ ਨੂੰ ਸਨਮਾਨਿਆ ਗਿਆ। ਕੁਝ ਅਧਿਕਾਰੀਆਂ ਨੇ ਕਤਲੇਆਮ ਮਸਲੇ 'ਤੇ ਸਰਕਾਰ ਦਾ ਸਾਥ ਨਹੀਂ ਦਿੱਤਾ। ਇਨਾਂ ਅਫਸਰਾਂ ਪ੍ਰਤੀ ਮੋਦੀ ਸਰਕਾਰ ਦਾ ਬਦਲੇਖੋਰ ਰਵੱਈਆ ਅਤੇ ਉਨਾਂ ਦੇ ਤਬਾਦਲੇ, ਸਾਰਿਆਂ ਨੂੰ ਸਪੱਸ਼ਟ ਨਜ਼ਰ ਆਉਂਦੇ ਹਨ। ਰਾਹੁਲ ਸ਼ਰਮਾ, ਰਜਨੀਸ਼ ਰਾਏ, ਸਤੀਸ਼ ਵਰਮਾ, ਕੁਲਦੀਪ ਸ਼ਰਮਾ ਆਦਿ ਅਫਸਰਾਂ ਦੇ ਘੱਟ-ਘੱਟ 20 ਸਾਲ ਪੁਰਾਣੇ ਨੁਕਸਦੇਹ ਮਾਮਲੇ ਕੱਢ ਲਏ ਅਤੇ ਉਨਾਂ ਖਿਲਾਫ ਇਸਤੇਮਾਲ ਕੀਤੇ ਗਏ। ਇਹ ਉਹ ਅਫਸਰ ਸਨ ਜਿਨਾਂ ਨੇ ਉਸ ਵਕਤ ਨਿਆਂ ਦਾ ਪੱਖ ਲੈਣ ਦੀ ਵਾਹ ਲਾਈ ਜਦੋਂ ਗੁਜਰਾਤ ਵਿੱਚ ਨਿਆਂ ਨਿਵਾਣਾਂ ਛੂਹ ਰਿਹਾ ਸੀ।

2002 ਦੇ ਕਤਲੇਆਮ ਦੇ ਹਵਾਲੇ ਨਾਲ਼ ਇਹ ਕਿਤਾਬ ਦਿਖਾਉਂਦੀ ਹੈ ਕਿ ਕਿਵੇਂ ਫਾਸ਼ੀਵਾਦੀ ਤੰਤਰ ਕੰਮ ਕਰਦਾ ਹੈ। ਕਿਵੇਂ ਉਸ ਕੁਝ ਸਮੇਂ ਲਈ ਗੁਜਰਾਤ ਦੇ ਸਿਸਟਮ ਨੂੰ ਰਸਸ-ਵਿਸ਼ਵ ਹਿੰਦੂ ਪ੍ਰੀਸ਼ਦ ਚਲਾ ਰਹੀਆਂ ਸਨ। ਜੁਬਾਨੀ-ਕਲਾਮੀ ਹੁਕਮ ਆਉਂਦੇ ਸਨ। ਜੋ ਨੌਕਰਸ਼ਾਹ ਇਨਾਂ ਦੰਗਾਈਆਂ ਦੀ ਹਾਂ ਵਿੱਚ ਹਾਂ ਮਿਲਾਉਂਦੇ ਸਨ ਉਨਾਂ ਨੂੰ ਨਾਲ਼ ਲਿਆ ਗਿਆ ਅਤੇ ਜੋ ਸਹਿਮਤ ਨਾ ਹੁੰਦੇ ਉਨਾਂ ਤੋਂ ਹੁਕਮ ਬਾਈਪਾਸ ਕਰ ਦਿੱਤੇ ਜਾਂਦੇ ਸਨ। ਕਿਵੇਂ ਰਾਜ-ਮਸ਼ੀਨਰੀ ਤੇ ਦੰਗਾਈਆਂ ਵਿਚਲਾ ਫਰਕ ਨਾਂ ਦੇ ਬਰਬਾਬਰ ਰਹਿ ਗਿਆ ਸੀ। ਕਿਵੇਂ ਜਾਂਚ ਟੀਮਾਂ ਜਾਂ ਕਮਿਸ਼ਨਾਂ ਵਿੱਚੋਂ ਇਨਾਂ ਦੰਗਾਈਆਂ ਦੇ ਦੰਭ ਨੂੰ ਨੰਗਾ ਕਰਦੇ ਸਗੋਂ ਇਨਾਂ ਵਿੱਚੋਂ ਬਹੁਤੇ ਅਜ਼ਾਦ ਘੁੰਮਦੇ ਰਹੇ ਅਤੇ ਜੋ ਥੋੜੇ ਬਹੁਤਿਆਂ ਨੂੰ ਸਜ਼ਾਵਾਂ ਵੀ ਹੋਈਆਂ ਉਨਾਂ ਨੂੰ 2014 ਵਿੱਚ ਕੇਂਦਰ 'ਚ ਬੀਜੇਪੀ ਦੀ ਸਰਕਾਰ ਬਣਨ ਤੋਂ ਬਾਅਦ ਨਾ ਸਿਰਫ ਬਰੀ ਕੀਤੇ ਗਏ ਸਗੋਂ ਉਨਾਂ ਦਾ ਨਾਇਕਾਂ ਵਾਂਗ ਸੁਆਗਤ ਕੀਤਾ ਗਿਆ। ਕਿਤਾਬ ਦੀ ਭੂਮਿਕਾ ਵਿੱਚ ਇਸ ਬਾਰੇ ਸਾਥੀ ਬੂਟਾ ਸਿੰਘ ਨੇ ਠੀਕ ਲਿਖਿਆ ਹੈ : 'ਇਸ ਦੌਰ ਦੀ ਇੱਕ ਘੋਰ ਦੁਖਾਂਤ ਹੈ ਕਿ ਜੋ ਮੁਜਰਿਮ ਜੇਲ ਵਿੱਚ ਹੋਣੇ ਚਾਹੀਦੇ ਸਨ ਉਹ ਸਗੋਂ ਇਸ ਵਕਤ ਤਰੱਕੀ ਪਾ ਕੇ ਰਾਜ ਦੇ ਉੱਚੇ ਅਹੁਦਿਆਂ 'ਤੇ ਬੈਠੇ ਹਨ, ਦੇਸ਼ ਭਗਤੀ ਦੇ ਸਭ ਤੋਂ ਵੱਡੇ ਠੇਕੇਦਾਰ ਬਣੇ ਹੋਏ ਹਨ ਅਤੇ ਮੁਲਕ ਦੀ ਹੋਣੀ ਤੈਅ ਕਰਨ ਦੇ ਫੈਸਲੇ ਲੈ ਰਹੇ ਹਨ। ਇਸਦਾ ਨਿਆਂ ਦੇ ਅਮਲ ਉੱਪਰ ਕਿਸ ਤਰਾਂ ਦਾ ਖਤਰਨਾਕ ਪ੍ਰਭਾਵ ਹੈ, ਉਹ ਅਦਾਲਤੀ ਪ੍ਰਬੰਧਾਂ ਵੱਲੋਂ ਕਾਤਲਾਂ/ਮੁਰਜਿਮਾਂ ਨੂੰ ਜ਼ਮਾਨਤਾਂ, ਰਿਹਾਈਆਂ ਅਤੇ ਬੇਗੁਨਾਹ ਹੋਣ ਦੇ ਧੜਾਧੜ ਜਾਰੀ ਕੀਤੇ ਸਰਟੀਫਿਕੇਟਾਂ ਦੇ ਹਾਲੀਆ ਸਿਲਸਿਲੇ ਤੋਂ ਸਾਫ ਦੇਖਿਆ ਜਾ ਸਕਦਾ ਹੈ। ਕਨੂੰਨੀ ਅਮਲ ਦੀਆਂ ਧੱਜੀਆਂ ਉਡਾਉਣ ਵਾਲ਼ੇ ਜਿਹੜੇ ਪੁਲਿਸ ਅਫਸਰਾਂ ਅਤੇ ਭਗਵਾਂ ਆਗੂਆਂ ਨੂੰ ਕਿਸੇ ਕਾਰਨ ਜੇਲ ਜਾਣਾ ਪੈ ਗਿਆ ਸੀ, 2014 'ਤੇ ਕੇਂਦਰ ਵਿੱਚ ਭਾਜਪਾ ਦੇ ਸੱਤਾਧਾਰੀ ਹੋਣ ਤੋਂ ਬਾਅਦ ਉਹ ਸਾਰੇ ਇੱਕ-ਇੱਕ ਕਰਕੇ ਬਰੀ ਹੋ ਗਏ ਅਤੇ ਨਾਇਕਾਂ ਵਾਂਗ ਸਨਮਾਨੇ ਜਾ ਰਹੇ ਹਨ। ਸੰਘ ਪਰਿਵਾਰ ਲਈ ਭਾਵੇਂ ਉਸ ਮੁੱਦੇ ਦਾ ਨਿਆਂਇਕ ਨਿਤਾਰਾ ਹੋ ਚੁੱਕਾ ਹੈ ਪਰ ਇਨਸਾਨੀਅਤ ਦੇ ਦਰਦਮੰਦਾਂ ਦੀ ਇਨਸਾਫ ਲਈ ਲੜਾਈ ਨਾ ਸਿਰਫ ਜਾਰੀ ਹੈ ਸਗੋਂ ਅੱਜ ਇਹ ਹੋਰ ਵੀ ਅਹਿਮੀਅਤ ਅਖ਼ਤਿਆਰ ਕਰ ਗਈ ਹੈ। ਇਨਾਂ ਹਾਲਤਾਂ ਵਿੱਚ ਸੱਚ ਨੂੰ ਸਾਹਮਣੇ ਲਿਆਉਣ ਅਤੇ ਤੱਥਾਂ ਨੂੰ ਵਾਰ-ਵਾਰ ਦੁਹਰਾਉਣ ਦੀ ਬੇਹੱਦ ਜ਼ਰੂਰਤ ਹੈ। ਅਦਾਲਤੀ ਨਿਆਂ ਤੋਂ ਪਾਰ ਅਸਲ ਨਿਆਂ ਲੋਕ-ਰਾਇ ਹੈ ਜਿਸਨੂੰ ਉਸਾਰਨ ਵਿੱਚ ਸੱਚ ਨੂੰ ਕਹਿਣ ਵਾਲ਼ੇ ਜਾਗਦੀ ਜਮੀਰ ਵਾਲ਼ੇ ਚਿੰਤਨਸ਼ੀਲ ਤੇ ਜਾਗਰੁਕ ਲੋਕ ਅਹਿਮ ਭੂਮਿਕਾ ਨਿਭਾਉਂਦੇ ਹਨ। ਇਹ ਲੋਕ ਰਾਇ ਫਿਰ ਹਿਟਲਰਾਂ ਨੂੰ ਇਤਿਹਾਸ ਵਿੱਚ ਉਨਾਂ ਦੀ ਅਸਲ ਜਗਾ ਦਿਖਾਉਂਦੀ ਹੈ। ਨੰਗਾ ਅਨਿਆਂ ਇਸ ਪ੍ਰਬੰਧ ਦੀ ਫਿਤਰਤ ਵੀ ਹੈ ਅਤੇ ਦਸਤੂਰ ਵੀ, ਹਥਲੀ ਕਿਤਾਬ ਲੋਕ ਸੰਘਰਸ਼ਾਂ ਰਾਹੀਂ ਨਿਆਂ ਦੀ ਉਮੀਦ ਵਿੱਚ ਮਜ਼ਲੂਮਾਂ ਦੀ ਨਿਹਚਾ ਲਈ ਸਹਾਰਾ ਬਣਦੀ ਹੈ।'

ਹਰ ਨਿਆਂ ਤੇ ਜਮਹੂਰੀਅਤ ਪਸੰਦ ਸ਼ਹਿਰੀ ਨੂੰ ਇਹ ਕਿਤਾਬ ਜਰੂਰ ਪੜਨੀ ਚਾਹੀਦੀ ਹੈ। ਸਾਥੀ ਬੂਟਾ ਸਿੰਘ ਨੇ ਅਜਿਹੀ ਵਡਮੁੱਲੀ ਕਿਤਾਬ ਦਾ ਪੰਜਾਬੀ ਭਾਸ਼ਾ ਵਿੱਚ ਮਿਆਰੀ ਉਲੱਥਾ ਕਰਕੇ ਨਿਆਂ ਦਾ ਝੰਡਾ ਬੁਲੰਦ ਕਰਨ ਵਾਲ਼ੇ ਲੋਕਾਂ ਲਈ ਸੱਚੀਓਂ ਬਹੁਤ ਵੱਡਾ ਕਾਰਜ ਕੀਤਾ ਹੈ।

## ਅਜਨਬੀ...

ਇਸ ਖਾਨਾਪੂਰੀ ਤੋਂ ਮੈਂ ਤੰਗ ਆ ਗਿਆ ਸੀ। ਪਰ ਫੇਰ ਮਨ ਵਿਚ ਸੋਚਿਆ, ਇਹ ਸਭ ਬੜਾ ਸੁਭਾਵਿਕ ਤੇ ਜ਼ਰੂਰੀ ਏ। ਕਿਸੇ ਗ਼ਲਤ ਆਦਮੀ 'ਤੇ ਮੁਕੱਦਮਾ ਚਲਾ ਦੇਣਾ ਅਦਾਲਤ ਦੇ ਲਈ ਕਿੰਨੀ ਸ਼ਰਮ ਤੇ ਅਫ਼ਸੋਸ ਦੀ ਗੱਲ ਹੋ ਸਕਦੀ ਏ। ਇਸ ਪਿੱਛੋਂ ਜੱਜ ਸਾਹਬ ਨੇ ਮੇਰੇ ਸਾਰੇ ਕਾਰਨਾਮਿਆਂ ਦਾ ਚਿੱਠਾ ਪੜਨਾ ਸ਼ੁਰੂ ਕੀਤਾ। ਹਰ ਦੂਜੇ ਤੀਜੇ ਵਾਕ 'ਤੇ ਮੈਨੂੰ ਪੁੱਛਣ ਲਈ ਠਹਿਰ ਜਾਂਦੇ- 'ਕੀ ਠੀਕ ਹੈ ਨਾ?' ਤੇ ਇਸ 'ਤੇ ਮੈਂ ਹਰ ਵਾਰ ਕਹਿੰਦਾ, 'ਹਾਂ-ਜੀ, ਸਾਹਬ।' ਵਕੀਲ ਸਾਹਬ ਨੇ ਇਹੀ ਕਹਿਣ ਲਈ ਕਿਹਾ ਸੀ। ਜੱਜ ਜ਼ਰਾ-ਜ਼ਰਾ ਜਿੰਨੀ ਗੱਲ ਦੀ ਵਾਲ ਦੀ ਖੱਲ ਲਾਹ ਰਹੇ ਸਨ। ਇਸ ਲਈ ਇਹ 'ਪੁਰਾਣ' ਕਾਫ਼ੀ ਲੰਮਾਂ ਚੱਲਿਆ। ਇਸ ਦੌਰਾਨ ਪੱਤਰਕਾਰ ਵਿਅਸਤ ਭਾਵ ਨਾਲ ਜਲਦੀ-ਜਲਦੀ ਲਿਖਦੇ ਰਹੇ। ਪਰ ਮੈਨੂੰ ਕਦੀ ਤਾਂ ਸਭ ਤੋਂ ਛੋਟੇ ਪੱਤਰਕਾਰ ਦੀਆਂ ਆਪਣੇ ਉੱਤੇ ਟਿਕੀਆਂ ਨਿਗਾਹਾਂ ਦਾ ਖ਼ਿਆਲ ਆਉਂਦਾ, ਕਦੀ ਉਹ 'ਚਾਬੀ ਭਰੀ ਕਠਪੁਤਲੀ' ਵਰਗੀ ਔਰਤ ਦੀਆਂ ਨਜ਼ਰਾਂ ਯਾਦ ਆ ਜਾਂਦੀਆਂ। ਮੈਨੂੰ ਟਰਾਮ ਵਿਚ ਬੈਠੀਆਂ ਸਵਾਰੀਆਂ ਦੀ ਕਤਾਰ ਫੇਰ ਯਾਦ ਆਈ। ਉਦੋਂ ਈ ਜੱਜ ਸਾਹਬ ਜ਼ਰਾ ਕੁ ਖੰਘੇ ਤੇ ਫ਼ਾਈਲ ਦੇ ਕੁਝ ਪੰਨੇ ਪਰਤ ਕੇ ਚਿਹਰੇ ਉੱਤੇ ਪੱਖੇ ਦੀ ਹਵਾ ਕਰਦੇ-ਕਰਦੇ ਗੰਭੀਰਤਾ ਨਾਲ ਮੈਨੂੰ ਕਹਿਣ ਲੱਗੇ- 'ਹੁਣ ਮੈਂ ਕੁਝ ਅਜਿਹੀਆਂ ਗੱਲਾਂ ਲੈਣੀਆਂ ਚਾਹਾਂਗਾ ਜਿਹੜੀਆਂ ਉਪਰੋਂ ਦੇਖਣ ਵਿਚ ਭਾਵੇਂ ਮੁਕੱਦਮੇ ਦੇ ਬਾਹਰ ਲੱਗਦੀਆਂ ਹੋਣ, ਪਰ ਅਸਲ ਵਿਚ ਉਨਾਂ ਦਾ ਇਸ ਨਾਲ ਬੜਾ ਡੂੰਘਾ ਸੰਬੰਧ ਏ।' ਮੈਂ ਤਾੜ ਲਿਆ ਕਿ ਹੋਏ ਨਾ ਹੋਏ ਹੁਣ ਇਹ ਮਾਂ ਬਾਰੇ ਕੁਝ ਕਹੇਗਾ, ਨਾਲ ਈ ਇਹ ਵੀ ਸੋਚ ਲਿਆ ਕਿ ਜੇ ਇਸਨੇ ਮਾਂ ਬਾਰੇ ਕੁਝ ਕਿਹਾ ਤਾਂ ਮੈਨੂੰ ਕਿੰਨਾ ਬੁਰਾ ਲੱਗੇਗਾ। ਜੱਜ ਦਾ ਪਹਿਲਾ ਸਵਾਲ ਈ ਇਹ ਆਇਆ ਸੀ ਕਿ ਮੈਂ ਆਪਣੀ ਮਾਂ ਨੂੰ ਆਸ਼ਰਮ ਕਿਉਂ ਭੇਜਿਆ? ਮੈਂ ਦੱਸਿਆ ਕਿ ਕਾਰਨ ਬਿਲਕੁਲ ਸਿੱਧਾ ਏ। ਘਰੇ ਉਹਦੀ ਠੀਕ ਤਰਾਂ ਦੇਖਭਾਲ ਹੋਏ, ਏਨਾ ਪੈਸਾ ਮੇਰੇ ਕੋਲ ਨਹੀਂ ਸੀ। ਜੱਜ ਨੇ ਪੁੱਛਿਆ ਕਿ ਮਾਂ ਦੇ ਵਿਛੋੜੇ ਦਾ ਮੈਨੂੰ ਦੁੱਖ ਹੋਇਆ ਜਾਂ ਨਹੀਂ? ਮੈਂ ਫੇਰ ਆਪਣੀ ਗੱਲ ਦਾ ਖੁਲਾਸਾ ਕੀਤਾ ਕਿ ਮੈਨੂੰ ਜਾਂ ਮਾਂ ਨੂੰ ਆਪਸ ਵਿਚ ਇਕ-ਦੂਜੇ ਤੋਂ ਜਾਂ ਸਾਨੂੰ ਦੋਵਾਂ ਨੂੰ ਕਿਸੇ ਤੀਜੇ ਤੋਂ ਇਸ ਬਾਰੇ ਕਤਈ ਕਿਸੇ ਸਹਾਰੇ ਦੀ ਉਮੀਦ ਨਹੀਂ ਸੀ, ਇਸ ਲਈ ਅਸੀਂ ਦੋਵਾਂ ਨੇ ਆਸਾਨੀ ਨਾਲ ਇਸਨੂੰ ਮੰਨ ਲਿਆ। ਇਸ ਦੇ ਪਿੱਛੋਂ ਜੱਜ ਨੇ ਕਿਹਾ ਕਿ ਉਨਾਂ ਅਜੇ ਇਸ ਬਾਰੇ ਕੁਝ ਨਹੀਂ ਪੁੱਛਿਆ। ਉਨਾਂ ਨੇ ਸਰਕਾਰੀ ਵਕੀਲ ਨੂੰ ਪੁੱਛਿਆ ਕਿ ਕੀ ਉਸਦੇ ਖ਼ਿਆਲ ਵਿਚ, ਇਸ ਮੌਕੇ 'ਤੇ, ਕੋਈ ਹੋਰ ਸਵਾਲ ਕਰਨਾ ਜ਼ਰੂਰੀ ਲੱਗਦਾ ਏ?

ਸਰਕਾਰੀ ਵਕੀਲ ਨੇ ਬਿਨਾਂ ਮੇਰੇ ਵੱਲ ਦੇਖਿਆਂ, ਬਲਕਿ ਮੇਰੇ ਵੱਲ ਅੱਧੀ ਪਿੱਠ ਕਰਕੇ ਕਿਹਾ ਕਿ ਜੇ ਅਦਾਲਤ ਆਗਿਆ ਦਵੇ ਤਾਂ ਉਹ ਜਾਣਨਾ ਚਾਹੁੰਦਾ ਏ ਕਿ ਕੀ ਮੈਂ ਅਰਬ ਨੂੰ ਮਾਰਨ ਦੇ ਇਰਾਦੇ ਨਾਲ ਈ ਦੁਬਾਰਾ ਝਰਨੇ ਵੱਲ ਵਾਪਸ ਗਿਆ ਸਾਂ? ਜਦੋਂ ਮੈਂ ਕਿਹਾ, 'ਨਈਂ।' ਤਾਂ ਸਰਕਾਰੀ ਵਕੀਲ ਨੇ ਫੇਰ ਪੁੱਛਿਆ ਕਿ ਤਾਂ ਫੇਰ ਆਪਣੇ ਨਾਲ ਰਿਵਾਲਵਰ ਲੈ ਜਾਣ ਦਾ ਕੀ ਮੰਸ਼ਾ ਸੀ? ਤੇ ਕਿਉਂ ਮੈਂ ਫੇਰ ਖਾਸ ਉਸੇ ਜਗਾ ਪਹੁੰਚਿਆ ਸੀ? ਆਪਣੇ ਜਵਾਬ ਵਿਚ ਮੈਂ ਇਸਨੂੰ ਸਿਰਫ਼ ਸੰਜੋਗ ਦੀ ਗੱਲ ਕਿਹਾ। ਫੇਰ ਸਰਕਾਰੀ ਵਕੀਲ ਬੜੇ ਦੁਸ਼ਟ ਲਹਿਜੇ ਵਿਚ ਬੋਲਿਆ, 'ਬਹੁਤ ਅੱਛੇ, ਬਸ, ਇਸ ਵੇਲੇ ਏਨਾ ਈ ਕਾਫ਼ੀ ਏ।'

ਇਸ ਪਿੱਛੋਂ ਕੀ ਹੋਇਆ, ਠੀਕ ਤਰਾਂ ਮੇਰੀ ਸਮਝ ਵਿਚ ਨਹੀਂ ਸੀ ਆਇਆ। ਹਾਂ, ਕੁਝ ਚਿਰ ਸਰਕਾਰੀ ਵਕੀਲ, ਮੇਰੇ ਵਕੀਲ ਤੇ 'ਬੈਂਚ' ਵਿਚਕਾਰ ਚਖ-ਚਖ ਹੁੰਦੀ ਰਹੀ ਸੀ। ਪ੍ਰਧਾਨ ਜੱਜ ਨੇ ਐਲਾਨ ਕੀਤਾ ਕਿ ਹੁਣ ਅਦਾਲਤ ਉੱਠੇਗੀ। ਗਵਾਹੀਆਂ ਦੁਪਹਿਰ ਬਾਅਦ ਹੋਣਗੀਆਂ, ਤਦ ਤੀਕ ਲਈ ਕਾਰਵਾਈ ਮੁਲਤਵੀ ਕੀਤੀ ਜਾਂਦੀ ਏ।

ਇਹ ਕੀ ਹੋਇਆ, ਇਹ ਸਮਝ ਸਕਾਂ ਕਿ ਇਸ ਤੋਂ ਪਹਿਲਾਂ ਮੈਨੂੰ ਧੱਕ ਕੇ ਜੇਲ ਦੀ ਗੱਡੀ ਵਿਚ ਲਿਆ ਬਿਠਾਇਆ ਗਿਆ। ਵਾਪਸ ਜੇਲ ਆਇਆ ਤਾਂ ਦੁਪਹਿਰ ਦਾ ਖਾਣਾ ਮਿਲਿਆ। ਇਸ ਸਭ ਨੇ ਮੈਨੂੰ ਕਿੰਨਾ ਥਕਾਅ ਦਿੱਤਾ ਏ, ਅਜੇ ਇਹੋ ਮਹਿਸੂਸ ਕਰ ਰਿਹਾ ਸੀ ਕਿ ਫੇਰ ਬੁਲਾਵਾ ਆ ਗਿਆ। ਉਹੀ ਕਮਰਾ...ਸਾਹਮਣੇ ਉਹੀ ਚਿਹਰੇ...ਫ਼ੇਰ ਉਹੀ ਸਭ ਕੁਝ ਨਵੇਂ ਸਿਰੇ ਤੋਂ ਸ਼ੁਰੂ ਹੋਇਆ। ਹਾਂ, ਇਸ ਦੌਰਾਨ ਗਰਮੀ ਬੇਹੱਦ ਵਧ ਗਈ ਸੀ ਤੇ ਪਤਾ ਨਹੀਂ ਕੀ ਚਮਤਕਾਰ ਹੋਇਆ ਸੀ ਕਿ ਜੂਰੀਆਂ ਤੋਂ ਲੈ ਕੇ ਮੇਰੇ ਵਕੀਲ, ਸਰਕਾਰੀ ਵਕੀਲ ਤੇ ਕੁਝ ਪੱਤਰਕਾਰਾਂ ਦੇ ਹੱਥਾਂ ਵਿਚ ਵੀ ਪੱਖੇ ਆ ਗਏ ਸਨ। ਉਹ ਨੌਜਵਾਨ ਤੇ 'ਚਾਬੀ ਭਰੀ ਕਠਪੁਤਲੀ' ਦੋਵੇਂ ਓਵੇਂ ਦੀ ਜਿਵੇਂ ਆਪਣੀ ਆਪਣੀ ਜਗਾ 'ਤੇ ਬਿਰਾਜਮਾਨ ਸਨ ਤੇ ਉਹਨਾਂ ਦੀਆਂ ਅੱਖਾਂ, ਐਨ ਪਹਿਲਾਂ ਵਾਂਗ ਈ, ਮੇਰੇ 'ਤੇ ਟਿਕੀਆਂ ਹੋਈਆਂ ਸਨ। ਦੋਵੇਂ ਪੱਖਾ ਵੀ ਨਹੀਂ ਸੀ ਝੱਲ ਰਹੇ।

ਮੈਂ ਚਿਹਰੇ ਦਾ ਪਸੀਨਾ ਪੂੰਝਿਆ। ਅਜੇ ਆਪਣੇ ਬਾਰੇ ਵਿਚ ਹੋਸ਼ ਆਇਆ ਈ ਸੀ ਕਿ ਸੁਣਿਆਂ ਗਵਾਹੀ ਦੇ ਲਈ ਆਸ਼ਰਮ ਦੇ ਵਾਰਡਨ ਨੂੰ ਆਵਾਜ਼ ਪਈ ਏ। ਵਾਰਡਨ ਤੋਂ ਪੁੱਛਿਆ ਗਿਆ ਕਿ ਕੀ ਮੇਰੀ ਮਾਂ ਨੂੰ ਮੇਰੇ ਵਿਹਾਰ ਤੋਂ ਕੋਈ ਸ਼ਿਕਾਇਤ ਸੀ, ਤਾਂ ਉਸਨੇ ਕਿਹਾ, 'ਜੀ ਹਾਂ। ਪਰ ਇਹ ਕੋਈ ਵਿਸ਼ੇਸ਼ ਗੱਲ ਨਈਂ ਏ ਕਿਉਂਕਿ ਉੱਥੇ ਰਹਿਣ ਵਾਲੇ ਕਰੀਬ-ਕਰੀਬ ਹਰ ਵਿਅਕਤੀ ਨੂੰ ਆਪਣੇ ਰਿਸ਼ਤੇਦਾਰਾਂ ਪ੍ਰਤੀ ਸ਼ਿਕਾਇਤ ਹੁੰਦੀ ਈ ਏ।' ਇਸ 'ਤੇ ਜੱਜ ਸਾਹਬ ਨੇ ਰਤਾ ਹੋਰ ਖੁਲਾਸਾ ਕਰਨ ਲਈ ਕਿਹਾ, 'ਇਸ ਤਰਾਂ ਆਸ਼ਰਮ ਭੇਜ ਦਿੱਤੇ ਜਾਣ 'ਤੇ ਕੀ ਮੁਜਰਿਮ ਦੀ ਮਾਂ ਉਸਨੂੰ ਭਲ਼ਾ-ਬੁਰਾ ਕਹਿੰਦੀ ਸੀ?'

'ਜੀ ਹਾਂ।' ਉਸਨੇ ਫੇਰ ਉਹੀ ਕਿਹਾ, ਪਰ ਇਸ ਵਾਰੀ ਆਪਣੇ ਜਵਾਬ ਨਾਲ ਕੋਈ ਸਫ਼ਾਈ ਨਹੀਂ ਜੋੜੀ।

ਇਕ ਹੋਰ ਸਵਾਲ ਦੇ ਜਵਾਬ ਵਿਚ ਉਸਨੇ ਦੱਸਿਆ, 'ਅੰਤੇਸ਼ਟੀ ਵਾਲੇ ਦਿਨ ਇਨਾਂ ਦੀ ਉਦਾਸੀਨਤਾ ਤੇ ਠੰਢੇਪਣ ਨੂੰ ਦੇਖ ਕੇ ਵਾਕੱਈ ਮੈਨੂੰ ਬੜੀ ਹੈਰਾਨੀ ਹੋਈ ਸੀ।' ਫੇਰ ਪੁੱਛਿਆ ਗਿਆ, 'ਇਹਦੀ ਉਦਾਸੀਨਤਾ ਤੇ ਠੰਢੇਪਨ ਤੋਂ ਕੀ ਭਾਵ?' ਇਸ 'ਤੇ ਉਹ ਨੀਵੀਂ ਪਾਈ ਕੁਝ ਚਿਰ ਤੀਕ ਆਪਣੇ ਬੂਟਾਂ ਵੱਲ ਦੇਖਦਾ ਰਿਹਾ। ਫੇਰ ਦੱਸਣ ਲੱਗਾ, 'ਨਾ ਤਾਂ ਇਹ ਨੇ ਆਪਣੀ ਮਾਂ ਦੀ ਲਾਸ਼ ਦੇ ਦਰਸ਼ਨਾਂ ਦੀ ਕੋਈ ਇੱਛਾ ਪ੍ਰਗਟ ਕੀਤੀ ਤੇ ਨਾ ਈ ਇਸ ਦੀਆਂ ਅੱਖਾਂ ਵਿਚ ਇਕ ਬੂੰਦ ਅੱਥਰੂ ਈ ਆਇਆ ਤੇ ਅੰਤੇਸ਼ਟੀ ਪਿੱਛੋਂ ਵੀ ਕਬਰ ਦੇ ਕੋਲ ਖਲੋਣ ਦੀ ਬਜਾਏ ਇਹ ਉੱਥੋਂ ਝੱਟ ਤੁਰ ਪਿਆ। ਦੂਜੀ ਇਕ ਹੋਰ ਗੱਲ ਨੇ ਮੈਨੂੰ ਚੱਕਰ ਵਿਚ ਪਾ ਦਿੱਤਾ। ਅੰਡਰਟੇਕਰ ਦਾ ਇਕ ਆਦਮੀ ਦੱਸਦਾ ਸੀ, ਇਸਨੂੰ ਆਪਣੀ ਮਾਂ ਦੀ ਉਮਰ ਵੀ ਨਈਂ ਸੀ ਪਤਾ।' ਥੋੜੀ ਦੇਰ ਚੁੱਪ ਰਹਿ ਕੇ ਜੱਜ ਨੇ ਵਾਰਡਨ ਨੂੰ ਪੁੱਛਿਆ ਕਿ 'ਇਹ ਜੋ ਕੁਝ ਉਸਨੇ ਦੱਸਿਆ ਏ, ਉਹ ਸਭ ਸਾਹਮਣੇ ਕਟਹਿਰੇ ਵਿਚ ਖੜੇ ਮੁਜਰਿਮ ਬਾਰੇ ਈ ਮੰਨਿਆ ਜਾਵੇ ਨਾ?' ਲੱਗਿਆ, ਇਸ ਸਵਾਲ 'ਤੇ ਵਾਰਡਨ ਛਿੱਥਾ-ਜਿਹਾ ਪੈ ਗਿਆ। ਉਦੋਂ ਈ ਜੱਜ ਨੇ ਕਿਹਾ, 'ਇਸ ਤਰਾਂ ਦੇ ਸਵਾਲ ਪੁੱਛਣ ਦਾ ਵਿਧਾਨ ਏ, ਇਸ ਲਈ ਪੁੱਛਣ 'ਤੇ ਮਜ਼ਬੂਰ ਹਾਂ।'

ਸਰਕਾਰੀ ਵਕੀਲ ਨੂੰ ਪੁੱਛਿਆ ਗਿਆ ਕਿ ਉਸਨੇ ਤਾਂ ਕੋਈ ਗੱਲ ਨਹੀਂ ਪੁੱਛਣੀ? ਉਸਨੇ ਉੱਚੀ ਆਵਾਜ਼ ਵਿਚ ਜਵਾਬ ਦਿੱਤਾ, 'ਬਿਲਕੁਲ ਨਈਂ, ਯੋਰ ਆਨਰ। ਮੈਂ ਜੋ ਜਾਣਨਾ ਚਾਹੁੰਦਾ ਸੀ, ਜਾਣ ਲਿਐ।' ਤੇ ਇਹ ਕਹਿ ਕੇ ਜਿਨਾਂ ਨਜ਼ਰਾਂ ਨਾਲ ਉਸਨੇ ਮੇਰੇ ਵੱਲ ਦੇਖਿਆ, ਉਨਾਂ ਦੇ ਨਾਲ-ਨਾਲ ਉਸਦੇ ਲਹਿਜੇ, ਚਿਹਰੇ ਦੇ ਜੇਤੂ ਭਾਵ ਵਿਚ ਕੁਝ ਅਜੀਬ-ਜਿਹੀ ਖਾਸ ਗੱਲ ਸੀ ਕਿ ਮੈਂ ਕੰਬ ਗਿਆ। ਵਰਿਆਂ ਤੋਂ ਜਿਹੜੀਆਂ ਗੱਲਾਂ ਦਾ ਚਿੱਤ-ਚੇਤਾ ਵੀ ਨਹੀਂ ਸੀ, ਉਹ ਉਸ ਛਿਣ ਮਹਿਸੂਸ ਕੀਤੀਆਂ। ਤੇ ਬੜੀ ਬੇਹੂਦੀ-ਜਿਹੀ ਇੱਛਾ ਹੋਈ ਕਿ ਉੱਚੀ-ਉੱਚੀ ਰੋਣ ਲੱਗ ਪਵਾਂ। ਪਹਿਲੀ ਵਾਰੀ ਅਹਿਸਾਸ ਹੋਇਆ ਕਿ ਇਹਨਾਂ ਸਾਰਿਆਂ ਦੇ ਮਨ ਵਿਚ ਮੇਰੇ ਲਈ ਕਿੰਨੀ ਵੱਧ ਨਫ਼ਰਤ ਏ।

ਜੂਰੀਆਂ ਤੇ ਮੇਰੇ ਵਕੀਲ ਨੇ ਤਾਂ ਵਾਰਡਨ ਤੋਂ ਕੁਝ ਨਹੀਂ ਪੁੱਛਣਾ, ਇਹ ਜਾਣ ਕੇ ਜੱਜ ਨੇ ਚੌਕੀਦਾਰ ਦੇ ਬਿਆਨ ਸੁਣੇ। ਕਟਹਿਰੇ ਵਿਚ ਪੈਰ ਧਰਦਿਆਂ ਹੋਇਆਂ ਚੌਕੀਦਾਰ ਨੇ ਇਕ ਨਜ਼ਰ ਮੇਰੇ ਉੱਤੇ ਮਾਰੀ, ਫੇਰ ਨਿਗਾਹ ਦੂਜੇ ਪਾਸੇ ਘੁਮਾਅ ਲਈ। ਜਿਰਹ ਵਿਚ ਉਸਨੇ ਵੀ ਇਹੀ ਬਿਆਨ ਦਿੱਤੇ ਕਿ ਮੈਂ ਸ਼ਵ ਦੇ ਦਰਸ਼ਨ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਬੈਠਾ-ਬੈਠਾ ਸਿਗਰਟਾਂ ਫੂਕੀ ਗਿਆ ਸੀ ਤੇ ਵਿਸ਼ੇਸ਼ ਕਾਫੀ-ਕੈਫ ਅਲਾਯ-ਪੀਤੀ ਸੀ। ਪਹਿਲੀ ਵਾਰੀ ਲੱਗਿਆ ਕਿ ਗੁੱਸੇ ਦੀ ਲਹਿਰ ਅਦਾਲਤ ਵਿਚ ਇੱਧਰੋਂ-ਉੱਧਰ ਤੀਕ ਫ਼ੈਲ ਗਈ ਏ ਤੇ ਉਦੋਂ ਪਹਿਲੀ ਵਾਰੀ ਸਮਝ ਵਿਚ ਆਇਆ ਕਿ ਮੈਂ ਅਪਰਾਧੀ ਹਾਂ। ਮੇਰੇ ਸਿਗਰਟਾਂ ਤੇ ਕਾਫੀ ਪੀਣ ਬਾਰੇ ਚੌਕੀਦਾਰ ਨੇ ਜੋ ਕੁਝ ਦੱਸਿਆ ਸੀ, ਉਸਨੂੰ ਦੁਬਾਰਾ ਕੁਹਾਇਆ ਗਿਆ। ਸਰਕਾਰੀ ਵਕੀਲ ਨੇ ਘੁੰਮ ਕੇ ਖਾ ਜਾਣ ਵਾਲੀਆਂ ਨਜ਼ਰਾਂ ਨਾਲ ਮੇਰੇ ਵੱਲ ਦੇਖਿਆ। ਮੇਰੇ ਵਕੀਲ ਨੇ ਚੌਕੀਦਾਰ ਨੂੰ ਪੁੱਛਿਆ ਕਿ ਮੇਰੇ ਨਾਲ ਖ਼ੁਦ ਉਸਨੇ ਵੀ ਕਾਫੀ ਪੀਤੀ ਜਾਂ ਨਹੀਂ? ਸਰਕਾਰੀ ਵਕੀਲ ਨੇ ਇਸ ਉੱਤੇ ਸਖ਼ਤ ਇਤਰਾਜ਼ ਕੀਤਾ। ਗੁੱਸੇ ਵਿਚ ਕੂਕ ਕੇ ਪੁੱਛਿਆ, 'ਮੈਨੂੰ ਦੱਸਿਆ ਜਾਵੇ ਕਿ ਇਸ ਅਦਾਲਤ ਵਿਚ ਮੁਜਰਿਮ ਕੌਣ ਏਂ? ਕਟਹਿਰੇ ਵਿਚ ਖੜਾ ਇਹ ਆਦਮੀ ਜਾਂ ਚੌਕੀਦਾਰ? ਯੋਰ ਆਨਰ, ਕਿਉਂਕਿ ਮੇਰੇ ਮਿੱਤਰ ਬਚਾਅ ਪੱਖ ਦੇ ਵਕੀਲ ਜਾਣਦੇ ਨੇ ਕਿ ਉਨਾਂ ਦੇ ਮੁਵੱਕਿਲ ਦੇ ਖ਼ਿਲਾਫ਼ ਅਕੱਟ ਤੇ ਕਾਫੀ ਸਬੂਤ ਨੇ, ਇਸ ਲਈ ਕੀ ਉਹ, ਆਪਣੇ ਖ਼ਿਆਲ ਵਿਚ, ਇੰਜ ਸਰਕਾਰੀ ਗਵਾਹ 'ਤੇ ਚਿੱਕੜ ਉਛਾਲ ਕੇ ਸਬੂਤ ਖ਼ਰਾਬ ਕਰ ਲੈਣਗੇ?' ਖ਼ੈਰ ਜੀ, ਜੱਜ ਨੇ ਚੌਕੀਦਾਰ ਨੂੰ ਸਵਾਲ ਦਾ ਜਵਾਬ ਦੇਣ ਲਈ ਕਿਹਾ।

ਬੁੱਢਾ ਚੌਕੀਦਾਰ ਰਤਾ ਸ਼ਰਮਾਇਆ ਫੇਰ ਮੂੰਹ ਵਿਚ ਬੁੜਬੁੜਾਇਆ, 'ਹਾਂ ਜੀ, ਜਾਣਦਾ ਆਂ ਕਿ ਮੈਨੂੰ ਸਿਗਰਟ ਨਈਂ ਸੀ ਪੀਣੀ ਚਾਹੀਦੀ, ਪਰ ਜਦੋਂ ਇਨਾਂ ਸਾਹਬ ਨੇ ਪੇਸ਼ ਕੀਤੀ ਤਾਂ ਲਿਹਾਜ਼ ਦੀ ਖਾਤਰ ਮੈਂ ਲੈ ਲਈ ਸੀ।'

ਜੱਜ ਨੇ ਇਸ ਬਾਰੇ ਮੈਨੂੰ ਕੁਝ ਕਹਿਣ ਲਈ ਕਿਹਾ। 'ਜੀ ਹਾਂ,' ਮੈਂ ਬੋਲਿਆ, 'ਕਹਿਣਾ ਬਸ ਇਹੋ ਏ ਕਿ ਗਵਾਹ ਬਿਲਕੁਲ ਸਹੀ ਕਹਿ ਰਿਹਾ ਏ। ਮੈਂ ਈ ਇਸਨੂੰ ਸਿਗਰਟ ਪੇਸ਼ ਕੀਤੀ ਸੀ-ਇਹ ਸੱਚ ਏ।'

## ਗੁਰੂ ਗ੍ਰੰਥ ਸਾਹਿਬ ਦੇ ਪਹਿਲੇ

ਜੋ ਕ੍ਰਮਵਾਰ ਸਿਰੀ ਰਾਗ, ਮਾਝ, ਗਉੜੀ, ਆਸਾ ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸੁ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ ਬਿਲਾਵਲ, ਗੌਂਡ , ਰਾਮਕਲੀ, ਨਟ ਨਾਰਾਇਣ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਣ, ਪ੍ਰਭਾਤੀ ਤੇ ਜੈਜਾਵੰਤੀ ਹਨ। ਸਭ ਤੋਂ ਵਧੇਰੇ 30 ਰਾਗਾਂ ਵਿੱਚ ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਸਾਹਿਬ ਨੇ ਬਾਣੀ ਲਿਖੀ ਹੈ। ਗੁਰੂ ਨਾਨਕ ਸਾਹਿਬ ਨੇ 19, ਗੁਰੂ ਅਮਰਦਾਸ ਜੀ ਨੇ 17 ਤੇ ਗੁਰੂ ਤੇਗ ਬਹਾਦਰ ਜੀ ਨੇ 15 ਰਾਗਾਂ ਵਿੱਚ ਬਾਣੀ ਉਚਾਰੀ ਹੈ। ਭਗਤ ਕਵੀਆਂ ਵਿਚੋਂ ਕਬੀਰ ਤੇ ਨਾਮਦੇਵ ਨੇ 18, ਭਗਤ ਰਵਿਦਾਸ ਨੇ 16, ਭਗਤ ਤ੍ਰਿਲੋਚਨ ਤੇ ਭਗਤ ਬੇਣੀ ਨੇ 3, ਭਗਤ ਧੰਨਾ, ਭਗਤ ਜੈਦੇਵ ਤੇ ਬਾਬਾ ਫਰੀਦ ਨੇ 2 ਅਤੇ ਭਗਤ ਭੀਖਣ, ਭਗਤ ਸੈਣ, ਭਗਤ ਪੀਪਾ, ਭਗਤ ਸਧਨਾ ਤੇ ਭਗਤ ਪਰਮਾਨੰਦ ਨੇ ਕੇਵਲ ਇਕ ਹੀ ਰਾਗ ਵਿੱਚ ਬਾਣੀ ਰਚੀ ਹੈ।

ਗੁਰਬਾਣੀ ਸਾਹਿਤ ਦੀ ਵਿਲੱਖਣ ਨੁਹਾਰ ਦਾ ਕਾਰਨ ਰਹੱਸਮਈ ਰੂਹਾਨੀ ਪ੍ਰਗਟਾਵਾ ਅਤੇ ਗੁਰਮਤਿ ਸੰਗੀਤ ਦੇ ਨਾਲ- ਨਾਲ ਸਮੇਂ ਤੇ ਸਥਾਨ ਦੀ ਸੀਮਾ ਤੋਂ ਮੁਕਤ ਭਾਸ਼ਾ ਦਾ ਸੁਮੇਲ ਹੈ। ਗੁਰੂ ਗ੍ਰੰਥ ਸਾਹਿਬ ਵਿਚਲੀ ਭਾਸ਼ਾ ਸਦੀਵੀ ਸਮਝੀ ਜਾਣ ਵਾਲੀ, ਲੋਕ-ਮੁਹਾਵਰੇ ਵਾਲੀ ਸਾਧਾਰਨ ਲੋਕਾਂ ਦੀ ਬੋਲੀ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸਮੁੱਚੀ ਬਾਣੀ ਦੀ ਲਿਪੀ ਚਾਹੇ ਗੁਰਮੁਖੀ ਹੈ, ਪਰ ਇਸ ਵਿੱਚ ਵੱਖ- ਵੱਖ ਭਾਸ਼ਾਵਾਂ ਮਿਲਦੀਆਂ ਹਨ। ਗੁਰੂ ਗ੍ਰੰਥ ਸਾਹਿਬ ਮੱਧ -ਕਾਲ ਦੀਆਂ ਅਨੇਕਾਂ ਭਾਸ਼ਾਵਾਂ, ਜਿਵੇਂ ਸਿੰਧੀ, ਦੱਖਣੀ, ਬ੍ਰਿਜ ਭਾਸ਼ਾ, ਅਪਭ੍ਰੰਸ਼, ਪ੍ਰਕਿਰਤ, ਮਰਾਠੀ, ਮੈਥਿਲੀ, ਲਗਾਥਾ, ਭੋਜਪੁਰੀ, ਸਧੁੱਕੜੀ, ਰੇਖਤਾ, ਬਾਂਗੜੂ, ਬਾਗੜੀ, ਫਾਰਸੀ, ਸੰਸਕ੍ਰਿਤੀ, ਹਿੰਦੀ ਤੇ ਪੰਜਾਬੀ ਆਦਿ ਬੋਲੀਆਂ ਦਾ ਮਹਾਨ ਖ਼ਜ਼ਾਨਾ ਹੈ। ਗੁਰਬਾਣੀ ਦਾ ਵੱਡਾ ਹਿੱਸਾ ਪੰਜਾਬ ਵਿੱਚ ਲਿਖਿਆ ਹੋਣ ਕਰਕੇ ਇਸ ਬੋਲੀ ਦਾ ਜੁੱਸਾ, ਮੁਹਾਵਰਾ ਤੇ ਸ਼ੈਲੀ, ਵਿਸ਼ੇਸ਼ ਰੂਪ ਵਿੱਚ ਪੰਜਾਬੀ ਹੈ, ਪਰ ਫਿਰ ਵੀ ਇਹ ਬੋਲੀ ਪੂਰਨ ਤੌਰ 'ਤੇ ਪੰਜਾਬੀ ਨਹੀਂ। ਡਾ: ਹਰਕੀਰਤ ਸਿੰਘ ਦੇ ਵਿਚਾਰ ਮੁਤਾਬਕ 'ਗੁਰੂ ਗ੍ਰੰਥ ਸਾਹਿਬ ਦੀ ਮੁੱਖ ਭਾਸ਼ਾ 'ਸਧੁੱਕੜੀ' ਜਾਂ 'ਸਾਧ-ਭਾਸ਼ਾ' ਹੈ, ਜਿਹੜੀ ਅੱਜ ਵੀ ਸਾਧੂਆਂ ਸੰਤਾਂ ਵਿੱਚ ਪ੍ਰਚੱਲਤ ਹੈ।

ਗੁਰਬਾਣੀ ਮੁੱਖ ਤੌਰ 'ਤੇ ਲੋਕ-ਬੋਲੀ ਤੇ ਲੋਕ-ਮੁਹਾਵਰੇ ਵਿੱਚ ਹੋਣ ਕਰਕੇ ਲੋਕ-ਸਾਹਿਤ ਦੀ ਸਿਰਮੌਰ ਬਣ ਗਈ ਹੈ। ਮਿਸਾਲ ਵਜੋਂ ਗੁਰਬਾਣੀ ਦੇ ਇਹ ਸ਼ਬਦ ਮੁਹਾਵਰੇ ਅਤੇ ਅਖਾਣ ਬਣ ਚੁੱਕੇ ਹਨ :

(ੳ) ਮਨ ਜੀਤੈ ਜਗੁ ਜੀਤੁ॥

(ਅ) ਮਿਠਤ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ॥

(ੲ) ਰੁਖੀ ਸੁਖੀ ਖਾਇ ਕੈ ਠੰਡਾ ਪਾਣੀ ਪੀਉ॥

ਆਦਿ

ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਭੰਡਾਰ ਵਿੱਚ ਚਿੰਨ, ਪ੍ਰਤੀਕ, ਅਲ਼ੰਕਾਰ, ਰਸ, ਸ਼ਬਦ- ਚਿੱਤਰ, ਬੋਲ-ਚਿਤੱਰ ਤੇ ਭਾਵ -ਚਿੱਤਰ ਅਨੇਕਾਂ ਰਹੱਸਮਈ ਭਾਵਾਂ ਨੂੰ ਉਜਾਗਰ ਕਰਨ ਲਈ ਵਰਤੇ ਗਏ ਹਨ. ਜਿਵੇ ਧਰਤੀ-ਅਕਾਸ਼, ਬਾਰਕੁ-ਮਾਤਾ, ਸਹੁਰਾ-ਪੇਕਾ, ਸੁਹਾਗਣ-ਦੁਹਾਗਣ, ਬੇੜੀ-ਤੁਲਹਾ, ਬੋਹਿਥ- ਸਾਗਰ, ਮੱਛਲੀ, ਕਮਲ, ਭਉਰ, ਮਿਰਗ, ਦੀਵਾ ਆਦਿ ਅਨੇਕਾਂ ਘਰੋਗੀ ਅਤੇ ਕੁਦਰਤੀ ਵਸਤੂਆਂ ਦੁਆਲੇ ਬਿੰਬ ਤੇ ਪ੍ਰਤੀਕ ਉਸਰਦੇ ਹਨ। ਗੁਰਮਤਿ ਕਾਵਿ ਵਿੱਚ ਵਰਤੇ ਗਏ ਪਿੰਗਲ ਦੇ ਪ੍ਰਮੁੱਖ ਛੰਦ ਦੋਹਿਰਾ, ਸੋਰਠਾ, ਦਵੈਯਾ, ਸਵੈਯਾ, ਚੌਪਾਈ, ਝੂਲਨਾ, ਨਿਸ਼ਾਨੀ, ਸਿਰਖੰਡੀ, ਹੰਸਗੀਤ, ਚਿਤਰਕਲਾ, ਛਪੈ, ਸਾਰ, ਸਰਸੀ , ਹਾਕਲ, ਉਗਾਹਾ, ਉਲਾਲਾ, ਰੂਪਮਾਲਾ, ਰਡ, ਅੰਮ੍ਰਿਤ, ਘਟ, ਕਜਲ, ਕਲਸ, ਘਨਾਛੀਰ ਆਦਿ ਦੀ ਮੌਜੂਦਗੀ ਬੇਹੱਦ ਪ੍ਰਭਾਵਸ਼ਾਲੀ ਹੈ, ਪਰ ਗੁਰੂ ਗ੍ਰੰਥ ਸਾਹਿਬ ਵਿੱਚ ਅਹਿਮੀਅਤ ਛੰਦ-ਘਾੜਤ ਨੂੰ ਨਹੀਂ, ਸਗੋਂ ਭਾਵ-ਪ੍ਰਗਟਾਵੇ ਨੂੰ ਦਿੱਤੀ ਗਈ ਹੈ।

ਬਾਣੀਕਾਰ ਆਵੇਸ਼ ਵਿੱਚ ਉਗਮਦੀ ਸਰੋਧ ਹੂਕ ਦੇ ਧੁਰੋਂ ਉੱਠਣ 'ਤੇ ਰਚਨਾ ਕਰਦੇ ਹਨ ਅਤੇ ਛੰਦਾ-ਬੰਦੀ ਦੀ ਕੈਦ ਨੂੰ ਨਹੀਂ ਸਵੀਕਾਰਦੇ। ਬਾਣੀਕਾਰ ਜ਼ਿਆਦਾਤਰ ਜਨ- ਸਾਧਾਰਨ ਦੇ ਪ੍ਰਚਲਤ ਛੰਦਾਂ ਨੂੰ ਅਪਨਾ ਕੇ ਲੋਕ-ਕਾਵਿ ਰੂਪਾਂ ਦੋਹੇ, ਛੰਤ, ਘੋੜੀਆਂ, ਲਾਵਾਂ, ਅਲਾਹੁਣੀਆਂ, ਬਾਰਾਮਾਹ, ਗੋਸਟ, ਸਲੋਕ, ਸੋਹਿਲਾ, ਆਰਤੀ, ਬਾਵਨ ਅਖਰੀ, ਕਾਫ਼ੀ, ਮੰਗਲ, ਛਿੰਝ, ਰੁੱਤਾਂ, ਥਿਤਾਂ, ਪਹਿਰ ਦਿਨ ਰੈਣਿ, ਫੁਨਹੇ, ਕਰਹਲੇ, ਗੁਣਵੰਤੀ, ਸੁਚਜੀ, ਕੁਚਜੀ, ਅੰਜਲੀ, ਸਤਵਾਰਾ, ਬਿਸ਼ਨਪਦਾ, ਗੀਤ, ਵਾਰਾਂ ਆਦਿ ਵਿੱਚ ਬਾਣੀ ਰਚਨਾ ਕਰਦੇ ਹਨ।

ਆਦਿ ਗੁਰੂ ਗ੍ਰੰਥ ਸਾਹਿਬ ਦਾ ਮੰਤਵ ਸਰਬ-ਸ੍ਰੇਸ਼ਟ, ਰੂਹਾਨੀ ਫਲਸਫਾ ਉਤਮ ਕਾਵਿ ਕਲਾ ਰਾਹੀ ਪੇਸ਼ ਕਰਦੇ ਹੋਏ, ਸਦੀਵੀ ਆਨੰਦ ਪੈਦਾ ਕਰਨਾ ਹੈ। ਗੁਰਬਾਣੀ ਵਿੱਚ ਵਿਸ਼ੇ ਤੇ ਰੂਪ ਦਾ, ਅਕਾਰ ਤੇ ਪ੍ਰਕਾਰ ਦਾ, ਕਿਰਤ ਤੇ ਕਰਮ ਦਾ, ਨੇਮ ਤੇ ਪ੍ਰੇਮ ਦਾ, ਭਗਤੀ ਤੇ ਸ਼ਕਤੀ ਦਾ, ਧਰਮ ਤੇ ਕਰਮ ਦਾ, ਗਿਆਨ ਤੇ ਸ਼ਰਮ ਦਾ, ਗ੍ਰਹਿਸਤ ਤੇ ਉਦਾਸ ਦਾ, ਆਸਾ ਤੇ ਨਿਰਾਸ਼ਾ ਦਾ, ਹੁਕਮ ਤੇ ਭਾਣੇ ਦਾ, ਨਾਮ ਤੇ ਭਗਤੀ ਦਾ, ਆਦਰ ਤੇ ਯਥਾਰਥ ਦਾ, ਮਨੁੱਖ ਤੇ ਪ੍ਰਕ੍ਰਿਤੀ ਦਾ, ਧਰਮ ਤੇ ਰਾਜਨੀਤੀ ਦਾ ਮਹਾਨ ਸੰਜੋਗ ਹੈ, ਜਿਸ ਦੀ ਅਜਿਹੀ ਮਿਸਾਲ ਵਿਸ਼ਵ ਸਾਹਿਤ ਤੇ ਇਤਿਹਾਸ ਵਿੱਚ ਕਿਧਰੇ ਨਹੀਂ ਮਿਲਦੀ। ਸਰਬੱਤ ਦੀ ਚੜਦੀ ਕਲਾ ਦਾ ਪ੍ਰੇਕ ਆਦਿ ਗੁਰੂ ਗ੍ਰੰਥ ਸਾਹਿਬ ਸਰਬ ਸਾਂਝੇ ਅਧਿਆਮਤਿਕ ਗਿਆਨ ਦਾ ਸਦੀਵੀ ਸੱਚ ਹੈ।

**'ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥**
**ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ**
**ਵਿਚੇ ਹੋਵੈ ਮੁਕਤਿ ॥'**

(ਪੰਨਾ 522 )

## ਪੰਜਾਬ ਦੀ ਵੰਡ...

ਜਾਤਜਾਂਭਾਈਚਾਰੇਨਾਲਸੰਬੰਧਿਤਹੋਸਕਦੇਹੋ, ਇਸਦਾਸਟੇਟਨਾਲਕੋਈਲੈਣਾਦੇਣਾਨਹੀਂਹੈ। ਸਾਅਦਤ ਹਸਨ ਮੰਟੋ ਨੇ ਵੰਡ ਨੂੰ ਨਿੱਜੀ ਅਤੇ ਭਾਈਚਾਰਕ ਤਬਾਹੀ ਮੰਨਿਆ।ਉਸ ਦਾ ਕਹਿਣਾ ਸੀ ਕਿ ਦੁਖਾਂਤ ਇਹ ਨਹੀਂ ਕਿ ਇਕ ਦੀ ਥਾਂ ਦੋ ਮੁਲਕ ਬਣ ਗਏ ਹਨ, ਪਰ ਇਹ ਅਹਿਸਾਸ ਹੈ ਕਿ ਦੋਹਾਂ ਹੀ ਮੁਲਕਾਂ ਦੇ ਲੋਕ ਏਨੇ ਵਹਿਸ਼ੀ ਅਤੇ ਧਾਰਮਿਕ ਕੱਟੜਤਾ ਦੇ ਗੁਲਾਮ ਹਨ। ਅੱਜ ਲੋੜ ਹੈ ਕਿ ਬੀਤੇ ਤੋਂ ਅੱਗੇ ਲੰਘ ਆਪਸੀ ਵੈਰ ਵਿਰੋਧ ਨੂੰ ਘੱਟ ਕੀਤਾ ਜਾਵੇ, ਪਰ ਦੁੱਖ ਦੀ ਗੱਲ ਹੈ ਕਿ ਦੋਹੇ ਹੀ ਦੇਸ਼ ਅੱਜ ਧਾਰਮਿਕ ਕੱਟੜਤਾ ਦੇ ਕਾਗਾਰ 'ਤੇ ਖੜੇ ਹਨ ਅਤੇ ਸਰਕਾਰਾਂ ਇਸ ਨੂੰ ਘਟਾਉਣ ਵਿਚ ਕੋਈ ਰੋਲ ਨਹੀਂ ਅਦਾ ਕਰ ਰਹੀਆਂ।

## 'ਜੇ ਅਸੀਂ ਹੱਕ ਮੰਗਣੇ...

ਸਵਾਲ : ਤੁਸੀਂ ਸੰਗੀਤ ਵੱਲ ਨੂੰ ਕਿਵੇਂ ਤੁਰੇ?

ਜਵਾਬ : ਮੇਰਾ ਪਰਿਵਾਰ ਜਿੱਥੇ ਅਕਾਦਮਿਕ ਪਰਿਵਾਰ ਹੈ ਉੱਥੇ ਹੀ ਕਾਵਿਮਈ ਵੀ ਹੈ। ਮੇਰੇ ਮਾਤਾ ਜੀ ਦਿੱਲੀ 'ਚ ਮਾਤਾ ਸੁੰਦਰੀ ਕਾਲਜ ਦੇ ਪ੍ਰਿੰਸੀਪਲ ਰਹੇ ਹਨ ਅਤੇ ਉਨਾਂ ਨੇ ਵੱਖ-ਵੱਖ ਵੰਨਗੀਆਂ 'ਤੇ 125 ਕਿਤਾਬਾਂ ਵੀ ਲਿਖੀਆਂ ਹਨ। ਮੇਰੀ ਵੱਡੀ ਭੈਣ ਗਗਨ ਗਿੱਲ ਹਿੰਦੀ ਦੀ ਲੇਖਿਕਾ ਹੈ। ਸਾਡੇ ਘਰ ਵਿਚ ਕਾਵਿਮਈ ਮਾਹੌਲ ਰਹਿੰਦਾ ਸੀ ਅਤੇ ਮੈਨੂੰ ਲੱਗਦਾ ਹੈ ਕਿ ਕਵਿਤਾ ਹੀ ਕਲਾ ਦਾ ਨੀਂਹ ਪੱਥਰ ਹੈ। ਇਸ ਵਿਚੋਂ ਹੀ ਸੰਗੀਤ ਸਮੇਤ ਹੋਰ ਦੂਜੀਆਂ ਕਲਾਵਾਂ ਜਨਮ ਲੈਂਦੀਆਂ ਹਨ। ਇਸ ਲਈ ਮੇਰੇ ਸੰਗੀਤ ਪ੍ਰਤੀ ਪ੍ਰੇਮ ਦੀ ਸ਼ੁਰੂਆਤ ਘਰ ਵਿਚੋਂ ਹੀ ਹੋਈ।

## ਬਿਮਾਰੀ ਤੋਂ ਨਿਰਾਸ਼...

ਇਸ ਵਰੇ ਦੌਰਾਨ ਖ਼ੁਦਕੁਸ਼ੀ ਕਰਨ ਵਾਲਿਆਂ ਵਿਚ 166 ਵਿਦਿਆਰਥੀ ਵੀ ਸ਼ਾਮਲ ਹਨ ਜਿਨਾਂ ਵਿਚੋਂ 20 ਵਿਦਿਆਰਥੀਆਂ ਨੇ ਪ੍ਰੀਖਿਆਵਾਂ ਵਿਚੋਂ ਫ਼ੇਲ ਹੋਣ ਮਗਰੋਂ ਖ਼ੁਦਕੁਸ਼ੀ ਕਰ ਲਈ। ਦੇਖਿਆ ਜਾਵੇ ਤਾਂ ਪੰਜਾਬ ਵਿਚ ਕਈ ਉਨਾਂ ਵਿਦਿਆਰਥੀਆਂ ਨੇ ਵੀ ਖ਼ੁਦਕੁਸ਼ੀ ਕੀਤੀ ਹੈ ਜਿਹੜੇ ਆਈਲੈੱਟਸ ਪ੍ਰੀਖਿਆ ਵਿਚ ਲੋੜੀਂਦੇ ਬੈਂਡ ਨਹੀਂ ਲੈ ਸਕੇ ਸਨ। ਇਸ ਤੋਂ ਇਲਾਵਾ 78 ਨਸ਼ੇ ਦੇ ਆਦੀ ਵਿਅਕਤੀਆਂ ਨੇ ਵੀ ਖ਼ੁਦਕੁਸ਼ੀ ਕੀਤੀ ਹੈ। ਮਾਹਿਰ ਆਖਦੇ ਹਨ ਕਿ ਕਮਜ਼ੋਰ ਆਰਥਿਕਤਾ ਅਤੇ ਮਹਿੰਗੇ ਇਲਾਜ ਵੀ ਇਸ ਰੁਝਾਨ ਲਈ ਜ਼ਿੰਮੇਵਾਰ ਹਨ। ਮੁੱਖ ਮੰਤਰੀ ਭਗਵੰਤ ਮਾਨ ਆਖਦੇ ਹਨ ਕਿ ਸਿਹਤ ਅਤੇ ਸਿੱਖਿਆ ਉਨਾਂ ਦਾ ਤਰਜੀਹੀ ਏਜੰਡਾ ਹੈ ਅਤੇ ਉਹ 'ਹੱਸਦਾ ਵੱਸਦਾ ਪੰਜਾਬ' ਬਣਾਉਣਗੇ। ਹਾਲਾਂਕਿ ਜਦੋਂ ਵਰਾ 2022 ਦੀ ਨਵੀਂ ਰਿਪੋਰਟ ਸਾਹਮਣੇ ਆਵੇਗੀ, ਉਹ 'ਆਪ' ਸਰਕਾਰ ਦੀ ਪਰਖ਼ ਦਾ ਇੱਕ ਪੈਮਾਨਾ ਵੀ ਬਣੇਗੀ।

## ਮੋਦੀ ਦਾ ਭਾਰਤ...

ਪਰ ਉਹ ਆਮ ਲੋਕਾਂ ਦੀ ਬਜਾਏ ਇੱਕ ਚੋਟੀ ਦੇ ਕਾਰਜਕਾਰੀ ਦੀਆਂ ਨੀਤੀਆਂ ਨੂੰ ਰਬੜ-ਸਟੈਂਪਿੰਗ ਕਰਦੇ ਹਨ ਜੋ ਅਕਸਰ ਖਾਸ ਹਿੱਤਾਂ ਲਈ ਨਜ਼ਰ ਆਉਂਦੇ ਹਨ ਜੋ ਲੋਕਾਂ ਤੋਂ ਦੂਰ ਹਨ, ਜਿਵੇਂ ਕਿ ਖੇਤੀਬਾੜੀ ਕਾਨੂੰਨ ਜੋ ਪਿਛਲੇ ਸਾਲ ਰੱਦ ਕੀਤੇ ਜਾਣ ਤੱਕ ਕਿਸਾਨਾਂ ਦੇ ਵਿਰੋਧ ਦਾ ਕਾਰਨ ਬਣੇ ਰਹੇ।

ਪਰ ਇੱਕ ਸਿਹਤਮੰਦ, ਲਚਕੀਲੇ ਲੋਕਤੰਤਰ ਦੇ ਵਿਕਾਸ ਵਿੱਚ ਇੱਕ ਡੂੰਘੀ ਅਤੇ ਬਹੁਤ ਪੁਰਾਣੀ ਰੁਕਾਵਟ ਆਪਣੇ ਸਭ ਤੋਂ ਗਰੀਬ ਨਾਗਰਿਕਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਵਿੱਚ ਭਾਰਤ ਦੀ ਇਤਿਹਾਸਕ ਅਸਫਲਤਾ ਰਹੀ ਹੈ। ਹਰ ਸਾਲ ਸੈਂਕੜੇ ਹਜ਼ਾਰਾਂ ਬੱਚੇ ਭੁੱਖ ਨਾਲ ਮਰਦੇ ਹਨ ਅਤੇ ਇੱਕ ਤਿਹਾਈ ਤੋਂ ਵੱਧ ਸਟੰਟ ਹੋ ਜਾਂਦੇ ਹਨ ਭਾਵੇਂ ਕਿ ਭਾਰਤੀ ਅਰਬਪਤੀਆਂ ਦੀ ਵਿਸ਼ਵ ਸੰਪਤੀ ਚਾਰਟ ਦੀ ਦੌੜ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ।

ਨਵਉਦਾਰਵਾਦੀ ਨੀਤੀਆਂ ਨੇ ਅਸਮਾਨਤਾ ਨੂੰ ਵਧਾ ਦਿੱਤਾ ਹੈ, ਜਿਸ ਨਾਲ ਰਾਜ ਸਿਹਤ ਅਤੇ ਸਿੱਖਿਆ ਵਰਗੀਆਂ ਬੁਨਿਆਦੀ ਜ਼ਿੰਮੇਵਾਰੀਆਂ ਤੋਂ ਪਿੱਛੇ ਹਟ ਰਿਹਾ ਹੈ। ਇਹ ਉਹਨਾਂ ਲੱਖਾਂ ਲੋਕਾਂ ਲਈ ਬੇਇੱਜ਼ਤੀ ਅਤੇ ਸ਼ਕਤੀਹੀਣਤਾ ਦੀ ਜ਼ਿੰਦਗੀ ਪੈਦਾ ਕਰਦਾ ਹੈ ਜੋ ਸਮੂਹਿਕ ਪਛਾਣ ਵਿੱਚ ਸ਼ਰਨ ਲੈਂਦੇ ਹਨ, ਮਜ਼ਬੂਤ ਨੇਤਾਵਾਂ ਵੱਲ ਖਿੱਚਦੇ ਹਨ ਜੋ ਉਨਾਂ ਨੂੰ ਦੂਜੇ ਸਮੂਹਾਂ ਦੇ ਵਿਰੁੱਧ ਬਚਾਉਣ ਦਾ ਵਾਅਦਾ ਕਰਦੇ ਹਨ ਅਤੇ ਆਸਾਨੀ ਨਾਲ ਧਾਰਮਿਕ ਨਫ਼ਰਤ ਦੇ ਜਨਤਕ ਓਪੀਔਡ ਵਿੱਚ ਫਸ ਜਾਂਦੇ ਹਨ ਜੋ ਹੁਣ ਧਰਮ ਨਿਰਪੱਖ ਭਾਰਤ ਨੂੰ ਇੱਕ ਹਿੰਦੂ ਰਾਜ ਵਜੋਂ ਮੁੜ ਪਰਿਭਾਸ਼ਿਤ ਕਰਨ ਲਈ ਵਰਤਿਆ ਜਾ ਰਿਹਾ ਹੈ।

ਸੰਸਦ ਦੀ ਰਚਨਾ ਪਹਿਲਾਂ ਹੀ ਇਸ ਬਹੁਮਤਵਾਦ ਨੂੰ ਦਰਸਾਉਂਦੀ ਹੈ। 200 ਮਿਲੀਅਨ 'ਤੇ, ਭਾਰਤ ਦੀ ਮੁਸਲਿਮ ਅਬਾਦੀ, ਇੰਡੋਨੇਸ਼ੀਆ ਅਤੇ ਪਾਕਿਸਤਾਨ ਤੋਂ ਬਾਅਦ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਅਬਾਦੀ ਹੈ, ਜੋ ਲਗਭਗ 15 ਪ੍ਰਤੀਸ਼ਤ ਭਾਰਤੀਆਂ ਦੀ ਹੈ। (ਹਿੰਦੂ ਲਗਭਗ 80 ਪ੍ਰਤੀਸ਼ਤ ਬਣਦੇ ਹਨ।) ਪਰ ਮੁਸਲਮਾਨਾਂ ਕੋਲ ਸੰਸਦ ਦੀਆਂ ਸਿਰਫ਼ 5 ਪ੍ਰਤੀਸ਼ਤ ਸੀਟਾਂ ਹਨ। ਭਾਜਪਾ ਭਾਰਤ ਦੇ 75 ਸਾਲਾਂ ਦੇ ਇਤਿਹਾਸ ਵਿੱਚ ਪਹਿਲੀ ਸ਼ਾਸਕ ਪਾਰਟੀ ਹੈ, ਜਿਸ ਵਿੱਚ ਇੱਕ ਵੀ ਮੁਸਲਮਾਨ ਸੰਸਦ ਮੈਂਬਰ ਨਹੀਂ ਹੈ

ਕਾਨੂੰਨ ਅਤੇ ਅਧਿਕਾਰ ਅਸਮਾਨ ਤਰੀਕੇ ਨਾਲ ਲਾਗੂ ਕੀਤੇ ਜਾਂਦੇ ਹਨ। ਮੁਸਲਮਾਨਾਂ ਨੂੰ ਹੁਣ ਜਨਤਕ ਤੌਰ 'ਤੇ ਨਮਾਜ਼ ਅਦਾ ਕਰਨ ਲਈ ਗ੍ਰਿਫਤਾਰ ਕੀਤਾ ਜਾ ਸਕਦਾ ਹੈ, ਜਦੋਂ ਕਿ ਹਿੰਦੂ ਸ਼ਰਧਾਲੂਆਂ ਨੂੰ ਰਾਜ ਦੇ ਅਧਿਕਾਰੀਆਂ ਦੁਆਰਾ ਵਧਾਈ ਦਿੱਤੀ ਜਾਂਦੀ ਹੈ। ਰਾਜ ਹਿੰਦੂ ਧਰਮ ਦਾ ਜਸ਼ਨ ਮਨਾਉਂਦਾ ਹੈ, ਜਦੋਂ ਕਿ ਮੁਸਲਿਮ ਰੀਤੀ-ਰਿਵਾਜਾਂ ਜਿਵੇਂ ਕਿ ਹਿਜਾਬ ਪਹਿਨਣ ਅਤੇ ਪ੍ਰਾਰਥਨਾ ਲਈ ਬੁਲਾਉਣ ਦੇ ਵਿਰੁੱਧ ਵਿਰੋਧ ਪ੍ਰਦਰਸ਼ਨ ਕੀਤੇ ਜਾਂਦੇ ਹਨ। ਹਿੰਦੂ ਚੌਕਸੀ ਸਮੂਹ ਮੁਸਲਮਾਨਾਂ ਅਤੇ ਉਨਾਂ ਦੇ ਕਾਰੋਬਾਰਾਂ 'ਤੇ ਹਮਲੇ ਕਰਦੇ ਹਨ।

ਭਾਜਪਾ ਦੇ ਇੱਕ ਉੱਚ-ਦਰਜੇ ਦੇ ਨੇਤਾ ਨੇ ਬੰਗਲਾਦੇਸ਼ ਦੇ ਮੁਸਲਿਮ ਸ਼ਰਨਾਰਥੀਆਂ ਨੂੰ ਦੇਸ਼ ਦੇ ਸਰੋਤਾਂ ਨੂੰ ਖਾ ਰਹੇ 'ਦੀਮਕ' ਕਿਹਾ ਜਾ ਸਕਦਾ ਹੈ। ਰਾਜ ਦੇ ਸਮਰਥਨ ਦੁਆਰਾ ਉਤਸ਼ਾਹਿਤ, ਹਿੰਦੂ ਕੱਟੜਪੰਥੀ ਹੁਣ ਖੁੱਲੇਆਮ ਮੁਸਲਮਾਨਾਂ ਦੀ ਨਸਲਕੁਸ਼ੀ ਅਤੇ ਬਲਾਤਕਾਰ ਦੀ ਧਮਕੀ ਦਿੰਦੇ ਹਨ, ਜਦੋਂ ਕਿ ਸਰਕਾਰ ਉਨਾਂ ਪੱਤਰਕਾਰਾਂ ਨੂੰ ਗ੍ਰਿਫਤਾਰ ਕਰਦੀ ਹੈ ਜੋ ਇਨਾਂ ਨੂੰ ਨਫ਼ਰਤ ਦੀਆਂ ਕਾਰਵਾਈ ਕਹਿੰਦੇ ਹਨ। 15 ਅਗਸਤ, ਸੁਤੰਤਰਤਾ ਦਿਵਸ 'ਤੇ, ਸਰਕਾਰ ਨੇ 2002 ਦੇ ਗੁਜਰਾਤ ਕਤਲੇਆਮ ਦੌਰਾਨ ਇੱਕ ਮੁਸਲਿਮ ਔਰਤ ਨਾਲ ਸਮੂਹਿਕ ਬਲਾਤਕਾਰ ਕਰਨ ਅਤੇ ਉਸਦੇ ਪਰਿਵਾਰ ਦੇ 14 ਮੈਂਬਰਾਂ ਦੀ ਹੱਤਿਆ ਕਰਨ ਦੇ ਦੋਸ਼ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ 11 ਦੋਸ਼ੀਆਂ ਨੂੰ ਰਿਹਾਅ ਕੀਤਾ ਜੋ ਕਿ ਮੋਦੀ ਦੀ ਨਿਗਰਾਨੀ ਵਿੱਚ ਹੋਇਆ ਸੀ।

ਕਮਜ਼ੋਰ ਸੰਸਥਾਵਾਂ ਨੂੰ ਪਿੱਛੇ ਧੱਕਿਆ ਜਾ ਰਿਹਾ ਹੈ। ਅਕੁਸ਼ਲ ਅਦਾਲਤੀ ਪ੍ਰਣਾਲੀ-ਇੱਥੇ ਲਗਭਗ 40 ਮਿਲੀਅਨ ਬਕਾਇਆ ਕੇਸਾਂ ਦਾ ਬੈਕਲਾਗ ਹੈ ਜੋ ਕਾਨੂੰਨ ਦੇ ਰਾਜ ਲਈ ਲੋਕ ਨਫ਼ਰਤ ਪੈਦਾ ਕਰਦਾ ਹੈ। ਕਿਸੇ ਸਮੇਂ ਆਪਣੀ ਸਰਗਰਮੀ ਅਤੇ ਸੁਤੰਤਰਤਾ ਲਈ ਜਾਣੀ ਜਾਂਦੀ ਉੱਚ ਨਿਆਂਪਾਲਿਕਾ ਹੁਣ ਜ਼ਿਆਦਾਤਰ ਸਰਕਾਰ ਦੇ ਨਾਲ ਤਾਲਾਬੰਦ ਕਦਮਾਂ ਵਿੱਚ ਕੰਮ ਕਰਦੀ ਹੈ, ਅਤੇ ਸੁਪਰੀਮ ਕੋਰਟ ਦੇ ਜੱਜ ਸ੍ਰੀ ਮੋਦੀ 'ਤੇ ਭੜਕਦੇ ਹਨ। ਭਾਰਤ ਦੀ ਪ੍ਰੈਸ, ਜਿਸ ਨੇ ਕਦੇ ਲੋਕਤੰਤਰ ਦੀ ਰੱਖਿਆ ਵਿੱਚ ਮੁੱਖ ਭੂਮਿਕਾ ਨਿਭਾਈ ਸੀ, ਨੂੰ ਉਸਦੀ ਸ਼ਾਸਨ ਦੀ ਸੇਵਾ ਕਰਨ ਲਈ ਦਬਾਅ ਪਾਇਆ ਜਾਂਦਾ ਹੈ ।

75 ਸਾਲ ਦੀ ਉਮਰ ਵਿੱਚ, ਦਹਾਕਿਆਂ ਦੇ ਸੰਸਥਾਗਤ ਦੁਰਵਿਵਹਾਰ ਤੋਂ ਬਾਅਦ, ਭਾਰਤ ਦਾ ਲੋਕਤੰਤਰ ਇੰਨਾ ਕਮਜ਼ੋਰ ਹੈ ਕਿ ਇੱਕ ਤਾਕਤਵਰ ਵਿਅਕਤੀ ਨੂੰ ਆਪਣੀ ਕਮਜ਼ੋਰ ਨੀਂਹ 'ਤੇ ਹਥੌੜਾ ਲੈ ਜਾਣ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੋਦੀ ਨੇ ਸੰਸਦ ਭਵਨ ਨੂੰ 'ਲੋਕਤੰਤਰ ਦਾ ਮੰਦਰ' ਕਿਹਾ ਪਰ ਨਵੀਂ ਦਿੱਲੀ ਵਿੱਚ ਸੰਸਥਾ ਦਾ ਨਵਾਂ ਅਹਾਤਾ ਇਸ ਦੀ ਬਜਾਏ ਡੈਮੀ-ਲੋਕਤੰਤਰ ਦਾ ਇੱਕ ਸਮਾਰਕ ਹੈ ਜੋ ਉਹ ਬਣਾ ਰਿਹਾ ਹੈ-ਇੱਕ ਖੋਖਲਾ ਨਕਾਬ ਜੋ ਤਾਨਾਸ਼ਾਹੀ ਸ਼ਾਸਨ ਨੂੰ ਜਾਇਜ਼ ਠਹਿਰਾਉਣ ਲਈ ਮੌਜੂਦ ਹੈ।

## ਵਿਸ਼ਵ ਗੁਰੂ ਤੇ ਮਹਾਂਸ਼ਕਤੀ.

ਉਪਰੇਸ਼ਨਾਂ ਤੇ ਬੌਧਿਕ ਤੌਰ ਉਤੇ ਵਿਕਸਿਤ ਕੀਤੇ ਗਏ ਨਵੇਂ ਜੰਗੀ ਸੰਕਲਪਾਂ ਦੀ ਵਰਤੋਂ ਕੀਤੀ ਜਾਵੇਗੀ। ਚੀਨ ਇਸ ਜੰਗ ਲਈ ਡੋਕਲਾਮ ਸੰਕਟ (2017) ਤੋਂ ਤਿਆਰੀ ਕਰ ਰਿਹਾ ਹੈ। ਸਾਹਨੀ ਦੀ ਕਿਤਾਬ ਵਿਚ ਦਿਤੀ ਜਾਣਕਾਰੀ ਅਨੁਸਾਰ ਚੀਨ ਜੰਗ ਦੇ ਪਹਿਲੇ ਦਿਨ ਹੀ ਸਾਈਬਰ ਸਪੇਸ ਦੀ ਲੜਾਈ ਵਿਚ ਭਾਰਤ ਦਾ ਸਾਰਾ ਸਰਕਾਰੀ ਤਾਣਾਬਾਣਾ ਜਾਮ ਕਰ ਦੇਵੇਗਾ, ਜਿਸ ਦੀ ਉਸਨੇ ਪੂਰੀ ਤਿਆਰੀ ਕੀਤੀ ਹੋਈ ਹੈ। ਚੀਨ ਇਹ ਜੰਗ ਰੋਬੋਟਾਂ (ਮਨੁੱਖੀ ਮਸ਼ੀਨਾਂ) ਨਾਲ ਲੜੇਗਾ। ਇਸ ਜੰਗ ਵਿਚ ਆਰਟੀਫੀਸ਼ੀਅਲ ਇੰਟੈਲੀਜੈਂਸ ਲੜੇਗੀ, ਜਿਸ ਦੀ ਚੀਨ ਨੇ ਮੁਹਾਰਿਤ ਹਾਸਲ ਕਰ ਰਖੀ ਹੈ।

ਲਿਖਤ ਮੁਤਾਬਿਕ ਸਾਹਨੀ ਨੇ ਚੀਨ ਤੇ ਪਾਕਿਸਤਾਨ ਦੇ ਹੋਏ ਯੁਧਨੀਤਕ ਗਠਜੋੜ ਬਾਰੇ ਵੀ ਰਾਹੁਲ ਗਾਂਧੀ ਨਾਲ ਚਰਚਾ ਕੀਤੀ ਹੈ। ਸਾਹਨੀ ਦੇ ਕਥਨ ਅਨੁਸਾਰ : '2014 ਤੋਂ ਬਾਅਦ ਸਾਡੀ ਹੁਕਮਰਾਨ ਜਮਾਤ ਨੇ ਭਾਰਤ ਦੇ ਆਲਮੀ ਦ੍ਰਿਸ਼ਟੀਕੋਣ ਨੂੰ ਮਾਨਸਿਕ ਰੋਗ ਦੀ ਹੱਦ ਤਕ ਜਾ ਕੇ ਇਕ ਨੁਕਾਤੀ ਪਾਕਿਸਤਾਨ ਤਕ ਸੀਮਤ ਕਰ ਲਿਆ ਹੈ। ਸਾਡੀ ਲੀਡਰਸ਼ਿਪ ਦੇ ਪਾਕਿਸਤਾਨ ਪ੍ਰਤੀ ਬਣੇ ਮਨੋਰੋਗੀ ਦ੍ਰਿਸ਼ਟੀਕੋਣ ਨੇ ਉਨਾਂ ਦੀ ਸੋਚ ਅਤੇ ਯੁਧਨੀਤਕ ਫੈਸਲੇ ਲੈਣ ਦੀ ਸਮਰਥਾਂ ਨੂੰ ਲਕਵਾ ਮਾਰ ਦਿਤਾ ਹੈ। ਸਿਟੇ ਵਜੋਂ ਮੋਦੀ ਸਰਕਾਰ ਇਹ ਸਮਝਣ ਵਿਚ ਅਸਫਲ ਰਹੀ ਹੈ ਕਿ ਚੀਨ ਤੇ ਪਾਕਿਸਤਾਨ ਵਿਚਲੀ ਲਕੀਰ ਮਿਟ ਗਈ ਹੈ ਅਤੇ ਹੁਣ ਉਹ ਦੋਵੇਂ ਰਲ ਕੇ ਭਾਰਤ ਦੇ ਇਕ ਨਵੇਂ ਸਾਂਝੇ ਦੁਸ਼ਮਣ ਵਜੋਂ ਪ੍ਰਗਟ ਹੋਏ ਹਨ।'

ਦਰਅਸਲ ਮੋਦੀਕਿਆਂ ਨੇ ਜਿਵੇਂ ਪਾਕਿਸਤਾਨ ਤੇ ਮੁਸਲਿਮ ਵਿਰੋਧ ਨੂੰ ਆਪਣੀ ਫਾਸ਼ੀਵਾਦੀ ਭਗਵੀਂ ਰਾਜਨੀਤੀ ਲਈ ਵਰਤਿਆਂ ਹੈ, ਇਸ ਨੂੰ ਵੇਖ ਕੇ ਸਿਆਣੇ ਲੋਕ ਪਹਿਲਾਂ ਹੀ ਇਸ ਕਿਸਮ ਦੀਆਂ ਪੇਸ਼ੀਨਗੋਈਆਂ ਕਰ ਰਹੇ ਸਨ ਕਿ ਇਹ ਰਾਜਨੀਤੀ ਦੇਸ ਦਾ ਬੇੜਾ ਗਰਕ ਕਰੇਗੀ। ਪਰ ਮੋਦੀਕਿਆਂ ਨੇ ਆਪਣੀ ਰਾਜ ਕਰਨ ਦੀ ਹਵਸ ਕਾਰਨ ਦੇਸ ਅਤੇ ਲੋਕਾਂ ਦੇ ਭਵਿਖ ਨੂੰ ਆਪਣੇ ਰਾਜਨੀਤੀ ਦੇ ਦਾਅ ਉਤੇ ਲਾਅ ਦਿਤਾ। ਐਂਵੇ ਸੁਣੀਆ-ਸੁਣਾਈਆਂ ਧਾਰਨਾਵਾਂ ਦੇ ਆਧਾਰ ਉਤੇ ਉਹ ਮਹਾਂਸ਼ਕਤੀ ਤੇ ਵਿਸ਼ਵ ਗੁਰੂ ਬਣਨ ਦੇ ਸੁਪਨੇ ਲੈਣ ਲਗ ਪਏ। ਬਿਨਾਂ ਕੁਝ ਸੋਚਿਓ ਸਮਝਿਓ ਉਨਾਂ ਨੇ 140 ਕਰੋੜ ਲੋਕਾਂ ਦੀ ਹੋਣੀ ਨਾਲ ਖਿਲਵਾੜ ਕਰਦਿਆ ਧੜਾਧੜ ਹਥਿਆਰ ਖਰੀਦਣ ਦੇ ਅਨੇਕ ਸੌਦੇ ਕਰ ਲਏ। ਹੁਣ ਜਦੋਂ ਉਨਾਂ ਨੂੰ ਦਰਪੇਸ਼ ਆਰਥਿਕ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਤਾਂ ਉਹ ਕਰੋੜਾਂ ਲੋਕਾਂ ਦੀ ਭੁੱਖਮਰੀ ਦੀ ਕੀਮਤ ਉਤੇ ਵੀ ਆਪਣੀਆਂ ਲੋਕ ਦੋਖੀ ਨੀਤੀਆਂ ਬਦਲਣ ਨੂੰ ਤਿਆਰ ਨਹੀਂ।

'ਦ ਪ੍ਰਿੰਟ' ਵਿਚ ਹੀ ਸ਼ੁਭਮ ਬਤਰਾ ਦੀ ਛਪੀ ਇਕ ਲਿਖਤ ਵਿਚ ਵਪਾਰ ਸਕਤਰ ਬੀ.ਵੀ.ਆਰ. ਸੁਭਰਾਮਨੀਅਮ ਦੇ ਹਵਾਲੇ ਨਾਲ ਦਸਿਆ ਗਿਆ ਹੈ ਕਿ ਜੁਲਾਈ ਵਿਚ ਭਾਰਤ ਦਾ ਵਪਾਰ ਘਾਟਾ 31.02 ਅਰਬ ਡਾਲਰ ਹੋ ਗਿਆ ਹੈ। 2022-23 ਦੇ ਮਾਲੀ ਸਾਲ ਵਿਚ ਪਹਿਲਾਂ ਮਾਲੀ ਘਾਟਾ ਵਧਿਆ, ਫਿਰ ਰੁਪਏ ਦੀ ਕੀਮਤ ਘਟੀ ਤੇ ਹੁਣ ਵਪਾਰ ਘਾਟਾ ਵਧ ਕੇ 31.02 ਅਰਬ ਡਾਲਰ ਹੋ ਗਿਆ ਹੈ, ਜਿਹੜਾ ਕਿ ਜੂਨ ਮਹੀਨੇ ਵਿਚ 26.18 ਅਰਬ ਡਾਲਰ ਸੀ। ਪਿਛਲੇ ਸਾਲ ਇਸੇ ਮਹੀਨੇ ਇਹ ਘਾਟਾ 10 ਅਰਬ ਡਾਲਰ ਸੀ। ਸਾਲ ਦੇ ਪਹਿਲੇ ਚਾਰ ਮਹੀਨਿਆਂ ਵਿਚ ਹੀ ਇਹ ਘਾਟਾ 100 ਅਰਬ ਡਾਲਰ ਹੋ ਗਿਆ ਹੈ, ਜਿਹੜਾ ਕਿ ਪਿਛਲੇ ਸਾਲ ਦੇ ਚਾਰ ਮਹੀਨਿਆਂ ਵਿਚ 42 ਅਰਬ ਡਾਲਰ ਸੀ। ਜਿਨਸਾਂ ਦੀਆਂ ਵਧੀਆ ਕੀਮਤਾਂ ਤੇ ਰੁਪਏ ਦੀ ਘਟੀ ਕੀਮਤ ਇਸ ਵਪਾਰ ਘਾਟੇ ਨੂੰ ਹੋਰ ਵੀ ਵਧਾ ਰਹੀ ਹੈ। ਆਲਮੀ ਮੰਡੀ ਵਿਚ ਮੰਦਵਾੜਾ ਛਾਇਆ ਹੋਣ ਕਰਕੇ ਬਰਾਮਦਾ ਘਟ ਰਹੀਆਂ ਹਨ, ਜਦੋਂ ਕਿ ਦਰਾਮਦਾਂ ਉਸੇ ਹੀ ਦਰ ਨਾਲ ਜਾਰੀ ਹਨ।

ਸਾਹਮਣੇ ਵਾਪਰ ਰਹੀ ਹਕੀਕਤ ਤੋਂ ਮੂੰਹ ਮੋੜ ਕੇ ਮੋਦੀਕੇ ਅਜੇ ਤਕ ਇਹ ਮੰਨਣ ਨੂੰ ਤਿਆਰ ਨਹੀਂ ਕਿ ਅਮਰੀਕਾ ਦੀ ਅਗਵਾਈ ਹੇਠਲਾ ਪਛਮੀ ਸਾਮਰਾਜ ਨਿਘਾਰ ਦੀ ਅਵਸਥਾ ਵਿਚ ਹੈ ਅਤੇ ਹੁਣ ਉਸ ਦੀ ਚੜਤ ਦੇ ਦਿਨ ਮੁਕ ਗਏ ਹਨ। ਪਰ ਮੋਦੀਕੇ ਅਜੇ ਵੀ ਆਪਣਾ ਮਹਾਂਸ਼ਕਤੀ ਦਾ ਭਰਮ ਬਣਾਈ ਰੱਖਣ ਲਈ ਚੀਨ ਨੂੰ ਚਿੜਾਉਣ ਵਾਸਤੇ ਅਮਰੀਕਾ ਨਾਲ ਫੌਜੀ ਮਸ਼ਕਾਂ ਦੇ ਪ੍ਰੋਗਰਾਮ ਬਣਾਈ ਆਉਂਦੇ ਹਨ। ਉਨਾਂ ਦੀਆਂ ਅਖਾਂ ਦੇ ਐਨ ਸਾਹਮਣੇ ਰੂਸ ਤੇ ਚੀਨ ਅੰਦਰ ਸਰਕਾਰੀ ਤੇ ਪੂੰਜੀਵਾਦੀ ਅਦਾਰਿਆਂ ਦਾ 'ਸਟੇਟ ਬਿਓਰੋਕਰੇਟਿਕ ਕੈਪੀਟਲਿਜਮ' ਦੇ ਰੂਪ ਵਿਚ ਹੋਇਆ ਗਠਜੋੜ ਨਿਜੀ ਪੂੰਜੀਵਾਦ ਆਧਾਰਿਤ ਪਛਮੀ ਸਾਮਰਾਜ ਨੂੰ ਪਛਾੜ ਰਿਹਾ ਹੈ। ਇਸ ਦੇ ਬਾਵਜੂਦ ਮੋਦੀਕੇ ਸਰਕਾਰੀ ਪੂੰਜੀ ਨੂੰ ਅਡਾਨੀ-ਅੰਬਾਨੀ ਵਰਗੇ ਨਿਜੀ ਹਥਾਂ ਵਿਚ ਸੌਂਪ ਕੇ ਆਪਣੀ ਸਫਲਤਾ ਦਾ ਭਰਮ ਪਾਲ ਰਹੇ ਹਨ।

ਪ੍ਰਧਾਨ ਮੰਤਰੀ ਦੇ ਜਿੰਮੇਵਾਰ ਅਹੁਦੇ ਉਤੇ ਬੈਠਾ ਨਰੇਂਦਰ ਮੋਦੀ ਦੇਸ ਦੇ ਜੰਗੀ ਮੁਹਾਜ ਨੂੰ ਪ੍ਰਭਾਵਿਤ ਕਰਨ ਲਈ ਫੌਜੀ ਜਰਨੈਲਾਂ ਦੀ ਇਕ ਅਹਿਮ ਮੀਟਿੰਗ ਵਿਚ ਅਧਪੜਾਂ ਵਾਂਗ ਸ਼ੁਰਲੀਆਂ ਛਡ ਰਿਹਾ ਹੈ ਕਿ, 'ਜੰਗ ਵੇਲੇ ਸਾਡੇ ਦੇਸ ਦੇ ਜਵਾਨਾਂ ਕੋਲ ਅਜਿਹੇ ਹਥਿਆਰ ਹੋਣਗੇ, ਜਿਨਾਂ ਬਾਰੇ ਦੁਸ਼ਮਣ ਕਦੇ ਸੋਚ ਵੀ ਨਹੀਂ ਸਕਦਾ ਤੇ ਇਸ ਤੋਂ ਪਹਿਲਾਂ ਕਿ ਉਹ ਹਥਿਆਰਾਂ ਬਾਰੇ ਸੋਚੇ, ਉਹ ਖਤਮ ਹੋ ਜਾਏਗਾ।'

ਲਦਾਖ ਵਿਚੋਂ ਚੀਨੀ ਫੌਜ ਦੀ ਵਾਪਸੀ ਨੂੰ ਲੈ ਕੇ ਪਿਛਲੇ ਹਫਤੇ ਚੀਨ ਤੇ ਭਾਰਤ ਦੇ ਫੌਜੀ ਵਫਦਾਂ ਦੀ ਹੋਈ ਇਕ ਮੀਟਿੰਗ ਤੋਂ ਬਾਅਦ ਜਾਰੀ ਹੋਏ ਸਾਂਝੇ ਪ੍ਰੈਸ ਬਿਆਨ ਬਾਰੇ ਟਿਪਣੀ ਕਰਦਿਆਂ ਫੌਜੀ ਮਸਲਿਆਂ ਦੇ ਮਾਹਿਰ ਸੁਸ਼ਾਂਤ ਸਿੰਘ ਦਾ ਕਥਨ ਹੈ, 'ਬਹੁਤ ਸਾਰੇ ਸ਼ਬਦਾਂ ਦੀ ਵਰਤੋਂ ਨਾਲ ਕਿਹਾ ਗਿਆ ਹੈ ਕਿ ਲੱਦਾਖ ਗਲਬਾਤ ਇਕ ਵਾਰ ਫਿਰ ਅਸਫਲ ਹੋ ਗਈ ਹੈ ਅਤੇ ਚੀਨ ਨਵੀਂ ਯਥਾ ਸਥਿਤੀ ਨੂੰ ਬਣਾਈ ਰਖਣ ਲਈ ਆਪਣੇ ਹਥ ਮਜਬੂਤ ਕਰ ਰਿਹਾ ਹੈ।'

ਇਕ ਸਾਬਕਾ ਲੈਫਟੀਨੈਂਟ ਜਨਰਲ ਦਾ ਕਹਿਣਾ ਹੈ ਕਿ ਜਦੋਂ ਇਕ ਵਾਰ ਪ੍ਰਧਾਨ ਮੰਤਰੀ ਸਰਬ ਪਾਰਟੀ ਮੀਟਿੰਗ ਵਿਚ ਕਹਿ ਚੁੱਕਾ ਹੈ ਕਿ ਚੀਨ ਦੀ ਸਾਡੇ ਦੇਸ਼ ਵਿਚ ਕੋਈ ਘੁਸਪੈਠ ਹੀ ਨਹੀਂ ਹੋਈ ਤਾਂ ਫਿਰ ਪਿਛਲੇ ਦੋ ਸਾਲਾਂ ਤੋਂ ਦੋਹਾਂ ਦੇਸ਼ਾਂ ਦੇ ਫੌਜੀ ਵਫਦਾਂ ਵਿਚਕਾਰ ਇਹ 208 ਘੰਟੇ ਲੰਬੀ ਗੱਲਬਾਤ ਕਿਉਂ ਚਲੀ? ਮੋਦੀ ਦੇ ਦੇਸ ਦੇ ਲੋਕਾਂ ਨਾਲ ਬੋਲੇ ਇਕ ਝੂਠ ਨੇ ਚੀਨ ਨੂੰ ਨਵੀਂ ਯਥਾ ਸਥਿਤੀ ਬਣਾਈ ਰਖਣ ਲਈ ਆਧਾਰ ਮੁਹਈਆ ਕਰ ਦਿਤਾ ਹੈ, ਜਿਸ ਕਰ ਕੇ ਉਹ ਬਿਨਾਂ ਲੜਿਓਂ ਦੇਸ਼ ਦੀ ਇਕ ਹਜ਼ਾਰ ਵਰਗ ਮੀਲ ਜਮੀਨ ਉਤੇ ਕਾਬਜ ਹੋ ਗਿਆ ਹੈ।

ਪ੍ਰਵੀਨ ਸਾਹਨੀ ਨੇ ਇਹ ਕਿਤਾਬ ਕਿਸੇ ਮੰਦ ਭਾਵਨਾ ਨਾਲ ਨਹੀਂ ਲਿਖੀ ਬਲਕਿ ਉਹ ਚਾਹੁੰਦਾ ਹੈ ਕਿ ਇਸ ਵੇਲੇ ਚੀਨ ਦੀ ਫੌਜੀ ਤਿਆਰੀ ਨੂੰ ਧਿਆਨ ਵਿਚ ਰਖ ਕੇ ਚੀਨ ਤੇ ਪਾਕਿਸਤਾਨ ਨਾਲ ਸੁਲਾਹ ਕਰ ਲਈ ਜਾਵੇ ਅਤੇ ਤਿੰਨੇ ਦੇਸ਼ ਰਲ ਕੇ ਇਸ ਖਿਤੇ ਵਿਚ ਅਮਨ ਬਹਾਲੀ ਲਈ ਮਾਹੌਲ ਤਿਆਰ ਕਰਨ। ਜਿਹੜਾ ਬੇਬਹਾ ਧਨ ਫੌਜਾਂ ਉਤੇ ਫਜ਼ੂਲ ਖਰਚਿਆ ਜਾ ਰਿਹਾ ਹੈ, ਉਹ ਦੇਸ਼ ਦੇ ਲੋਕਾਂ ਦੀ ਜਿੰਦਗੀ ਬੇਹਤਰ ਬਨਾਉਣ ਲਈ ਖਰਚਿਆ ਜਾਏ। ਪਰ ਵਿਸ਼ਵ ਗੁਰੂ ਤੇ ਮਹਾਂਸ਼ਕਤੀ ਬਣਨ ਦਾ ਭਰਮ ਪਾਲ ਰਹੇ ਮੋਦੀਕੇ ਦੇਸ ਦੇ ਲੋਕਾਂ ਨੂੰ ਖਤਰਨਾਕ ਜੰਗ ਵਲ ਧਕ ਰਹੇ ਹਨ।

ਪ੍ਰਵੀਨ ਸਾਹਨੀ ਨੇ ਆਪਣੀ ਕਿਤਾਬ 'ਆਖਰੀ ਜੰਗ' ਦਾ ਅੰਤ ਇਸ ਸੁਝਾਅ ਨਾਲ ਕੀਤਾ ਹੈ, 'ਇਸ ਲਈ ਭਾਰਤ ਕੋਲ ਇਕ ਹੀ ਚੰਗੀ ਯੁਧਨੀਤੀ ਬਚਦੀ ਹੈ ਕਿ ਉਹ ਕਸ਼ਮੀਰ ਮਸਲੇ ਦਾ ਹਲ ਕਰ ਕੇ ਪਾਕਿਸਤਾਨ ਨਾਲ ਅਮਨ ਬਹਾਲ ਕਰੇ, ਰੂਸ ਨਾਲ ਆਪਣੇ ਰਿਸ਼ਤਿਆਂ ਨੂੰ ਮਜਬੂਤ ਕਰੇ ਅਤੇ ਆਪਸੀ ਸਹਿਮਤੀ ਵਾਲੇ ਮਸਲਿਆਂ ਨੂੰ ਲੈ ਕੇ ਚੀਨ ਨਾਲ ਸਾਂਝ ਵਧਾਏ। ਇਸ ਤੋਂ ਬਿਨਾਂ ਅਮਰੀਕਾ ਸਮੇਤ ਸਾਰੇ ਦੇਸ਼ਾਂ ਨਾਲ ਚੰਗੇ ਰਿਸ਼ਤੇ ਬਣਾਉਣੇ ਚਾਹੀਦੇ ਹਨ। ਆਪਣੀਆਂ ਭੂਗੋਲਿਕ ਹਾਲਤਾਂ ਤੇ ਸੀਮਤਾਈਆਂ ਨੂੰ ਵੇਖਦਿਆਂ ਸਿਰਫ ਇਹੋ ਹੀ ਇਕ ਯੁਧਨੀਤੀ ਹੈ, ਜਿਹੜੀ ਭਾਰਤ ਨੂੰ ਪ੍ਰਸੰਗਿਕ ਰੱਖੇਗੀ।

ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:
510-240-5949
Email:asrtimes@gmail.com


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com